ISSN 2394-8507
ਭੇਟਾ : ₹ ੫/-

ਮਾਸਿਕ

# ਗੁਰਮਤਿ ਪ੍ਰਕਾਸ਼

ਜਿਲਦ : ੬੮ ਭਾਦੋਂ-ਅੱਸੂ ਸੰਮਤ ਨਾਨਕਸ਼ਾਹੀ ੫੫੬ ਸਤੰਬਰ ੨੦੨੪ ਅੰਕ : ੬
Vol. : 68 September 2024 Issue : 6

ਵਿਸ਼ੇਸ਼ ਅੰਕ

## ਗੁਰਦੁਆਰਾ ਸ੍ਰੀ ਬਾਉਲੀ ਸਾਹਿਬ
## ਸ੍ਰੀ ਗੋਇੰਦਵਾਲ ਸਾਹਿਬ



ਗੁਰਦੁਆਰਾ ਸ੍ਰੀ ਬਾਉਲੀ ਸਾਹਿਬ, ਸ੍ਰੀ ਗੋਇੰਦਵਾਲ ਸਾਹਿਬ।

# ਸੰਦੇਸ਼

ਨਾਨਕ ਨਿਰਮਲ ਪੰਥ ਨੂੰ ਅੱਗੇ ਤੋਰਦਿਆਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਗੁਰਿਆਈ ਬਖਸ਼ਿਸ਼ ਕਰ ਕੇ ਸਿੱਖੀ ਦੇ ਪ੍ਰਚਾਰ ਪ੍ਰਸਾਰ ਦੀ ਰੀਤ ਨੂੰ ਅੱਗੇ ਤੋਰਿਆ। ਸ੍ਰੀ ਗੁਰੂ ਨਾਨਕ ਸਾਹਿਬ ਨੇ ਜਿੱਥੇ ਆਪਣੇ ਸਮਕਾਲੀ ਹਾਲਾਤਾਂ ਦੇ ਸੁਧਾਰ ਲਈ ਸਮੁੱਚੀ ਲੋਕਾਈ ਨੂੰ 'ਧੁਰ ਕੀ ਬਾਣੀ' ਰਾਹੀਂ ਮਾਨਵੀ ਬਰਾਬਰਤਾ ਅਤੇ ਇੱਕ ਅਕਾਲ ਪੁਰਖ ਦੀ ਹੋਂਦ ਦਾ ਸੰਦੇਸ਼ ਦਿੱਤਾ, ਉੱਥੇ ਸਮਾਜ ਵਿਚ ਫੈਲੀਆਂ ਕੁਰੀਤੀਆਂ ਨੂੰ ਸਿਰੇ ਤੋਂ ਖਾਰਜ ਕਰ ਕੇ ਅਤੇ ਕਰਮ-ਕਾਂਡਾਂ ਤੋਂ ਮੁਕਤ ਹੋ ਕੇ ਕੇਵਲ ਇੱਕ ਅਕਾਲ ਪੁਰਖ ਦੀ ਬੰਦਗੀ ਦਾ ਉਪਦੇਸ਼ ਦਿੱਤਾ। ਇਨ੍ਹਾਂ ਮਨੁੱਖਤਾ ਦੇ ਭਲੇ ਵਾਲੇ ਕਾਰਜਾਂ ਨੂੰ ਬਾਕੀ ਗੁਰੂ ਸਾਹਿਬਾਨ ਨੇ ਅੱਗੇ ਤੋਰਿਆ।

ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਨੇ ਆਪਣੇ ਗੁਰਿਆਈ-ਕਾਲ ਸਮੇਂ ਅਨੇਕਾਂ ਧਾਰਮਿਕ, ਸਮਾਜਿਕ ਸੁਧਾਰ ਕੀਤੇ ਅਤੇ ਬਾਣੀ ਰਚਨਾ ਕਰ ਕੇ ਸਮੁੱਚੀ ਲੋਕਾਈ ਨੂੰ ਸੱਚ ਦੇ ਪਾਂਧੀ ਬਣਨ ਲਈ ਪ੍ਰੇਰਿਆ। ਗੁਰੂ ਜੀ ਨੇ ਜਿੱਥੇ ਮਨੁੱਖਤਾ ਦੇ ਭਲੇ ਲਈ ਅਨੇਕਾਂ ਕਾਰਜ ਕੀਤੇ, ਉੱਥੇ ਭਾਈ ਜੇਠਾ ਜੀ 'ਤੇ ਕਿਰਪਾ ਕਰ ਕੇ ਉਨ੍ਹਾਂ ਨੂੰ ਵੀ ਦੀਨ-ਦੁਨੀ ਦਾ ਪਾਤਸ਼ਾਹ ਬਣਾਇਆ। ਭਾਈ ਜੇਠਾ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਹਰੇਕ ਤਰ੍ਹਾਂ ਦੇ ਬਚਨ 'ਤੇ ਪਹਿਰਾ ਦੇਂਦਿਆਂ ਥੜ੍ਹੇ ਬਣਾਉਣ ਦੀ ਪ੍ਰਕਿਰਿਆ ਵਿਚ ਗੁਰੂ-ਬਖਸ਼ਿਸ਼ ਹਾਸਲ ਕੀਤੀ। ਹਰੇਕ ਤਰ੍ਹਾਂ ਦੀ ਪਰਖ ਨਿਰਖ ਤੋਂ ਬਾਅਦ ਜਦ ਅੰਤਿਮ ਸਮੇਂ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਿਆਈ ਭਾਈ ਜੇਠਾ ਜੀ ਨੂੰ ਬਖ਼ਸ਼ੀ ਤਾਂ ਉਹ ਭਾਈ ਜੇਠਾ ਜੀ ਤੋਂ ਸ੍ਰੀ ਗੁਰੂ ਰਾਮਦਾਸ ਜੀ ਬਣ ਗਏ। ਇਤਿਹਾਸਿਕ ਘਟਨਾਵਾਂ ਨੂੰ ਵੇਖੀਏ ਤਾਂ ਖਡੂਰ ਸਾਹਿਬ, ਬਾਸਰਕੇ ਗਿੱਲਾਂ, ਸ੍ਰੀ ਗੋਇੰਦਵਾਲ ਸਾਹਿਬ ਤੇ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਧਰਤੀ ਇਨ੍ਹਾਂ ਗੁਰੂ ਸਾਹਿਬਾਨ ਦੇ ਕਾਰਜ-ਖੇਤਰ ਦੀ ਗਵਾਹ ਹੈ।

ਸੋ ਸ੍ਰੀ ਗੁਰੂ ਰਾਮਦਾਸ ਜੀ ਦੇ ੪੫੦ ਸਾਲਾ ਗੁਰਿਆਈ ਗੁਰਪੁਰਬ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ੪੫੦ ਸਾਲਾ ਜੋਤੀ ਜੋਤਿ ਗੁਰਪੁਰਬ ਨੂੰ ਸਮੁੱਚਾ ਸਿੱਖ ਪੰਥ ਬੜੀ ਸ਼ਰਧਾ-ਭਾਵਨਾ ਨਾਲ ਮਨਾ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਸੰਬੰਧ ਵਿਚ ਅਨੇਕਾਂ ਸਮਾਗਮ ਉਲੀਕੇ ਗਏ ਹਨ। ਧਰਮ ਪ੍ਰਚਾਰ ਕਮੇਟੀ ਵੱਲੋਂ 'ਗੁਰਮਤਿ ਪ੍ਰਕਾਸ਼' ਦਾ ਹਥਲਾ ਵਿਸ਼ੇਸ਼ ਅੰਕ ਵੀ ਇਸ ਸ਼ਤਾਬਦੀ ਨੂੰ ਸਮਰਪਿਤ ਕੀਤਾ ਗਿਆ ਹੈ। ਇਸ ਅੰਕ ਵਿਚ ਜਿਨ੍ਹਾਂ ਵਿਦਵਾਨਾਂ ਨੇ ਆਪਣੇ ਲੇਖ ਭੇਜੇ ਹਨ ਅਸੀਂ ਉਨ੍ਹਾਂ ਦੇ ਧੰਨਵਾਦੀ ਹਾਂ। ਸਾਨੂੰ ਪੂਰਨ ਆਸ ਹੈ ਕਿ ਸੰਗਤ ਇਸ ਵਿਸ਼ੇਸ਼ ਅੰਕ ਤੋਂ ਗੁਰੂ ਸਾਹਿਬਾਨ ਦੇ ਜੀਵਨ, ਕਾਰਜ ਅਤੇ ਬਾਣੀ ਤੋਂ ਸਿੱਖਿਆਵਾਂ ਹਾਸਲ ਕਰ ਕੇ ਆਪਣਾ ਜੀਵਨ ਸਫਲਾ ਕਰੇਗੀ।

**ਗੁਰੂ-ਪੰਥ ਦੇ ਦਾਸ**

**ਬਲਵਿੰਦਰ ਸਿੰਘ ਕਾਹਲਵਾਂ**
**ਸਕੱਤਰ, ਧਰਮ ਪ੍ਰਚਾਰ ਕਮੇਟੀ,**
**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**
**ਸ੍ਰੀ ਅੰਮ੍ਰਿਤਸਰ।**

**ਐਡਵੋਕੇਟ ਹਰਜਿੰਦਰ ਸਿੰਘ**
**ਪ੍ਰਧਾਨ,**
**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**
**ਸ੍ਰੀ ਅੰਮ੍ਰਿਤਸਰ।**

ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਭਾਦੋਂ-ਅੱਸੂ, ਸੰਮਤ ਨਾਨਕਸ਼ਾਹੀ ੫੫੬ ਸਤੰਬਰ 2024

ਜਿਲਦ ੬੮ (Vol. 68) ਅੰਕ ੦੬ (Issue 06)

*ਸੰਪਾਦਕ*
**ਸਤਵਿੰਦਰ ਸਿੰਘ**
*ਸਹਾਇਕ ਸੰਪਾਦਕ*
**ਬਿਕਰਮਜੀਤ ਸਿੰਘ**

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ 5 | ਸਾਲਾਨਾ | ₹ 1250 |
| ਸਾਲਾਨਾ | ₹ 50 | ਪੰਜ ਸਾਲ | ₹ 5000 |
| ਪੰਜ ਸਾਲ | ₹ 250 | ਲਾਈਫ਼ | ₹ 10000 |
| ਲਾਈਫ਼ | ₹ 500 | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

*Secretary*
*Dharam Parchar Committee*
*(S.G.P.C.)*
*Sri Amritsar-143006*

**ਫੋਨ: 0183-2553956-59 ਐਕਸ 304 ਫੈਕਸ: 0183-2553919**

website : www.sgpc.net
e-mail :gurmatparkashmonthly@gmail.com,
gyan_gurmat@yahoo.com

**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**

Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

# ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੬ |
| ਸੰਪਾਦਕੀ | | ੭ |
| ਗੁਰ ਅਮਰਹੁ ਗੁਰੁ ਰਾਮਦਾਸੁ ਗੁਰ ਸੇਵਾ ਗੁਰੁ ਹੋਇ ਸਮਾਇਆ | -ਐਡਵੋਕੇਟ ਹਰਜਿੰਦਰ ਸਿੰਘ | ੯ |
| ਭਲੇ ਅਮਰਦਾਸ ਗੁਣ ਤੇਰੇ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੧੩ |
| ਸ੍ਰੀ ਗੁਰੂ ਅਮਰਦਾਸ ਜੀ ਦੇ ਉਪਕਾਰ | -ਸਤਵਿੰਦਰ ਸਿੰਘ ਫੂਲਪੁਰ | ੧੮ |
| ਪਿਯੂ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ | -ਡਾ. ਤੇਜਿੰਦਰ ਪਾਲ ਸਿੰਘ | ੨੨ |
| ਸਿੱਖ ਧਰਮ ਦੇ ਵਿਕਾਸ ਵਿਚ | | |
| ਸ੍ਰੀ ਗੁਰੂ ਅਮਰਦਾਸ ਜੀ ਦਾ ਯੋਗਦਾਨ | -ਡਾ. ਗੁਰਪ੍ਰੀਤ ਸਿੰਘ | ੩੧ |
| ਸਮਾਜਿਕ ਕੁਰੀਤੀਆਂ ਦੇ ਨਿਵਾਰਕ: ਸ੍ਰੀ ਗੁਰੂ ਅਮਰਦਾਸ ਜੀ | -ਡਾ. ਰਾਜਵਿੰਦਰ ਸਿੰਘ ਜੋਗਾ | ੪੧ |
| ਨਾਵਣੁ ਪੁਰਬੁ ਅਭੀਚੁ: ਚੌਥੇ ਪਾਤਸ਼ਾਹ ਦੀ ਬਾਣੀ ਵਿਚ | | |
| ਸ੍ਰੀ ਗੁਰੂ ਅਮਰਦਾਸ ਜੀ ਦੀ ਪ੍ਰਚਾਰ-ਯਾਤਰਾ ਦਾ ਬਿਰਤਾਂਤ | -ਸ. ਹਰਪ੍ਰੀਤ ਸਿੰਘ ਨਾਜ਼ | ੫੦ |
| ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ : | | |
| ਗੁਰਮਤਿ ਦਰਸ਼ਨ ਦੇ ਸੰਦਰਭ ਵਿਚ | -ਸ. ਵਿਕਰਮਜੀਤ ਸਿੰਘ ਤਿਹਾੜਾ | ੫੬ |
| ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ 'ਪਟੀ': ਭਾਵ-ਪਰਗਾਸ | -ਡਾ. ਚਮਕੌਰ ਸਿੰਘ | ੬੪ |
| ਰਾਮਕਲੀ ਕੀ ਵਾਰ ਮਹਲਾ ੩ | -ਡਾ. ਕੁਲਵਿੰਦਰ ਸਿੰਘ | ੭੩ |
| ਖਡੂਰ ਸਾਹਿਬ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦਾ 'ਨਿੱਤ ਦਾ ਨੇਮ' | | |
| (ਪ੍ਰਮੁੱਖ ਤਵਾਰੀਖੀ ਸ੍ਰੋਤਾਂ ਦੇ ਸੰਦਰਭ ਵਿਚ) | -ਸ. ਨਵਜੋਤ ਸਿੰਘ | ੮੫ |
| ਪਰਥਾਇ ਸਾਖੀ, ਸੜਕ, ਖਡੂਰ ਸਾਹਿਬ ਤੋਂ ਗੋਇੰਦਵਾਲ ਦੀ | -ਡਾ. ਅਮਰਜੀਤ ਕੌਰ ਇੱਬਣ ਕਲਾਂ | ੯੩ |
| ਭਾਈ ਗੁਰਦਾਸ ਜੀ ਦੀ ਨਜ਼ਰ ਵਿਚ ਸ੍ਰੀ ਗੁਰੂ ਅਮਰਦਾਸ ਜੀ | -ਸ. ਬਲਵਿੰਦਰ ਸਿੰਘ ਜੌੜਾਸਿੰਘਾ | ੯੮ |
| ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ | -ਡਾ. ਧਰਮ ਸਿੰਘ | ੧੦੪ |
| ਗੁਰ ਸਾਖੀਆਂ 'ਚ ਸਿੱਖਿਆ | -ਡਾ. ਇੰਦਰਜੀਤ ਸਿੰਘ ਗੋਗੋਆਣੀ | ੧੦੭ |
| ਸ੍ਰੀ ਗੁਰੂ ਰਾਮਦਾਸ ਜੀ ਦਾ ਸਿੱਖ ਕੌਮ ਦੀ ਉਸਾਰੀ ਵਿਚ ਯੋਗਦਾਨ | -ਡਾ. ਇੰਦਰਜੀਤ ਸਿੰਘ ਵਾਸੂ | ੧੧੩ |
| ਗੁਰ ਰਾਮਦਾਸ ਰਾਖਹੁ ਸਰਣਾਈ | -ਡਾ. ਜਗਜੀਤ ਸਿੰਘ | ੧੧੯ |

| | | |
|---|---|---|
| ਸ੍ਰੀ ਗੁਰੂ ਰਾਮਦਾਸ ਜੀ ਦੀਆਂ ਬਖਸ਼ਿਸ਼ਾਂ | -ਸ. ਗੁਰਚਰਨਜੀਤ ਸਿੰਘ ਲਾਂਬਾ | ੧੨੯ |
| ਸ੍ਰੀ ਗੁਰੂ ਰਾਮਦਾਸ ਜੀ ਅਨੁਸਾਰ ਗੁਰਸਿੱਖ ਦੀ ਨਿੱਤ ਕਰਨੀ | -ਭਾਈ ਰੇਸ਼ਮ ਸਿੰਘ | ੧੩੫ |
| ਸ੍ਰੀ ਗੁਰੂ ਰਾਮਦਾਸ ਜੀ ਦੀਆਂ ਪ੍ਰਮੁੱਖ ਬਾਣੀਆਂ | -ਡਾ. ਪਰਮਵੀਰ ਸਿੰਘ | ੧੩੭ |
| ਸ੍ਰੀ ਗੁਰੂ ਰਾਮਦਾਸ ਜੀ ਰਚਿਤ ਸਲੋਕ: ਇਕ ਅਧਿਐਨ | -ਡਾ. ਰਣਜੀਤ ਕੌਰ ਪੰਨਵਾਂ | ੧੪੬ |
| ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਦਾ ਉਪਦੇਸ਼ | -ਬਿਕਰਮਜੀਤ ਸਿੰਘ ਜੀਤ | ੧੫੨ |
| ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ: ਰਚਨਾ ਤੇ ਵਿਸ਼ਲੇਸ਼ਣ | -ਡਾ. ਰਾਜਬੀਰ ਕੌਰ | ੧੫੫ |
| ਸ੍ਰੀ ਗੁਰੂ ਰਾਮਦਾਸ ਜੀ ਦੁਆਰਾ | | |
| ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਥਾਪਨਾ | -ਡਾ. ਹਰਪ੍ਰੀਤ ਕੌਰ | ੧੬੦ |
| ਲਾਵਾਂ ਬਾਣੀ : ਸਿਧਾਂਤਕ ਅਧਿਐਨ | -ਡਾ. ਪਲਵਿੰਦਰ ਕੌਰ | ੧੬੬ |
| ਧੁਰਾ ਸਿੱਖੀ ਦਾ ਗੋਇੰਦਵਾਲ (ਕਵਿਤਾ) | -ਸ. ਹਰਵਿੰਦਰ ਸਿੰਘ ਵੀਰ | ੧੭੧ |
| ਸਤੰਬਰ ਅਤੇ ਅਕਤੂਬਰ ੨੦੨੪ ਈ. ਦੇ | | |
| ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ | | ੧੭੨ |
| ਖ਼ਬਰਨਾਮਾ | | ੧੭੪ |

# ਗੁਰਬਾਣੀ ਵਿਚਾਰ

*ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥*
*ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ॥*
*ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ॥*
*ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥*
*ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥*
*ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ॥*
*ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ॥*
*ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ॥*
*ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ॥੮॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ 'ਬਾਰਹ ਮਾਹਾ ਮਾਂਝ' ਦੀ ਇਸ ਪਾਵਨ ਪਉੜੀ ਦੁਆਰਾ ਅੱਸੂ ਮਹੀਨੇ ਦੀ ਬਹਾਰ ਤੇ ਵਾਤਾਵਰਨ ਦੇ ਪ੍ਰਥਾਏ ਮਨੁੱਖੀ ਆਤਮਾ ਦੀ ਪਰਮਾਤਮਾ ਨਾਲ ਮਿਲਾਪ ਦੀ ਤਾਂਘ ਤੇ ਇਸ ਆਤਮਿਕ ਮਿਲਾਪ ਦੇ ਸੁਖ ਅਨੰਦ ਦਾ ਵਰਣਨ ਕਰਦੇ ਹਨ। ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਅੱਸੂ ਦੇ ਮਹੀਨੇ ਵਿਚ ਜਦੋਂ ਕਿ ਭਾਦਰੋਂ ਦੇ ਗੁੰਮੇ ਤੇ ਹੁੰਮਸ ਦਾ ਅਣਚਾਹਿਆ ਅਸਰ ਖ਼ਤਮ ਹੋ ਜਾਣ ਕਾਰਨ ਪਿਆਰੇ ਪ੍ਰੀਤਮ ਪ੍ਰਤੀ ਪਿਆਰ ਦਾ ਉਛਾਲਾ ਅੰਤਰ-ਆਤਮੇ 'ਚ ਉਪਜਿਆ ਹੈ,ਮਿਲਾਪ ਦੀ ਤਾਂਘ ਉਪਜੀ ਹੈ ਕਿ ਪਿਆਰੇ ਨੂੰ ਜਿਵੇਂ-ਕਿਵੇਂ ਮਿਲਿਆ ਜਾਵੇ। ਮਨ ਅਤੇ ਸਰੀਰ ਅਰਥਾਤ ਸਮੁੱਚੇ ਇਨਸਾਨੀ ਵਜੂਦ ਵਿਚ ਪਿਆਰੇ ਦੇ ਦੀਦਾਰ ਦੀ ਤ੍ਰੇਹ ਡੂੰਘੀ ਹੋਈ ਹੈ। ਹੇ ਮੇਰੀ ਮਾਂ! ਕੋਈ ਆ ਕੇ ਮੈਨੂੰ ਮੇਰਾ ਪਿਆਰਾ ਪ੍ਰੀਤਮ ਮਿਲਾ ਦੇਵੇ! ਸੰਤ ਭਾਵ ਪ੍ਰਭੂ ਨਾਲ ਮਿਲਾਪ ਹਾਸਲ ਕਰ ਚੁੱਕੇ ਰੂਹਾਨੀ ਜੀਊੜੇ ਕੋਲ ਹੀ ਅਜਿਹੀ ਸਮਰੱਥਾ ਹੈ ਅਰਥਾਤ ਸੱਚਾ ਗੁਰੂ ਹੀ ਮੇਰੀ ਸਹਾਇਤਾ ਕਰ ਸਕਦਾ ਹੈ। ਇਸ ਵਾਸਤੇ ਮੈਂ ਇਸ ਮਹੀਨੇ ਦੀ ਮਿੱਠੀ ਬਹਾਰ ਤੇ ਰਸੀਲੇ ਵਾਤਾਵਰਨ ਦਾ ਲਾਭ ਲੈਂਦੀ ਹੋਈ ਜਾ ਕੇ ਉਸ ਦੇ ਚਰਨਾਂ ਨਾਲ ਜੁੜਦੀ ਹਾਂ! ਪਰਮਾਤਮਾ ਪਿਆਰੇ ਤੋਂ ਬਿਨਾਂ ਸੁਖ ਅਨੰਦ ਲੱਭਣ ਦੀ ਹੋਰ ਕੋਈ ਜਗ੍ਹਾ ਵੀ ਤਾਂ ਨਹੀਂ ਹੈ। ਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਨੇ ਪਿਆਰੇ ਦੇ ਨਾਮ ਦਾ ਰਸ ਚੱਖ ਲਿਆ ਹੈ ਉਹ ਰੱਜ ਗਏ। ਉਹ ਆਪਾ-ਭਾਵ ਛੱਡ ਕੇ ਇਹੀ ਅਰਜ਼ ਕਰਦੇ ਹਨ ਕਿ ਹੇ ਮਾਲਕ ਜੀਓ! ਸਾਨੂੰ ਆਪਣੇ ਦਾਮਨ ਨਾਲ ਲਾ ਲਵੋ। ਜਿਹੜੀਆਂ ਜੀਵ-ਇਸਤਰੀਆਂ ਨੂੰ ਪਰਮਾਤਮਾ ਰੂਪੀ ਪਿਆਰਾ ਸੱਜਣ ਪਤੀ ਮਿਲ ਜਾਂਦਾ ਹੈ ਉਹ ਮੁੜ ਉਸ ਤੋਂ ਕਦੇ ਵੀ ਵਿਛੋੜਾ ਨਹੀਂ ਪੈਣ ਦਿੰਦੀਆਂ। ਅੰਤ ਵਿਚ ਸਤਿਗੁਰੂ ਜੀ ਸਾਡੀ ਅਧਿਆਤਮਿਕ ਅਗਵਾਈ ਕਰਦੇ ਹੋਏ ਇਹ ਸਿੱਟਾ ਬਖ਼ਸ਼ਿਸ਼ ਕਰਦੇ ਹਨ ਕਿ ਹੇ ਨਾਨਕ! ਪ੍ਰਭੂ ਮਾਲਕ ਤੋਂ ਬਿਨਾਂ ਹੋਰ ਕੋਈ ਦੂਸਰਾ ਸਹਾਈ ਹੋਣ ਵਾਲਾ ਇਸ ਸੰਸਾਰ 'ਤੇ ਨਹੀਂ ਹੈ, ਇਸ ਤੱਥ ਨੂੰ ਜਾਣ ਕੇ ਮੈਂ ਉਸ ਮਾਲਕ ਦੀ ਸ਼ਰਨ ਵਿਚ ਹਾਂ। ਜਿਨ੍ਹਾਂ ਜੀਵ ਇਸਤਰੀਆਂ ਉੱਪਰ ਹਰੀ ਰੂਪੀ ਰਾਜੇ ਦੀ ਮਿਹਰ ਦੀ ਨਜ਼ਰ ਹੁੰਦੀ ਹੈ ਉਹ ਮਨੁੱਖਾ ਜੀਵਨ ਰੂਪੀ ਅੱਸੂ ਦੇ ਮਹੀਨੇ ਵਿਚ ਸੁਖੀ ਵਸਦੀਆਂ ਹਨ। ■

ਸੰਪਾਦਕੀ...

# ਅਮਰਦਾਸਿ ਅਮਰਤੁ ਛਤ੍ਰ ਗੁਰ ਰਾਮਹਿ ਦੀਅਉ

*ਗੁਰੂ ਸਾਹਿਬਾਨ ਦੇ ਪਾਵਨ ਗੁਰਪੁਰਬ ਮਨਾਉਣੇ ਵੱਡੇ ਭਾਗਾਂ ਨਾਲ ਨਸੀਬ ਹੁੰਦੇ ਹਨ। ਭਾਈ ਗੁਰਦਾਸ ਜੀ ਪ੍ਰੇਮਾ ਭਗਤੀ ਨਾਲ ਗੁਰਪੁਰਬ ਮਨਾਉਣ ਵਾਲੇ ਸਿੱਖਾਂ ਤੋਂ ਕੁਰਬਾਨ ਜਾਂਦੇ ਹਨ।* ***ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ।*** *ਇਹ ਇਤਿਹਾਸਿਕ ਦਿਹਾੜੇ ਅਤੇ ਸ਼ਤਾਬਦੀਆਂ ਮਨਾਉਣ ਦਾ ਮੰਤਵ ਗੁਰੂ ਸਾਹਿਬਾਨ ਦੇ ਰੂਹਾਨੀ ਉਪਦੇਸ਼ਾਂ ਦਾ ਪ੍ਰਚਾਰ ਕਰ ਕੇ ਮਨੁੱਖਾਂ ਅੰਦਰ ਸਤ, ਸੰਤੋਖ, ਨੇਕੀ, ਦਇਆ, ਧਰਮ, ਧੀਰਜ, ਪਰਉਪਕਾਰ ਜਿਹੇ ਸਦਗੁਣਾਂ ਦਾ ਸੰਚਾਰ ਕਰਨਾ ਅਤੇ ਸਿਮਰਨ ਭਗਤੀ ਦੇ ਮਾਰਗ 'ਤੇ ਚੱਲ ਕੇ ਅਕਾਲ ਪੁਰਖ ਨਾਲ ਇਕਮਿਕਤਾ ਹਾਸਲ ਕਰਨਾ ਹੈ ਤਾਂ ਕਿ ਸਮਾਜ ਨੂੰ ਰੂਹਾਨੀਅਤ ਦੀ ਰੰਗਤ ਚੜ੍ਹ ਸਕੇ, ਸਮਾਜ ਨੈਤਿਕ ਕਦਰਾਂ-ਕੀਮਤਾਂ ਦਾ ਧਾਰਨੀ ਬਣ ਸਕੇ। ਗੁਰੂ ਸਾਹਿਬ ਦੀ ਸਰਬ-ਸਾਂਝੀਵਾਲਤਾ ਦੀ ਸਿੱਖਿਆ ਨਾਲ ਦੇਸ਼-ਸਮਾਜ ਵਿੱਚੋਂ ਧਰਮਾਂ ਦੇ ਨਾਂ 'ਤੇ ਫੈਲਾਈ ਜਾ ਰਹੀ ਨਫ਼ਰਤ ਨੂੰ ਖਤਮ ਕੀਤਾ ਜਾ ਸਕੇ ਤੇ ਭਾਈਚਾਰਕ ਸਾਂਝ ਪੈਦਾ ਹੋਵੇ।*

*ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਬੜੇ ਮਹਾਨ ਕਾਰਜ ਕੀਤੇ। ਭੱਟ ਕੀਰਤ ਜੀ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਦੀ ਅਕੱਥ ਕਥਾ ਉਨ੍ਹਾਂ ਦੀ ਉੱਚੀ ਆਤਮਿਕ ਅਵਸਥਾ ਇਕ ਜੀਭ ਨਾਲ ਬਿਆਨ ਨਹੀਂ ਕੀਤੀ ਜਾ ਸਕਦੀ।* ***ਗੁਰ ਅਮਰਦਾਸ ਕੀ ਅਕਥ ਕਥਾ ਹੈ ਇਕ ਜੀਹ ਕਛੁ ਕਹੀ ਨ ਜਾਈ॥***

*ਸ੍ਰੀ ਗੁਰੂ ਅਮਰਦਾਸ ਜੀ ਨੇ ਬਾਈ ਸਾਲ ਗੁਰਿਆਈ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਬੇਅੰਤ ਮਨੁੱਖਾਂ ਦਾ ਉੱਧਾਰ ਕੀਤਾ। ਅਖੀਰ ੧੫੫੨ ਈ. ਵਿਚ ਗੁਰੂ ਨਾਨਕ ਘਰ ਦੀ* ***ਸਿਖਾਂ ਪੁਤ੍ਰਾਂ ਘੋਖਿ ਕੈ*** *ਵਾਲੀ ਮਰਯਾਦਾ ਨੂੰ ਅੱਗੇ ਤੋਰਦਿਆਂ ਆਪਣੇ ਪੁੱਤਰਾਂ ਅਤੇ ਸਿੱਖਾਂ ਦੀ ਪਰਖ ਵਿਚ ਜਦੋਂ ਸ੍ਰੀ ਗੁਰੂ ਅਮਰਦਾਸ ਜੀ ਦਾ ਮਨ ਪੂਰਨ ਰੂਪ ਵਿਚ ਸ੍ਰੀ ਗੁਰੂ ਰਾਮਦਾਸ ਜੀ ਉੱਪਰ ਪਤੀਜ ਗਿਆ ਤਾਂ ਸ੍ਰੀ ਗੁਰੂ ਰਾਮਦਾਸ ਜੀ ਨੂੰ ਰਾਜ ਜੋਗ ਦੇ ਤਖਤ ਗੁਰਿਆਈ ਦੀ ਬਖ਼ਸ਼ਿਸ਼ ਕਰ ਦਿੱਤੀ:*

***ਸਭ ਬਿਧਿ ਮਾਨ੍ਹਿਉ ਮਨੁ ਤਬ ਹੀ ਭਯਉ ਪ੍ਰਸੰਨੁ***
***ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥੪॥***

***(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ੧੩੯੯)***

*ਭੱਟ ਮਥੁਰਾ ਜੀ ਅਨੁਸਾਰ* ***ਅਮਰਦਾਸਿ ਅਮਰਤੁ ਛਤ੍ਰ ਗੁਰ ਰਾਮਹਿ ਦੀਅਉ॥***

*ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਬਖ਼ਸ਼ ਕੇ ਸ੍ਰੀ ਗੁਰੂ ਅਮਰਦਾਸ ਜੀ ਜੋਤੀ*

*ਜੋਤਿ ਸਮਾ ਗਏ। ਇਸ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਤੋਂ ਸਾਰੀ ਸ੍ਰਿਸ਼ਟੀ ਨੂੰ ਤਾਰਨ ਲਈ ਸ੍ਰੀ ਗੁਰੂ ਰਾਮਦਾਸ ਜੀ ਨੂੰ ਵਡਿਆਈ ਮਿਲੀ। ਸ੍ਰੀ ਗੁਰੂ ਰਾਮਦਾਸ ਜੀ ਨੇ ਜੀਵਾਂ ਉੱਪਰ ਬੇਅੰਤ ਬਖਸ਼ਿਸ਼ਾਂ-ਰਹਿਮਤਾਂ ਕੀਤੀਆਂ। ਮਨੁੱਖਾਂ ਦੇ ਹਿਰਦੇ ਰੂਪੀ ਖਾਲੀ ਸਰੋਵਰਾਂ ਨੂੰ ਨਾਮ ਨਾਲ ਭਰ ਦਿੱਤਾ।*

*ਅੱਜ ਸਮੁੱਚਾ ਸਿੱਖ ਜਗਤ ਐਸੇ ਦੀਨ ਦਇਆਲ ਸਤਿਗੁਰਾਂ ਸ੍ਰੀ ਗੁਰੂ ਰਾਮਦਾਸ ਜੀ ਦਾ ੪੫੦-ਸਾਲਾ ਗੁਰਿਆਈ ਗੁਰਪੁਰਬ ਅਤੇ ਸ੍ਰੀ ਗੁਰੂ ਅਮਰਦਾਸ ਜੀ ਦਾ ੪੫੦-ਸਾਲਾ ਜੋਤੀ ਜੋਤਿ ਦਿਵਸ ਮਨਾ ਰਿਹਾ ਹੈ। ਇਨ੍ਹਾਂ ਦਿਹਾੜਿਆਂ ਸੰਬੰਧੀ ਸ੍ਰੀ ਗੁਰੂ ਅਮਰਦਾਸ ਜੀ ਦੀ ਅਕੱਥ ਕਥਾ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੀ ਵਡਿਆਈ ਨੂੰ ਦਰਸਾਉਣ ਦੇ ਨਿਮਾਣੇ ਜਿਹੇ ਯਤਨ ਕਰਦਿਆਂ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਤੰਬਰ-੨੦੨੪ ਦਾ 'ਗੁਰਮਤਿ ਪ੍ਰਕਾਸ਼' ਦਾ ਹਥਲਾ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਵਿਚ ਵੱਖ-ਵੱਖ ਵਿਦਵਾਨਾਂ ਨੇ ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ, ਬਾਣੀ ਅਤੇ ਉਪਦੇਸ਼ਾਂ ਨੂੰ ਆਪੋ ਆਪਣੀ ਕਲਮ ਦੀ ਸਮਰੱਥਾ ਅਨੁਸਾਰ ਲਿਖਣ ਦਾ ਯਤਨ ਕੀਤਾ ਹੈ। ਇਹ ਵਿਸ਼ੇਸ਼ ਅੰਕ ਦੋ ਗੁਰੂ ਸਾਹਿਬਾਨ ਨਾਲ ਸੰਬੰਧਿਤ ਹੋਣ ਕਾਰਨ ਲੇਖਾਂ ਵਿਚ ਬਹੁਤ ਦੁਹਰਾਉ ਆਇਆ ਸੀ, ਜਿਸ ਨੂੰ ਸੰਭਵ ਹੱਦ ਤਕ ਘੱਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਅੰਕ ਦਾ ਆਕਾਰ ਵੱਧ ਜਾਣ ਕਾਰਨ ਅਸੀਂ ਸਾਰੇ ਲੇਖਕਾਂ ਦੇ ਲੇਖ ਪ੍ਰਕਾਸ਼ਿਤ ਨਹੀਂ ਕਰ ਸਕੇ। ਰਹਿ ਗਏ ਲੇਖ ਅਗਲੇ ਅੰਕ ਵਿਚ ਪ੍ਰਕਾਸ਼ਿਤ ਕਰ ਦਿੱਤੇ ਜਾਣਗੇ। ਸਾਨੂੰ ਆਸ ਹੈ ਕਿ ਇਸ ਵਿਸ਼ੇਸ਼ ਅੰਕ ਨੂੰ ਪੜ੍ਹ ਕੇ ਪਾਠਕ ਗੁਰੂ ਸਾਹਿਬਾਨ ਦੇ ਜੀਵਨ, ਬਾਣੀ ਅਤੇ ਗੁਰਮਤਿ ਸਿਧਾਂਤਾਂ ਬਾਰੇ ਭਰਪੂਰ ਜਾਣਕਾਰੀ ਹਾਸਲ ਕਰਨਗੇ।*

*ਅਜਿਹੇ ਸੁਭਾਗੇ ਮੌਕਿਆਂ 'ਤੇ ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣੇ ਬੱਚਿਆਂ ਸਮੇਤ ਇਨ੍ਹਾਂ ਸ਼ਤਾਬਦੀਆਂ ਵਿਚ ਸ਼ਾਮਲ ਹੋਈਏ। ਆਪਣੇ ਬੱਚਿਆਂ ਨੂੰ ਅਮੀਰ ਸਿੱਖ ਵਿਰਸੇ ਅਤੇ ਇਤਿਹਾਸ ਤੋਂ ਜਾਣੂ ਕਰਵਾਈਏ ਤਾਂ ਕਿ ਉਹ ਆਪਣੇ ਵਿਰਸੇ ਉੱਪਰ ਮਾਣ ਕਰਦਿਆਂ ਪਤਿਤਪੁਣੇ ਨੂੰ ਤਿਆਗ ਕੇ ਬਾਣੀ ਅਤੇ ਬਾਣੇ ਦੇ ਧਾਰਨੀ ਹੋਣ। ਇਨ੍ਹਾਂ ਸ਼ਤਾਬਦੀਆਂ ਨੂੰ ਮਨਾਉਂਦਿਆਂ ਅਸੀ ਗੁਰੂ ਸਾਹਿਬਾਨ ਦੀ ਧਰਤੀ ਪੰਜਾਬ ਨੂੰ ਦਰਪੇਸ਼ ਸਮੱਸਿਆਵਾਂ- ਨਸ਼ਾ, ਡੇਰਾਵਾਦ, ਅਖੌਤੀ ਗੁਰੂ-ਡੰਮ੍ਹ, ਧਰਤੀ ਹੇਠਲੇ ਪਾਣੀ ਦਾ ਡਿਗ ਰਿਹਾ ਪੱਧਰ, ਪ੍ਰਦੂਸ਼ਿਤ ਹੋ ਰਿਹਾ ਹਵਾ-ਪਾਣੀ, ਜ਼ਹਿਰੀਲੇ ਹੋ ਰਹੇ ਖਾਧ-ਪਦਾਰਥ, ਪਤਿਤਪੁਣਾ, ਭਰੂਣ-ਹੱਤਿਆ ਆਦਿ ਨੂੰ ਠੱਲ੍ਹ ਪਾਉਣ ਲਈ ਯਤਨਸ਼ੀਲ ਹੋਈਏ। ਪੰਥ ਦੀ ਮਜ਼ਬੂਤੀ ਲਈ ਆਪਸੀ ਏਕਤਾ ਇਤਫ਼ਾਕ ਦੇ ਹਾਮੀ ਬਣੀਏ। ਤਾਂ ਹੀ ਸਾਡੀਆਂ ਇਹ ਸ਼ਤਾਬਦੀਆਂ ਮਨਾਉਣਾ ਸਫਲ ਹੋਵੇਗਾ।*

# ਗੁਰੁ ਅਮਰਹੁ ਗੁਰੁ ਰਾਮਦਾਸੁ ਗੁਰ ਸੇਵਾ ਗੁਰੁ ਹੋਇ ਸਮਾਇਆ

*-ਐਡਵੋਕੇਟ ਹਰਜਿੰਦਰ ਸਿੰਘ**

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਲਗਾਏ ਗਏ ਸਿੱਖੀ ਦੇ ਬੂਟੇ ਦੀ ਛਾਂ ਸਮੁੱਚਾ ਜਗਤ ਮਾਣ ਰਿਹਾ ਹੈ। ਇਸ ਬੂਟੇ ਦੀ ਸੁਗੰਧੀ ਨੂੰ ਦੂਰ-ਦੂਰ ਤਕ ਫੈਲਾਉਣ ਦਾ ਕਾਰਜ ਤੀਜੇ ਅਤੇ ਚੌਥੇ ਪਾਤਸ਼ਾਹ ਜੀ ਸਮੇਤ ਸਾਰੇ ਗੁਰੂ ਸਾਹਿਬਾਨ ਨੇ ਕੀਤਾ। ਸ੍ਰੀ ਗੁਰੂ ਰਾਮਦਾਸ ਜੀ ਆਪ ਇਕ ਗਰੀਬ ਪਰਵਾਰ ਵਿਚ ਪੈਦਾ ਹੋਏ। ਪਿਤਾ ਹਰਿਦਾਸ ਜੀ ਤੇ ਮਾਤਾ ਦਇਆ ਕੌਰ ਜੀ ਨੇ ਬੜੀਆਂ ਤਕਲੀਫਾਂ ਨਾਲ ਉਨ੍ਹਾਂ ਨੂੰ ਪਾਲਿਆ। ਛੋਟੀ ਉਮਰੇ ਹੀ ਮਾਤਾ-ਪਿਤਾ ਦਾ ਸਾਇਆ ਸਿਰ ਤੋਂ ਉਠ ਗਿਆ।

ਆਪ ਜੀ ਦੀ ਨਾਨੀ ਆਪ ਨੂੰ ਪਿੰਡ ਬਾਸਰਕੇ ਲੈ ਆਈ। ਇੱਥੇ ਭਾਈ ਜੇਠਾ ਜੀ ਫਿਰ-ਤੁਰ ਕੇ ਘੁੰਗਣੀਆਂ ਵੇਚਦੇ। ਭਾਈ ਜੇਠਾ ਜੀ ਦੇ ਜੀਵਨ ਵਿਚ ਉਸ ਵੇਲੇ ਨਿਖਾਰ ਆਉਣਾ ਸ਼ੁਰੂ ਹੋਇਆ, ਜਦੋਂ ਉਨ੍ਹਾਂ ਦਾ ਮੇਲ ਆਪਣੀ ਨਾਨੀ ਜੀ ਸਮੇਤ ਗੋਇੰਦਵਾਲ ਸਾਹਿਬ ਵਿਖੇ ਧੰਨ ਸ੍ਰੀ ਗੁਰੂ ਅਮਰਦਾਸ ਜੀ ਦੇ ਨਾਲ ਹੋਇਆ। ਗੁਰੂ ਸਾਹਿਬ ਜੀ ਨੇ ਬਾਲਕ ਭਾਈ ਜੇਠਾ ਜੀ ਪ੍ਰਤੀ ਬੜਾ ਪਿਆਰ ਜਤਾਇਆ ਅਤੇ ਸਿੱਖ ਧਰਮ ਦੇ ਅਸੂਲਾਂ ਬਾਰੇ ਬਹੁਤ ਕੁਝ ਦੱਸਿਆ। ਸਭ ਤੋਂ ਪਹਿਲਾਂ ਜੇਠਾ ਜੀ ਨੇ ਗੁਰੂ ਸਾਹਿਬ ਜੀ ਤੋਂ ਸਾਧਨਾ, ਨਿਸ਼ਕਾਮ ਸੇਵਾ ਅਤੇ ਗੁਰਬਾਣੀ ਦਾ ਗਾਇਨ ਸਿੱਖਿਆ। ਆਪ ਜੀ ਗੁਰੂ-ਘਰ ਦੀ ਸੇਵਾ ਦੇ ਨਾਲ-ਨਾਲ ਘੁੰਗਣੀਆਂ ਵੇਚਣ ਦੀ ਕਿਰਤ ਵੀ ਕਰੀ ਜਾਂਦੇ।

ਗੁਰੂ ਸਤਿਗੁਰੂ ਸੰਗ ਰਿਸ਼ਤਾ ਬਣਨ ਦਾ ਵਕਤ ਸ਼ੁਰੂ ਹੋ ਚੁੱਕਾ ਸੀ। ਰੁਲਣ-ਫਿਰਨ ਦੀਆਂ ਘੜੀਆਂ ਖਾਤਮੇ ਵੱਲ ਜਾ ਰਹੀਆਂ ਸਨ। ਇਕ ਦਿਨ ਮਾਤਾ ਮਨਸਾ ਦੇਵੀ ਜੀ ਨੇ ਸਤਿਗੁਰੂ ਸ੍ਰੀ ਅਮਰਦਾਸ ਸਾਹਿਬ ਜੀ ਪਾਸ ਜਵਾਨ ਹੋ ਰਹੀ ਆਪਣੀ ਬੇਟੀ ਬੀਬੀ ਭਾਨੀ ਜੀ ਬਾਰੇ ਚਿੰਤਾ ਜ਼ਾਹਰ ਕੀਤੀ, ਤਾਂ ਗੁਰੂ ਮਹਾਰਾਜ ਨੇ ਕਿਹਾ ਕਿ 'ਵਰ ਕਿਹੋ ਜਿਹਾ ਹੋਵੇ?' ਉਸ ਸਮੇਂ ਅਚਾਨਕ ਭਾਈ ਜੇਠਾ ਜੀ ਅੱਗੋਂ ਜਾ ਰਹੇ ਸਨ, ਮਾਤਾ ਜੀ ਨੇ ਕਿਹਾ ਕਿ 'ਉਸ ਵਰਗਾ'। ਗੁਰੂ ਜੀ ਨੇ ਕਿਹਾ ਕਿ ਭਾਈ ਜੇਠੇ ਵਰਗਾ ਤਾਂ ਫਿਰ ਜੇਠਾ ਹੀ ਹੈ। ਭਾਈ ਜੇਠਾ ਜੀ ਉੱਪਰ ਸ੍ਰੀ ਗੁਰੂ ਅਮਰਦਾਸ ਜੀ ਦੀ ਮਿਹਰ ਭਰੀ ਨਜ਼ਰ ਪੈ ਚੁੱਕੀ ਸੀ।

ਹੁਣ ਭਾਈ ਜੇਠਾ ਜੀ ਦਾ ਰਿਸ਼ਤਾ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਮਹਾਰਾਜ ਨਾਲ ਹੋਰ ਵੀ ਗੂੜ੍ਹਾ ਬਣ ਗਿਆ। ਜਦੋਂ ਗੁਰੂ ਸਾਹਿਬ, ਗੋਇੰਦਵਾਲ ਸਾਹਿਬ ਵਿਖੇ

**ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

ਬਾਉਲੀ ਦੀ ਖੁਦਵਾਈ ਕਰਵਾ ਰਹੇ ਸਨ, ਤਾਂ ਆਪ ਇਕ ਸੇਵਕ ਵਾਂਗ ਮਿੱਟੀ ਦੀ ਟੋਕਰੀ ਸਿਰ 'ਤੇ ਚੁੱਕ ਕੇ ਸੇਵਾ ਕਰ ਰਹੇ ਸਨ। ਰਿਸ਼ਤੇਦਾਰਾਂ ਤੇ ਮਿੱਤਰਾਂ ਨੇ ਦੇਖ ਕੇ ਆਪ ਨੂੰ ਮਖੌਲ ਕੀਤੇ ਤੇ ਗੁਰੂ ਸਾਹਿਬ ਪ੍ਰਤੀ ਵੀ ਅਪ-ਸ਼ਬਦ ਵਰਤੇ! ਭਾਈ ਜੇਠਾ ਜੀ ਨੇ ਗੁਰੂ ਸਾਹਿਬ ਤੋਂ ਖਿਮਾ ਮੰਗੀ ਤੇ ਬੇਨਤੀ ਕੀਤੀ, "ਹੇ ਸੱਚੇ ਪਾਤਸ਼ਾਹ! ਇਨ੍ਹਾਂ ਨੂੰ ਖਿਮਾ ਕਰ ਦਿਓ, ਕਿਉਂਕਿ ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਉਹ ਕੀ ਕਰ ਰਹੇ ਹਨ!"

ਕਬੀਲੇ ਵਾਲਿਆਂ ਨੂੰ ਇਹ ਮਿੱਟੀ ਦੀ ਟੋਕਰੀ ਦਿੱਸਦੀ ਸੀ, ਪਰ ਹੈ ਤਾਂ ਉਹ ਜਗਤ ਦਾ ਛਤਰ ਸੀ। ਤਖ਼ਤ ਦਾ ਮਾਲਕ ਬਣਨ ਤੇ ਸਿਰ ਛਤਰ ਝੁਲਾਉਣ ਦੀ ਤਿਆਰੀ ਸੀ। ਇਹ ਵਿਧੀ ਸੀ, ਢੰਗ ਸੀ, ਪ੍ਰਸੰਨ ਹੋਣ ਦਾ ਤੇ ਪ੍ਰਸੰਨਤਾ ਦੇਣ ਦਾ। ਭੱਟ ਕਲਸਹਾਰ ਜੀ ਨੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਸਹਿਣਸ਼ੀਲਤਾ ਅਤੇ ਭਗਤੀ ਦਾ ਜ਼ਿਕਰ ਕੀਤਾ ਹੈ, ਕਿਉਂਕਿ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ, ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਵੱਲੋਂ ਲਏ ਗਏ ਹਰ ਇਮਤਿਹਾਨ ਵਿੱਚੋਂ ਪੂਰੇ ਉਤਰੇ ਸਨ:

*ਸਭ ਬਿਧਿ ਮਾਨ੍ਹਿਉ ਮਨੁ ਤਬ ਹੀ ਭਯਉ ਪ੍ਰਸੰਨੁ*
*ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੯)*

'*ਸਿਖਾਂ ਪੁਤ੍ਰਾਂ ਘੋਖਿ ਕੈ*' ਭਰੇ ਦਰਬਾਰ ਵਿਚ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ '*ਧੁਰਿ ਲਿਖਿਆ ਲੇਖੁ ਰਜਾਇ ਜੀਉ*' ਦੇ ਹੁਕਮ ਅਨੁਸਾਰ ਭਾਈ ਜੇਠਾ ਜੀ ਨੂੰ ਗੁਰਿਆਈ ਦੇ ਰਹੇ ਹਨ। ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਕਿਹਾ ਕਿ, "ਭਾਈ ਜੇਠਾ ਜੀ ਮੇਰਾ ਹੀ ਭਾਵੀ ਰੂਪ ਹਨ।"

ਭਾਈ ਗੁਰਦਾਸ ਜੀ ਤੇ ਹੋਰ ਸਮਕਾਲੀ ਗਵਾਹ ਹਨ, ਗੁਰਿਆਈ ਦਾ ਛਤਰ ਭਾਈ ਜੇਠਾ ਜੀ ਦੇ ਸਿਰ ਟਿਕਾਇਆ। ਭਾਈ ਜੇਠਾ ਜੀ, ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਬਣ ਗਏ:

*-ਗੁਰੁ ਅਮਰਹੁ ਗੁਰੁ ਰਾਮਦਾਸੁ ਜੋਤੀ ਜੋਤਿ ਜਗਾਇ ਜੁਹਾਰਾ। (ਵਾਰ ੨੪:੧੪)*
*-ਗੁਰੁ ਅਮਰਹੁ ਗੁਰੁ ਰਾਮਦਾਸੁ ਗੁਰ ਸੇਵਾ ਗੁਰੁ ਹੋਇ ਸਮਾਇਆ। (ਵਾਰ ੨੬:੩੪)*

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਦਸਵੰਧ ਦੀ ਰੀਤ ਨੂੰ ਵਿਆਪਕ ਪੱਧਰ 'ਤੇ ਲਾਗੂ ਕੀਤਾ, ਭਾਵੇਂ ਪਹਿਲਾਂ ਵੀ ਦਸਵੰਧ ਕੱਢਣ ਦੀ ਰੀਤ ਚਾਲੂ ਸੀ ਅਤੇ ਸਿੱਖ ਗੁਰੂ-ਦਰਬਾਰ ਵਿਚ ਉਹ ਰਕਮ ਪਹੁੰਚਾਉਂਦੇ ਸਨ, ਪ੍ਰੰਤੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਤਾਕੀਦੀ ਹੁਕਮ ਕੀਤਾ ਕਿ ਹਰ ਸਿੱਖ ਦਸਵੰਧ ਕੱਢ ਕੇ ਅਵੱਸ਼ ਗੁਰੂ-ਦਰਬਾਰ ਪਹੁੰਚਾਏ। ਇਸ ਪ੍ਰਕਾਰ ਹਰ ਕੋਈ ਸਿੱਖ ਆਪਣੇ-ਆਪ ਨੂੰ ਗੁਰੂ-ਘਰ ਦੇ ਨੇੜ੍ਹੇ ਸਮਝਣ ਲੱਗਾ ਅਤੇ ਗੁਰੂ ਨੂੰ ਹਰ ਜਗ੍ਹਾ ਹਾਜ਼ਰ-ਨਾਜ਼ਰ ਮਹਿਸੂਸ ਕਰਨ ਲੱਗਾ। ਇਹ ਦਸਵੰਧ ਦੀ ਰਕਮ ਗੁਰੂ ਕੇ ਲੰਗਰ ਦੇ ਲੇਖੇ ਲਗਾਈ ਜਾਂਦੀ ਅਤੇ ਪੰਥ ਦੀਆਂ ਹੋਰ ਸਮਾਜਿਕ, ਆਰਥਿਕ ਤੇ ਧਾਰਮਿਕ ਲੋੜਾਂ ਪੂਰੀਆਂ ਕੀਤੀਆਂ ਜਾਂਦੀਆਂ। ਗੁਰੂ

ਸਾਹਿਬ ਜੀ ਨੇ ਬਾਣੀ ਰਾਹੀਂ ਸਮਝਾ ਦਿੱਤਾ ਹੈ:

*ਨਿਤ ਸਉਦਾ ਸੂਦੁ ਕੀਚੈ ਬਹੁ ਭਾਤਿ ਕਰਿ ਮਾਇਆ ਕੈ ਤਾਈ॥*
*ਜਾ ਲਾਹਾ ਦੇਇ ਤਾ ਸੁਖੁ ਮਨੇ ਤੋਟੈ ਮਰਿ ਜਾਈ॥*
*ਜੋ ਗੁਣ ਸਾਝੀ ਗੁਰ ਸਿਉ ਕਰੇ ਨਿਤ ਨਿਤ ਸੁਖੁ ਪਾਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੬੬)*

ਦਸਵੰਧ ਕੱਢਣਾ ਤੇ ਗੁਰੂ-ਦਰਬਾਰ ਪਹੁੰਚਾਉਣਾ ਸਿੱਖ ਆਪਣਾ ਮੁਢਲਾ ਕਰਮ ਸਮਝਦਾ ਹੈ। ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਸਭ ਤੋਂ ਵਿਸ਼ੇਸ਼ ਗੁਣ ਦਇਆ ਭਾਵਨਾ ਸੀ। ਉਨ੍ਹਾਂ ਦੀ ਨਿਰਮਾਣਤਾ ਦਾ ਪਤਾ ਉਨ੍ਹਾਂ ਦੀ ਰਚੀ ਹੋਈ ਆਪਣੀ ਬਾਣੀ ਵਿਚੋਂ ਸਪੱਸ਼ਟ ਲੱਗਦਾ ਹੈ:

*ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ*
*ਸਾ ਬਿਧਿ ਤੁਮ ਹਰਿ ਜਾਣਹੁ ਆਪੇ॥*
*ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ*
*ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੬੭)*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਮਨੁੱਖ ਨੂੰ ਸੱਚ ਨਾਲ ਮਿਲਾਪ ਕਰ, ਸਚਿਆਰ ਬਣਨ ਲਈ ਕਹਿੰਦੇ ਹਨ। ਫਿਰ ਸਭ ਤੋਂ ਨਿਰਾਲੀ ਗੱਲ ਇਹ ਕਿ ਘਰ-ਬਾਰੀ ਪਰਵਾਰ ਵਿਚ ਰਹਿੰਦਿਆਂ ਹੀ ਸੰਸਾਰ ਦੇ ਰਸ ਮਾਣਦੇ ਹੋਏ, ਐਸੀ ਨਵ-ਜੀਵਨ-ਜੁਗਤ ਦਿੱਤੀ ਕਿ ਸਿੱਖ ਜੋਗੀਸਰੁ ਜੋਗੀ ਬਣ ਸਕੇ:

*ਘਰਬਾਰੀ ਪਰਵਾਰ ਵਿਚਿ ਭੋਗ ਭੁਗਤਿ ਰਾਜੇ ਰਸੁ ਭੋਗੀ।*
*ਆਸਾ ਵਿਚਿ ਨਿਰਾਸ ਹੁਇ ਜੋਗ ਜੁਗਤਿ ਜੋਗੀਸਰੁ ਜੋਗੀ। (ਵਾਰ ੨੪:੧੬)*

ਸਤਿਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਸਿੱਖ ਨੂੰ ਆਪਾ ਸੋਧਣ 'ਤੇ ਜ਼ੋਰ ਦੇਣ ਲਈ ਕਿਹਾ ਹੈ। ਅੰਤਰੀਵ ਸੋਝੀ ਹੀ ਮਨ ਦੀ ਮੈਲ ਧੋ ਸਕਦੀ ਹੈ। ਨਾਮ, ਦਾਨ, ਇਸ਼ਨਾਨ ਤੇ ਸੁਕਿਰਤ ਕਰ ਕੇ ਵੰਡ ਛਕਣਾ, ਸਿੱਖ ਲਈ ਸ਼ੁਭ ਕਰਮ ਹਨ। ਇਹੋ ਰਹਿਤ ਸਿੱਖ ਲਈ ਗੁਰੂ ਸਾਹਿਬ ਜੀ ਨੇ ਜ਼ਰੂਰੀ ਕਰ ਦਿੱਤੀ। ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨਾ ਤੇ ਪਰਮਾਤਮਾ ਦੇ ਨਾਮ ਦਾ ਜਾਪ ਕਰਨਾ ਤੇ ਫਿਰ ਸਾਰਾ ਦਿਨ ਬਹਿੰਦਿਆਂ-ਉਠਦਿਆਂ ਪ੍ਰਭੂ ਦਾ ਸਿਮਰਨ ਕਰਨਾ ਹੀ ਸਿੱਖ ਦਾ ਕਰਮ ਹੈ। ਗੁਰੂ ਸਾਹਿਬ ਜੀ ਕਹਿੰਦੇ ਹਨ ਕਿ ਉਸ ਸਿੱਖ ਦੀ ਚਰਨ-ਧੂੜ ਮਸਤਕ ਲਗਾਉਣੀ ਚਾਹੀਦੀ ਹੈ, ਜੋ ਅਜਿਹੇ ਰਾਹ 'ਤੇ ਚੱਲ ਕੇ ਆਪ ਨਾਮ ਜਪਦਾ ਹੈ ਅਤੇ ਫਿਰ ਦੂਜਿਆਂ ਨੂੰ ਨਾਮ ਜਪਣ ਦੀ ਪ੍ਰੇਰਨਾ ਕਰਦਾ ਹੈ। ਗੁਰਬਾਣੀ ਦਾ ਫੁਰਮਾਨ ਹੈ:

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*

*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੫-੦੬)*

ਉਕਤ ਸ਼ਬਦ ਰਾਹੀਂ ਆਪ ਜੀ ਨੇ ਸਿੱਖ ਰਹਿਤ/ਜੀਵਨ ਜਾਚ ਦੀ ਰੂਹਾਨੀ ਰੰਗਤ ਨੂੰ ਦਰਸਾਇਆ।

ਤੀਜੇ ਅਤੇ ਚੌਥੇ ਪਾਤਸ਼ਾਹ ਨੇ ਲੋਕਾਈ ਨੂੰ ਪ੍ਰਭੂ ਦੇ ਮਾਰਗ 'ਤੇ ਤੋਰਿਆ ਅਤੇ ਸਿੱਖ ਕੌਮ ਦੀ ਨੀਂਹ ਨੂੰ ਨਿਸ਼ਚਿਤ ਤੌਰ 'ਤੇ ਪੱਕਾ ਕੀਤਾ। ਇਸ ਮਾਰਗ 'ਤੇ ਚੱਲ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸਮੇਂ ਦੀ ਜ਼ਾਲਮ ਹਕੂਮਤ ਨਾਲ ਟੱਕਰ ਲਈ ਅਤੇ ਉਸ ਨੂੰ ਨੇਸਤੋ ਨਾਬੂਦ ਕਰ ਕੇ ਰੱਖ ਦਿੱਤਾ। ਇਸ ਅਨੂਠੀ ਦੇਣ ਨੇ ਸਿੱਖ ਨੂੰ ਸਿਪਾਹੀ ਦਾ ਰੂਪ ਧਾਰਨ ਕਰਨ ਲਈ ਮਾਰਗ-ਦਰਸ਼ਨ ਕੀਤਾ, ਜਿਸ 'ਤੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਖਾਲਸਾ ਪੰਥ ਦੀ ਨੀਂਹ ਰੱਖੀ।

ਸਮੁੱਚੇ ਖਾਲਸਾ ਪੰਥ ਵੱਲੋਂ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਦੀ ਗੁਰਿਆਈ ਅਤੇ ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਜੀ ਦੇ ਜੋਤੀ ਜੋਤਿ ਦਿਵਸ ਸ਼ਤਾਬਦੀ ਦਾ ੪੫੦-ਸਾਲਾ ਦਿਵਸ ਪੂਰਨ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਮੈਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸੇਵਾਦਾਰ ਹੋਣ ਦੇ ਨਾਤੇ ਸੰਗਤ ਦੇ ਚਰਨਾਂ ਵਿਚ ਜੋਦੜੀ ਕਰਦਾ ਹਾਂ ਕਿ ਅਜਿਹੇ ਅਹਿਮ ਮੌਕੇ 'ਤੇ ਗੁਰੂ ਵਾਲੇ ਬਣੀਏ, ਖੰਡੇ-ਬਾਟੇ ਦੀ ਪਾਹੁਲ ਛਕ ਕੇ, ਬਾਣੀ-ਬਾਣੇ ਦੇ ਧਾਰਨੀ ਬਣ ਕੇ ਗੁਰੂ ਉਪਦੇਸ਼ ਨੂੰ ਕਮਾਈਏ।

# ਭਲੇ ਅਮਰਦਾਸ ਗੁਣ ਤੇਰੇ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਸ੍ਰੀ ਗੁਰੂ ਅਮਰਦਾਸ ਜੀ ਅਤਿ ਸੀਲ ਸੁਭਾਅ, ਨਿਮਰਤਾ, ਸੇਵਾ ਭਾਵ, ਇਕ ਰਸ ਭਗਤੀ ਦੇ ਧਾਰਨੀ, ਮਨੁੱਖਤਾ ਦਾ ਭਲਾ ਸੋਚਣ ਵਾਲੇ ਤੇ ਗਰੀਬਾਂ ਦੁਖੀਆਂ ਲਈ ਅਥਾਹ ਹਮਦਰਦੀ ਰੱਖਣ ਵਾਲੇ, ਪਾਰਬ੍ਰਹਮ ਵਿਚ ਲੀਨ, ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਬਾਅਦ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲਣ ਵਾਲੇ ਵਾਲੇ ਤੀਜੇ ਪਾਤਸ਼ਾਹ ਹਨ। ਆਪ ਦਾ ਪ੍ਰਕਾਸ਼ ੫ ਮਈ, ੧੪੭੯ ਈ. ਨੂੰ ਬਾਸਰਕੇ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਚ ਬਾਬਾ ਤੇਜ ਭਾਨ ਤੇ ਮਾਤਾ ਸੁਲੱਖਣੀ ਜੀ ਦੇ ਘਰ ਹੋਇਆ। ੧੫੪੧ ਵਿਚ ਆਪ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿਚ ਆਏ ਤੇ ਲਗਪਗ ੧੨ ਸਾਲ ਗੁਰੂ-ਘਰ ਵਿਚ ਰਹਿ ਕੇ ਅਣਥੱਕ ਸੇਵਾ ਕੀਤੀ। ੧੫੫੨ ਈ. ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪ ਜੀ ਨੂੰ ਗੁਰਿਆਈ ਸੌਂਪੀ। ਭੱਟ ਭਲ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਗੁਰੂ ਰੂਪ ਵਿਚ ਵਡਿਆਈ ਨੂੰ ਇਸ ਤਰ੍ਹਾਂ ਵਰਣਨ ਕੀਤਾ ਹੈ:

*ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ॥*
*ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ॥*
*ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ਯ ਉਨਹ ਜੁੋ ਗਾਵੈ॥*
*ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੬)*

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਬਾਣੀ ਨੂੰ ਗੁਰਮੁਖੀ ਅੱਖਰਾਂ ਵਿਚ ਲਿਖਣ ਦੀ ਪ੍ਰਥਾ ਅਰੰਭ ਕਰ ਦਿੱਤੀ ਸੀ। ਸਿੱਖਾਂ ਨੇ ਗੁਰਮੁਖੀ ਅੱਖਰਾਂ ਦਾ ਗਿਆਨ ਹਾਸਲ ਕਰਨਾ ਸ਼ੁਰੂ ਕਰ ਦਿੱਤਾ ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ਸ਼ਬਦ ਗੁਰੂ ਦੇ ਸਿਧਾਂਤ ਅਤੇ ਗੁਰਬਾਣੀ ਦੀ ਮਹੱਤਤਾ ਨੂੰ ਦ੍ਰਿੜ੍ਹ ਕਰਵਾਇਆ ਹੈ। ਉਨ੍ਹਾਂ ਨੇ ਪਰਮਾਤਮਾ ਦੀ ਪ੍ਰਾਪਤੀ ਲਈ ਗੁਰਬਾਣੀ ਨੂੰ ਹੀ ਸਭ ਤੋਂ ਵੱਡਾ ਸਾਧਨ ਮੰਨਿਆ ਹੈ। ਆਪਣੀ ਬਾਣੀ ਵਿਚ ਗੁਰੂ ਜੀ ਨੇ ਸਿੱਖਾਂ ਨੂੰ ਵਾਰ-ਵਾਰ ਬਾਣੀ ਪੜ੍ਹਨ ਦੀ ਤਾਕੀਦ ਕੀਤੀ ਹੈ:

*-ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥*
*ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥*
*ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੦)*

*-ਮਨ ਰੇ ਸਦਾ ਅਨੰਦੁ ਗੁਣ ਗਾਇ॥*
*ਸਚੀ ਬਾਣੀ ਹਰਿ ਪਾਈਐ ਹਰਿ ਸਿਉ ਰਹੈ ਸਮਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੩੬)*

*ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: +੯੧੯੯੧੫੮-੦੫੧੦੦

ਗੁਰੂ ਜੀ ਨੇ ਦੱਸਿਆ ਹੈ ਕਿ ਗੁਰਬਾਣੀ ਸਿਰਫ ਪਰਮਾਤਮਾ ਦਾ ਗਿਆਨ ਹੀ ਨਹੀਂ ਦਿੰਦੀ ਇਹ ਪ੍ਰਤੱਖ ਤੌਰ 'ਤੇ ਧਰਤੀ ਉੱਤੇ ਪਰਮਾਤਮਾ ਦਾ ਰੂਪ ਵੀ ਹੈ। ਗੁਰਬਾਣੀ ਨਾਲ ਮਨ ਜੋੜ ਲੈਣਾ ਪਰਮਾਤਮਾ ਨੂੰ ਹਿਰਦੇ ਵਿਚ ਵਸਾਉਣਾ ਹੀ ਹੈ। ਇਸ ਲਈ ਹੋਰ ਕੋਈ ਵੀ ਮਨੁੱਖੀ ਗੁਰੂ, ਬ੍ਰਾਹਮਣ, ਜੋਗੀ, ਮੁਰਸ਼ਦ ਪੀਰ, ਦੇਵੀ, ਦੇਵਤਾ ਤੇ ਅਵਤਾਰ ਪੈਗੰਬਰ ਗੁਰਬਾਣੀ ਦੇ ਤੁਲ ਨਹੀਂ ਹੈ। ਗੁਰਬਾਣੀ ਸਭ ਤੋਂ ਉੱਪਰ ਹੈ ਤੇ ਪੂਜਣ ਯੋਗ ਹੈ। ਗੁਰੂ ਜੀ ਦਾ ਫੁਰਮਾਨ ਹੈ:

*ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥*
*ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੫੧੫)*

ਪੁਰਾਤਨ ਕਾਲ ਤੋਂ ਹੀ ਸਾਰੀ ਦੁਨੀਆ ਵਿਚ ਇਸਤਰੀ ਦਾ ਦਰਜਾ ਮਰਦ ਤੋਂ ਘੱਟ ਸਮਝਿਆ ਜਾਂਦਾ ਰਿਹਾ ਹੈ। ਸਿਰਫ਼ ਸਿੱਖ ਧਰਮ ਹੀ ਇਕ ਅਜਿਹਾ ਧਰਮ ਹੈ ਜਿਸ ਵਿਚ ਇਸਤਰੀ ਨੂੰ ਮਰਦ ਦੇ ਬਰਾਬਰ ਥਾਂ ਦਿੱਤੀ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਇਸਤਰੀ ਜਾਤੀ ਦੇ ਹੱਕ ਵਿਚ ਅਵਾਜ਼ ਉਠਾਈ ਅਤੇ ਇਸਤਰੀ ਨੂੰ ਬੁਰਾ ਸਮਝਣ ਦਾ ਖੰਡਨ ਕੀਤਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੀ ਧਰਮ ਪਤਨੀ ਮਾਤਾ ਖੀਵੀ ਜੀ ਨੂੰ ਲੰਗਰ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਇਸਤਰੀ ਜਾਤੀ ਦੇ ਉਥਾਨ ਲਈ ਕਈ ਠੋਸ ਯਤਨ ਕੀਤੇ। ਉਨ੍ਹਾਂ ਨੇ ਸਭ ਤੋਂ ਪਹਿਲਾਂ ਪਰਦੇ ਦੀ ਰਸਮ ਨੂੰ ਖਤਮ ਕੀਤਾ। ਗੁਰੂ ਜੀ ਦੇ ਦਰਬਾਰ ਵਿਚ ਇਸਤਰੀਆਂ ਨੂੰ ਪਰਦਾ ਨਾ ਕਰਨ ਦਾ ਹੁਕਮ ਸੀ। ਇਸ ਨਾਲ ਉਨ੍ਹਾਂ ਨੂੰ ਅਜ਼ਾਦੀ ਨਾਲ ਸੰਗਤ ਵਿਚ ਵਿਚਰ ਕੇ ਸੇਵਾ ਆਦਿ ਕਰਨ ਦੀ ਖੁੱਲ੍ਹ ਮਿਲ ਗਈ ਸੀ। ਉਸ ਵੇਲੇ ਵਿਧਵਾ ਇਸਤਰੀ ਦਾ ਦੁਬਾਰਾ ਵਿਆਹ ਨਹੀਂ ਸੀ ਕੀਤਾ ਜਾਂਦਾ ਪਰ ਮਰਦ ਕਰਵਾ ਸਕਦਾ ਸੀ। ਗੁਰੂ ਜੀ ਨੇ ਵਿਧਵਾ ਇਸਤਰੀਆਂ ਦਾ ਵਿਆਹ ਕਰਨ ਦੀ ਰੀਤ ਦਾ ਅਰੰਭ ਕੀਤਾ। ਸਤੀ ਦੀ ਪ੍ਰਥਾ ਵੀ ਇਸਤਰੀ ਜਾਤੀ ਲਈ ਵੱਡੀ ਲਾਹਨਤ ਸੀ। ਬਹੁਤੀ ਵਾਰ ਇਸਤਰੀ ਦੀ ਮਰਜ਼ੀ ਦੇ ਖ਼ਿਲਾਫ਼ ਉਸ ਨੂੰ ਮੱਲੋ-ਜ਼ੋਰੀ ਪਤੀ ਦੇ ਨਾਲ ਸੜਨ ਲਈ ਜਿਊਂਦੀ ਨੂੰ ਹੀ ਅੱਗ ਵਿਚ ਸੁੱਟ ਦਿੱਤਾ ਜਾਂਦਾ ਸੀ। ਗੁਰੂ ਜੀ ਨੇ ਸਤੀ ਦੀ ਰਸਮ ਨੂੰ ਵੀ ਬੰਦ ਕਰਨ ਦਾ ਉਪਦੇਸ਼ ਦਿੱਤਾ। ਉਨ੍ਹਾਂ ਨੇ ਅਜਿਹੀਆਂ ਇਸਤਰੀਆਂ ਨੂੰ ਸਤੀਆਂ ਨਹੀਂ ਮੰਨਿਆ। ਅਸਲ ਸਤੀ ਦਾ ਸਰੂਪ ਗੁਰੂ ਜੀ ਨੇ ਬਾਣੀ ਵਿਚ ਇਸ ਤਰ੍ਹਾਂ ਦੱਸਿਆ ਹੈ:

*ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥*
*ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥੧॥*
*ਮ:੩॥ ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨ੍ਹਿ॥*
*ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਾਲੰਨ੍ਹਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੭੮੭)*

ਸ੍ਰੀ ਗੁਰੂ ਅਮਰਦਾਸ ਜੀ ਨੇ ਸੇਵਕ ਰੂਪ ਵਿਚ ਆਪ ਲੰਮਾ ਸਮਾਂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਕੀਤੀ ਸੀ। ਉਨ੍ਹਾਂ ਨੇ ਆਪਣੀ ਬਾਣੀ ਵਿਚ ਗੁਰੂ ਦੀ ਸੇਵਾ ਕਰਨ 'ਤੇ ਬਹੁਤ ਜ਼ੋਰ ਦਿੱਤਾ ਹੈ। ਗੁਰੂ ਜੀ ਅਨੁਸਾਰ ਗੁਰੂ ਦੀ ਸੇਵਾ ਨਾਲ ਹੀ ਹਿਰਦਾ ਸ਼ੁੱਧ ਹੁੰਦਾ ਹੈ, ਹਉਮੈਂ ਦੂਰ ਹੁੰਦੀ ਹੈ ਤੇ ਪਰਮਾਤਮਾ ਦਾ ਨਾਮ ਮਨ ਵਿਚ

ਵਸਦਾ ਹੈ। ਜੇ ਕੋਈ ਵੀ ਚਿਤ ਲਾ ਕੇ ਗੁਰੂ ਦੀ ਸੇਵਾ ਕਰੇਗਾ ਉਸ ਨੂੰ ਅਧਿਆਤਮ ਵਿਚ ਨਿਸਚੇ ਹੀ ਸਫਲਤਾ ਮਿਲੇਗੀ। ਗੁਰੂ ਜੀ ਫੁਰਮਾਉਂਦੇ ਹਨ:

*ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ॥*
*ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੬੪੪)*

ਗੁਰੂ ਇਸ ਸੰਸਾਰ ਦਾ ਭਲਾ ਕਰਨ ਵਾਲਾ ਤੇ ਗਿਆਨ ਦੇਣ ਵਾਲਾ ਹੈ। ਗੁਰੂ ਤੋਂ ਬਿਨਾਂ ਜੀਵ ਪਰਮਾਤਮਾ ਨੂੰ ਨਹੀਂ ਪਾ ਸਕਦਾ, ਉਸ ਦੀ ਮੁਕਤੀ ਨਹੀਂ ਹੋ ਸਕਦੀ। ਜੀਵ ਦੇ ਸਾਰੇ ਦੁੱਖਾਂ ਦਾ ਦਾਰੂ ਤੇ ਮੁਕਤੀ ਦਾ ਦਾਤਾ ਗੁਰੂ ਹੀ ਹੈ। ਗੁਰੂ ਤੋਂ ਬੇਮੁਖ ਹੋ ਜਾਣ ਵਾਲੇ ਤੇ ਗੁਰੂ ਦੇ ਮਹੱਤਵ ਨੂੰ ਨਾ ਸਮਝਣ ਵਾਲੇ ਜੀਵਾਂ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਸਖ਼ਤ ਤਾੜਨਾ ਕੀਤੀ ਹੈ:

*ਸਤਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ॥*
*ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮ ਜਾਲੇ॥*
*ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੩੦)*

ਇਹ ਸੰਸਾਰ ਆਦਿ ਕਾਲ ਤੋਂ ਹੀ ਨੇਕੀ ਤੇ ਬਦੀ ਦਾ ਖੇਤਰ ਰਿਹਾ ਹੈ। ਨੇਕੀ ਤੇ ਬਦੀ ਦੇ ਵਿਚਾਰ ਨੂੰ ਮੁੱਖ ਰੱਖਦੇ ਹੋਏ ਗੁਰਮਤਿ ਵਿਚ ਦੋ ਪ੍ਰਕਾਰ ਦੇ ਮਨੁੱਖ ਮੰਨੇ ਗਏ ਹਨ। ਇਕ ਨੇਕੀ ਦੀ ਪ੍ਰਤੀਨਿਧਤਾ ਕਰਦੇ ਹਨ, ਇਹ ਗੁਰੂ ਦੀ ਆਗਿਆ ਵਿਚ ਰਹਿੰਦੇ ਹਨ' ਇਨ੍ਹਾਂ ਨੂੰ ਗੁਰਮੁਖ ਕਿਹਾ ਗਿਆ ਹੈ। ਦੂਜੇ ਬਦੀ ਦਾ ਪ੍ਰਤੀਕ ਹਨ ਇਹ ਆਪਣੇ ਮਨ ਦੇ ਆਖੇ ਚੱਲਦੇ ਹਨ ਇਸ ਲਈ 'ਮਨਮੁਖ' ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਮੁਖ ਅਤੇ ਮਨਮੁਖ ਦੋਵਾਂ ਦੇ ਚਰਿੱਤਰਾਂ ਵਿਚ ਅੰਤਰ ਨੂੰ ਬੜੀ ਸਪੱਸ਼ਟਤਾ ਨਾਲ ਦਰਸਾਇਆ ਹੈ ਅਤੇ ਦੋਵਾਂ ਦੇ ਵੇਰਵੇ ਸਹਿਤ ਲੱਛਣ ਵਰਣਨ ਕੀਤੇ ਹਨ। ਗੁਰਮੁਖ ਸਦਾ ਗੁਰੂ ਦੀ ਦਿੱਤੀ ਅੰਮ੍ਰਿਤ ਬਾਣੀ ਬੋਲਦੇ ਹਨ, ਉਹ ਸਭ ਦੇ ਅੰਦਰ ਪਰਮਾਤਮਾ ਦੀ ਹੋਂਦ ਸਮਝਦੇ ਹਨ। ਉਨ੍ਹਾਂ ਦੇ ਜੀਵਨ ਦਾ ਆਧਾਰ ਸੱਚ ਹੁੰਦਾ ਹੈ। ਉਹ ਆਪਣਾ ਜਨਮ ਸੰਵਾਰਦੇ ਹਨ, ਆਪਣੀ ਕੁਲ ਨੂੰ ਵੀ ਤਾਰਦੇ ਹਨ। ਗੁਰਮੁਖ ਪਰਮਾਤਮਾ ਨਾਲ ਮਿਲੇ ਹੋਣ ਕਰਕੇ ਕਦੇ ਬੁੱਢੇ ਨਹੀਂ ਹੁੰਦੇ। ਗੁਰੂ ਜੀ ਨੇ ਫੁਰਮਾਇਆ ਹੈ:

*-ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ ਸਭ ਆਤਮ ਰਾਮੁ ਪਛਾਣੀ॥*
*ਏਕੋ ਸੇਵਨਿ ਏਕੁ ਅਰਾਧਹਿ ਗੁਰਮੁਖਿ ਅਕਥ ਕਹਾਣੀ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੬੯)*

*-ਗੁਰਮੁਖਿ ਹਰਿ ਦਰਿ ਸੋਭਾ ਪਾਏ॥ ਗੁਰਮੁਖਿ ਵਿਚਹੁ ਆਪੁ ਗਵਾਏ॥*
*ਆਪਿ ਤਰੈ ਕੁਲ ਸਗਲੇ ਤਾਰੇ ਗੁਰਮੁਖਿ ਜਨਮੁ ਸਵਾਰਣਿਆ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੫)*

*-ਗੁਰਮੁਖਿ ਸਚੁ ਬੈਣੀ ਗੁਰਮੁਖਿ ਸਚੁ ਨੈਣੀ॥ ਗੁਰਮੁਖਿ ਸਚੁ ਕਮਾਵੈ ਕਰਣੀ॥*
*ਸਦ ਹੀ ਸਚੁ ਕਹੈ ਦਿਨੁ ਰਾਤੀ ਅਵਰਾ ਸਚੁ ਕਹਾਇਦਾ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੫੮)*

*-ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਾ ਅੰਤਰਿ ਸੁਰਤਿ ਗਿਆਨੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੮)*

ਮਨਮੁਖ ਦਾ ਕਿਰਦਾਰ ਗੁਰਮੁਖ ਤੋਂ ਉਲਟ ਹੁੰਦਾ ਹੈ। ਗੁਰਮੁਖ ਗੁਰੂ ਦੀ ਸ਼ਰਨ ਵਿਚ ਰਹਿੰਦਾ ਹੈ। ਮਨਮੁਖ ਗੁਰੂ ਤੋਂ ਬੇਮੁਖ ਹੁੰਦਾ ਹੈ। ਮਨਮੁਖ ਦੇ ਮਨ ਵਿਚ ਦੁਰਮਤਿ ਤੇ ਅਹੰਕਾਰ ਭਰਿਆ ਹੁੰਦਾ ਹੈ। ਉਹ ਸਦਾ ਕੂੜ ਕੁਸੱਤ ਨੂੰ ਹੀ ਮੁੱਖ ਰੱਖਦਾ ਹੈ ਇਸ ਲਈ ਜੀਵਨ ਦੇ ਉਦੇਸ਼ ਨੂੰ ਭੁੱਲ ਕੇ ਕੁਰਾਹੇ ਭਟਕਦਾ ਰਹਿੰਦਾ ਹੈ। ਮਨਮੁਖ ਦੂਜਿਆਂ ਨੂੰ ਕੌੜਾ ਬੋਲਦਾ ਹੈ। ਮਨਮੁਖ ਬਹੁਤ ਕਠੋਰ-ਚਿਤ ਹੁੰਦਾ ਹੈ ਉਸ ਦਾ ਕੋਈ ਕਿੰਨਾ ਭਲਾ ਕਰੇ ਉਸ ਦੇ ਅੰਦਰੋਂ ਜ਼ਹਿਰ ਖਤਮ ਨਹੀਂ ਹੁੰਦੀ। ਮਨਮੁਖ ਆਪਣੇ ਆਪ ਨੂੰ ਬਹੁਤ ਚੰਗਾ ਸਮਝਦਾ ਹੈ, ਗੱਲਾਂ ਬਹੁਤ ਕਰਦਾ ਹੈ ਪਰ ਉਸ ਦੇ ਜੀਵਨ ਵਿਚ ਚੰਗਿਆਈ ਤੇ ਅਮਲ ਨਹੀਂ ਹੁੰਦਾ। ਮਨਮੁਖ ਨੂੰ ਬਾਣੀ ਦਾ ਗਿਆਨ ਨਹੀਂ ਹੁੰਦਾ ਨਾ ਉਨ੍ਹਾਂ ਨੂੰ ਗੁਰੂ ਦੇ ਬਚਨ 'ਤੇ ਵਿਸ਼ਵਾਸ ਹੁੰਦਾ ਹੈ। ਗੁਰੂ ਜੀ ਨੇ ਇਸ ਤਰ੍ਹਾਂ ਫੁਰਮਾਇਆ ਹੈ:

*-ਗੁਰਮੁਖਿ ਸੁਖੀਆ ਮਨਮੁਖਿ ਦੁਖੀਆ॥ ਗੁਰਮੁਖਿ ਸਨਮੁਖੁ ਮਨਮੁਖਿ ਵੇਮੁਖੀਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੧)*

*-ਮਨਮੁਖੁ ਅਗਿਆਨੁ ਦੁਰਮਤਿ ਅਹੰਕਾਰੀ॥ ਅੰਤਰਿ ਕ੍ਰੋਧੁ ਜੂਐ ਮਤਿ ਹਾਰੀ॥*
*ਕੂੜੁ ਕੁਸਤੁ ਓਹੁ ਪਾਪ ਕਮਾਵੈ॥ ਕਿਆ ਓਹੁ ਸੁਣੈ ਕਿਆ ਆਖਿ ਸੁਣਾਵੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੧੪)*

*-ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਆਚਾਰੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੦੮)*

*-ਮਨਮੁਖ ਮਨੁ ਨ ਭਿਜਈ ਅਤਿ ਮੈਲੇ ਚਿਤਿ ਕਠੋਰ॥*
*ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੭੫੫)*

*-ਮਨਮੁਖ ਬੋਲੇ ਅੰਧੁਲੇ ਤਿਸੁ ਮਹਿ ਅਗਨੀ ਕਾ ਵਾਸੁ॥*
*ਬਾਣੀ ਸੁਰਤਿ ਨ ਬੁਝਨੀ ਸਬਦਿ ਨ ਕਰਹਿ ਪ੍ਰਗਾਸੁ॥*
*ਓਨਾ ਆਪਣੀ ਅੰਦਰਿ ਸੁਧਿ ਨਹੀ ਗੁਰ ਬਚਨਿ ਨ ਕਰਹਿ ਵਿਸਾਸੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੫)*

ਮਨੁੱਖ ਦਾ ਰਿਸ਼ਤਾ ਪਰਮਾਤਮਾ ਨਾਲ ਜੋੜਨ ਲਈ ਗੁਰਬਾਣੀ ਵਿਚ ਸ਼ਬਦ ਗੁਰੂ ਦੇ ਮਹੱਤਵ ਨੂੰ ਪ੍ਰਗਟ ਕੀਤਾ ਗਿਆ ਹੈ। ਗੁਰਬਾਣੀ ਵਿਚ ਥਾਂ-ਥਾਂ ਸਿੱਖਾਂ ਨੂੰ ਸ਼ਬਦ ਨਾਲ ਹੀ ਜੁੜਨ ਦਾ ਉਪਦੇਸ਼ ਕੀਤਾ ਗਿਆ ਹੈ। ਅੱਜ ਵਾਂਗ ਉਸ ਸਮੇਂ ਵੀ ਕਈ ਦੰਭੀ ਲੋਕ ਵਡਿਆਈ ਕਰਵਾਉਣ ਲਈ ਆਪਣੇ ਆਪ ਨੂੰ ਗੁਰੂ ਸਦਾਉਂਦੇ ਸਨ। ਉਨ੍ਹਾਂ ਦੇ ਚੇਲੇ ਵੀ ਲੋਕਾਂ ਨੂੰ ਭਰਮਾਉਣ ਲਈ ਗੁਰੂ ਦੀ ਵਡਿਆਈ ਬਾਰੇ ਕੂੜ ਕਹਾਣੀਆਂ ਜੋੜ-ਜੋੜ ਕੇ ਲੋਕਾਂ ਨੂੰ ਸੁਣਾਉਂਦੇ ਸਨ। ਅੱਜ ਵੀ ਕਈ ਅਜਿਹੇ ਡੇਰੇਦਾਰ ਹਨ ਜੋ ਸਿੱਖ ਇਤਿਹਾਸ ਨੂੰ ਵਿਗਾੜ ਕੇ ਆਪਣੇ ਆਪ ਨੂੰ ਗੁਰੂ ਸਿੱਧ ਕਰਨ ਦਾ ਯਤਨ ਕਰਦੇ ਹਨ। ਅਜਿਹੇ ਗੁਰੂਆਂ ਦੇ ਚੇਲੇ ਕੁਝ ਕੁ

ਧਨ ਦੇ ਬਦਲੇ ਉਨ੍ਹਾਂ ਦਾ ਝੂਠਾ ਪ੍ਰਚਾਰ ਕਰਦੇ ਰਹਿੰਦੇ ਹਨ। ਅਜਿਹੇ ਦੰਭੀ ਗੁਰੂ ਤੇ ਉਨ੍ਹਾਂ ਦੇ ਸਿੱਖ ਗਿਆਨਹੀਣ ਹੁੰਦੇ ਹਨ, ਉਹ ਅਕਾਲ ਪੁਰਖ ਦੇ ਹੁਕਮ ਅੱਗੇ ਸਿਰ ਝੁਕਾਉਣ ਦੀ ਥਾਂ ਆਪਣੀ ਭੁੱਖ ਪੂਰੀ ਕਰਨ ਲਈ ਪਾਖੰਡ ਕਰਦੇ ਹਨ ਤੇ ਝੂਠ 'ਤੇ ਝੂਠ ਬੋਲਦੇ ਰਹਿੰਦੇ ਹਨ। ਗੁਰੂ ਜੀ ਨੇ ਅਜਿਹੇ ਗੁਰੂਆਂ ਤੇ ਸਿੱਖਾਂ ਦੀ ਸਖ਼ਤ ਨਿਖੇਧੀ ਕਰਦੇ ਹੋਏ ਫੁਰਮਾਇਆ ਹੈ:

*ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ॥*
*ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੯੫੧)*

ਗੁਰੂ ਸਾਹਿਬਾਨ ਨੇ ਮਨੁੱਖ ਨੂੰ ਨਿਰੋਲ ਸੱਚ ਦਾ ਗਿਆਨ ਦ੍ਰਿੜ੍ਹ ਕਰਵਾਇਆ ਹੈ। ਗੁਰਮਤਿ ਅਨੁਸਾਰ ਗੁਰ-ਪਰਮੇਸਰ ਮਨੁੱਖ ਦੇ ਮਨ ਵਿਚ ਹੀ ਵੱਸਦਾ ਹੈ। ਉਸ ਦੀ ਪ੍ਰਾਪਤੀ ਲਈ ਬਾਹਰ ਭਟਕਣ ਦੀ ਜਾਂ ਪਾਖੰਡੀ ਲੋਕਾਂ ਦੀ ਮੁਹਤਾਜੀ ਕਰਨ ਦੀ ਲੋੜ ਨਹੀਂ। ਸ੍ਰੀ ਗੁਰੂ ਅਮਰਦਾਸ ਜੀ ਨੇ ਫੁਰਮਾਇਆ ਹੈ ਕਿ ਸਭ ਦਾ ਮੂਲ ਪਰਮਾਤਮਾ ਹੈ। ਮਨ ਆਪਣੇ ਮੂਲ ਨੂੰ ਪਛਾਣ ਕੇ ਹੀ ਪਰਮਾਤਮਾ ਦੀ ਪ੍ਰਾਪਤੀ ਕਰ ਸਕਦਾ ਹੈ। ਬਾਹਰੀ ਜਗਤ ਵਿਚ ਭਾਲ ਕਰਨ ਦੀ ਥਾਂ ਮਨੁੱਖ ਨੂੰ ਆਪਣੇ ਅੰਦਰ ਝਾਤੀ ਮਾਰਨੀ ਤੇ ਸੁਰਤ ਟਿਕਾਉਣੀ ਚਾਹੀਦੀ ਹੈ। ਹਰੀ-ਪ੍ਰਭੂ ਸਦਾ ਹੀ ਮਨ ਦੇ ਨਾਲ-ਨਾਲ ਹੁੰਦਾ ਹੈ। ਮਨੁੱਖ ਉਸ ਦੀ ਹੋਂਦ ਦਾ ਅਨੰਦ ਆਪਣੇ ਅੰਦਰ ਹੀ ਮਾਣ ਸਕਦਾ ਹੈ। ਗੁਰੂ ਜੀ ਨੇ ਇਸ ਮਹਾਂਵਾਕ ਰਾਹੀਂ ਇਹ ਸੋਝੀ ਦਿੱਤੀ ਹੈ:

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥*
*ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੪੧)*

ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰੂ ਕੇ ਲੰਗਰ ਦੀ ਪ੍ਰਥਾ ਨੂੰ ਹੋਰ ਮਜ਼ਬੂਤ ਕੀਤਾ। ਉਨ੍ਹਾਂ ਨੇ 'ਪਹਿਲੇ ਪੰਗਤ ਪਾਛੈ ਸੰਗਤ' ਦੀ ਮਰਿਆਦਾ ਸਥਾਪਿਤ ਕੀਤੀ। ਗੁਰੂ ਜੀ ਦੇ ਦਰਸ਼ਨਾਂ ਲਈ ਆਉਣ ਵਾਲੇ ਹਰ ਵਿਅਕਤੀ ਨੂੰ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ ਛਕਣਾ ਪੈਂਦਾ ਸੀ। ਗੁਰੂ ਜੀ ਦਾ ਆਸ਼ਾ ਸਭ ਨੂੰ ਇਕ ਪੰਗਤ ਵਿਚ ਲੰਗਰ ਛਕਾ ਕੇ ਜਾਤ-ਪਾਤ ਅਤੇ ਛੂਤ-ਛਾਤ ਦੀ ਭਾਵਨਾ ਸੰਗਤ ਵਿੱਚੋਂ ਖਤਮ ਕਰਨਾ ਸੀ। ਗੁਰੂ ਜੀ ਨੇ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਤਿਆਰ ਕਰਵਾਈ। ਇਸ ਵਿਚ ਇਸ਼ਨਾਨ ਕਰਨ ਦੀ ਸਭ ਨੂੰ ਖੁਲ੍ਹ ਸੀ। ਇਸ ਤਰ੍ਹਾਂ ਗੁਰੂ ਜੀ ਨੇ ਮਨੁੱਖੀ ਏਕਤਾ ਤੇ ਭਾਈਚਾਰੇ ਦੇ ਸਿਧਾਂਤ ਨੂੰ ਅਮਲੀ ਰੂਪ ਦਿੱਤਾ। ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦਾ ਬਚਨ ਮੰਨ ਕੇ ਹੀ ਨਵਾਂ ਨਗਰ ਗੁਰੂ ਕਾ ਚੱਕ (ਸ੍ਰੀ ਅੰਮ੍ਰਿਤਸਰ) ਵਸਾਇਆ ਸੀ। ਇਹ ਅਸਥਾਨ ਅੱਜ ਸਿੱਖ ਧਰਮ ਦਾ ਮੁੱਖ ਕੇਂਦਰ ਹੈ। ਗੁਰੂ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਚੋਣਵੇਂ ਸਿੱਖਾਂ ਨੂੰ ਵੀ ਜ਼ਿੰਮੇਵਾਰੀ ਦਿੱਤੀ। ਉਨ੍ਹਾਂ ਨੇ ਦੂਰ-ਦੁਰਾਡੇ ਇਲਾਕਿਆਂ ਵਿਚ ਸਿੱਖੀ ਦਾ ਪ੍ਰਸਾਰ ਤੇ ਪ੍ਰਚਾਰ ਕਰਨ ਹਿਤ ੨੨ ਮੰਜੀਆਂ ਸਥਾਪਿਤ ਕੀਤੀਆਂ। ਗੁਰੂ ਜੀ ਨੇ ਆਪਣੇ ਦੋ ਪੁੱਤਰਾਂ-- ਮੋਹਨ ਜੀ ਤੇ ਮੋਹਰੀ ਜੀ ਦੀ ਥਾਂ ਆਪਣੇ ਸੁਹਿਰਦ ਸਿੱਖ ਸ੍ਰੀ (ਗੁਰੂ) ਰਾਮਦਾਸ ਜੀ ਜੋ ਰਿਸ਼ਤੇ ਵਿਚ ਆਪ ਦੇ ਦਾਮਾਦ ਲੱਗਦੇ ਸਨ ਅਤੇ ਬੀਬੀ ਭਾਨੀ ਦੇ ਪਤੀ ਸਨ, ਨੂੰ ਗੁਰਿਆਈ ਦੀ ਜ਼ਿੰਮੇਵਾਰੀ ਸੌਂਪੀ। ਸ੍ਰੀ ਗੁਰੂ ਅਮਰਦਾਸ ਜੀ ੧ ਸਤੰਬਰ, ੧੫੭੪ ਈ. ਨੂੰ ਗੋਇੰਦਵਾਲ ਸਾਹਿਬ ਵਿਖੇ ਜੋਤੀ ਜੋਤਿ ਸਮਾ ਗਏ। ■

# ਸ੍ਰੀ ਗੁਰੂ ਅਮਰਦਾਸ ਜੀ ਦੇ ਉਪਕਾਰ

*-ਸਤਵਿੰਦਰ ਸਿੰਘ ਫੂਲਪੁਰ**

ਸ੍ਰੀ ਗੁਰੂ ਅਮਰਦਾਸ ਜੀ ਦੀ ਉਸਤਤ ਕਰਦਿਆਂ ਭੱਟ ਕੀਰਤ ਜੀ ਕਹਿੰਦੇ ਹਨ ਕਿ ਗੁਰੂ ਜੀ ਆਪ ਨਰਾਇਣ ਰੂਪ ਹਨ ਜੋ ਆਪਣੀ ਸੱਤਾ ਰਚ ਕੇ ਜਗਤ ਵਿਚ ਪ੍ਰਵਿਰਤ ਹੋਏ ਹਨ। ਨਿਰੰਕਾਰ ਨੇ ਆਪ ਸ੍ਰੀ ਗੁਰੂ ਅਮਰਦਾਸ ਜੀ ਦਾ ਰੂਪ ਧਾਰ ਕੇ ਆਪਣੀ ਜੋਤ ਨਾਲ ਜਗਤ ਮੰਡਲ ਵਿਚ ਪ੍ਰਕਾਸ਼ ਕੀਤਾ ਹੈ ਅਤੇ ਗੁਰੂ ਜੀ ਨੇ ਜੀਵਾਂ ਦੇ ਹਿਰਦੇ ਵਿਚ ਪਾਰਬ੍ਰਹਮ ਦੇ ਗਿਆਨ ਦਾ ਪ੍ਰਕਾਸ਼ ਕਰ ਦਿੱਤਾ ਹੈ। ਭੱਟ ਕਲ ਜੀ ਕਹਿੰਦੇ ਹਨ ਜਿਵੇਂ ਮੋਲਸਰੀ ਦੇ ਸ੍ਰੇਸ਼ਟ ਰੁੱਖ ਦੀਆਂ ਸ਼ਾਖ਼ਾਂ ਖਿੱਲਰ ਕੇ ਸੁਗੰਧੀ ਖਿਲਾਰਦੀਆਂ ਹਨ, ਉਵੇਂ ਹੀ ਸ੍ਰੀ ਗੁਰੂ ਅਮਰਦਾਸ ਜੀ ਦੀ ਸ਼ੋਭਾ ਰੂਪੀ ਸੂਰਜ ਦੀ ਕਿਰਨ ਜਗਤ ਅੰਦਰ ਪਰਗਟ ਹੋਈ ਹੈ। ਇਸ ਨਾਲ ਉੱਤਰ, ਦੱਖਣ, ਪੂਰਬ, ਪੱਛਮ ਚਾਰੇ ਦਿਸ਼ਾਵਾਂ ਵਿਚ ਲੋਕੀਂ ਸ੍ਰੀ ਗੁਰੂ ਅਮਰਦਾਸ ਜੀ ਦੀ ਜੈ-ਜੈਕਾਰ ਕਰ ਰਹੇ ਹਨ। ਭੱਟ ਭਲ ਜੀ ਕਹਿੰਦੇ ਹਨ ਜਿਵੇਂ ਬੱਦਲਾਂ ਦੀਆਂ ਕਣੀਆਂ, ਧਰਤੀ ਦੀ ਬਨਸਪਤੀ ਅਤੇ ਬਸੰਤ ਦੇ ਫੁੱਲਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ, ਜਿਵੇਂ ਸੂਰਜ ਅਤੇ ਚੰਦਰਮਾ ਦੀਆਂ ਕਿਰਨਾਂ, ਸਮੁੰਦਰ ਦੀ ਗਹਿਰਾਈ ਤੇ ਗੰਗਾ ਦੀਆਂ ਲਹਿਰਾਂ ਦਾ ਅੰਤ ਕੋਈ ਨਹੀਂ ਪਾ ਸਕਦਾ ਇਵੇਂ ਹੀ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਦੇ ਗੁਣ ਵਰਣਨ ਨਹੀਂ ਕੀਤੇ ਜਾ ਸਕਦੇ।

ਐਸੇ ਦੀਨ ਦਇਆਲ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਪਿਤਾ ਤੇਜ ਭਾਨ ਜੀ ਅਤੇ ਮਾਤਾ ਸੁਲੱਖਣੀ (ਲਖਮੀ) ਜੀ ਦੇ ਗ੍ਰਹਿ, ਪਿੰਡ ਬਾਸਰਕੇ (ਸ੍ਰੀ ਅੰਮ੍ਰਿਤਸਰ) ਵਿਖੇ ੧੪੭੯ ਈ. ਵਿਚ ਹੋਇਆ। ਆਪ ਜੀ ਦੇ ਮਹਿਲ ਰਾਮ ਕੌਰ (ਮਨਸਾ ਦੇਵੀ) ਜੀ ਅਤੇ ਸੰਤਾਨ ਬਾਬਾ ਮੋਹਨ ਜੀ, ਬਾਬਾ ਮੋਹਰੀ ਜੀ, ਬੀਬੀ ਭਾਨੀ ਜੀ ਅਤੇ ਬੀਬੀ ਦਾਨੀ ਜੀ ਸਨ। ਸੇਵਾ, ਸਿਮਰਨ, ਨਿਮਰਤਾ, ਦਇਆ ਤੇ ਪਰਉਪਕਾਰ ਜਿਹੇ ਅਨੰਤ ਗੁਣਾਂ ਦੇ ਮਾਲਕ ਗੁਰੂ ਜੀ ਨੂੰ ੧੫੫੨ ਈ. ਵਿਚ ਗੁਰਿਆਈ ਦੀ ਇਲਾਹੀ ਦਾਤ ਪ੍ਰਾਪਤ ਹੋਈ।

ਸ੍ਰੀ ਗੁਰੂ ਅਮਰਦਾਸ ਜੀ ਨੇ ਜੀਵਾਂ ਉੱਪਰ ਮਹਾਨ ਪਰਉਪਕਾਰ ਕੀਤੇ। ਗੋਇੰਦਵਾਲ ਨਗਰ ਵਸਾਇਆ ਅਤੇ ਸਿੱਖਾਂ ਨੂੰ ਆਰਥਿਕ ਪੱਖ ਤੋਂ ਮਜ਼ਬੂਤ ਕਰਨ ਲਈ ਛੋਟੇ ਉਦਯੋਗ ਅਤੇ ਵਪਾਰ ਸ਼ੁਰੂ ਕਰਵਾਏ। ਆਤਮਿਕ ਤੌਰ 'ਤੇ ਉੱਚਾ ਚੁੱਕਣ ਲਈ ਉਪਦੇਸ਼ ਕੀਤਾ ਕਿ ਉੱਤਮ ਪੁਰਸ਼ਾਂ, ਗੁਰਮੁਖਾਂ ਦੀ ਸੰਗਤ ਕਰੋ, ਪਰਮਾਤਮਾ ਦੀ ਭਗਤੀ ਕਰੋ, ਉਸ ਦਾ ਸਿਮਰਨ ਕਰੋ। ਇਸ ਨਾਲ ਤੁਹਾਡਾ ਲੋਕ-ਪਰਲੋਕ ਸੁਹੇਲਾ ਹੋਵੇਗਾ।

ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਆਪ ਜੀ ਨੇ ਪੰਜਾਬ ਅਤੇ ਪੰਜਾਬ ਤੋਂ ਬਾਹਰ

** ਸੰਪਾਦਕ, ਗੁਰਮਤਿ ਪ੍ਰਕਾਸ਼ ਅਤੇ ਗੁਰਮਤਿ ਗਿਆਨ। ਮੋ: ੯੯੧੪੪-੧੯੪੮੪*

ਕੁਰੂਕਸ਼ੇਤਰ ਅਤੇ ਹਰਿਦੁਆਰ ਜਾ ਕੇ ਸੱਚ-ਧਰਮ ਦਾ ਪ੍ਰਚਾਰ ਕੀਤਾ। ਗੁਰਮਤਿ ਦੇ ਰੂਹਾਨੀ ਉਪਦੇਸ਼ਾਂ ਨੂੰ ਦੂਰ-ਦੁਰੇਡੇ ਤਕ ਲੋਕਾਂ ਵਿਚ ਪਹੁੰਚਾਉਣ ਲਈ ਦੇਸ਼ ਨੂੰ ੨੨ ਪ੍ਰਚਾਰ ਖੇਤਰਾਂ ਵਿਚ ਵੰਡ ਕੇ ੨੨ ਉੱਚੀ ਕਰਣੀ ਵਾਲੇ ਸਿੱਖਾਂ ਨੂੰ ਮੰਜੀਦਾਰ ਥਾਪਿਆ ਅਤੇ ਬਵਿੰਜਾ ਪੀੜ੍ਹੇ ਸਥਾਪਿਤ ਕਰ ਕੇ ਗੁਰੂ-ਉਪਦੇਸ਼ਾਂ ਨੂੰ ਘਰ-ਘਰ ਵਿਚ ਚੌਂਕੇ-ਚੁਲ੍ਹੇ ਤਕ ਪਹੁੰਚਾਉਣ ਦੀ ਜ਼ਿੰਮੇਵਾਰੀ ਮਾਤਾਵਾਂ-ਬੀਬੀਆਂ ਨੂੰ ਸੌਂਪੀ। ਪਿੰਡਾਂ ਵਿਚ ਧਰਮਸ਼ਾਲਾਵਾਂ ਸਥਾਪਿਤ ਕੀਤੀਆਂ। ਸ੍ਰੀ ਗੁਰੂ ਰਾਮਦਾਸ ਜੀ ਨੂੰ ਨਵਾਂ ਨਗਰ (ਸ੍ਰੀ ਅੰਮ੍ਰਿਤਸਰ) ਵਸਾਉਣ ਲਈ ਭੇਜਿਆ। ਸੰਗਤ ਦੇ ਜੋੜ ਮੇਲ ਅਤੇ ਧਰਮ ਪ੍ਰਚਾਰ ਦੀ ਮਨਸ਼ਾ ਨਾਲ ਗੋਇੰਦਵਾਲ ਸਾਹਿਬ ਵਿਖੇ ਵੈਸਾਖੀ ਦਾ ਮੇਲਾ ਸ਼ੁਰੂ ਕੀਤਾ। ਬਾਣੀ ਦੀਆਂ ਪੋਥੀਆਂ ਲਿਖਣ ਦੀ ਪਰੰਪਰਾ ਨੂੰ ਅੱਗੇ ਤੋਰਿਆ। ਲੰਗਰ ਦੀ ਪਰੰਪਰਾ ਨੂੰ ਅੱਗੇ ਤੋਰਦਿਆਂ 'ਪਹਿਲੇ ਪੰਗਤ ਪਾਛੈ ਸੰਗਤ' ਦੀ ਮਰਯਾਦਾ ਲਾਗੂ ਕੀਤੀ। ਬਾਦਸ਼ਾਹ ਅਕਬਰ ਅਤੇ ਹਰੀਪੁਰ ਦੇ ਰਾਜੇ ਨੇ ਵੀ ਇਸ ਮਰਯਾਦਾ ਦਾ ਪਾਲਣ ਕੀਤਾ। ਇਸ ਨਾਲ ਸਮਾਜ ਵਿਚ ਜਾਤ-ਪਾਤ, ਊਚ-ਨੀਚ ਦਾ ਵਿਤਕਰਾ ਖਤਮ ਹੋਣਾ ਸ਼ੁਰੂ ਹੋ ਗਿਆ। ਲੰਗਰ ਬਾਰੇ ਇਹ ਵੀ ਹਦਾਇਤ ਕੀਤੀ ਕਿ ਲੰਗਰ ਵਿਚ ਰਾਤ ਨੂੰ ਕੁਝ ਵੀ ਬਚਾ ਕੇ ਨਾ ਰੱਖਿਆ ਜਾਵੇ। ਲੰਗਰ, ਸੰਗਤ ਦੇ ਸਹਿਯੋਗ ਨਾਲ ਚੱਲੇ।

ਸਮਾਜ ਨੂੰ ਸੋਹਣਾ ਅਤੇ ਖੁਸ਼ਹਾਲ ਬਣਾਉਣ ਲਈ ਗੁਰੂ ਜੀ ਨੇ ਉਪਦੇਸ਼ ਕੀਤਾ ਕਿ ਦੂਜਿਆਂ ਦੀ ਸੇਵਾ ਲਈ ਹਮੇਸ਼ਾ ਤਤਪਰ ਰਹੋ। ਆਪਣੀ ਘਾਲ ਕਮਾਈ ਵਿੱਚੋਂ ਗ਼ਰੀਬਾਂ ਅਤੇ ਲੋੜਵੰਦਾਂ ਦੀ ਆਰਥਿਕ ਮਦਦ ਕਰੋ। ਭੁੱਖਿਆਂ ਨੂੰ ਭੋਜਨ ਅਤੇ ਵਸਤਰਹੀਣਾਂ ਨੂੰ ਵਸਤਰ ਦਿਓ। ਗੁਰੂ ਜੀ ਨੇ ਨਸ਼ਿਆਂ ਦਾ ਤਿਆਗ ਕਰ ਕੇ ਨਾਮ ਰਸ ਪੀਣ ਦਾ ਉਪਦੇਸ਼ ਕੀਤਾ। ਲੋਕਾਂ ਨੂੰ ਵਹਿਮਾਂ, ਭਰਮਾਂ ਤੇ ਪਾਖੰਡਾਂ ਵਿੱਚੋਂ ਕੱਢ ਕੇ ਮਨੁੱਖ ਦੇ ਵਿਅਕਤੀਗਤ ਅਤੇ ਸਮਾਜਿਕ ਜੀਵਨ ਨੂੰ ਉੱਚਾ ਚੁੱਕਿਆ। ਗੁਰੂ ਜੀ ਨੇ ਸਮਾਜ ਵਿਚ ਪ੍ਰਚਲਿਤ ਰਸਮਾਂ ਨੂੰ ਰੂਹਾਨੀ ਜਾਮਾ ਪਹਿਨਾਇਆ। ਪ੍ਰਾਣੀ ਦੇ ਅਕਾਲ ਚਲਾਣਾ ਕਰ ਜਾਣ 'ਤੇ ਪਿੰਡ, ਪੱਤਲ, ਦੀਵਾ, ਕਿਰਿਆ ਕਰਮ, ਪਿੱਤਰ, ਸਰਾਧ ਆਦਿ ਬਿਪਰਵਾਦੀ ਰੀਤਾਂ ਕਰਨ ਤੋਂ ਵਰਜ ਕੇ ਕੀਰਤਨ ਕਰਨ ਅਤੇ ਭਾਣਾ ਮੰਨਣ ਦਾ ਉਪਦੇਸ਼ ਦਿੱਤਾ। ਮਾਇਆ ਵਿਚ ਉਦਾਸ ਰਹਿਣ ਦੀ ਜੁਗਤ ਸਮਝਾਉਂਦਿਆਂ ਕਿਹਾ ਕਿ ਘਰ-ਗ੍ਰਹਿਸਤੀ ਬਣ ਕੇ ਰਹੋ, ਕਿਰਤ ਕਰੋ, ਲੋੜਵੰਦਾਂ ਦੀ ਮਦਦ ਕਰੋ। ਇਸ ਤਰ੍ਹਾਂ ਗੁਰੂ ਜੀ ਨੇ ਸੰਸਾਰ ਤਿਆਗ ਨੂੰ ਅਪ੍ਰਵਾਨ ਕਰ ਕੇ ਗ੍ਰਿਹਸਤ ਮਾਰਗ ਨੂੰ ਉਤਮ ਦੱਸਿਆ।

ਗੁਰੂ ਜੀ ਨੇ ਸਮਾਜ ਵਿਚ ਧਰਮਾਂ ਦੇ ਨਾਂ 'ਤੇ ਪਏ ਵਖਰੇਵੇਂ ਖਤਮ ਕਰਨ ਲਈ *ਏਕੁ ਪਿਤਾ ਏਕਸ ਕੇ ਹਮ ਬਾਰਿਕ* ਦੇ ਉਪਦੇਸ਼ ਰਾਹੀਂ ਮਨੁੱਖਾਂ ਅੰਦਰ ਭਰਾਤਰੀ ਭਾਵ ਪੈਦਾ ਕੀਤਾ। ਧਾਰਮਿਕ ਅਜ਼ਾਦੀ ਦੇ ਹਾਮੀ ਬਣ ਕੇ ਹਿੰਦੂਆਂ ਉੱਪਰ ਲੱਗੇ ਧਾਰਮਿਕ ਯਾਤਰਾ ਟੈਕਸ ਜਾਗਾਤ ਅਤੇ ਗ਼ੈਰ-ਇਸਲਾਮਿਕ ਟੈਕਸ ਜਜੀਆ ਹਟਵਾ ਦਿੱਤੇ। ਅਕਬਰ ਨੂੰ ਕਹਿ ਕੇ ਕਿਸਾਨਾਂ ਦਾ ਇਕ ਸਾਲ ਦਾ ਟੈਕਸ ਅਤੇ ਮਾਲੀਆ ਵੀ ਮਾਫ ਕਰਵਾ ਦਿੱਤਾ।

ਸਮਾਜ ਅੰਦਰ ਇਸਤਰੀਆਂ ਦੀ ਦਸ਼ਾ ਸੁਧਾਰ ਲਈ ਗੁਰੂ ਜੀ ਨੇ ਇਸਤਰੀਆਂ

ਵਿਚ ਪਰਦੇ ਦੀ ਰੀਤ ਅਤੇ ਸਤੀ ਪ੍ਰਥਾ ਖਤਮ ਕੀਤੀ। ਧੀਆਂ ਨੂੰ ਜੰਮਦਿਆਂ ਮਾਰ ਦੇਣ ਤੋਂ ਵਰਜਿਆ। ਧੀ ਦਾ ਪੈਸਾ ਖਾਣ ਨੂੰ ਫਿਟਕਾਰ ਯੋਗ ਦੱਸਿਆ। ਇਸਤਰੀਆਂ ਦੇ ਜ਼ਮੀਨ-ਜਾਇਦਾਦ ਦੇ ਮਾਲਕਾਨਾ ਹੱਕ ਦੀ ਨਵੀਂ ਮਿਸਾਲ ਕਾਇਮ ਕੀਤੀ। ਵਿਧਵਾ ਪੁਨਰ-ਵਿਆਹ ਦੀ ਸ਼ੁਰੂਆਤ ਕੀਤੀ। ਅੰਤਰਜਾਤੀ ਵਿਆਹ ਕਰਵਾ ਕੇ ਜਾਤ-ਪਾਤ ਦਾ ਵਿਤਕਰਾ ਖਤਮ ਕੀਤਾ। ਸੂਤਕ ਜਿਹੀ ਰਸਮ ਨੂੰ ਨਕਾਰ ਕੇ ਇਸਤਰੀ ਸਨਮਾਨ ਨੂੰ ਉੱਚਾ ਚੁਕਿਆ।

ਗੁਰੂ ਜੀ ਨੇ ਪਰਮਾਤਮਾ ਨੂੰ ਸਹਜੇ ਦਾ ਖੇਤ ਦੱਸ ਕੇ ਜੀਵਾਂ ਨੂੰ ਸਮਝਾਇਆ ਕਿ ਹਿਰਦੇ ਰੂਪੀ ਖੇਤ ਵਿਚ ਨਾਮ ਦਾ ਬੀਜ ਬੀਜ ਕੇ ਅਧਿਆਤਮਿਕ ਲਾਹਾ ਲੈਣ ਲਈ ਸਹਿਜ ਧਾਰਨ ਕਰਨ ਦੀ ਲੋੜ ਹੈ। ਇਸੇ ਤਰ੍ਹਾਂ ਜੀਵ ਕੁਦਰਤ ਅਤੇ ਸਮਾਜ ਦਾ ਨਰੋਇਆ ਸੰਤੁਲਨ ਬਣਾਈ ਰੱਖਣ ਲਈ ਦੁਨਿਆਵੀ ਖੇਤੀ, ਵਪਾਰ ਆਦਿ ਹਰ ਕਾਰੋਬਾਰ ਵਿਚ ਸਹਿਜ, ਸਬਰ, ਸੰਤੋਖ ਦਾ ਹੋਣਾ ਜਰੂਰੀ ਹੈ।

ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਮਤਿ ਦਰਸ਼ਨ, ਨੂੰ ਭਾਰਤੀ ਪਰੰਪਰਾ ਦੇ ਛੇ ਸ਼ਾਸਤਰਾਂ ਨਾਲੋਂ ਸਿਰਮੌਰ ਦੱਸਿਆ। ਦਰਸ਼ਨ ਦੇ ਤਿੰਨ ਪੱਖਾਂ ਪਰਮਾਤਮਾ, ਸ੍ਰਿਸ਼ਟੀ ਅਤੇ ਜੀਵ ਬਾਰੇ ਗੁਰੂ ਜੀ ਨੇ ਬੜੇ ਸਪੱਸ਼ਟ ਰੂਪ ਵਿਚ ਸਮਝਾਇਆ ਕਿ ਪਰਮਾਤਮਾ ਇਕ ਹੈ, ਉਹ ਨਿਰਗੁਣ (ਗੁਣ-ਅਤੀਤ) ਹੈ ਅਤੇ ਸਰਗੁਣ (ਸਰਬ ਗੁਣ ਸੰਪੰਨ/ਸਮੁੱਚਾ ਦ੍ਰਿਸ਼ਟਮਾਨ ਸੰਸਾਰ ਰੂਪ) ਵੀ ਹੈ। ਉਹ ਸਦੀਵੀ ਹੈ। ਜਗਤ ਰਚਨਾ ਤੋਂ ਪਹਿਲੇ ਵੀ ਉਹ ਮੌਜੂਦ ਸੀ ਅਤੇ ਜਗਤ ਰਚਨਾ ਦੇ ਬਿਨਸ ਜਾਣ ਤੋਂ ਬਾਅਦ ਵੀ ਉਹ ਹੋਵੇਗਾ। ਪਰਮਾਤਮਾ ਦੇ ਬਿਰਦ ਬਾਰੇ ਦੱਸਿਆ ਕੇ ਉਹ ਜੀਵਨ ਨੂੰ ਸਵਾਰਨ ਵਾਲਾ ਹੈ, ਸਭ ਜੀਵਾਂ ਦੇ ਅੰਦਰ ਵਸਦਾ ਹੈ, ਸਭ ਜੀਵਾਂ ਦੀ ਵੇਦਨਾ ਜਾਣਦਾ ਹੈ, ਸ਼ਰਨ ਆਇਆਂ ਦੀ ਲਾਜ ਰੱਖਣ ਵਾਲਾ ਹੈ, ਉਹ ਸਰਬ-ਵਿਆਪਕ, ਸਰਬ-ਗਿਆਤਾ, ਸਰਬ-ਸ਼ਕਤੀਮਾਨ ਹੈ, ਉਹ ਸਾਰੀ ਕਾਇਨਾਤ ਦੇ ਕਣ-ਕਣ ਵਿਚ ਸਮਾਇਆ ਹੋਇਆ ਹੈ।

ਸ੍ਰਿਸ਼ਟੀ ਬਾਰੇ ਦੱਸਿਆ ਕਿ ਇਹ ਨਿਰੰਕਾਰ ਪਰਮਾਤਮਾ ਨੇ ਆਪਣੇ ਵਿੱਚੋਂ ਪੈਦਾ ਕੀਤੀ ਹੈ। ਇਹ ਸਦੀਵੀ ਨਹੀਂ। ਅਖੀਰ ਨਿਰੰਕਾਰ ਦੇ ਵਿਚ ਹੀ ਸਮਾ ਜਾਵੇਗੀ। ਜੀਵ ਬਾਰੇ ਦੱਸਿਆ ਕਿ ਪਰਮਾਤਮਾ ਦੇ ਪੈਦਾ ਕੀਤੇ ਪੰਜ ਤੱਤਾਂ ਤੋਂ ਇਸ ਜੀਵ ਦੀ ਦੇਹੀ ਦਾ ਆਕਾਰ ਬਣਿਆ ਹੈ ਅਤੇ ਇਸ ਦੇ ਅੰਦਰ ਪਰਮਾਤਮਾ ਦੀ ਜੋਤ ਵਰਤ ਰਹੀ ਹੈ। ਗੁਰੂ ਜੀ ਨੇ ਪ੍ਰਭੂ ਪ੍ਰਾਪਤੀ ਲਈ ਬਾਹਰ ਭਟਕਣ ਦੀ ਬਜਾਏ ਸਮਝਾਇਆ ਕਿ, ਹੇ ਮਨ ! ਤੂੰ ਪਰਮਾਤਮਾ ਦੀ ਹੀ ਅੰਸ਼ ਹੈਂ; ਆਪਣੇ ਮੂਲ ਨੂੰ ਪਛਾਣ ਉਹ ਤੇਰੇ ਹਿਰਦੇ ਵਿਚ ਹੀ ਵਸ ਰਿਹਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੧੮ ਰਾਗਾਂ ਵਿਚ ਆਪ ਜੀ ਦੀ ਬਾਣੀ ਦਰਜ ਹੈ।

**'ਅਨੰਦ'** ਬਾਣੀ ਵਿਚ ਸਮਝਾਇਆ ਕਿ ਅਸਲ ਅਨੰਦ ਦੀ ਪ੍ਰਾਪਤੀ ਗੁਰੂ ਧਾਰਨ ਕਰ ਕੇ, ਗੁਰੂ ਅਨੁਸਾਰੀ ਹੋ ਕੇ ਪ੍ਰਾਪਤ ਹੁੰਦੀ ਹੈ। ਇੰਦਰਿਆਂ ਨੂੰ ਸੰਜਮ ਵਿਚ

ਰੱਖ ਕੇ ਹੀ ਅਨੰਦ ਦੀ ਅਵਸਥਾ ਬਰਕਰਾਰ ਰਹਿ ਸਕਦੀ ਹੈ। **ਪਟੀ** ਬਾਣੀ ਵਿਚ ਵਿੱਦਿਆ ਅਤੇ ਗਿਆਨ ਦਾਤੇ ਵਰਗ ਨੂੰ ਸਮਝਾਇਆ ਕਿ ਆਪਣੇ ਗਿਆਨ ਦਾ ਹੰਕਾਰ ਤਿਆਗ ਕੇ, ਆਪ ਉੱਚੇ-ਸੁੱਚੇ ਇਖ਼ਲਾਕ ਦੇ ਧਾਰਨੀ ਹੋ ਕੇ ਵਿਦਿਆਰਥੀਆਂ ਜਗਿਆਸੂਆਂ ਨੂੰ ਲੋਕ ਪਰਲੋਕ ਸਵਾਰਨ ਵਾਲੀ ਸਿੱਖਿਆ ਦੇਣੀ ਚਾਹੀਦੀ ਹੈ। **ਵਾਰ ਸਤ** ਬਾਣੀ ਵਿਚ ਥਿਤਾਂ ਵਾਰਾਂ ਦੇ ਸ਼ੁਭ ਅਸ਼ੁਭ ਦੇ ਭਰਮ ਅਤੇ ਪੂਜਨ ਨੂੰ ਵਿਅਰਥ ਦੱਸ ਕੇ ਸਦਾ ਥਿਰ ਰਹਿਣ ਵਾਲੇ ਪਰਮਾਤਮਾ ਦੀ ਸ਼ਰਨ ਵਿਚ ਰਹਿਣ ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ ਹੈ। **ਅਲਾਹਣੀਆਂ** ਬਾਣੀ ਰਾਹੀਂ ਉਪਦੇਸ਼ ਕੀਤਾ ਹੈ ਕਿ ਸਦਾ ਥਿਰ ਰਹਿਣ ਵਾਲੇ ਪਰਮਾਤਮਾ ਦੇ ਗੁਣਾਂ ਨੂੰ ਚੇਤੇ ਕਰਨ, ਉਸ ਨੂੰ ਹਿਰਦੇ ਵਿਚ ਵਸਾਉਣ ਨਾਲ ਫਿਰ ਪਰਮਾਤਮਾ ਨਾਲੋਂ ਵਿਛੋੜਾ ਨਹੀਂ ਪੈਂਦਾ। **ਮਾਰੂ ਸੋਲਹਿਆਂ** ਵਿਚ ਸ੍ਰਿਸ਼ਟੀ ਰਚਨਾ, ਪਰਮਾਤਮਾ ਦੀ ਸਰਬ-ਵਿਆਪਕਤਾ, ਕੁਦਰਤ ਦੀ ਵਿਭਿੰਨਤਾ, ਅੰਤਰਗਤ ਨਾਮ ਦੀ ਸੂਝ ਅਤੇ ਸਦਾਚਾਰਕ ਗੁਣਾਂ ਆਦਿ ਪਹਿਲੂਆਂ ਬਾਰੇ ਬੜਾ ਸੁੰਦਰ ਵਰਣਨ ਕੀਤਾ। **ਵਾਰਾਂ** ਵਿਚ ਮਨੁੱਖ ਦੇ ਅਧਿਆਤਮਿਕ, ਸਦਾਚਾਰਕ, ਸਮਾਜਿਕ ਰਾਜਨੀਤਕ ਆਦਿ ਪਹਿਲੂਆਂ ਦੀ ਪ੍ਰਸਤੁਤੀ ਬੜੇ ਭਾਵਪੂਰਤ ਢੰਗ ਨਾਲ ਹੋਈ ਹੈ।

ਇਸ ਤਰ੍ਹਾਂ ਜੀਵਾਂ ਉੱਪਰ ਅਪਾਰ ਰਹਿਮਤਾਂ, ਬਖ਼ਸ਼ਿਸ਼ਾਂ ਕਰ ਕੇ ਸ੍ਰੀ ਗੁਰੂ ਅਮਰਦਾਸ ਜੀ ੧ ਸਤੰਬਰ, ੧੫੭੪ ਈ. ਨੂੰ ਰਾਜ ਜੋਗ ਦਾ ਤਖ਼ਤ (ਗੁਰਿਆਈ) ਸ੍ਰੀ ਗੁਰੂ ਰਾਮਦਾਸ ਜੀ ਨੂੰ ਬਖ਼ਸ਼ ਕੇ ਆਪ ਜੋਤੀ ਜੋਤ ਸਮਾ ਗਏ।

ਜੀਵਾਂ ਉੱਪਰ ਬੇਅੰਤ ਰਹਿਮਤਾਂ ਕਰਨ ਵਾਲੇ ਸਤਿਗੁਰੂ ਜੀ ਬਾਰੇ ਭਟ ਜਾਲਪ ਜੀ ਕਹਿੰਦੇ ਹਨ: ਉਹ ਚਰਨ ਸਫਲ ਹਨ ਜੋ ਸ੍ਰੀ ਗੁਰੂ ਅਮਰਦਾਸ ਜੀ ਦੇ ਰਾਹ 'ਤੇ ਤੁਰਦੇ ਹਨ। ਉਹ ਹੱਥ ਸਫਲੇ ਹਨ ਜੋ ਗੁਰੂ ਜੀ ਦੇ ਚਰਨਾਂ ਨੂੰ ਛੂੰਹਦੇ ਹਨ। ਉਹ ਜੀਭਾ ਸਫਲੀ ਹੈ ਜੋ ਗੁਰੂ ਜੀ ਦੇ ਗੁਣ ਉਚਾਰਨ ਕਰਦੀ ਹੈ। ਉਹ ਅੱਖਾਂ ਸਫਲ ਹਨ ਜੋ ਗੁਰੂ ਜੀ ਦੇ ਦਰਸ਼ਨ ਕਰਦੀਆਂ ਹਨ। ਉਹ ਕੰਨ ਸਫਲ ਹਨ ਜੋ ਗੁਰੂ ਜੀ ਦਾ ਜੱਸ ਸੁਣਦੇ ਹਨ। ਉਹ ਹਿਰਦਾ ਸਫਲ ਹੈ ਜਿਸ ਹਿਰਦੇ ਵਿਚ ਜਗਤ ਪਿਤਾ ਸ੍ਰੀ ਗੁਰੂ ਅਮਰਦਾਸ ਜੀ ਵਸਦੇ ਹਨ। ਉਹ ਸੀਸ ਸਫਲ ਹੈ ਜੋ ਸ੍ਰੀ ਗੁਰੂ ਅਮਰਦਾਸ ਜੀ ਦੇ ਸਨਮੁਖ ਨਿਉਂਦਾ ਹੈ। ਆਓ! ਆਪਾਂ ਵੀ ਗੁਰੂ ਚਰਨਾਂ ਵਿਚ ਅਰਦਾਸ ਕਰੀਏ ਕਿ, ਸਾਨੂੰ ਵੀ ਗੁਰੂ ਜੀ ਦੇ ਦੱਸੇ ਰਾਹ 'ਤੇ ਤੁਰਨ ਦੀ ਜਾਚ ਆ ਜਾਏ ਅਤੇ ਸਾਡੇ ਪੈਰ ਸਫਲੇ ਹੋ ਸਕਣ। ਗੁਰਸੰਗਤ ਦੀ ਹੱਥੀਂ ਸੇਵਾ ਕਰ ਕੇ ਅਸੀਂ ਆਪਣੇ ਹੱਥ ਸਫਲੇ ਕਰ ਸਕੀਏ। ਅਸੀਂ ਗੁਰਬਾਣੀ ਪੜ੍ਹ ਕੇ ਆਪਣੀ ਜੀਭ ਸਫਲੀ ਕਰ ਸਕੀਏ। ਗੁਰਬਾਣੀ ਸੁਣ ਕੇ ਆਪਣੇ ਕੰਨ ਸਫਲ ਕਰ ਸਕੀਏ। ਗੁਰੂ ਰੂਪ ਬਾਣੀ ਨੂੰ ਹਿਰਦੇ ਅੰਦਰ ਵਸਾ ਕੇ ਆਪਣਾ ਹਿਰਦਾ ਪਵਿੱਤਰ ਕਰ ਸਕੀਏ ਅਤੇ ਖੰਡੇ-ਬਾਟੇ ਦੀ ਪਾਹੁਲ ਛਕ ਕੇ ਪੰਜ ਕਕਾਰੀ ਬਾਣਾ ਪਹਿਣ ਕੇ ਬਾਣੀ-ਬਾਣੇ ਦੇ ਧਾਰਨੀ ਹੋਈਏ। ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਸਿਰ ਨਿਵਾਂ ਕੇ ਆਪਣਾ ਸਿਰ ਸਫਲਾ ਕਰ ਸਕੀਏ। ਤਾਂ ਹੀ ਅਸੀਂ ਸ੍ਰੀ ਗੁਰੂ ਅਮਰਦਾਸ ਜੀ ਦੀਆਂ ਖੁਸ਼ੀਆਂ ਹਾਸਲ ਕਰ ਸਕਾਂਗੇ। ■

# ਪਿਊ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ

*-ਡਾ. ਤੇਜਿੰਦਰ ਪਾਲ ਸਿੰਘ**

ਸਿੱਖ ਪਰੰਪਰਾ ਵਿਚ ਸਿੱਖ ਪੰਥ ਨੂੰ 'ਤੀਸਰ ਪੰਥ'[੧] ਦੀ ਸੰਗਿਆ ਦਿੱਤੀ ਗਈ ਹੈ। ਸਿੱਖ ਧਰਮ, ਦਸ ਗੁਰੂ ਸਾਹਿਬਾਨ ਦੇ ਅਧਿਆਤਮਿਕ ਅਨੁਭਵ ਦੁਆਰਾ ਸਥਾਪਿਤ ਹੋਇਆ ਧਰਮ ਹੈ, ਜਿਸ ਦਾ ਉਦੇਸ਼ ਮਨੁੱਖਤਾ ਨੂੰ ਸੰਸਾਰ ਸਾਗਰ ਤੋਂ ਪਾਰ ਉਤਾਰਨਾ ਹੈ।[੨] ਗੁਰਬਾਣੀ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰਹੱਸਮਈ ਅਨੁਭਵ ਵਿੱਚੋਂ ਸਿੱਖ ਧਰਮ ਪ੍ਰਗਟ ਹੁੰਦਾ ਹੈ:

*ਹਉ ਢਾਢੀ ਵੇਕਾਰੁ ਕਾਰੈ ਲਾਇਆ॥*
*ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥*
*ਢਾਢੀ ਸਚੈ ਮਹਲਿ ਖਸਮਿ ਬੁਲਾਇਆ॥*
*ਸਚੀ ਸਿਫਤਿ ਸਾਲਾਹ ਕਪੜਾ ਪਾਇਆ॥*
*ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥*
*ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥*
*ਢਾਢੀ ਕਰੇ ਪਸਾਉ ਸਬਦੁ ਵਜਾਇਆ॥*
*ਨਾਨਕ ਸਚੁ ਸਾਲਾਹਿ ਪੂਰਾ ਪਾਇਆ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੫੦)*

ਸਿੱਖ ਧਰਮ ਵਿਚ 'ਗੁਰੂ' ਦਾ ਕੇਂਦਰੀ ਸਥਾਨ ਹੈ। ਗੁਰਮਤਿ ਅਨੁਸਾਰ 'ਗੁਰੂ', ਸਮੇਂ-ਸਥਾਨ ਅਤੇ ਕਾਰਨ-ਕਾਰਜ ਵਿਚ ਬੱਝਾ ਕੋਈ ਸੰਸਾਰਕ ਵਿਅਕਤੀ ਨਹੀਂ, ਬਲਕਿ ਉਹ ਤਾਂ ਪਰਮਾਤਮਾ ਦੀ 'ਜੋਤਿ' ਦਾ ਪ੍ਰਗਟ ਰੂਪ ਹੈ, ਇਕ ਰੱਬੀ ਕਰਾਮਾਤ ਹੈ। 'ਗੁਰੂ' ਐਨਾ ਮਹਾਨ ਹੈ ਕਿ ਪਰਮਾਤਮਾ ਦੀਆਂ ਸਾਰੀਆਂ ਦੈਵੀ ਸ਼ਕਤੀਆਂ ਇਸ ਵਿਚ ਸ਼ਾਮਿਲ ਹਨ। ਇਸੇ ਲਈ ਸਿੱਖ ਵਿਚਾਰਧਾਰਾ ਅਨੁਸਾਰ ਸਭ ਸ਼ਕਤੀਆਂ ਦਾ ਪ੍ਰਤੀਨਿਧ 'ਗੁਰੂ' ਹੀ ਹੈ।[੩] 'ਗੁਰੂ' ਪਰਮਾਤਮਾ ਵੱਲੋਂ ਸੰਸਾਰ ਦੇ ਕਲਿਆਣ ਹਿੱਤ ਨਿਯਤ ਕੀਤਾ ਹੋਇਆ ਇਕ 'ਬਸੀਠ' (ਵਕੀਲ) ਹੈ, ਜਿਹੜਾ ਸੰਸਾਰ ਵਿਚ ਵਿੱਛੜਿਆਂ ਨੂੰ ਮਿਲਾਉਂਦਾ ਹੈ।[੪] 'ਗੁਰੂ' ਰੱਬੀ ਅਜ਼ਮਤ ਹੋਣ ਕਾਰਨ, ਇਸ ਨੂੰ ਸਮਝਣਾ ਬਹੁਤ ਮੁਸ਼ਕਿਲ ਕਾਰਜ ਹੈ।

ਹਥਲੇ ਲੇਖ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤਿ, ਸ੍ਰੀ ਗੁਰੂ ਅਮਰਦਾਸ ਜੀ ਦੀ ਗੁਰਿਆਈ ਬਾਰੇ ਚਰਚਾ ਕੀਤੀ ਜਾ ਰਹੀ ਹੈ। ਇਸ ਜਤਨ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤਿ ਦੀ ਨਿਰੰਤਰਤਾ ਵਜੋਂ ਪੇਸ਼ ਕੀਤਾ ਗਿਆ ਹੈ। ਇਸ ਆਹਰ ਵਿਚ ਗੁਰਬਾਣੀ ਤੋਂ ਬਿਨਾਂ ਸਮਕਾਲੀ ਸਾਹਿਤ, ਜਿਵੇਂ ਵਾਰਾਂ ਭਾਈ ਗੁਰਦਾਸ, ਸ੍ਰੀ ਦਸਮ ਗ੍ਰੰਥ ਸਾਹਿਬ ਅਤੇ ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਦੇ ਆਧਾਰ ਉਤੇ ਸ੍ਰੀ ਗੁਰੂ

** ਅਸਿਸਟੈਂਟ ਪ੍ਰੋਫੈਸਰ (ਧਰਮ ਅਧਿਐਨ), ਯੂਨੀਵਰਸਿਟੀ ਕਾਲਜ, ਮੀਰਾਂਪੁਰ-੧੪੭੧੧੧; ਮੋ. ੯੯੮੮੦੦੪੭੩੩*

ਅਮਰਦਾਸ ਜੀ ਨੂੰ ਨਾਨਕ-ਜੋਤਿ ਦੀ ਨਿਰੰਤਰਤਾ ਵਜੋਂ ਦਰਸਾਇਆ ਗਿਆ ਹੈ।

ਸ੍ਰੀ ਗੁਰੂ ਅਮਰਦਾਸ ਜੀ ਦੀ ਗੁਰਿਆਈ ਦੇ ਸੰਬੰਧ ਵਿਚ ਸਾਡੇ ਕੋਲ ਸਭ ਤੋਂ ਵਧ ਪ੍ਰਮਾਣਿਕ ਸਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਹਨ। ਗੁਰਬਾਣੀ ਦੀ ਦ੍ਰਿਸ਼ਟੀ ਵਿਚ ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗੁਰਿਆਈ ਪਰੰਪਰਾ ਦੀ ਨਿਰੰਤਰਤਾ ਵਿਚ ਸਨ:

*ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੬੬)*

ਸ੍ਰੀ ਗੁਰੂ ਅਮਰਦਾਸ ਜੀ ਨੂੰ ਨਿਰੋਲ ਬਖਸ਼ਿਸ਼ ਵਜੋਂ ਗੁਰਿਆਈ ਦੀ ਪ੍ਰਾਪਤੀ ਹੋਈ। ਵਰਣਨਯੋਗ ਹੈ ਕਿ ਗੁਰਿਆਈ ਅਧਿਕਾਰ ਨਹੀਂ, ਕੇਵਲ ਬਖਸ਼ਿਸ਼ ਹੈ। ਅਧਿਕਾਰਾਂ ਦਾ ਸੰਘਰਸ਼ ਹਮੇਸ਼ਾਂ ਹੰਕਾਰ ਅਤੇ ਮੋਹ-ਮਾਇਆ ਅਧੀਨ ਹੋ ਕੇ ਲੜਿਆ ਜਾਂਦਾ ਹੈ, ਪਰੰਤੂ ਬਖਸ਼ਿਸ਼ ਹਮੇਸ਼ਾਂ ਮੋਹ-ਮਾਇਆ ਤੇ ਹਉਮੈਂ ਤੋਂ ਰਹਿਤ ਹੋ ਕੇ ਪ੍ਰਾਪਤ ਕੀਤੀ ਜਾਂਦੀ ਹੈ। ਸੰਸਾਰੀ ਗੱਦੀਆਂ ਦੇ ਇਤਿਹਾਸ ਵਿਚ 'ਗੱਦੀ ਅਧਿਕਾਰ' ਨੂੰ ਵਿਰਾਸਤੀ ਅਧਿਕਾਰ ਮੰਨਿਆ ਜਾਂਦਾ ਸੀ। ਦੂਜੇ ਪਾਸੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਿਰਾਸਤੀ ਅਧਿਕਾਰ ਨੂੰ ਹਟਾ ਕੇ ਬਖਸ਼ਿਸ਼ ਟਿਕਾ ਦਿੱਤੀ।[੫] 'ਗੁਰਿਆਈ' ਜਿਸ ਵੀ ਗੁਰੂ ਨੂੰ ਪ੍ਰਾਪਤ ਹੋਈ, ਬਖਸ਼ਿਸ਼ ਰੂਪ ਵਿਚ ਹੀ ਪ੍ਰਾਪਤ ਹੋਈ, ਅਧਿਕਾਰ ਵਜੋਂ ਨਹੀਂ। 'ਗੁਰ ਬਿਲਾਸ ਪਾਤਸ਼ਾਹੀ ੬' ਦੇ ਕਰਤਾ ਅਨੁਸਾਰ ਗੁਰਿਆਈ ਕਿਸੇ ਦਾ ਵਿਰਾਸਤੀ ਹੱਕ ਨਹੀਂ, ਬਲਕਿ ਇਹ ਸੇਵਾ ਕਰਕੇ ਪ੍ਰਾਪਤ ਹੁੰਦੀ ਹੈ:

*ਇਹ [ਗੁਰਿਆਈ ]ਸੇਵਕ ਕੀ ਚੀਜ ਹੈ ਕੋਈ ਨ ਈਰਖ ਪਾਇ।*
*ਕਰਿ ਸੇਵਾ ਸੋਈ ਲਹੈ ਸੁਨਿ ਗੁਰ ਹਰਖ ਧਰਾਇ॥*[੬]

ਸ੍ਰੀ ਗੁਰੂ ਅਮਰਦਾਸ ਜੀ ਨੂੰ ਵੀ ਗੁਰ-ਸੇਵਾ ਦੇ ਆਧਾਰ ਉੱਤੇ ਗੁਰੂ ਥਾਪਿਆ ਗਿਆ। ਬਜ਼ੁਰਗ ਅਵਸਥਾ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਅਣਥੱਕ ਸੇਵਾ ਕੀਤੀ। ਉਹ ਰੋਜ਼ਾਨਾ ਅੰਮ੍ਰਿਤ ਵੇਲੇ ਉੱਠ ਕੇ ਲੰਗਰ ਲਈ ਪਾਣੀ ਅਤੇ ਬਾਲਣ ਦਾ ਪ੍ਰਬੰਧ ਕਰਦੇ। ਹਰ ਰੋਜ਼ ਤਿੰਨ ਮੀਲ ਦੀ ਦੂਰੀ 'ਤੇ ਸਥਿਤ ਬਿਆਸ ਦਰਿਆ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਇਸ਼ਨਾਨ ਲਈ ਜਲ ਲੈ ਕੇ ਆਉਂਦੇ। ਇਹ ਸੇਵਾ ਤਕਰੀਬਨ ੧੨ ਸਾਲ ਤਕ ਚਲਦੀ ਰਹੀ, ਜਿਸ ਦੇ ਸਿੱਟੇ ਵਜੋਂ ਉਨ੍ਹਾਂ ਨੂੰ ਗੁਰਿਆਈ ਪ੍ਰਾਪਤ ਹੋਈ।[੭] 'ਗੁਰਕੀਰਤ ਪ੍ਰਕਾਸ਼' ਦਾ ਕਰਤਾ ਕਵੀ ਵੀਰ ਸਿੰਘ ਬੱਲ ਸ੍ਰੀ ਗੁਰੂ ਅਮਰਦਾਸ ਜੀ ਸੇਵਾ ਦਾ ਇਉਂ ਵਰਣਨ ਕਰਦਾ ਹੈ:

*ਅਮਰਦਾਸ ਕੀ ਸੁਨੋ ਕਹਾਨੀ*। ਸੇਵ ਕਰੇ ਲਿਆਵੈ ਭਰ ਪਾਨੀ॥*
*ਭਰ ਗਾਗਰ ਨਿਤ ਬਿਆਸੋ ਲਿਆਵੈ। ਸ੍ਰੀ ਗੁਰ ਕੋ ਇਸਨਾਨੁ ਕਰਾਵੈ॥*
*ਚਰਨੋਦਕੁ ਲੈ ਨਿਜਿ ਸਿਰ ਧਰੇ। ਦੈ ਪਰਕਰਮਾ ਬੰਦਨ ਕਰੇ॥*

** ਸ੍ਰੀ ਗੁਰੂ ਅਮਰਦਾਸ ਜੀ ਦੀ ਸਾਖੀ ਸੁਣ ਲਵੋ।*

*ਦੈ ਝਾਰੂ ਗੁਰ ਕੈ ਦਰਬਾਰ। ਸੇਵ ਕਰੇ ਮਨਮਾਨੁ ਨਿਵਾਰ॥*
*ਐਸੇ ਦੁਵਾ ਦਸ ਬਰਸ ਬੀਤਾਏ। ਗੁਰ ਬਰ ਕੇ ਦਿਨ ਨੇਰੇ ਆਏ॥*
*ਗੁਰੁ ਅੰਗਦੁ ਹੋਵੇ ਕਿਰਪਾਲ। ਨਿਜ ਸਮ ਕਰਹੈ ਨਦਰ ਨਿਹਾਲ॥*[੮]

ਕਵੀ ਕੰਕਣ ਦੇ ਸ਼ਬਦਾਂ ਵਿਚ ਤੀਜੇ ਪਾਤਸ਼ਾਹ ਨੇ ਦੂਜੇ ਪਾਤਸ਼ਾਹ ਦੀ ਸੇਵਾ ਕਰਕੇ ਗੁਰੂ ਦੀ ਉੱਤਮ ਪਦਵੀ ਹਾਸਿਲ ਕੀਤੀ। ਗੁਰਿਆਈ ਪ੍ਰਾਪਤ ਕਰਨ ਤੋਂ ਬਾਅਦ ਸ੍ਰੀ ਗੁਰੂ ਅੰਗਦ ਦੇਵ ਜੀ ਤੇ ਸ੍ਰੀ ਗੁਰੂ ਅਮਰਦਾਸ ਜੀ ਵਿਚ ਕਿਸੇ ਕਿਸਮ ਦਾ ਭੇਦ ਨਾ ਰਿਹਾ:

*ਅਮਰਦਾਸ ਕੋ ਥਾਪਨਾ ਗੁਰ ਅੰਗਦ ਸਭ ਕੀਨ।*
*ਟਹਿਲ ਕਮਾਈ ਗੁਰੂ ਕੀ ਉਤਮ ਪਦਵੀ ਲੀਨ।...*
*ਗੁਰ ਅੰਗਦ ਗੁਰ ਅਮਰ ਮਹਿ ਭੇਦ ਨ ਦੂਸਰ ਕੋਇ।*
*ਬਾਸਨ ਅਵਰੁ ਪਛਾਨੀਏ ਵਸਤੁ ਏਕ ਹੀ ਹੋਇ।*[੯]

ਭਾਈ ਸਤਾ ਤੇ ਭਾਈ ਬਲਵੰਡ ਜੀ ਸ੍ਰੀ ਗੁਰੂ ਅਮਰਦਾਸ ਜੀ ਦੀ ਉਸਤਤਿ ਕਰਦੇ ਹੋਏ ਕਹਿੰਦੇ ਹਨ ਕਿ ਪੋਤਰਾ ਗੁਰੂ (ਸ੍ਰੀ ਅਮਰਦਾਸ ਜੀ) 'ਪਰਵਾਣੁ' ਹੋਏ ਗੁਰੂ ਸਨ। ਉਹ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਵਰਗੇ ਹੀ ਗੁਰੂ ਸਨ। ਉਨ੍ਹਾਂ ਦੇ ਮੱਥੇ ਉੱਤੇ ਵੀ ਉਹੀ ਨੂਰ ਹੈ, ਉਹੀ ਤਖਤ ਹੈ ਤੇ ਉਹੀ ਦਰਬਾਰ ਹੈ, ਜਿਹੜਾ ਸ੍ਰੀ ਗੁਰੂ ਨਾਨਕ ਦੇਵ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸੀ:

*ਨਾਨਕ ਹੰਦਾ ਛਤ੍ਰੁ ਸਿਰਿ ਉਮਤਿ ਹੈਰਾਣੁ॥*
*ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ॥*
*ਪਿਯੂ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੯੬੮)*

ਭੱਟ ਸਾਹਿਬਾਨ ਗੁਰਿਆਈ ਨੂੰ ਸਦਾ ਥਿਰ ਰਹਿਣ ਵਾਲਾ ਰਾਜ ਜੋਗ ਦਾ ਤਖਤ ਕਹਿੰਦੇ ਹਨ, ਜਿਸ ਦੀ ਕੇਂਦਰੀ ਕੜੀ ਆਤਮਿਕ ਜੋਤਿ ਹੈ। ਭਾਵ, ਕਲਿਜੁਗਿ ਵਿਚ ਗੁਰਿਆਈ ਇਕ ਅਜਿਹੇ 'ਰਾਜੁ ਜੋਗੁ' ਦਾ ਤਖਤ ਹੈ, ਜਿਸ ਦੇ ਪਹਿਲੇ 'ਪ੍ਰਮਾਣੁ'[੧੦] ਸ੍ਰੀ ਗੁਰੂ ਨਾਨਕ ਦੇਵ ਜੀ ਹਨ, ਜਿਹੜੇ ਆਪ ਹੀ ਗੁਰੂ ਅੰਗਦ ਦੇਵ ਜਾਂ ਸ੍ਰੀ ਗੁਰੂ ਅਮਰਦਾਸ ਜੀ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ:

*ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੦)*

ਭੱਟ ਕੀਰਤ ਜੀ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੈਵੀ 'ਕੁਲ' ਵਿਚ ਭਾਈ ਲਹਿਣਾ ਜੀ (ਗੁਰੂ ਅੰਗਦ ਦੇਵ) ਅਵਤਰਦੇ ਹਨ। ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਉਸ 'ਕੁਲ' ਦੇ ਅਗਲੇ 'ਪਾਤਿਸ਼ਾਹ' ਹਨ। ਇਹ 'ਕੁਲ' ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਪ੍ਰਸਾਦਿ' ਨਾਲ, ਗੁਰੂ ਅੰਗਦ ਦੇਵ ਅਤੇ ਉਨ੍ਹਾਂ ਦੀ 'ਕਿਰਪਾ' ਨਾਲ ਗੁਰੂ ਅਮਰਦਾਸ ਤਕ ਚਲਦੀ ਹੈ:

*...ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੦੮)*

ਭੱਟ ਸਾਹਿਬਾਨ ਅਨੁਸਾਰ 'ਹਰਿ' (ਪਰਮਾਤਮਾ) ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ 'ਸੰਗਿ' ਸਮਾਇਆ ਹੋਇਆ ਹੈ:

*ਗੁਰੁ ਨਾਨਕੁ ਅੰਗਦੁ ਅਮਰੁ ਭਗਤ ਹਰਿ ਸੰਗਿ ਸਮਾਣੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੮)*

ਗੁਰੂ ਸਾਹਿਬਾਨ ਵੱਲੋਂ ਅਪਣਾਈ 'ਜੁਗਤਿ' ਨੂੰ ਭੱਟ ਗਯੰਦ ਜੀ ਨੇ 'ਧਰਮ ਦਾ ਪੰਥ' ਕਹਿ ਕੇ ਵਡਿਆਇਆ ਹੈ:

*ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ॥*
*ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ॥*
*ਲਹਣੈ ਪੰਥੁ ਧਰਮ ਕਾ ਕੀਆ॥*
*ਅਮਰਦਾਸ ਭਲੇ ਕਉ ਦੀਆ॥...* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੦੯)*

ਸ੍ਰੀ ਗੁਰੂ ਅੰਗਦ ਦੇਵ ਜੀ ਨੂੰ 'ਅਕਥ ਕਥਾ' ਦੇ ਗਿਆਨ ਦਾ ਮਿਲਿਆ ਖ਼ਜ਼ਾਨਾ ਸ੍ਰੀ ਗੁਰੂ ਅਮਰਦਾਸ ਜੀ ਨੇ ਸਦੀਵ ਕਾਲ ਲਈ ਕਲਜੁਗਿ ਵਿਚ ਜੀਵਾਂ ਦੀ ਇੱਜ਼ਤ ਰੱਖਣ ਲਈ ਵਰਤਾਇਆ। ਭੱਟ ਸਾਹਿਬਾਨ ਨੇ ਗੁਰੂ ਅਮਰਦਾਸ ਜੀ ਦੀ ਗੁਰਿਆਈ ਸੰਬੰਧੀ ਤਤ ਸਿਉ ਤਤ ਮਿਲਣਾ[੧੧] ਅਤੇ ਅੰਗ ਤੋਂ ਸੰਗ ਪੈਦਾ ਹੋਣਾ[੧੨] ਆਦਿ ਰੂਪਕ ਵਰਤੇ ਹਨ। ਇਸ ਤੋਂ ਬਿਨ੍ਹਾਂ ਉਨ੍ਹਾਂ ਨੇ 'ਸਬਦਿ'[੧੩] ਅਤੇ 'ਸਤਿਗੁਰਿ'[੧੪], ਆਦਿ ਦੈਵੀ ਸ਼ਬਦ ਵਰਤ ਕੇ ਗੁਰੂ ਅਮਰ ਦਾਸ ਜੀ ਦੀ ਗੁਰਿਆਈ ਸੰਬੰਧੀ ਆਪਣਾ ਅਨੁਭਵ ਪੇਸ਼ ਕੀਤਾ ਹੈ। ਭੱਟਾਂ ਅਨੁਸਾਰ 'ਨਾਮੁ' ਸਦਕਾ ਹੀ ਸ੍ਰੀ ਗੁਰੂ ਅਮਰਦਾਸ ਜੀ ਦੀ ਸੋਭਾ ਜਗਤ ਵਿਚ ਹੋਈ:

*ਸੋਈ ਪੁਰਖੁ ਸਿਵਰਿ ਸਾਚਾ ਜਾ ਕਾ ਇਕੁ ਨਾਮੁ ਅਛਲੁ ਸੰਸਾਰੇ॥*
*ਜਿਨਿ ਭਗਤ ਭਵਜਲ ਤਾਰੇ ਸਿਮਰਹੁ ਸੋਈ ਨਾਮੁ ਪਰਧਾਨੁ॥*
*ਤਿਤੁ ਨਾਮਿ ਰਸਿਕੁ ਨਾਨਕੁ ਲਹਣਾ ਥਪਿਓ ਜੇਨ ਸ੍ਰਬ ਸਿਧੀ॥*
*ਕਵਿ ਜਨ ਕਲ੍ਯ ਸਬੁਧੀ ਕੀਰਤਿ ਜਨ ਅਮਰਦਾਸ ਬਿਸ੍ਤੁਰੀਯਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੨)*

ਗੁਰਬਾਣੀ ਤੋਂ ਬਾਅਦ ਭਾਈ ਗੁਰਦਾਸ ਜੀ ਨੇ ਵੀ ਗੁਰੂ ਨਾਨਕ-ਜੋਤਿ ਸੰਬੰਧੀ ਆਪਣਾ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ। ਭਾਈ ਸਾਹਿਬ ਨੇ ਵਾਰਾਂ ਵਿਚ ਗੁਰੂ-ਸਰੂਪ ਦਾ ਵਰਣਨ ਬਹੁਤ ਹੀ ਵਿਸਥਾਰ ਨਾਲ ਕੀਤਾ ਹੈ। ਉਨ੍ਹਾਂ ਦੀ ਰਚਨਾ ਦਾ ਸ਼ਾਇਦ ਹੀ ਕੋਈ ਅਜਿਹਾ ਬੰਦ ਹੋਵੇ, ਜਿਹੜਾ ਸਿੱਧੇ ਜਾਂ ਅਸਿੱਧੇ ਰੂਪ ਵਿਚ ਗੁਰੂ-ਸਰੂਪ, ਗੁਰੂ-ਆਸ਼ਾ ਤੇ ਗੁਰੂ-ਭਗਤੀ ਦੇ ਵਰਣਨ ਤੋਂ ਸੱਖਣਾ ਹੋਵੇ। ਸ੍ਰੀ ਗੁਰੂ ਅਮਰਦਾਸ ਜੀ ਦੇ ਸੰਬੰਧ ਵਿਚ ਭਾਈ ਸਾਹਿਬ ਦੱਸਦੇ ਹਨ ਕਿ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਰੂਪ ਪਲਟ ਕੇ ਅਸਚਰਜ ਹੁਕਮ ਵਰਤਾਇਆ। ਉਨ੍ਹਾਂ ਨੇ ਵੀ ਉਹੀ (ਸ੍ਰੀ ਗੁਰੂ ਅੰਗਦ ਦੇਵ ਜੀ

ਦਾ) ਰਾਜ-ਤਿਲਕ, ਸਿੰਘਾਸਣ ਤੇ ਸੱਚੇ ਨਾਮ ਦਾ ਹੁਕਮ ਚਲਾਇਆ:

*ਸਤਿਗੁਰ ਹੋਆ ਸਤਿਗੁਰਹੁ ਅਚਰਜੁ ਅਮਰ ਅਮਰਿ ਵਰਤਾਇਆ।*
*ਸੋ ਟਿਕਾ ਸੋ ਬੈਹਣਾ ਸੋਈ ਸਚਾ ਹੁਕਮੁ ਚਲਾਇਆ। (ਵਾਰ ੨੪:੧੨)*

ਭਾਈ ਗੁਰਦਾਸ ਜੀ ਅਨੁਸਾਰ ਗੁਰੂ-ਜੋਤਿ ਦਾ ਇਕ ਤੋਂ ਦੂਜੇ ਗੁਰੂ ਵਿਚ ਸਮਾਉਣਾ ਇਉਂ ਹੈ ਜਿਵੇਂ ਦੀਵੇਂ ਤੋਂ ਦੀਵਾ ਬਲਦਾ ਹੈ, ਪਾਣੀ ਵਿਚ ਪਾਣੀ ਮਿਲਦਾ ਹੈ :

*ਜੋਤੀ ਜੋਤਿ ਜਗਾਇ ਦੀਪੁ ਦੀਪਾਇਆ।*
*ਨੀਰੈ ਅੰਦਰਿ ਨੀਰੁ ਮਿਲੈ ਮਿਲਾਇਆ॥ (ਵਾਰ ੨੦:੨)*

ਗੁਰੂ-ਜੋਤਿ ਦੇ ਰੂਪ ਬਦਲਣ ਨੂੰ ਭਾਈ ਸਾਹਿਬ ਨੇ ਦੀਵਾ, ਚੰਦਨ, ਸਲਲ, ਪਵਣ, ਹੀਰਾ, ਪਾਰਸ ਅਤੇ ਅਨਲ ਪੰਖ ਆਦਿ ਦੀਆਂ ਉਦਾਹਰਨਾਂ ਦੇ ਕੇ ਬਿਆਨ ਕੀਤਾ ਹੈ:

*ਜੋਤੀ ਜੋਤਿ ਜਗਾਇ ਦੀਵਾ ਬਾਲਿਆ।*
*ਚੰਦਨ ਵਾਸੁ ਨਿਵਾਸੁ ਵਣਾਸਪਤਿ ਫਾਲਿਆ।*
*ਸਲਲੈ ਸਲਲਿ ਸੰਜੋਗੁ ਤ੍ਰਿਬੇਣੀ ਚਾਲਿਆ।*
*ਪਵਣੈ ਪਵਣੁ ਸਮਾਇ ਅਨਹਦੁ ਭਾਲਿਆ।*
*ਹੀਰੈ ਹੀਰਾ ਬੇਧਿ ਪਰੋਇ ਦਿਖਾਲਿਆ।*
*ਪਥਰੁ ਪਾਰਸੁ ਹੋਇ ਪਾਰਸੁ ਪਾਲਿਆ।*
*ਅਨਲ ਪੰਖਿ ਪੁਤੁ ਹੋਇ ਪਿਤਾ ਸਮ੍ਹਾਲਿਆ।*
*ਬ੍ਰਹਮੈ ਬ੍ਰਹਮੁ ਮਿਲਾਇ ਸਹਜਿ ਸੁਖਾਲਿਆ॥ (ਵਾਰ ੨੨:੮)*

ਭਾਈ ਗੁਰਦਾਸ ਜੀ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਨਿਰੰਕਾਰ ਹਨ, ਨਿਰੰਕਾਰ ਨੇ ਹੀ ਆਪਣਾ ਆਕਾਰ ਬਣਾਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਅੰਗ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੰਗਾ ਦੇ ਤਰੰਗ ਵਾਂਗ ਉਠਾਇਆ। ਗੁਰੂ ਅੰਗਦ ਤੋਂ ਸ੍ਰੀ ਗੁਰੂ ਅਮਰਦਾਸ ਜੀ ਜੋਤਿ ਸਰੂਪ ਹੋ ਕੇ ਪ੍ਰਗਟ ਹੋਏ:

*ਨਿਰੰਕਾਰੁ ਨਾਨਕ ਦੇਉ ਨਿਰੰਕਾਰਿ ਆਕਾਰ ਬਣਾਇਆ।*
*ਗੁਰੁ ਅੰਗਦੁ ਗੁਰੁ ਅੰਗ ਤੇ ਗੰਗਹੁ ਜਾਣੁ ਤਰੰਗ ਉਠਾਇਆ।*
*ਅਮਰਦਾਸੁ ਗੁਰੁ ਅੰਗਦਹੁ ਜੋਤਿ ਸਰੂਪ ਚਲਤੁ ਵਰਤਾਇਆ।... (ਵਾਰ ੨੪:੨੫)*

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਿਹੜੀ ਜੋਤਿ ਸ੍ਰੀ ਗੁਰੂ ਅੰਗਦ ਦੇਵ ਜੀ ਵਿਚ ਆਈ, ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਹੀ ਜੋਤਿ ਸ੍ਰੀ ਗੁਰੂ ਅਮਰਦਾਸ ਜੀ ਵਿਚ ਟਿਕਾ ਦਿੱਤੀ। ਸ੍ਰੀ ਗੁਰੂ ਅਮਰਦਾਸ ਜੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਦੁਆਰਾ ਇਲਾਹੀ ਦਾਤ ਪ੍ਰਾਪਤ ਹੋਈ, ਜਿਸ ਸਦਕਾ ਸ੍ਰੀ ਗੁਰੂ ਅਮਰਦਾਸ ਜੀ ਅਮਰ ਸਰੂਪ ਹੋ ਕੇ ਗੁਰਿਆਈ ਦੇ ਤਖ਼ਤ ਉੱਪਰ ਬਿਰਾਜਮਾਨ ਹੋਏ:

*ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ।*

*ਗੁਰੁ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਦਿ ਇਲਾਹੀ। (ਵਾਰ ੧:੪੬)*

ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਰੂਪ ਪਲਟ ਕੇ ਅਸਚਰਜ ਹੁਕਮ ਵਰਤਾਇਆ। ਉਨ੍ਹਾਂ ਨੇ (ਸ੍ਰੀ ਗੁਰੂ ਅੰਗਦ ਦੇਵ ਜੀ ਦਾ) ਰਾਜ-ਤਿਲਕ, ਸਿੰਘਾਸਣ ਤੇ ਸੱਚੇ ਨਾਮ ਦਾ ਹੁਕਮ ਚਲਾਇਆ:

*ਸਤਿਗੁਰ ਹੋਆ ਸਤਿਗੁਰਹੁ ਅਚਰਜੁ ਅਮਰ ਅਮਰਿ ਵਰਤਾਇਆ।*
*ਸੋ ਟਿਕਾ ਸੋ ਬੈਹਣਾ ਸੋਈ ਸਚਾ ਹੁਕਮੁ ਚਲਾਇਆ। (ਵਾਰ ੨੪:੧੨)*

ਨਾਨਕ-ਜੋਤਿ ਦੀ ਨਿਰੰਤਰਤਾ ਦਾ ਜ਼ਿਕਰ ਕਰਦੇ ਹੋਏ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਸਤਿਗੁਰੂ ਨਾਨਕ ਦੇਵ ਜੀ ਗੁਰਾਂ ਦੇ ਗੁਰੂ ਹੋਏ ਹਨ, ਜਿਨ੍ਹਾਂ ਨੇ ਗੁਰੂ ਅੰਗਦ ਦੇਵ ਜੀ ਨੂੰ ਅਲਖ ਤੇ ਅਭੇਦ ਵਾਹਿਗੁਰੂ ਵਿਚ ਸਹਿਜ ਪਦ ਦੇ ਕੇ ਸਮਾ ਦਿੱਤਾ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਅਮਰ (ਪਰਮਾਤਮਾ) ਵਿਚ ਸਮਾ ਕੇ ਅਲਖ ਪਰਮਾਤਮਾ ਨੂੰ ਲਖਾ ਦਿੱਤਾ:

*ਸਤਿਗੁਰ ਨਾਨਕ ਦੇਉ ਗੁਰਾ ਗੁਰੁ ਹੋਇਆ।*
*ਅੰਗਦੁ ਅਲਖੁ ਅਭੇਉ ਸਹਜਿ ਸਮੋਇਆ।*
*ਅਮਰਹੁ ਅਮਰ ਸਮੇਉ ਅਲਖੁ ਅਲੋਇਆ।... (ਵਾਰ ੩:੧੨)*

ਭਾਈ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਸੰਗ ਵਿਚ ਗੁਰੂ ਜੋਤਿ ਦੀ ਏਕਤਾ ਪ੍ਰਗਟ ਕਰਦੇ ਹੋਏ ਕਹਿੰਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਕਾਸ਼ ਰੂਪ ਹੋਣ ਕਾਰਨ ਪਰਮਾਤਮਾ ਦਾ ਹੀ ਰੂਪ ਸਨ। ਪ੍ਰਕਾਸ਼ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੰਗ ਤੋਂ ਗੁਰੂ ਅੰਗਦ ਹੋਏ, ਜੋਤਿ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਜੋਤਿ ਗੁਰੂ ਅੰਗਦ ਵਿਚ ਸਮੋ ਦਿੱਤੀ। ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਹੀ ਸ੍ਰੀ ਗੁਰੂ ਅਮਰਦਾਸ ਜੀ ਗੁਰੂ ਪਦ ਪ੍ਰਾਪਤ ਕਰ ਕੇ ਗਿਆਨ ਸਰੂਪ ਹੋਏ:

*ਸਤਿਗੁਰੁ ਨਾਨਕ ਦੇਉ ਹੈ ਪਰਮੇਸਰੁ ਸੋਈ।*
*ਗੁਰੁ ਅੰਗਦੁ ਗੁਰੁ ਅੰਗ ਤੇ ਜੋਤੀ ਜੋਤਿ ਸਮੋਈ।*
*ਅਮਰਾ ਪਦੁ ਗੁਰੁ ਅੰਗਦਹੁੰ ਹੁਇ ਜਾਣੁ ਜਣੋਈ।*
*ਗੁਰੁ ਅਮਰਹੁੰ ਗੁਰੁ ਰਾਮਦਾਸ ਅੰਮ੍ਰਿਤ ਰਸੁ ਭੋਈ।... (ਵਾਰ ੩੮:੨੦)*

ਗੁਰਬਾਣੀ ਤੋਂ ਬਿਨਾਂ ਸਮਕਾਲੀ ਸਾਹਿਤ ਦੇ ਅੰਤਰਗਤ ਭਾਈ ਗੁਰਦਾਸ ਜੀ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਰਣਨ ਆਉਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਗੁਰੂ-ਜੋਤਿ ਦੀ ਏਕਤਾ ਬਾਖ਼ੂਬੀ ਪੇਸ਼ ਕੀਤੀ ਹੈ। ਉਨ੍ਹਾਂ ਅਨੁਸਾਰ ਸਿੱਖ ਧਰਮ ਵਿਚ ਇਕ ਹੀ ਗੁਰੂ ਹੋਇਆ ਹੈ:

*ਸ੍ਰੀ ਨਾਨਕ ਅੰਗਦਿ ਕਰਿ ਮਾਨਾ॥ ਅਮਰਦਾਸ ਅੰਗਦ ਪਹਿਚਾਨਾ॥*
*ਅਮਰਦਾਸ ਰਾਮਦਾਸ ਕਹਾਯੋ॥ ਸਾਧਨਿ ਲਖਾ ਮੂੜ੍ਹ ਨਹਿ ਪਾਯੋ॥੯॥*
*ਭਿੰਨ ਭਿੰਨ ਸਭਹੂੰ ਕਰ ਜਾਨਾ॥ ਏਕ ਰੂਪ ਕਿਨਹੂੰ ਪਹਿਚਾਨਾ॥*

*ਜਿਨ ਜਾਨਾ ਤਿਨ ਹੀ ਸਿਧ ਪਾਈ॥ ਬਿਨੁ ਸਮਝੇ ਸਿਧ ਹਾਥਿ ਨਾ ਆਈ॥੧੦॥*[੧੫]

ਉਕਤ ਪੰਕਤੀਆਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ ਕਿ ਗੁਰੂ ਸਾਹਿਬਾਨ ਦੇ ਵੱਖੋ-ਵੱਖਰੇ ਸਰੂਪ ਦੇਖ ਕੇ ਸੰਗਤ ਦੀ ਬਹੁ-ਗਿਣਤੀ ਉਨ੍ਹਾਂ ਨੂੰ ਵੱਖ-ਵੱਖ ਗੁਰੂ ਸਮਝ ਲੈਂਦੀ ਹੈ। ਉਨ੍ਹਾਂ ਨੂੰ ਇਹ ਭੁਲੇਖਾ 'ਦੇਹ' ਨੂੰ ਗੁਰੂ ਸਮਝਣ ਕਰਕੇ ਪੈਂਦਾ ਹੈ, ਪਰੰਤੂ ਗੁਰੂ ਦੀ ਅਸਲ ਰਮਜ਼ ਨੂੰ ਸਮਝਣ ਵਾਲੇ ਇਸ ਭਰਮ ਵਿਚ ਨਹੀਂ ਪੈਂਦੇ। ਅਸਲ ਵਿਚ ਗੁਰੂ ਜੋਤਿ-ਸਰੂਪ ਹੋਣ ਕਾਰਨ ਹਰੇਕ ਸਮੇਂ/ਸਥਾਨ ਉੱਤੇ ਇਕ ਹੀ ਹੈ। ਭਲੇ ਪੁਰਖਾਂ ਦਾ ਨਿਸਚਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਗੁਰੂ ਅੰਗਦ ਹਨ, ਗੁਰੂ ਅੰਗਦ ਹੀ ਸ੍ਰੀ ਗੁਰੂ ਅਮਰਦਾਸ ਜੀ ਹਨ। ਜਿਨ੍ਹਾਂ ਨੇ ਇਸ ਤੱਥ ਨੂੰ ਪਛਾਣਿਆ ਹੈ, ਉਨ੍ਹਾਂ ਦੇ ਹੱਥ ਹੀ ਸਿਧ ਆਈ ਹੈ। ਇਸ ਨਿਸਚੇ ਤੋਂ ਰਹਿਤ ਹੋ ਕੇ ਸਿੱਧੀ ਪ੍ਰਾਪਤ ਨਹੀਂ ਕੀਤੀ ਜਾ ਸਕਦੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਬਚਿਤ੍ਰ ਨਾਟਕ' ਵਿਚ ਵੀ ਗੁਰੂ ਅਮਰਦਾਸ ਜੀ ਨੂੰ ਗੁਰੂ ਨਾਨਕ ਦੇਵ ਜੀ ਦਾ ਰੂਪ ਹੀ ਦਰਸਾਉਂਦੇ ਹਨ। ਉਨ੍ਹਾਂ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਵਿਚ ਆਪਣੀ ਜੋਤਿ ਇਸ ਤਰ੍ਹਾਂ ਟਿਕਾ ਦਿੱਤੀ ਜਿਵੇਂ ਇਕ ਦੀਵਾ ਦੂਜੇ ਦੀਵੇ ਨੂੰ ਰੋਸ਼ਨੀ ਪ੍ਰਦਾਨ ਕਰਦਾ ਹੈ:

*ਨਾਨਕ ਅੰਗਦ ਕੋ ਬਪੁ ਧਰਾ॥ ਧਰਮ ਪ੍ਰਚੁਰ ਇਹ ਜਗ ਮੋ ਕਰਾ॥*
*ਅਮਰਦਾਸ ਪੁਨਿ ਨਾਮੁ ਕਹਾਯੋ॥ ਜਨ ਦੀਪਕ ਤੇ ਦੀਪ ਜਗਾਯੋ॥...*[੧੬]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਕਾਲ ਪੁਰਖ ਦੇ ਸਨਮੁਖ ਬੇਨਤੀ ਕਰਦੇ ਹੋਏ ਸ੍ਰੀ ਗੁਰੂ ਅਮਰਦਾਸ ਜੀ ਨੂੰ ਗੁਰੂ ਜੋਤਿ ਦੀ ਏਕਤਾ ਵਜੋਂ ਪੇਸ਼ ਕਰਦੇ ਹਨ:

*ੴ ਵਾਹਿਗੁਰੂ ਜੀ ਕੀ ਫ਼ਤਹ॥*
*ਸ੍ਰੀ ਭਗੌਤੀ ਜੀ ਸਹਾਇ॥*
*ਵਾਰ ਸ੍ਰੀ ਭਗੌਤੀ ਜੀ ਕੀ ਪਾਤਸਾਹੀ ੧੦॥*
*ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ॥*
*ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈਂ ਸਹਾਇ॥...*[੧੭]

ਭਾਈ ਨੰਦ ਲਾਲ ਜੀ ਨੇ ਵੀ ਗੁਰੂ-ਜੋਤਿ ਦੀ ਏਕਤਾ ਬਾਖੂਬੀ ਦ੍ਰਿੜ੍ਹ ਕਰਵਾਈ ਹੈ। ਉਨ੍ਹਾਂ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੀ ਰੂਪ ਸਨ:

*ਨਾਨਕ ਸੋ ਅੰਗਦ ਗੁਰ ਦੇਵਨਾ।*
*ਸੋ ਅਮਰਦਾਸ ਹਰਿ ਸੇਵਨਾ॥*[੧੮]

ਭਾਈ ਸਾਹਿਬ ਸਪੱਸ਼ਟ ਕਰਦੇ ਹਨ ਕਿ ਗੁਰੂ ਨਾਨਕ (ਸ੍ਰੀ ਗੁਰੂ ਨਾਨਕ ਦੇਵ ਜੀ) ਹੀ ਗੁਰੂ ਅੰਗਦ ਸੀ (ਸ੍ਰੀ ਗੁਰੂ ਅੰਗਦ ਦੇਵ ਜੀ), ਬਖਸ਼ਿਸ਼ ਅਤੇ ਵੱਡੀ ਵਡਿਆਈ ਦੇ ਮਾਲਕ ਅਮਰ ਦਾਸ (ਸ੍ਰੀ ਗੁਰੂ ਅਮਰਦਾਸ ਜੀ) ਵੀ ਉਹੀ ਸਨ:

*ਹਮੁ ਨਾਨਕ ਅਸਤੋ ਹਮੁ ਅੰਗਦ ਅਸਤ*
*ਹਮੁ ਅਮਰਦਾਸ ਅਫ਼ਜ਼ਲੋ ਅਮਜਦ ਅਸਤ॥...*[੧੯]

ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ; ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੀ ਰੂਪ ਸਨ, ਜਿਸ ਦੀ ਭਰਪੂਰ ਵਿਆਖਿਆ ਭੱਟ ਸਾਹਿਬਾਨ ਨੇ ਕੀਤੀ ਹੈ। ਉਨ੍ਹਾਂ ਨੇ ਗੁਰੂ ਸਾਹਿਬਾਨ ਵਿਚ ਇਕ ਜੋਤਿ ਦਾ ਵਾਸਾ ਅਨੁਭਵ ਕੀਤਾ। ਗੁਰੂ ਸਾਹਿਬਾਨ ਦੇ ਸਮਕਾਲੀ ਸਿੱਖ ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਨੇ ਵੀ ਗੁਰੂ ਸ਼ਰਨ ਵਿਚ ਰਹਿੰਦੇ ਹੋਏ ਇਸ ਦੈਵੀ ਵਰਤਾਰੇ ਨੂੰ ਜਾਣਿਆ ਤੇ ਮਾਣਿਆ, ਜਿਸ ਕਾਰਨ ਉਨ੍ਹਾਂ ਨੇ ਗੁਰੂ ਜੋਤਿ ਦੀ ਏਕਤਾ ਬਾ-ਖੂਬੀ ਦ੍ਰਿੜ੍ਹ ਕਰਵਾਈ ਹੈ।

**ਹਵਾਲੇ :**

੧. *ਗੁਰੁਬਰ ਅਕਾਲ ਕੇ ਹੁਕਮ ਸਿਉਂ ਉਪਜਿਓ ਬਿਗਿਆਨਾ। ਤਬ ਸਹਿਜੇ ਰਚਿਓ ਖਾਲਸਾ ਸਾਬਤ ਮਰਦਾਨਾ।... ਇਉਂ ਤੀਸਰ ਮਜਹਬ ਖਾਲਸਾ ਉਪਜਿਓ ਪਰਧਾਨਾ।* ਅਮਰ ਸਿੰਘ ਚਾਕਰ (ਸੰਪਾ.), ਵਾਰਾਂ ਭਾਈ ਗੁਰਦਾਸ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੧੯੯੮ (ਸਤਵੀਂ ਵਾਰ), ਵਾਰ ਭਾਈ ਗੁਰਦਾਸ ਦੂਜਾ, ੪੧/੧੬.

੨. *ਸਿਖੀ ਸਿਖਿਆ ਗੁਰ ਵੀਚਾਰਿ॥ ਨਦਰੀ ਕਰਮਿ ਲਘਾਏ ਪਾਰਿ॥ ਸ੍ਰੀ ਗੁਰੂ ਗ੍ਰੰਥ ਸਾਹਿਬ,* ੪੬੫.

੩. *ਗੁਰਮੁਖਿ ਨਾਦੰ ਗੁਰਮਖਿ ਵੇਦੰ ਗੁਰਮੁਖਿ ਰਹਿਆ ਸਮਾਈ॥ ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥ ਸ੍ਰੀ ਗੁਰੂ ਗ੍ਰੰਥ ਸਾਹਿਬ,* ੨

੪. *ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ॥ ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥ ਸ੍ਰੀ ਗੁਰੂ ਗ੍ਰੰਥ ਸਾਹਿਬ,* ੯੫੭

੫. Gurbachan Singh Talib, *Guru Nanak : His Personality and Vision,* Guru Das kapur & sons (P) Ltd., Delhi, (no date), p. ੧੪੩.

੬. ਭਗਤ ਸਿੰਘ (ਭਾਈ), *ਗੁਰਬਿਲਾਸ ਪਾਤਸ਼ਾਹੀ ੬,* (ਸੰਪਾ.), ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਡਾ. ਅਮਰਜੀਤ ਸਿੰਘ, ਧਰਮ ਪ੍ਰਚਾਰ ਕਮੇਟੀ (SGPC), ਸ੍ਰੀ ਅੰਮ੍ਰਿਤਸਰ, ੧੯੯੮, ਅਧਿਆਇ/ਬੰਦ/ਪੰਨਾ- ੮/੯੫੩/੨੮੩.

੭. ਗੰਡਾ ਸਿੰਘ, *ਸਿੱਖ ਇਤਿਹਾਸ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੦੬, ਪੰਨਾ ੨੦.

੮. ਵੀਰ ਸਿੰਘ ਬਲ, *ਗੁਰਕੀਰਤ ਪ੍ਰਕਾਸ਼,* (ਸੰਪਾ.) ਡਾ. ਗੁਰਬਚਨ ਕੌਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੮੬, ਪੰਨਾ ੯੩.

੯. ਕੰਕਣ, *ਸੰਛੇਪ ਦਸ ਗੁਰ ਕਥਾ,* (ਸੰਪਾ.), ਡਾ. ਗੁਰਮੁਖ ਸਿੰਘ, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, ੧੯੯੧, ਬੰਦ/ਪੰਨਾ - ੧੭-੯/੩੩.

੧੦. ਭਾਈ ਰਤਨ ਸਿੰਘ ਭੰਗੂ ਨੇ 'ਪ੍ਰਮਾਣੁ' ਦੇ ਪ੍ਰਸੰਗ ਵਿਚ ਕੈਪਟਨ ਮੱਰੇ ਦੁਆਰਾ

ਕੀਤੇ ਇਕ ਸਵਾਲ ਦੇ ਜਵਾਬ ਵਿਚ ਲਿਖਿਆ ਹੈ ਕਿ ਸਿੰਘਾਂ ਨੂੰ ਰਾਜ/ਪਾਤਿਸ਼ਾਹੀ ਸਚੇ ਪਾਤਿਸ਼ਾਹ ਗੁਰੂ ਨਾਨਕ ਦੇਵ ਜੀ ਨੇ ਦਿੱਤੀ ਹੈ:

*...ਤਿਸੈ ਬਾਤ ਮੈਂ ਐਸੇ ਕਹੀ। ਸਿੰਘਨ ਪਤਿਸ਼ਾਹੀ ਸ਼ਾਹਿ ਸਚੈ ਦਈ॥*
*ਮਰੀ ਕਹਯੋ ਸ਼ਾਹ ਸਚੋ ਕੋਇ। ਅਸਾਂ ਕਹਯੋ ਸ਼ਾਹ ਨਾਨਕ ਜੋਇ॥*
*ਮਰੀ ਕਹਯੋ ਭਯੋ ਨਾਨਕ ਫਕੀਰ। ਉਨ ਸ਼ਾਹ ਕੀ ਕਿਆ ਤਤਬੀਰ॥*
*ਹਮੈ ਕਹਯੋ ਵਹਿ ਸ਼ਾਹਿਨ ਕੋ ਸ਼ਾਹ। ਦੀਨ ਦੁਨੀ ਸਚੋ ਪਤਿਸ਼ਾਹਿ॥*
*ਕਈ ਸ਼ਾਹ ਤਿਨ ਕੀਯੇ ਫਕੀਰ। ਕਈ ਫਕੀਰ ਕਰ ਦੀਨੇ ਪੀਰ॥*
*ਰਹਯੋ ਆਪ ਹੁਇ ਬੇਪਰਵਾਹ। ਯੌਂ ਨਾਨਕ ਭਯੋ ਸ਼ਾਹਿਨ ਸ਼ਾਹਿ॥...*

ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* (ਸੰਪਾ.), ਡਾ. ਬਲਵੰਤ ਸਿੰਘ (ਢਿੱਲੋਂ), ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੦੪, ਪੰਨਾ ੭.

੧੧. *ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥ ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥ ਸ੍ਰੀ ਗੁਰੂ ਗ੍ਰੰਥ ਸਾਹਿਬ, ੪੦੮.*

੧੨. *ਜਿਵ ਅੰਗਦੁ ਅੰਗਿ ਸੰਗਿ ਨਾਨਕ ਗੁਰ ਤਿਵ ਗੁਰ ਅਮਰਦਾਸ ਕੈ ਗੁਰੁ ਰਾਮਦਾਸੁ॥ ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੦੬.*

੧੩. *ਨਾਨਕ ਆਦਿ ਅੰਗਦ ਅਮਰ ਸਤਿਗੁਰ ਸਬਦਿ ਸਮਾਇਅਉ॥ ਸ੍ਰੀ ਗੁਰੂ ਗ੍ਰੰਥ ਸਾਹਿਬ, ੪੦੭.*

੧੪. *ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ॥ ਸ੍ਰੀ ਗੁਰੂ ਗ੍ਰੰਥ ਸਾਹਿਬ, ੪੦੭.*

੧੫. *ਸ਼ਬਦਾਰਥ ਦਸਮ ਗ੍ਰੰਥ ਸਾਹਿਬ* (ਪੋਥੀ ਪਹਿਲੀ), (ਸੰਪਾ.), ਭਾਈ ਰਣਧੀਰ ਸਿੰਘ, ਪੰਜਾਬੀ ਯੂਨੀ., ਪਟਿਆਲਾ, ੧੯੯੫ (ਤੀਜਾ ਸੰਸਕਰਣ), ਪੰਨਾ ੭੦.

੧੬. *ਸ਼ਬਦਾਰਥ ਦਸਮ ਗ੍ਰੰਥ ਸਾਹਿਬ* (ਪੋਥੀ ਪਹਿਲੀ), (ਸੰਪਾ.), ਭਾਈ ਰਣਧੀਰ ਸਿੰਘ, ਪੰਜਾਬੀ ਯੂਨੀ., ਪਟਿਆਲਾ, ੧੯੯੫ (ਤੀਜਾ ਸੰਸਕਰਣ), ਪੰਨਾ ੭੦.

੧੭. ਸਿੱਖ ਰਹਿਤ ਮਰਯਾਦਾ, ਪੰਨਾ ੧੦

੧੮. ਗੰਡਾ ਸਿੰਘ (ਸੰਪਾ.), *ਭਾਈ ਨੰਦ ਲਾਲ ਗ੍ਰੰਥਾਵਲੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੯੪ (ਦੂਜੀ ਵਾਰ), ਪੰਨਾ ੨੧੯.

੧੯. ਗੰਡਾ ਸਿੰਘ (ਸੰਪਾ.), *ਭਾਈ ਨੰਦ ਲਾਲ ਗ੍ਰੰਥਾਵਲੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੯੪ (ਦੂਜੀ ਵਾਰ), ਪੰਨੇ ੧੯੪-੯੫.

# ਸਿੱਖ ਧਰਮ ਦੇ ਵਿਕਾਸ ਵਿਚ ਸ੍ਰੀ ਗੁਰੂ ਅਮਰਦਾਸ ਜੀ ਦਾ ਯੋਗਦਾਨ

*-ਡਾ. ਗੁਰਪ੍ਰੀਤ ਸਿੰਘ**

ਸ੍ਰੀ ਗੁਰੂ ਅਮਰਦਾਸ ਜੀ ਬਾਰੇ ਭੱਟ ਕੀਰਤ ਜੀ ਨੇ *'ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ'*[1] ਕਹਿ ਕੇ ਉਨ੍ਹਾਂ ਦੇ ਰੱਬੀ ਰੂਪ ਨੂੰ ਵਿਅਕਤ ਕੀਤਾ ਹੈ। ਗੁਰੂ-ਘਰ ਦੇ ਰਾਗੀ ਸਿੱਖ ਰਾਇ ਬਲਵੰਡਿ ਤਥਾ ਸਤੈ ਡੂੰਮਿ ਜੀ ਨੇ ਆਪ ਜੀ ਦੀ ਸ਼ਖ਼ਸੀਅਤ ਨੂੰ 'ਪਰਬਤੁ ਮੇਰਾਣੁ'[2] ਕਹਿ ਕੇ ਵਡਿਆਇਆ ਹੈ। ਜਿਹੜੀ ਸ਼ਖ਼ਸੀਅਤ ਵਿਸ਼ੇ-ਵਿਕਾਰਾਂ ਤੇ ਸੰਸਾਰੀ ਮੋਹ-ਮਾਇਆ ਦੇ ਝਖੜਿ ਵਿਚ ਡੋਲਣ ਵਾਲੀ ਨਹੀਂ ਸਗੋਂ ਉਹ ਮੇਰਾਣ ਪਰਬਤ ਵਾਂਗ ਅਡੋਲ ਹੈ। ਅਜਿਹੇ ਸੱਚੇ ਪਾਤਿਸ਼ਾਹ[3] ਦੇ ਜੀਵਨ ਕਾਰਜ ਨੂੰ ਹੇਠ ਲਿਖੇ ਅਨੁਸਾਰ ਦੋ ਭਾਗਾਂ ਵਿਚ ਵਰਗੀਕ੍ਰਿਤ ਕਰ ਕੇ ਦਰਸਾਉਣ ਦਾ ਜਤਨ ਕੀਤਾ ਗਿਆ ਹੈ। ਹਥਲੇ ਲੇਖ ਦੇ ਵਿਸ਼ੇ ਦੀ ਸੀਮਾ ਦਾ ਘੇਰਾ ਜ਼ਿਆਦਾਤਰ ਸ੍ਰੀ ਗੁਰੂ ਅਮਰਦਾਸ ਜੀ ਦਾ ਸਿੱਖ ਧਰਮ ਦੇ ਵਿਕਾਸ ਲਈ ਕੀਤੇ ਕਾਰਜਾਂ ਉੱਪਰ ਕੇਂਦਰਿਤ ਕੀਤਾ ਗਿਆ ਹੈ।

੧. ਸੰਖੇਪ ਜੀਵਨ

੨. ਸਿੱਖ ਧਰਮ ਦੇ ਵਿਕਾਸ ਵਿਚ ਯੋਗਦਾਨ

## ੧. ਸ੍ਰੀ ਗੁਰੂ ਅਮਰਦਾਸ ਜੀ ਦਾ ਸੰਖੇਪ ਜੀਵਨ

ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ੫ ਮਈ, ੧੪੭੯ ਈ. ਨੂੰ ਮਾਤਾ ਲੱਖੋ ਜੀ ਦੀ ਕੁੱਖੋਂ ਪਿਤਾ ਤੇਜ ਭਾਨ ਜੀ ਦੇ ਘਰ ਨਗਰ ਬਾਸਰਕੇ ਵਿਖੇ ਹੋਇਆ।[4] ਸ੍ਰੀ ਗੁਰੂ ਅਮਰਦਾਸ ਜੀ ਦੇ ਤਿੰਨ ਭਰਾ ਹੋਰ ਸਨ: ਭਾਈ ਈਸਰ ਦਾਸ ਜੀ (ਭਾਈ ਗੁਰਦਾਸ ਜੀ ਦੇ ਪਿਤਾ ਜੀ) ਬਾਬਾ ਖੇਮ ਰਾਇ ਅਤੇ ਭਾਈ ਮਾਣਕ ਚੰਦ। ਭਾਈ ਮਾਣਕ ਚੰਦ ਦੀ ਨੂੰਹ ਬੀਬੀ ਅਮਰੋ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਸੀ। ਸ੍ਰੀ ਗੁਰੂ ਅਮਰਦਾਸ ਜੀ ਦਾ ਵਿਆਹ ਦੇਵੀ ਚੰਦ ਦੀ ਸਪੁੱਤਰੀ ਮਨਸਾ ਦੇਵੀ ਨਾਲ ਹੋਇਆ ਅਤੇ ਆਪ ਜੀ ਦੇ ਘਰ ਦੋ ਪੁੱਤਰਾਂ-ਭਾਈ ਮੋਹਨ ਅਤੇ ਮੋਹਰੀ ਅਤੇ ਦੋ ਸਪੁੱਤਰੀਆਂ ਬੀਬੀ ਦਾਨੀ ਜੀ ਅਤੇ ਬੀਬੀ ਭਾਨੀ ਜੀ ਦਾ ਜਨਮ ਹੋਇਆ।[5] ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਜੀ ਜੋ ਰਿਸ਼ਤੇ ਵਿਚ ਆਪ ਜੀ ਦੀ ਨੂੰਹ ਲੱਗਦੇ ਸਨ, ਉਨ੍ਹਾਂ ਦੇ ਮੁੱਖੋਂ ਬਾਣੀ ਸੁਣ ਕੇ ਆਪ ਜੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਨ ਦੀ ਤਾਂਘ ਉੱਠੀ। ਆਪ ਜੀ ਖਡੂਰ ਸਾਹਿਬ ਵਿਖੇ ਸ੍ਰੀ ਗੁਰੂ ਅੰਗਦ

** ਧਾਰਮਿਕ ਅਧਿਆਪਕ, ਸ੍ਰੀ ਗੁਰੂ ਰਾਮਦਾਸ ਪਬਲਿਕ ਹਾਈ ਸਕੂਲ, ਗੋਲਡਨ ਟੈਂਪਲ ਕਲੋਨੀ, ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ. ੮੭੨੫੦-੧੫੧੬੩.*

ਦੇਵ ਜੀ ਦੀ ਸੇਵਾ ਵਿਚ ਲੱਗ ਗਏ। ਸ੍ਰੀ ਗੁਰੂ ਅਮਰਦਾਸ ਜੀ ਨੇ ਬਾਰ੍ਹਾਂ ਸਾਲ ਖਡੂਰ ਸਾਹਿਬ ਵਿਖੇ ਸੇਵਾ ਵਿਚ ਗੁਜ਼ਾਰੇ। ਗੁਰੂ ਸੇਵਾ ਅਤੇ ਪ੍ਰਭੂ ਸਿਮਰਨ ਰਾਹੀਂ ਮਨ ਨੂੰ ਗੁਰਮਤਿ ਨਾਲ ਪ੍ਰਕਾਸ਼ਵਾਨ ਕਰਨ ਦਾ ਨਤੀਜਾ ਇਹ ਹੋਇਆ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦਾ ਵਾਰਸ ਥਾਪ ਦਿੱਤਾ।[੬] ਗੁਰਿਆਈ ਪ੍ਰਾਪਤੀ ਉਪਰੰਤ ਆਪ ਜੀ ਨੇ ਗੋਇੰਦਵਾਲ ਸਾਹਿਬ ਨੂੰ ਪ੍ਰਚਾਰ ਦਾ ਕੇਂਦਰ ਬਣਾਇਆ। ਇੱਥੇ ਹੀ ੯੫ ਸਾਲ ਦੀ ਉਮਰ ਵਿਚ ੧੫੭੪ ਈ. ਨੂੰ ਸ੍ਰੀ ਗੁਰੂ ਅਮਰਦਾਸ ਜੀ ਜੋਤੀ ਜੋਤਿ ਸਮਾ ਗਏ।[੭]

## ੨. ਸਿੱਖ ਧਰਮ ਦੇ ਵਿਕਾਸ ਵਿਚ ਸ੍ਰੀ ਗੁਰੂ ਅਮਰਦਾਸ ਜੀ ਦਾ ਯੋਗਦਾਨ

ਸਿੱਖ ਪੰਥ ਅੰਦਰ ਇਕ ਗੁਰੂ ਜੋਤਿ ਵੱਖ-ਵੱਖ ਦਸ ਸਰੀਰਾਂ ਰਾਹੀਂ ਸਫ਼ਰ ਕਰਦੀ ਹੈ। ਇਹ ਗੁਰੂ ਜੋਤ ਈਸ਼ਵਰੀ ਨੂਰ ਸੀ। ਗੁਰੂ ਜੋਤਿ ਨੇ ਸਿਰਫ਼ ਆਪਣਾ ਸਰੀਰ ਹੀ ਬਦਲਿਆ ਸੀ, ਜੋਤਿ ਇਕ ਹੀ ਰਹੀ।[੮] ਇਸ ਗੁਰੂ ਜੋਤਿ ਨੇ ੨੩੯ ਸਾਲ ਦਾ ਸਫ਼ਰ ਤੈਅ ਕੀਤਾ। ਇਸ ਗੁਰੂ ਜੋਤਿ ਦੁਆਰਾ ਆਪਣੇ ਦਸ ਜਾਮਿਆਂ ਦੌਰਾਨ ਹਰ ਸਿਧਾਂਤ ਅਤੇ ਸਿੱਖ ਸੰਸਥਾ ਨੂੰ ਧੁਰ ਦਰਗਾਹੋਂ ਪ੍ਰਗਟ ਕੀਤਾ ਗਿਆ। ਇਸ ਨਿਰੰਤਰਤਾ ਵਿਚ ਹੀ ਗੁਰੂ ਜੋਤਿ ਨੇ ਆਪਣੇ ਆਪਣੇ ਸਮੇਂ ਅੰਦਰ ਅਕਾਲ ਪੁਰਖ ਦੇ ਹੁਕਮ ਅਨੁਸਾਰ ਤੈਅ ਹੋਇਆ ਕਾਰਜ ਕਰ ਕੇ ਯੋਗਦਾਨ ਪਾਉਂਦੇ ਜਾਣਾ ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਧੁਰੋਂ ਹੋਏ ਹੁਕਮ ਅਨੁਸਾਰ ਸਿੱਖ ਪੰਥ ਦੇ ਵਿਕਾਸ ਲਈ ਜੋ ਯੋਗਦਾਨ ਪਾਇਆ ਉਹ ਨਿਮਨ ਲਿਖਤ ਅਨੁਸਾਰ ਹੈ:

### ੨.੧ ਨਗਰ ਵਸਾਉਣਾ

ਸਭਿਆਤਾਵਾਂ ਦੇ ਖੋਜੀਆਂ ਦਾ ਮੰਨਣਾ ਹੈ ਕਿ ਵੱਡੇ ਸਭਿਆਚਾਰ ਦੇ ਪ੍ਰਫੁਲਿਤ ਹੋਣ ਲਈ ਦਰਿਆ ਦੀ ਲੋੜ ਹੁੰਦੀ ਹੈ। ਸੰਸਾਰ ਦੇ ਇਤਿਹਾਸ ਤੋਂ ਵੀ ਪਤਾ ਲਗਦਾ ਹੈ ਕਿ ਬਹੁਤ ਸਾਰੀਆਂ ਸਭਿਆਤਾਵਾਂ ਦਾ ਵਿਕਾਸ ਖੁੱਲ੍ਹੇ ਦਰਿਆਵਾਂ ਕਿਨਾਰੇ ਹੀ ਹੋਇਆ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹੁਕਮ ਅਨੁਸਾਰ ਬਿਆਸ ਦਰਿਆ ਦੇ ਕਿਨਾਰੇ ਗੋਇੰਦਵਾਲ ਨਗਰ ਵਸਾਇਆ ਸੀ:

*ਕਰਹੁ ਬਸਾਵਨਿ ਸੁੰਦਰ ਪੁਰੀ। ਜਨੁ ਗੁਰ ਕੀਰਤਿ ਕੀ ਹੁਇ ਪੁਰੀ॥*[੯]

ਸ੍ਰੀ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਨਗਰ ਲਾਹੌਰ-ਪੱਟੀ-ਸੁਲਤਾਨਪੁਰ ਲੋਧੀ, ਲੋਧੀ-ਦਿੱਲੀ ਸ਼ਾਹਰਾਹ ਉਤੇ ਬਿਆਸ ਦਰਿਆ ਦੇ ਪੱਤਣ 'ਤੇ ਵਸਾਇਆ। ਸ੍ਰੀ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਿਚ ਕਈ ਵਪਾਰੀ ਤੇ ਕਿਰਤੀ ਲਿਆ ਕੇ ਵਸਾਏ। ਇਸ ਇਲਾਕੇ ਵਿਚ ਸਰੋਂ, ਤੋਰੀਆ ਤੇ ਗੰਨੇ ਦੀ ਫ਼ਸਲ ਆਮ ਹੁੰਦੀ ਹੈ। ਗੁਰੂ ਸਾਹਿਬ ਨੇ ਇਸ ਨਗਰ ਵਿਚ ਤੇਲ ਕੱਢਣ ਤੇ ਗੁੜ ਬਣਾਉਣ ਦੇ ਉਦਯੋਗ ਸਥਾਪਿਤ ਕਰਵਾਏ। ਧਰਮ ਪ੍ਰਚਾਰ ਕੇਂਦਰ ਨੂੰ ਵਪਾਰ ਤੇ ਉਦਯੋਗ ਨਾਲ ਜੋੜਨਾ ਅਸਲ ਵਿਚ ਨਗਰਾਂ ਤੇ ਸ਼ਹਿਰਾਂ ਨੂੰ ਆਰਥਿਕ ਆਧਾਰ ਦੇਣ ਦਾ ਉਪਰਾਲਾ ਸੀ।[੧੦]

ਇਸ ਤਰ੍ਹਾਂ ਗੋਇੰਦਵਾਲ ਵਿਚ ਲੂਣ ਤੇ ਗੁੜ ਦੀ ਮੰਡੀ ਸਥਾਪਿਤ ਹੋ ਗਈ। ਹਲਵਾਈਆਂ ਨੇ ਇਕ ਖ਼ਾਸ ਕਿਸਮ ਦੀ ਬੂੰਦੀ ਜੋ ਗੁੜ ਤੇ ਦੇਸੀ ਘਿਉ ਨਾਲ ਬਣਦੀ ਸੀ, ਬਣਾਉਣੀ ਸ਼ੁਰੂ ਕਰ ਦਿੱਤੀ। ਦਰਿਆ ਦੇ ਕੰਢੇ ਕਈ ਮਲਾਹ ਆਣ ਵੱਸੇ। ਬੇਟ ਵਿਚ ਉੱਗੇ ਸਰਕੰਡੇ ਤੇ ਹੋਰ ਘਾਹ ਤੋਂ ਫੂਹੜ, ਮੂਹੜੀ, ਸੁਤੜੀ ਤੇ ਸਣ ਦੇ ਧੰਦੇ ਸ਼ੁਰੂ ਹੋ ਗਏ ਤੇ ਰੱਸੇ-ਰੱਸੀਆਂ ਵੱਟੇ ਜਾਣ ਲੱਗੇ।[੧੧] ਇਸ ਤਰ੍ਹਾਂ ਗੁਰੂ ਜੀ ਨੇ ਬਿਆਸ ਦਰਿਆ ਕੰਢੇ ਗੋਇੰਦਵਾਲ ਨਗਰ ਵਸਾ ਕੇ ਇਕ ਨਵੇਂ ਸਭਿਆਚਾਰ ਦੇ ਨਾਲ ਸਿੱਖ ਪੰਥ ਨੂੰ ਆਰਥਿਕ ਖੁਸ਼ਹਾਲੀ ਵੀ ਦਿੱਤੀ।

### ੨.੨ ਗੁਰੂ ਸਾਹਿਬਾਨ ਦੇ ਗੁਰਪੁਰਬ ਮਨਾਉਣ ਦੀ ਪਰੰਪਰਾ ਸਥਾਪਿਤ ਕਰਨੀ

ਸ੍ਰੀ ਗੁਰੂ ਅਮਰਦਾਸ ਜੀ ਨੇ ਪਹਿਲੇ ਦੋ ਗੁਰੂ ਸਾਹਿਬਾਨ ਦੇ ਗੁਰਪੁਰਬ ਮਨਾਉਣ ਦੀ ਰੀਤ ਤੋਰੀ ਸੀ। ਜਦੋਂ ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਜੀ ਨੂੰ ਖਡੂਰ ਸਾਹਿਬ ਗੁਰਿਆਈ ਪ੍ਰਾਪਤੀ ਪਿੱਛੋਂ ਗੋਇੰਦਵਾਲ ਸਾਹਿਬ ਆਉਣ ਲੱਗੇ ਤਾਂ ਉਦੋਂ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਗੁਰਪੁਰਬ ਸੀ। ਆਪ ਜੀ ਗੁਰਪੁਰਬ ਮਨਾ ਕੇ ਹੀ ਗੋਇੰਦਵਾਲ ਆਏ ਸਨ। 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਇਸ ਦਾ ਜ਼ਿਕਰ ਇਵੇਂ ਮਿਲਦਾ ਹੈ:

*ਗੁਰਪੁਰਬ ਆਦਿ ਕਰਿਕੈ ਖਡੂਰ। ਗੋਇੰਦਵਾਲ ਪਹੁੰਚੇ ਹਦੂਰ।*[੧੨]

### ੨.੩ ਮੰਜੀ ਸੰਸਥਾ

ਜਿਵੇਂ-ਜਿਵੇਂ ਪੰਥ ਦਾ ਵਿਕਾਸ ਹੁੰਦਾ ਗਿਆ ਤਿਵੇਂ-ਤਿਵੇਂ ਪੰਥ ਅੰਦਰ ਗੁਰੂ ਸਾਹਿਬਾਨ ਨੇ ਨਵੇਂ ਪ੍ਰਬੰਧ ਅਤੇ ਸੰਸਥਾਵਾਂ ਨੂੰ ਪ੍ਰਗਟ ਕੀਤਾ। ਸ੍ਰੀ ਗੁਰੂ ਅਮਰਦਾਸ ਜੀ ਨੇ ਜਿਹੜੀ ਸੰਸਥਾ ਪ੍ਰਗਟ ਕੀਤੀ ਉਹ ਮੰਜੀ ਸੰਸਥਾ ਸੀ। 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਇਸ ਬਾਰੇ ਇਸ ਤਰ੍ਹਾਂ ਜ਼ਿਕਰ ਹੈ:

*ਦ੍ਵੈ ਬਿੰਸਤ ਦਿੱਲੀ ਉਮਰਾਵ। ਤਿਤੇ ਸਿਖ ਮੰਜੀ ਸੁ ਬਿਠਾਵ॥*[੧੩]

ਮੰਜੀ ਪ੍ਰਬੰਧ ਦੀ ਸਥਾਪਨਾ ਸਮਕਾਲੀ ਲੋੜ ਵਿੱਚੋਂ ਪੈਦਾ ਹੋਈ ਸੀ। ਇਹ ਸ੍ਰੀ ਗੁਰੂ ਅਮਰਦਾਸ ਜੀ ਦੇ ਥਾਉਂ-ਥਾਈਂ ਸਥਾਪਿਤ ਕੀਤੇ ਸਿੱਖੀ ਦੇ ਪ੍ਰਚਾਰ ਕੇਂਦਰ ਸਨ ਜਿਨ੍ਹਾਂ ਦੀ ਗਿਣਤੀ ਬਾਈ (੨੨) ਸੀ। ਇਹ ਇਕ ਤਰ੍ਹਾਂ ਦਾ ਅਹੁਦਾ ਸੀ ਤੇ ਅਧਿਕਾਰ ਪੱਖੋਂ ਸਿੱਖ ਪੰਥ ਵਿਚ ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਸਿੱਖਾਂ ਨੂੰ ਬਖਸ਼ਿਆ ਜਾਣ ਵਾਲਾ ਸਭ ਤੋਂ ਵੱਡਾ ਸਤਿਕਾਰਤ ਸਨਮਾਨ ਸੀ।[੧੪] ਮੰਜੀ ਸੰਸਥਾ ਨੇ ਸਿੱਖੀ ਦਾ ਪ੍ਰਚਾਰ ਪਿੰਡਾਂ ਦੀਆਂ ਸੱਥਾਂ ਵਿਚ ਲੈ ਆਂਦਾ ਸੀ।

### ੨.੪ ਵਰਨ ਵੰਡ ਦਾ ਭਰਮ ਤੋੜਿਆ

ਬ੍ਰਾਹਮਣ ਦੁਆਰਾ ਸਥਾਪਿਤ ਵਰਨ ਵੰਡ ਨੂੰ ਤੋੜ ਕੇ ਗੁਰੂ ਸਾਹਿਬ ਨੇ ਸਮਾਜ ਵਿਚ ਇਕਸਾਰਤਾ ਲਿਆਉਣ ਦਾ ਜਤਨ ਕੀਤਾ। ਗੁਰੂ ਸਾਹਿਬ ਅਨੁਸਾਰ ਸਾਰੇ

ਅਖੌਤੀ ਵਰਨ ਇੱਕੋ ਪਰਮਾਤਮਾ ਦੇ ਹੀ ਰੂਪ ਹਨ:

*ਵਰਨ ਰੂਪ ਵਰਤਹਿ ਸਭ ਤੇਰੇ॥*
*ਮਰਿ ਮਰਿ ਜੰਮਹਿ ਫੇਰ ਪਵਹਿ ਘਣੇਰੇ॥*[੧੫]

ਸ੍ਰੀ ਗੁਰੂ ਅਮਰਦਾਸ ਜੀ ਨੇ ਜਾਤ ਦਾ ਹੰਕਾਰ ਕਰਨ ਵਾਲਿਆਂ ਨੂੰ ਮੂਰਖ ਕਿਹਾ ਅਤੇ ਸਿੱਖਿਆ ਦਿੱਤੀ ਕਿ ਜਾਤ ਦੇ ਹੰਕਾਰ ਕਰਕੇ ਮਨੁੱਖ ਅੰਦਰ ਕਈ ਵਿਕਾਰ ਜਨਮ ਲੈਂਦੇ ਹਨ-

*ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥*
*ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥*[੧੬]

## ੨.੫ ਬਾਉਲੀ ਸਾਹਿਬ ਦਾ ਨਿਰਮਾਣ

ਗੁਰੂ ਸਾਹਿਬਾਨ ਵੱਲੋਂ ਕਰਵਾਏ ਗਏ ਹਰੇਕ ਕਾਰਜ ਅਤੇ ਪ੍ਰਗਟ ਕੀਤੀ ਗਈ ਹਰੇਕ ਸੰਸਥਾ ਪਿੱਛੇ ਗੁੱਝਾ ਕਾਰਨ ਅਤੇ ਉਦੇਸ਼ ਛੁਪਿਆ ਹੋਇਆ ਹੈ। ਹਰੇਕ ਕਾਰਜ ਅਤੇ ਸੰਸਥਾ ਸਿੱਧਾਂਤਬੱਧ ਤਰੀਕੇ ਨਾਲ ਮਨੁੱਖੀ ਜੀਵਾਂ ਦੇ ਹਲਤ ਪਲਤ ਨਾਲ ਸੰਬੰਧਿਤ ਹੈ। ਅਜਿਹਾ ਹੀ ਕਰਵਾਇਆ ਗਿਆ ਇਕ ਕਾਰਜ ਬਾਉਲੀ ਸਾਹਿਬ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਸਮਾਜ ਅੰਦਰ ਫੈਲੀ ਵਰਨ ਵੰਡ ਨੂੰ ਬਾਣੀ ਰਾਹੀਂ ਤੋੜਿਆ, ਉੱਥੇ ਹੀ ਇਸ ਨੂੰ ਵਿਵਹਾਰਕ ਰੂਪ ਵਿਚ ਤੋੜਨ ਲਈ ਬਾਉਲੀ ਦਾ ਨਿਰਮਾਣ ਕਰਵਾਇਆ। ਉਸ ਸਮੇਂ ਦੇ ਸਮਾਜ ਵਿਚ ਪਾਣੀ ਦੀ ਵੀ ਭਿੱਟ ਸੀ। ਬ੍ਰਾਹਮਣਵਾਦ ਨੇ ਵਰਨ ਵੰਡ ਅਨੁਸਾਰ ਹੀ ਪਾਣੀ ਦੇ ਸਰੋਤ ਨਿਸ਼ਚਿਤ ਕਰ ਦਿੱਤੇ ਸਨ। ਇਹ ਪਾਣੀ ਦੀ ਭਿੱਟ ਵਗਦੇ ਪਾਣੀ ਦੀ ਬਜਾਏ ਖਲੋਤੇ ਪਾਣੀ ਵਿਚ ਜ਼ਿਆਦਾ ਮੰਨੀ ਜਾਂਦੀ ਸੀ । ਸ੍ਰੀ ਗੁਰੂ ਅਮਰਦਾਸ ਜੀ ਨੇ ਦੇਖਿਆ ਕਿ ਸੰਗਤ, ਲੰਗਰ ਅਤੇ ਪੰਗਤ ਦੀ ਸੰਸਥਾ ਨੇ ਖਾਣ-ਪੀਣ, ਉਠਣ-ਬੈਠਣ, ਉਚ-ਨੀਚ ਦੀ ਭਿੱਟ ਤਾਂ ਖਤਮ ਕਰ ਦਿੱਤੀ, ਪਰ ਪਾਣੀ ਦੀ ਭਿੱਟ ਦਾ ਵਹਿਮ ਸਾਰਿਆਂ ਵਰਨਾਂ ਦੇ ਲੋਕਾਂ ਨੂੰ ਇਕ ਥਾਂ ਖਲੋਤੇ ਜਲ ਵਿਚ ਇਸ਼ਨਾਨ ਕਰਾ ਕੇ ਖਤਮ ਕੀਤਾ ਜਾ ਸਕਦਾ ਹੈ। ਇਸ ਕਰਕੇ ਗੁਰੂ ਸਾਹਿਬ ਨੇ ਬਾਉਲੀ ਬਣਾਉਣ ਦੀ ਸੇਵਾ ਸ਼ੁਰੂ ਕਰਵਾਈ। ਕਵੀ ਸੰਤ ਰੇਣ ਪ੍ਰੇਮ ਸਿੰਘ ਅਨੁਸਾਰ ਗੁਰੂ ਜੀ ਨੇ ਕੱਤਕ ਦੀ ਪੁੰਨਿਆ ਵਾਲੇ ਦਿਨ ਬਾਉਲੀ ਦਾ ਟੱਕ ਲਾ ਕੇ ਇਸ ਦੀ ਸੇਵਾ ਅਰੰਭੀ:

*ਸੰਮਤ ਵਸੁ ਗ੍ਰਹਿ ਜਬ ਆਯੋ। ਕਾਤਕ ਪੁੰਨਮ ਪੁਰਬ ਸੁਹਾਯੋ।*
*ਸ੍ਰੀ ਗੁਰ ਨੇ ਅਸ ਪੁਰਬ ਨਿਹਾਰਾ। ਨਿਕਸੇ ਵਹਿਰ ਅਨੰਦ ਉਦਾਰਾ॥*[੧੭]

ਬਾਉਲੀ ਦੀ ਸੇਵਾ ਦਾ ਇਕ ਹੋਰ ਪੱਖ ਵੀ ਸੀ ਕਿ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਗੁਰੂ ਜੋਤਿ ਨੂੰ ਯੋਗ ਹਿਰਦੇ ਅੰਦਰ ਟਿਕਾਉਣ ਲਈ ਸਰੀਰ ਦੀ ਚੋਣ ਵੀ ਬਾਉਲੀ ਦੀ ਕਾਰ-ਸੇਵਾ ਦੌਰਾਨ ਹੀ ਨਿਰਧਾਰਿਤ ਹੋਈ ਸੀ। ਸ੍ਰੀ ਗੁਰੂ ਰਾਮਦਾਸ ਜੀ ਉਹ ਸੇਵਾ ਭਾਈ ਜੇਠਾ ਜੀ ਦੇ ਰੂਪ ਵਿਚ ਕਰ ਰਹੇ ਸਨ। ਗੁਰੂ ਜੀ ਨੇ ਇਸ ਬਾਉਲੀ

ਰਾਹੀਂ ਬ੍ਰਾਹਮਣਵਾਦ ਦੀ ਸਥਾਪਿਤ ਕੀਤੀ ਵਰਨ ਵੰਡ ਹੀ ਖਤਮ ਨਹੀਂ ਕੀਤੀ ਸਗੋਂ ਬਾਉਲੀ ਵਿਚ ਇਸ਼ਨਾਨ ਕਰਨ ਵਾਲਿਆਂ ਦੀ ਆਵਾਗਵਣ ਦੀ ਚੁਰਾਸੀ ਵੀ ਕੱਟ ਦਿੱਤੀ ਸੀ। ਮਹਾਂਕਵੀ ਸੰਤੋਖ ਸਿੰਘ ਲਿਖਦੇ ਹਨ:

*ਬਾਰਿ ਚੁਰਾਸੀ ਕਰਹਿ ਸ਼ਨਾਨ। ਇਤਨੇ ਜਪੁਜੀ ਪਾਠ ਬਖਾਨ।*
*ਸਤਿਗੁਰ ਮੂਰਤਿ ਕਰਿਕੈ ਧਯਾਨ। ਮਿਟਹਿ ਚੁਰਾਸੀ ਆਵਨਿ ਜਾਨਿ॥*[੧੮]

ਇਸ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਬਾਉਲੀ ਸਾਹਿਬ ਰਚ ਕੇ ਜੀਵਾਂ ਉਪਰ ਮਹਾਨ ਪਰਉਪਕਾਰ ਕੀਤਾ ਹੈ।

## ੨.੬ ਇਸਤਰੀਆਂ ਦੀ ਪਰਦੇ ਦੀ ਰੀਤ ਖਤਮ ਕਰਨੀ

ਸਮਾਜ ਦੀਆਂ ਬਾਕੀ ਕੁਰੀਤੀਆਂ ਵਾਂਗ ਇਸਤਰੀ ਨੂੰ ਪਰਦੇ (ਘੁੰਡ) ਵਿਚ ਰੱਖਣਾ ਵੀ ਇਕ ਸਮਾਜਿਕ ਕੁਰੀਤੀ ਸੀ। ਇਹ ਕੁਰੀਤੀ ਮਰਦ ਅਤੇ ਇਸਤਰੀ ਵਿਚ ਇਕ ਵੱਡਾ ਵਿਤਕਰਾ ਪੈਦਾ ਕਰਦੀ ਸੀ। ਗੁਰੂ ਜੀ ਨੇ ਗੁਰ ਦਰਬਾਰ ਅੰਦਰ ਇਸਤਰੀ ਨੂੰ ਘੁੰਡ ਕੱਢ ਕੇ ਰੱਖਣ ਤੋਂ ਮਨ੍ਹਾਂ ਕੀਤਾ ਸੀ। ਇਕ ਵਾਰ ਹਰੀਪੁਰ ਦੇ ਰਾਜੇ ਦੀ ਰਾਣੀ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੀ ਸੀ ਪਰ ਗੁਰੂ ਜੀ ਨੇ ਕਿਹਾ ਕਿ ਸਫ਼ੈਦ ਕੱਪੜੇ ਪਹਿਨ ਕੇ ਬਿਨਾਂ ਘੁੰਡ ਤੋਂ ਦਰਸ਼ਨ ਕਰਨ। ਮਹਾਂਕਵੀ ਸੰਤੋਖ ਸਿੰਘ ਲਿਖਦੇ ਹਨ:

*ਸਭਿ ਸੋਂ ਕਹਹੁ ਸ੍ਵੈਤ ਕਰਿ ਪੋਸ਼ਸ਼ ਮੁਖ ਕੋ ਨਹੀਂ ਛਪਾਵਹਿ ਕੋਇ।*[੧੯]

ਪਰ ਉਹ ਰਾਣੀ ਗੁਰੂ ਜੀ ਦੀ ਆਗਿਆ ਦੇ ਉਲਟ ਪਰਦਾ ਕਰ ਕੇ ਆ ਗਈ। ਗੁਰੂ ਜੀ ਨੇ ਕਿਹਾ ਕਿ ਇਹ ਝੱਲੀ ਕੌਣ ਹੈ? ਉਹ ਉਸ ਵੇਲੇ ਝੱਲੀ ਹੋ ਗਈ। ਸੰਗਤ ਨੇ ਉਸ ਰਾਣੀ ਦੀ ਭੁੱਲ ਬਖਸ਼ਾਈ। ਇਸ ਸਾਖੀ ਤੋਂ ਬਾਅਦ ਸਿੱਖ ਬੀਬੀਆਂ ਵਿੱਚੋਂ ਪਰਦੇ ਦੀ ਰਸਮ ਬਿਲਕੁਲ ਖਤਮ ਹੋ ਗਈ ਸੀ।

## ੨.੭ ਪੰਗਤ ਰਾਹੀਂ ਊਚ-ਨੀਚ ਤੋੜਨੀ

ਉਸ ਸਮੇਂ ਦੇ ਸਮਾਜ ਅੰਦਰ ਇਕ ਪੰਗਤ ਵਿਚ ਬੈਠ ਕੇ ਪਰਸ਼ਾਦਾ ਛਕਣ ਦੀ ਵੀ ਊਚ-ਨੀਚ ਦੀ ਭਿੱਟ ਸੀ। ਇਸ ਬੁਰਾਈ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਤੋੜ ਦਿੱਤਾ ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ਅਜਿਹੀ ਬੁਰਾਈ ਨੂੰ ਖਤਮ ਕਰਨ ਲਈ ਸੰਗਤ ਨੂੰ ਵਿਸ਼ੇਸ਼ ਹੁਕਮ ਕੀਤਾ ਕਿ 'ਪਹਿਲੇ ਪੰਗਤ ਪਾਛੈ ਸੰਗਤ' ਭਾਵ ਕਿ ਸਾਡੇ ਦਰਸ਼ਨਾਂ ਤੋਂ ਪਹਿਲਾਂ ਹਰੇਕ ਪ੍ਰਾਣੀ ਨੂੰ ਲੰਗਰ ਵਿੱਚੋਂ ਪਰਸ਼ਾਦਾ ਛਕਣਾ ਪਵੇਗਾ। ਇਸ ਨਾਲ ਇੱਕੋ ਪੰਗਤ ਵਿਚ ਰਾਣਾ ਰੰਕ ਬਰਾਬਰ ਬੈਠ ਕੇ ਪਰਸ਼ਾਦਾ ਛਕ ਰਹੇ ਸਨ।

## ੨.੮ ਸਤੀ ਪ੍ਰਥਾ ਬੰਦ ਕਰਵਾਉਣੀ

ਮੱਧਕਾਲੀਨ ਸਮਾਜ ਅੰਦਰ ਪਤੀ ਦੀ ਮ੍ਰਿਤਕ ਦੇਹ ਨਾਲ ਵਿਧਵਾ ਇਸਤਰੀ ਦੇ ਸੜ ਮਰਨ ਦਾ ਭੈੜਾ ਰਿਵਾਜ ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ਸਿਰਫ ਸਤੀ

ਪ੍ਰਥਾ ਦੇ ਵਿਰੋਧ ਕਰਕੇ ਇਸ ਨੂੰ ਖਤਮ ਹੀ ਨਹੀਂ ਕੀਤਾ ਸਗੋਂ ਸਤੀ ਦੇ ਅਰਥ ਵੀ ਬਦਲ ਦਿੱਤੇ। ਗੁਰੂ ਜੀ ਕਹਿਣ ਲੱਗੇ ਕਿ ਜਿਹੜੀ ਇਸਤਰੀ ਪਤੀ ਦੇ ਮਰਨ 'ਤੇ ਪਤੀ ਦੀ ਯਾਦ, ਪਿਆਰ ਨੂੰ ਵਿਸਾਰਦੀ ਨਹੀਂ, ਉਹ ਸਤੀ ਹੈ:

*ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ੍॥*
*ਨਾਨਕ ਸਤੀਆ ਜਾਣੀਅਨਿ੍ ਜਿ ਬਿਰਹੇ ਚੋਟ ਮਰੰਨਿ੍॥*[੨੦]

## ੨.੯ ਜੰਮਦੀਆਂ ਧੀਆਂ ਨੂੰ ਮਾਰਨ ਦਾ ਰਿਵਾਜ

ਮੱਧਕਾਲੀਨ ਸਮਾਜ ਅੰਦਰ ਇਕ ਬੁਰਾਈ ਕੁੜੀਆਂ ਨੂੰ ਜੰਮਦਿਆਂ ਮਾਰਨ ਦੀ ਸੀ। ਇਸ ਲਈ ਕਈ ਤਰੀਕੇ ਵਰਤੇ ਜਾਂਦੇ ਸਨ। ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖਾਂ ਨੂੰ 'ਕੁੜੀ ਮਾਰ' ਨਾਲ ਸਾਂਝ ਰੱਖਣ ਤੋਂ ਵਰਜਿਆ ਅਤੇ ਪ੍ਰਚਾਰ ਰਾਹੀਂ ਇਸ ਕੁਰੀਤੀ ਨੂੰ ਖਤਮ ਕਰਨ ਦਾ ਜਤਨ ਕੀਤਾ। ਗੁਰੂ ਜੀ ਨੇ ਆਪਣੀ ਬਾਣੀ ਰਾਹੀਂ ਇਸ ਕੁਰੀਤੀ ਵਿਰੁੱਧ ਇਸ ਤਰ੍ਹਾਂ ਅਵਾਜ਼ ਉਠਾਈ:

*ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ॥*
*ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ॥*[੨੧]

## ੨.੧੦ ਗੁਰੂ ਜੀ ਨੇ ਆਪਣੇ ਜੀਵਨ ਰਾਹੀਂ ਸਿੱਖਾਂ ਨੂੰ ਸੰਜਮ ਦਿੱਤਾ

ਸੰਜਮ ਮਨੁੱਖ ਦੇ ਮਨੋਵੇਗਾਂ, ਵਿਕਾਰਾਂ 'ਤੇ ਕਾਬੂ ਪਾਉਣ ਦਾ ਬਿਹਤਰ ਗੁਣ ਹੈ। ਸੰਜਮ ਇੰਨਾ ਵੱਡਾ ਗੁਣ ਹੈ ਕਿ ਸੰਜਮੀ ਮਨੁੱਖ ਦਾ ਆਵਾਗਵਣ ਕੱਟਿਆ ਜਾਂਦਾ ਹੈ: *ਸਚੁ ਸੰਜਮੁ ਕਰਣੀ ਕਿਰਤਿ ਕਮਾਵਹਿ ਆਵਣ ਜਾਣੁ ਰਹਾਈ॥*[੨੨]

ਗੁਰੂ ਜੀ ਨੇ ਲੰਗਰ ਅੰਦਰ ਅਨਾਜ ਭੰਡਾਰ ਕਰਨ ਤੋਂ ਰੋਕਿਆ ਸੀ। ਉਸ ਸਮੇਂ ਅਨਾਜ ਦੀ ਕਮੀ ਸੀ ਤੇ ਅਨਾਜ ਨੂੰ ਭੰਡਾਰ ਕਰਨ ਦਾ ਭਾਵ ਕਈਆਂ ਨੂੰ ਭੁੱਖੇ ਰੱਖਣਾ ਸੀ। ਲੰਗਰ ਵਿਚ ਅਨਾਜ ਹਰ ਰੋਜ਼ ਨਵਾਂ ਆਉਂਦਾ ਸੀ। ਇਹ ਸੰਜਮ ਦੀ ਹੀ ਨਿਸ਼ਾਨੀ ਹੈ:

*ਦੁਤਿਯ ਰਹਹਿ ਨਹਿਂ ਸਦਨ ਮੈਂ ਐਸੇ ਕਹਿ ਦੀਨਾ।*
*ਖੈਬੇ ਹੇਤ ਜੁ ਅੰਨ ਹੁਇ ਨਿਤਿ ਆਇ ਨਵੀਨਾ॥*[੨੩]

ਇਹ ਸੰਜਮ ਸੰਗਤ ਦੀਆਂ ਭੇਟਾਵਾਂ 'ਤੇ ਵੀ ਲਾਗੂ ਸੀ, ਜਿਸ ਵਿਚ ਗੁਰੂ ਜੀ ਕੇਵਲ ਇੱਕ ਦਿਨ ਦੇ ਖਰਚ ਜਿੰਨੀ ਹੀ ਭੇਟਾ ਲੈਂਦੇ ਸਨ:

*ਏਕ ਦਿਵਸ ਕੇ ਖਰਚਿ ਕੋ ਲੇਵਹਿਂ ਤਿਨ ਪਾਸੇ॥*
*ਔਰ ਹਟਾਇ ਸੁ ਦੇਤਿ ਤਿਨ ਨਹਿਂ ਰਖਹਿਂ ਅਵਾਸੇਂ॥*[੨੪]

ਗੁਰੂ ਜੀ ਦਾ ਇਹ ਵਿਵਹਾਰ ਸਿੱਖਾਂ ਅੰਦਰ ਸੰਜਮ ਕਾਇਮ ਕਰਨ ਲਈ ਸੀ।

## ੨.੧੧ ਟੈਕਸ ਨਾ ਦੇ ਕੇ ਸਿੱਖ ਪੰਥ ਦੇ ਨਿਆਰੇਪਨ ਅਤੇ ਨਿਰਭੈਤਾ ਨੂੰ ਹਕੂਮਤ ਅੱਗੇ ਰੱਖਣਾ

ਪ੍ਰਚਾਰ ਦੌਰੇ ਦੌਰਾਨ ਗੁਰੂ ਜੀ ਜਦ ਜਮਨਾ ਨਦੀ ਪਾਰ ਕਰਨ ਲੱਗੇ ਤਾਂ ਜਗਾਤੀ

ਟੈਕਸ ਵਸੂਲਣ ਲਈ ਆ ਪਹੁੰਚੇ। ਪਰ ਸਿੱਖ ਪੰਥ ਦੀ ਮਹਿਮਾ ਅਤੇ ਨਿਆਰੇਪਨ ਨੂੰ ਦੇਖ ਕੇ ਉਹ ਡਰ ਗਏ। ਉਨ੍ਹਾਂ ਨੇ ਸਿੱਖ ਸੰਗਤ ਕੋਲੋਂ ਜ਼ਜੀਆ ਨਾ ਲਿਆ, ਸਗੋਂ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਏ। ਮਹਾਂਕਵੀ ਸੰਤੋਖ ਸਿੰਘ ਲਿਖਦੇ ਹਨ:

*ਤ੍ਰਾਸਤ ਭਏ ਜਗਾਤੀ ਹੇਰ। ਨਹੀਂ ਜੇਜਵਾ ਲੀਨਸਿ ਘੇਰ।*

*ਡਰ ਕਰਿ ਨਮੋ ਕਰੀ ਪਗ ਆਇ। ਹਾਥ ਜੋਰ ਬੋਲੇ ਹਿਤ ਪਾਇ॥*[੨੫]

ਸ੍ਰੀ ਗੁਰੂ ਰਾਮਦਾਸ ਜੀ ਆਪਣੀ ਬਾਣੀ ਵਿਚ ਜ਼ਿਕਰ ਕਰਦੇ ਹਨ ਕਿ ਗੁਰੂ ਜੀ ਨੇ ਜਮਨਾ ਪਾਰ ਕਰਨ ਸਮੇਂ ਅਤੇ ਗੰਗਾ ਕੰਢੇ ਜਾਗਾਤੀਆਂ ਨੂੰ ਕੋਈ ਟੈਕਸ ਨਾ ਦਿੱਤਾ। ਗੰਗਾ ਦੇ ਕੰਢੇ ਜਾਗਾਤੀਆਂ ਦੇ ਚਲੇ ਜਾਣ ਦਾ ਜ਼ਿਕਰ ਗੁਰੂ ਜੀ ਨੇ ਬਾਣੀ ਵਿਚ ਇਸ ਤਰ੍ਹਾਂ ਕੀਤਾ ਹੈ:

*ਜਾਗਾਤੀਆ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ*

*ਭੰਨਿ ਬੋਲਕਾ ਸਭਿ ਉਠਿ ਗਇਆ॥*[੨੬]

ਜਜੀਆ ਦੇਣਾ ਗ਼ੁਲਾਮੀ ਦਾ ਪ੍ਰਤੀਕ ਸੀ ਅਤੇ ਜਜੀਆ ਨਾ ਦੇਣਾ ਸਿੱਖ ਪੰਥ ਦੇ ਪਾਤਸ਼ਾਹੀ ਦਾਅਵੇ ਦਾ ਪ੍ਰਤੀਕ ਸੀ।

## ੨.੧੨ ਗੁਰੂ ਜੀ ਨੇ ਬਾਣੀ ਰਾਹੀਂ ਸਿੱਖਾਂ ਨੂੰ ਰਾਜਨੀਤਿਕ ਮਾਡਲ ਦਿੱਤਾ

ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖਾਂ ਨੂੰ ਦੱਸਿਆ ਕਿ ਅਕਾਲ ਪੁਰਖ ਦਾ ਰਾਜ ਸਦਾ ਰਹਿਣ ਵਾਲਾ ਹੈ। ਉਸਨੂੰ ਨਾ ਕੋਈ ਰਾਜ ਦਿੰਦਾ ਹੈ ਨਾ ਕੋਈ ਰਾਜ ਖੋਹ ਸਕਦਾ ਹੈ:

*ਨਿਹਚਲ ਰਾਜੁ ਹੈ ਸਦਾ ਤਿਸੁ ਕੇਰਾ ਨਾ ਆਵੈ ਨਾ ਜਾਈ॥*[੨੭]

ਉਸ ਅਕਾਲ ਪੁਰਖ ਤੋਂ ਬਿਨਾਂ ਸਾਡਾ ਹੋਰ ਕੋਈ ਰਾਜਾ ਨਹੀਂ ਹੈ:

*ਤਿਸੁ ਬਿਨੁ ਅਵਰੁ ਨ ਕੋਈ ਰਾਜਾ ਕਰਿ ਤਪਾਵਸੁ ਬਣਤ ਬਣਾਈ॥*[੨੮]

ਸਿੱਖ ਉਸ ਅਕਾਲ ਪੁਰਖ ਦੇ ਹੁਕਮ ਨੂੰ ਮੰਨਦਾ ਹੈ ਜਿਹੜਾ ਜੁਗਾਂ ਜੁਗਾਂ ਤੋਂ ਇਸ ਧਰਤੀ 'ਤੇ ਲਾਗੂ ਹੈ:

*-ਏਕੋ ਅਮਰੁ ਏਕਾ ਪਤਿਸਾਹੀ ਜੁਗੁ ਜੁਗੁ ਸਿਰਿ ਕਾਰ ਬਣਾਈ ਹੇ॥*[੨੯]

ਇਸ ਕਰਕੇ ਸਿੱਖਾਂ ਲਈ ਸੱਚੀ ਸਰਕਾਰ ਵਾਹਿਗੁਰੂ ਹੀ ਹੈ:

*-ਹਰਿ ਜੀਉ ਕੀ ਹੈ ਸਭ ਸਿਰਕਾਰਾ॥*[੩੦]

ਇਸ ਤਰ੍ਹਾਂ ਗੁਰੂ ਪਾਤਸ਼ਾਹ ਨੇ ਲੋਕਾਈ ਨੂੰ ਹਕੂਮਤੀ ਹੁਕਮ ਦੀ ਥਾਂ ਵਾਹਿਗੁਰੂ ਦੇ ਅਟੱਲ ਹੁਕਮ ਨੂੰ ਮੰਨਣ ਲਈ ਕਿਹਾ, ਜਿਸ ਹੁਕਮ ਨੂੰ ਮੰਨ ਕੇ ਹੀ ਸੁਖ ਪ੍ਰਾਪਤ ਹੁੰਦਾ ਹੈ।

## ੨.੧੩ ਪਿੰਡਾਂ ਵਿਚ ਧਰਮਸ਼ਾਲਾਵਾਂ ਦੀ ਸਥਾਪਨਾ ਕਰਵਾਉਣਾ

ਗੁਰੂ ਜੀ ਨੇ ਸਿੱਖਾਂ ਨੂੰ ਕਿਹਾ ਕਿ ਪਿੰਡਾਂ ਵਿਚ ਧਰਮਸ਼ਾਲਾਵਾਂ ਸਥਾਪਿਤ ਕਰੋ। ਨਾਮ ਦਾਨ ਇਸ਼ਨਾਨ ਦ੍ਰਿੜ੍ਹ ਕਰਵਾ ਕੇ ਸਾਰੇ ਇਲਾਕੇ ਨੂੰ ਪਵਿੱਤਰ ਕਰੋ। ਮਹਾਂਕਵੀ

ਸੰਤੋਖ ਸਿੰਘ ਇਸ ਬਾਰੇ ਲਿਖਦੇ ਹਨ:

*ਧਰਮਸਾਲ ਸਭਿ ਗ੍ਰਾਮ ਕਰਾਵਹੁ। ਭਜਨ ਕੀਰਤਨ ਕਰਿ ਸੁਖ ਪਾਵਹੁ॥...*
*ਨਾਮ ਦਾਨ ਇਸ਼ਨਾਨ ਦ੍ਰਿੜਾਇ। ਪਾਵਨ ਦੇਸ਼ ਕਰਹੁ ਸਭਿ ਜਾਇ।*[੩੧]

### ੨.੧੪ ਵੈਸਾਖੀ ਦਾ ਜੋੜ-ਮੇਲ ਸ਼ੁਰੂ ਕਰਾਉਣਾ

ਭਾਈ ਪਾਰੋ ਜੀ ਨੇ ਇਕ ਵਾਰ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਸੰਗਤ ਵੱਖ-ਵੱਖ ਜਥਿਆਂ ਵਿਚ ਵੱਖ-ਵੱਖ ਦਿਨ ਆਉਂਦੀ ਹੈ। ਸਾਰੀ ਸੰਗਤ ਲਈ ਸਾਲ ਵਿਚ ਕੋਈ ਇੱਕ ਦਿਨ ਜੋੜ ਮੇਲ ਦਾ ਹੋਣਾ ਚਾਹੀਦਾ ਹੈ। ਇਸ ਜੋੜ ਮੇਲ ਨਾਲ ਸੰਗਤ ਭਾਈਚਾਰਕ ਤੌਰ 'ਤੇ ਜੁੜੇਗੀ ਤੇ ਸਿੱਖ ਸਮਾਜ ਦੀ ਉਸਾਰੀ ਹੋਰ ਬਿਹਤਰ ਹੋਵੇਗੀ। ਇਸ ਤਰ੍ਹਾਂ ਸਾਰੀ ਸੰਗਤ ਨੂੰ ਸਾਂਝਾ ਉਪਦੇਸ਼ ਵੀ ਦ੍ਰਿੜ੍ਹ ਕਰਵਾਇਆ ਜਾ ਸਕਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਭਾਈ ਪਾਰੋ ਜੀ ਨੂੰ ਕਿਹਾ ਕਿ ਸਾਰੇ ਸਿੱਖ ਵੈਸਾਖੀ ਦੇ ਦਿਹਾੜੇ 'ਤੇ ਗੋਇੰਦਵਾਲ ਸਾਹਿਬ ਇਕੱਤਰ ਹੋਵਣ, ਇਹ ਹੁਕਮ ਸਾਰੀ ਸੰਗਤ ਨੂੰ ਭੇਜੋ:

*ਜੋ ਤੁਮ ਚਿਤਵੀ ਮਮ ਚਿਤ ਸੋਏ। ਸਗਰੇ ਆਵਹਿਂ ਦਿਵਸ ਬਸੋਏ।*
*ਸਭਿ ਸਿੱਖਨ ਕੋ ਲਿਖਹੁ ਪਠਾਵਹੁ। ਗੁਰ ਦਰਸ਼ਨ ਕੋ ਇਕਠੇ ਆਵਹੁ॥*[੩੨]

ਇਸ ਤਰ੍ਹਾਂ ਵੈਸਾਖੀ ਦਾ ਜੋੜ ਮੇਲਾ ਸ੍ਰੀ ਗੁਰੂ ਅਮਰਦਾਸ ਜੀ ਨੇ ਅਰੰਭ ਕਰਵਾਇਆ।

### ੨.੧੫ ਕਥਾ ਅਤੇ ਬਾਣੀ ਦੀਆਂ ਪੋਥੀਆਂ ਲਿਖਣ ਦੀ ਪ੍ਰਥਾ ਨੂੰ ਅੱਗੇ ਤੋਰਿਆ

ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਚੱਲੀ ਆ ਰਹੀ ਕਥਾ ਪਰੰਪਰਾ ਨੂੰ ਜਾਰੀ ਕਰਵਾਇਆ ਸੀ। ਉੱਥੇ ਹੀ ਇਸ ਦੇ ਸੰਬੰਧ ਵਿਚ ਗੁਰਬਾਣੀ ਦੇ ਅਰਥਾਂ ਅਤੇ ਉੱਤਮ ਫਲ ਸੰਬੰਧੀ ਪੋਥੀ ਵੀ ਲਿਖਵਾਈ ਸੀ। ਇਕ ਵਾਰ ਭਾਈ ਬੂਲਾ ਪਾਂਧਾ ਸ੍ਰੀ ਗੁਰੂ ਅਮਰਦਾਸ ਜੀ ਕੋਲ ਆਇਆ ਤੇ ਕਿਹਾ ਕਿ ਆਪ ਜੀ ਕੋਈ ਉਪਦੇਸ਼ ਦਿਉ, ਜਿਸ ਨਾਲ ਮੇਰਾ ਕਲਿਆਣ ਹੋ ਸਕੇ। ਸਤਿਗੁਰਾਂ ਫੁਰਮਾਇਆ ਕਿ ਗੁਰਬਾਣੀ ਪੜ੍ਹ ਕੇ ਪ੍ਰੇਮ ਸਹਿਤ ਉਸ ਦੀ ਕਥਾ ਸੰਗਤ ਵਿਚ ਕਰੋ। ਸਿੱਖਾਂ ਨੂੰ ਗੁਰਮਤਿ ਦਾ ਮਾਰਗ ਦੱਸਣ ਲਈ ਗੁਰਬਾਣੀ ਦੇ ਉਤਮ ਫ਼ਲ ਸੰਬੰਧੀ ਪੋਥੀ ਲਿਖੋ ਤੇ ਸਿੱਖਾਂ ਵਿਚ ਵੰਡੋ। ਮਹਾਂਕਵੀ ਸੰਤੋਖ ਸਿੰਘ ਅਨੁਸਾਰ:

*ਸਤਿ ਸੰਗਤਿ ਮਹਿਂ ਕਰਿਹੁ ਸੁਨਾਵਨਿ। ਗੁਰਮਤਿ ਸਿੱਖਨ ਕੋ ਸਿਖਰਾਵਨਿ।*
*ਪੋਥੀ ਲਿਖਹੁ ਸੁਫਲ ਗੁਰਬਾਨੀ। ਗੁਰ ਨਮਿੱਤ ਦੀਜਹਿ ਸਿੱਖ ਜਾਨੀ॥*[੩੩]

### ਸਾਰੰਸ਼

ਉਪਰੋਕਤ ਤੋਂ ਬਿਨਾਂ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਕਰਵਾਏ ਕਾਰਜਾਂ ਦੀ ਸੂਚੀ ਹੋਰ ਲੰਮੇਰੀ ਹੋ ਸਕਦੀ ਹੈ, ਪਰ ਮਨੁੱਖੀ ਬੁੱਧੀ ਦੀ ਸੀਮਾ ਤੁਛ ਹੈ। '*ਤੂ ਸਮਰਥੁ*

*ਵਡਾ ਮੇਰੀ ਮਤਿ ਥੋਰੀ ਰਾਮ॥* [੩੪] ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਸਿੱਖ ਧਰਮ ਦੇ ਵਿਕਾਸ ਵਿਚ ਪਾਇਆ ਯੋਗਦਾਨ ਬਹੁਤ ਹੀ ਮਹੱਤਵਪੂਰਨ ਅਤੇ ਵਿਸ਼ਾਲ ਹੈ। ਉਨ੍ਹਾਂ ਦੁਆਰਾ ਪਾਏ ਯੋਗਾਦਨ ਨੇ ਸਿੱਖ ਧਰਮ ਨੂੰ ਹੋਰ ਵੀ ਮਜ਼ਬੂਤ ਕੀਤਾ। ਕਲਜੁਗੀ ਜੀਵਾਂ ਪਾਸੋਂ ਸ੍ਰੀ ਗੁਰੂ ਅਮਰਦਾਸ ਜੀ ਦੇ ਪਰਉਪਕਾਰ ਗਿਣਾਏ ਨਹੀਂ ਜਾ ਸਕਦੇ:

*ਤਿਤੁ ਕੁਲਿ ਗੁਰ ਅਮਰਦਾਸੁ ਆਸਾ ਨਿਵਾਸੁ ਤਾਸੁ ਗੁਣ ਕਵਣ ਵਖਾਣਉ॥*
*ਜੋ ਗੁਣ ਅਲਖ ਅਗੰਮ ਤਿਨਹ ਗੁਣ ਅੰਤੁ ਨ ਜਾਣਉ॥*[੩੫]

**ਹਵਾਲੇ :**


੧. *ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੫*

੨. *ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ॥ ਸ੍ਰੀ ਗੁਰੂ ਗ੍ਰੰਥ ਸਾਹਿਬ, ੯੬੮*

੩. *ਕਿਆ ਸਾਲਾਹੀ ਸਚੇ ਪਾਤਿਸਾਹ ਜਾਂ ਤੂ ਸੁਘੜੁ ਸੁਜਾਣੁ॥ ਸ੍ਰੀ ਗੁਰੂ ਗ੍ਰੰਥ ਸਾਹਿਬ,* ੯੬੮

੪. ਸਤਿਬੀਰ ਸਿੰਘ, *ਪਰਬਤੁ ਮੇਰਾਣੁ*, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, ੨੦੦੭, ਪੰਨਾ ੧੧

੫. ਡਾ. ਪਰਮਵੀਰ ਸਿੰਘ, 'ਸ੍ਰੀ ਗੁਰੂ ਅਮਰਦਾਸ', ਵਿਸ਼ਵ ਧਰਮ ਬਾਨੀ, ਗ੍ਰੰਥ ਸੰਪ੍ਰਦਾਇ ਅਤੇ ਚਿੰਤਨ, ਭਾਗ ਪਹਿਲਾ (ਸੰਪਾ.) ਡਾ. ਸਰਬਜਿੰਦਰ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੦੮, ਪੰਨਾ ੨੦੬

੬. *ਉਹੀ*, ਪੰਨਾ ੨੦੯

੭. *ਉਹੀ*, ਪੰਨਾ ੨੧੪

੮. *ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥ ਸ੍ਰੀ ਗੁਰੂ ਗ੍ਰੰਥ ਸਾਹਿਬ, ੯੬੬*

੯. ਮਹਾਂਕਵੀ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ ਪੰਜਵੀਂ (ਸੰਪਾ.) ਡਾ. ਕਿਰਪਾਲ ਸਿੰਘ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੦੮, ਪੰਨਾ ੨੯੦

੧੦. ਡਾ. ਕੁਲਦੀਪ ਸਿੰਘ ਹਉਰਾ, *'ਯਤੀਮ ਬਾਲਕ ਤੋਂ ਸੋਢੀ ਪਾਤਸ਼ਾਹ ਤੱਕ', ਸ੍ਰੀ ਗੁਰੂ ਰਾਮਦਾਸ ਜੀ.* (ਸੰਪਾ.) ਐਮ.ਜੀ. ਗੁਪਤਾ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, ੨੦੦੧, ਪੰਨਾ ੩੩

੧੧. *ਉਹੀ*, ਪੰਨਾ ੩੪

੧੨. ਮਹਾਂਕਵੀ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ ਛੇਵੀਂ, (ਸੰਪਾ.) ਡਾ. ਕਿਰਪਾਲ ਸਿੰਘ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੦੮, ਪੰਨਾ ੪੬

੧੩. *ਉਹੀ*, ਜਿਲਦ ਪੰਜਵੀਂ, ਪੰਨਾ ੧੩੦

੧੪. ਡਾ. ਗੁਰਮੇਲ ਸਿੰਘ, *ਸੁਕ੍ਰਿਤ ਸਿਧਾਂਤ ਤੇ ਵਿਹਾਰ*, ਸੁਕ੍ਰਿਤ ਟਰੱਸਟ, ਲੁਧਿਆਣਾ, ੨੦੦੯, ਪੰਨਾ ੯੮
੧੫. *ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੦*
੧੬. *ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੨੭*
੧੭. ਮਹਾਂਕਵਿ ਸੰਤ ਰੇਣ ਪ੍ਰੇਮ ਸਿੰਘ, *ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ*, ਭਾਗ ਪਹਿਲਾ, ਸੰਤੋਖ ਸਿੰਘ ਗਿਆਨੀ ਪ੍ਰੈਸ, ਅੰਮ੍ਰਿਤਸਰ, ਮਿਤੀਹੀਣ, ਪੰਨਾ ੪੪੭.
੧੮. ਮਹਾਂਕਵੀ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ ਛੇਵੀਂ (ਸੰਪਾ.), ਡਾ, ਕਿਰਪਾਲ ਸਿੰਘ, ਪੰਨਾ ੪੩੬
੧੯. *ਉਹੀ*, ਪੰਨਾ ੧੦੦
੨੦. *ਸ੍ਰੀ ਗੁਰੂ ਗ੍ਰੰਥ ਸਾਹਿਬ, ੭੮੭*
੨੧. *ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੩*
੨੨. *ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੩੪*
੨੩. ਮਹਾਂਕਵੀ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ ਛੇਵੀਂ (ਸੰਪਾ.), ਡਾ, ਕਿਰਪਾਲ ਸਿੰਘ, ਪੰਨਾ ੬੪, ੨੦੦੮
੨੪. *ਉਹੀ*, ਪੰਨਾ ੬੬
੨੫. *ਉਹੀ*, ਪੰਨਾ ੩੦੮
੨੬. *ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੧੭*
੨੭. *ਸ੍ਰੀ ਗੁਰੂ ਗ੍ਰੰਥ ਸਾਹਿਬ, ੫੯੨*
੨੮. *ਸ੍ਰੀ ਗੁਰੂ ਗ੍ਰੰਥ ਸਾਹਿਬ, ੯੧੨*
੨੯. *ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੪੬*
੩੦. *ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੫੪*
੩੧. ਮਹਾਂਕਵੀ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਪੰਨਾ ੫੧੬
੩੨. *ਉਹੀ*, ਪੰਨਾ ੨੪੪
੩੩. *ਉਹੀ*, ਪੰਨਾ ੨੦੬
੩੪. *ਸ੍ਰੀ ਗੁਰੂ ਗ੍ਰੰਥ ਸਾਹਿਬ, ੫੪੭*
੩੫. *ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੫*

# ਸਮਾਜਿਕ ਕੁਰੀਤੀਆਂ ਦੇ ਨਿਵਾਰਕ: ਸ੍ਰੀ ਗੁਰੂ ਅਮਰਦਾਸ ਜੀ

*-ਡਾ. ਰਾਜਵਿੰਦਰ ਸਿੰਘ ਜੋਗਾ**

ਸ੍ਰੀ ਗੁਰੂ ਅਮਰਦਾਸ ਜੀ (੧੪੭੯-੧੫੭੪ ਈ.) ਸਿੱਖ ਧਰਮ ਦੇ ਤੀਜੇ ਗੁਰੂ ਹੋਏ ਹਨ। ਗੁਰਿਆਈ ਮਿਲਣ ਉਪਰੰਤ ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਨੂੰ ਸੰਗਠਿਤ ਕਰਨ ਦੇ ਮਹਾਨ ਕਾਰਜ ਅਰੰਭ ਕੀਤੇ ਅਤੇ ਗੁਰੂ ਨਾਨਕ ਸਾਹਿਬ ਦੁਆਰਾ ਦਰਸਾਏ ਮਾਰਗ ਨੂੰ ਅੱਗੇ ਚਲਾਉਂਦਿਆਂ ਨਵੇਂ ਸਿਧਾਂਤਾਂ ਤੇ ਸੰਕਲਪਾਂ ਦੀ ਸਥਾਪਨਾ ਕੀਤੀ। ਆਪ ਜੀ ਨੇ ਸ੍ਰੀ ਗੋਇੰਦਵਾਲ ਸਾਹਿਬ ਨਾਂ ਦਾ ਨਵਾਂ ਨਗਰ ਵਸਾ ਕੇ ਸਿੱਖੀ ਦਾ ਮਹਾਨ ਕੇਂਦਰ ਸਥਾਪਿਤ ਕੀਤਾ ਅਤੇ ਇੱਥੇ ਇਕ ਬਾਉਲੀ ਵੀ ਲਗਵਾਈ ਜਿਸ ਦਾ ਮੰਤਵ ਜਾਤ-ਪਾਤ, ਊਚ-ਨੀਚ, ਨਸਲ, ਰੰਗ-ਭੇਦ ਆਦਿ ਦੇ ਵਿਤਕਰੇ ਨੂੰ ਦੂਰ ਕਰਨਾ ਸੀ। ਪੁਰਾਤਨ ਸਮੇਂ ਤੋਂ ਚੱਲੀਆਂ ਆ ਰਹੀਆਂ ਸਮਾਜਿਕ ਕੁਰੀਤੀਆਂ ਖਾਸ ਕਰਕੇ ਇਸਤਰੀ ਨਾਲ ਸੰਬੰਧਿਤ ਸਤੀ ਪ੍ਰਥਾ, ਪਰਦਾ ਪ੍ਰਥਾ ਆਦਿ ਨੂੰ ਬੰਦ ਕਰਵਾ ਕੇ ਸਤਿਗੁਰੂ ਜੀ ਨੇ ਵਿਧਵਾ ਪੁਨਰ-ਵਿਆਹ ਦੀ ਸ਼ੁਰੂਆਤ ਕਰਵਾਈ।

ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਸ੍ਰੀ ਗੋਇੰਦਵਾਲ ਸਾਹਿਬ ਨੂੰ ਧਰਮ ਕੇਂਦਰ ਬਣਾਉਣ ਉਪਰੰਤ ਇੱਥੇ ਵੱਡੀ ਗਿਣਤੀ ਵਿਚ ਸੰਗਤ ਇਕੱਤਰ ਹੋਣ ਲੱਗੀ। ਸਵੇਰ-ਸ਼ਾਮ ਗੁਰਬਾਣੀ ਪਾਠ, ਕਥਾ, ਕੀਰਤਨ ਤੇ ਗੁਰਮਤਿ ਵਿਚਾਰਾਂ ਦਾ ਪ੍ਰਵਾਹ ਚਲਾਇਆ। ਸੰਗਤ ਦੇ ਰਹਿਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਲੰਗਰ ਅਤੁੱਟ ਵਰਤਦਾ ਤੇ ਲੰਗਰ ਦੀ ਪਵਿੱਤ੍ਰਤਾ ਲਈ ਛੂਤ-ਛਾਤ ਦੇ ਭੇਦ-ਭਾਵ ਨੂੰ ਖ਼ਤਮ ਕਰਨ ਹਿੱਤ ਗੁਰੂ ਸਾਹਿਬ ਨੇ ਵਿਸ਼ੇਸ਼ ਹੁਕਮ ਜਾਰੀ ਕੀਤਾ ਕਿ 'ਜੋ ਕੋਈ ਵੀ ਸਾਡੇ ਦਰਸ਼ਨਾਂ ਨੂੰ ਆਵੇ ਤਾਂ ਪਹਿਲਾਂ ਪੰਗਤ ਵਿਚ ਬੈਠ ਕੇ ਗੁਰੂ ਕਾ ਲੰਗਰ (ਪਰਸ਼ਾਦ) ਛਕੇ।' ਤਤਕਾਲੀ ਬਾਦਸ਼ਾਹ ਅਕਬਰ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਦਰਸ਼ਨਾਂ ਨੂੰ ਆਇਆ ਤਾਂ ਉਸ ਨੇ ਗੁਰੂ ਹੁਕਮ 'ਤੇ ਲੰਗਰ ਦੀ ਪਵਿੱਤਰ ਮਰਯਾਦਾ ਅਨੁਸਾਰ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ (ਪਰਸ਼ਾਦ) ਛਕਿਆ। ਲੰਗਰ ਦੇ ਪ੍ਰਬੰਧ ਅਤੇ ਸਿੱਖ ਸੇਵਕਾਂ ਦੀ ਨਿਸ਼ਕਾਮ ਸੇਵਾ ਤੋਂ ਅਕਬਰ ਬਾਦਸ਼ਾਹ ਇੰਨਾ ਪ੍ਰਭਾਵਿਤ ਹੋਇਆ ਕਿ ਉਸ ਨੇ 'ਲੰਗਰ' ਲਈ ਭੇਟਾ ਵਜੋਂ ਕੁਝ ਜ਼ਮੀਨ ਦੇਣ ਦੀ ਇੱਛਾ ਪ੍ਰਗਟ ਕੀਤੀ, ਪਰ ਸ੍ਰੀ ਗੁਰੂ ਅਮਰਦਾਸ ਜੀ ਨੇ ਫੁਰਮਾਇਆ ਕਿ 'ਲੰਗਰ' ਗੁਰੂ ਨਾਨਕ ਪਾਤਸ਼ਾਹ ਜੀ ਦਾ ਚਲਾਇਆ ਹੋਇਆ ਹੈ। ਇਹ ਸੰਗਤ ਦਾ ਸਾਂਝਾ ਹੈ ਤੇ ਇਸ ਨੂੰ ਸੰਗਤ ਆਪਣੀ ਕਿਰਤ-ਕਮਾਈ ਵਿੱਚੋਂ ਜਥਾ-ਯੋਗ ਭੇਟਾ ਕਰਕੇ ਤੇ ਰਸਤਾਂ-ਵਸਤਾਂ ਨਾਲ ਆਪ ਹੀ

** ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ ਤੇ ਐਸੋ. ਸੰਪਾ. ਅਤੇ ਇੰਚਾਰਜ, ਗੁਰਦੁਆਰਾ ਗਜ਼ਟ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. +੯੧੯੫੦੧੩੦੦੪੫੯*

ਚਲਾਉਂਦੀ ਹੈ। ਅਕਬਰ ਬਾਦਸ਼ਾਹ ਦੀ ਪ੍ਰਬਲ ਇੱਛਾ ਸੀ, ਸੋ ਉਸ ਨੇ ਬੀਬੀ ਭਾਨੀ ਜੀ ਨੂੰ ਆਪਣੀ ਸਪੁੱਤਰੀ ਸਮਾਨ ਜਾਣ ਕੇ ਉਨ੍ਹਾਂ ਦੇ ਨਾਂ ਝਬਾਲ ਪ੍ਰਗਣੇ ਦੀ ਕੁਝ ਜਾਗੀਰ ਲਗਾ ਦਿੱਤੀ।[੧] ਗੁਰੂ ਜੀ ਦੁਆਰਾ ਕੀਤੇ 'ਪਹਿਲੇ ਪੰਗਤ ਪਾਛੈ ਸੰਗਤ' ਦੇ ਹੁਕਮ ਨਾਲ ਭੇਦ-ਭਾਵ, ਅਮੀਰ-ਗਰੀਬ, ਊਚ-ਨੀਚ, ਨਸਲ-ਭੇਦ ਤੇ ਰੰਗ ਆਦਿ ਦੇ ਸਮਾਜਿਕ ਵਿਤਕਰੇ ਖ਼ਤਮ ਹੋਣ ਲੱਗੇ। ਇਸ ਤਰ੍ਹਾਂ ਸਤਿਗੁਰੂ ਜੀ ਨੇ ਰਾਣਾ ਰੰਕ ਬਰਾਬਰੀ ਦੀ ਅਸਚਰਜ ਮਿਸਾਲ ਪੇਸ਼ ਕੀਤੀ। ਸ੍ਰੀ ਗੁਰੂ ਅਮਰਦਾਸ ਜੀ ਨੇ ਜਿੱਥੇ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਸੰਗਤ-ਪੰਗਤ ਦੇ ਸਿਧਾਂਤ ਨੂੰ ਹੋਰ ਪੱਕਿਆਂ ਕਰਨ ਦੇ ਅਹਿਮ ਕਾਰਜ ਕੀਤੇ, ਉੱਥੇ ਆਪ ਜੀ ਨੇ ਖਾਸ ਕਰਕੇ ਸਮਾਜਿਕ ਕੁਰੀਤੀਆਂ ਜਾਤ-ਪਾਤ, ਵਰਨ-ਵੰਡ, ਊਚ-ਨੀਚ ਤੇ ਲਿੰਗ-ਭੇਦ ਦੇ ਵਿਤਕਰੇ ਤੋਂ ਲੋਕਾਂ ਨੂੰ ਬਚਾਉਣ ਲਈ ਵੀ ਯੋਗ ਉਪਰਾਲੇ ਕੀਤੇ ਜਿਨ੍ਹਾਂ ਨੂੰ ਹੇਠ ਲਿਖੇ ਅਨੁਸਾਰ ਵਿਚਾਰਿਆ ਜਾ ਸਕਦਾ ਹੈ:-

## ਸਮਾਜਿਕ ਕੁਰੀਤੀਆਂ ਬੰਦ ਕਰਵਾਈਆਂ

ਭਾਰਤ ਵਿਚ ਪੁਰਾਤਨ ਸਮੇਂ ਤੋਂ ਕੁਝ ਕੁ ਧਰਮਾਂ ਅਨੁਸਾਰ ਜਾਂ ਸਮਾਜਿਕ ਤੌਰ 'ਤੇ ਪ੍ਰਚਲਿਤ ਹੋਈਆਂ ਕੁਰੀਤੀਆਂ ਨੂੰ ਜੜ੍ਹੋਂ ਕੱਢਣ ਦਾ ਜੋ ਕਦਮ ਗੁਰੂ ਸਾਹਿਬਾਨ ਨੇ ਚੁੱਕਿਆ ਉਹ ਉਸ ਸਮੇਂ ਵਿਚ ਬਹੁਤ ਵੱਡਾ ਇਨਕਲਾਬ ਸੀ। ਧਾਰਮਿਕ ਖੇਤਰ ਵਿਚ ਬ੍ਰਾਹਮਣੀ ਜਮਾਤ ਸਮੁੱਚੇ ਵਰਗ ਦੀ ਅਗਵਾਈ ਕਰ ਰਹੀ ਸੀ। ਸਮਾਜ ਨੂੰ ਚਾਰ ਵਰਗਾਂ (ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ) ਵਿਚ ਵੰਡਿਆ ਹੋਇਆ ਸੀ। ਸਭ ਤੋਂ ਮਾੜੀ ਹਾਲਤ ਸ਼ੂਦਰਾਂ ਦੀ ਸੀ। ਸਮਾਜ ਵਿਚ ਹੋਰ ਬਹੁਤ ਸਾਰੀਆਂ ਕੁਰੀਤੀਆਂ ਸਨ। ਇਸਤਰੀ ਨੂੰ ਪੈਰ ਦੀ ਜੁੱਤੀ ਤਕ ਆਖਿਆ ਜਾਂਦਾ ਸੀ। ਇਸੇ ਕਰਕੇ ਸਮਾਜਿਕ ਅਧੋਗਤੀ ਦਾ ਸ਼ਿਕਾਰ ਹੋਏ ਲੋਕ, ਉੱਨਤੀ ਕਰਨ ਦੀ ਬਜਾਇ ਵਹਿਮਾਂ-ਭਰਮਾਂ, ਪਖੰਡਾਂ ਤੇ ਅੰਧ-ਵਿਸ਼ਵਾਸਾਂ ਵਿਚ ਫਸ ਚੁੱਕੇ ਸਨ। ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਾਰਮਿਕ ਕਰਮ-ਕਾਂਡਾਂ, ਵਹਿਮਾਂ-ਭਰਮਾਂ ਤੇ ਅੰਧ-ਵਿਸ਼ਵਾਸਾਂ ਦਾ ਖੰਡਨ ਕੀਤਾ। ਆਪ ਜੀ ਨੇ ਇਸਤਰੀ ਨੂੰ ਸਤਿਕਾਰ ਹੀ ਨਹੀਂ ਦਿੱਤਾ, ਬਲਕਿ ਉਸ ਨੂੰ *ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ* ਕਹਿ ਕੇ ਮਹਾਨ ਦਰਜਾ ਦਿੱਤਾ। ਭਾਵ ਉਹ ਇਸਤਰੀ ਹੀ ਹੈ ਜਿਹੜੀ ਰਾਜੇ-ਰਾਣਿਆਂ ਤੇ ਭਗਤ-ਸੂਰਮਿਆਂ ਆਦਿ ਨੂੰ ਜਨਮ ਦਿੰਦੀ ਹੈ ਉਸ ਨੂੰ ਮੰਦਾ ਆਖਣਾ ਠੀਕ ਨਹੀਂ ਹੈ। ਫਿਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੇ ਮਹਿਲ ਮਾਤਾ ਖੀਵੀ ਜੀ ਨੂੰ ਲੰਗਰ ਦੀ ਮੁਖੀ ਥਾਪ ਕੇ ਇਸਤਰੀ ਨੂੰ ਸਮਾਜ ਵਿਚ ਹੋਰ ਸਨਮਾਨ ਬਖ਼ਸ਼ਿਆ। ਸ੍ਰੀ ਗੁਰੂ ਅੰਗਦ ਦੇਵ ਜੀ ਤੇ ਫਿਰ ਸ੍ਰੀ ਗੁਰੂ ਅਮਰਦਾਸ ਜੀ ਨੇ ਇਸੇ ਨਕਸ਼-ਏ-ਕਦਮਾਂ 'ਤੇ ਚਲਦਿਆਂ ਸਮਾਜ ਵਿਚ ਪ੍ਰਚਲਿਤ ਭੈੜੀਆਂ ਰਸਮਾਂ ਤੋਂ ਮੁਕਤੀ ਦਿਵਾਉਣ ਲਈ ਮਹੱਤਵਪੂਰਨ ਉਪਰਾਲੇ ਕੀਤੇ।

## ਪਰਦੇ (ਘੁੰਡ) ਦੀ ਰੀਤ ਬੰਦ ਕਰਵਾਉਣੀ

ਸ੍ਰੀ ਗੁਰੂ ਅਮਰਦਾਸ ਜੀ ਨੇ ਵੇਖਿਆ ਕਿ ਸਮਾਜ ਵਿਚ ਇਸਤਰੀ ਦੀ ਦਸ਼ਾ ਠੀਕ ਨਹੀਂ, ਉਸ ਨੂੰ ਪਰਦੇ ਵਿਚ ਰੱਖਿਆ ਜਾਂਦਾ ਹੈ ਤੇ ਕਈ ਤਰ੍ਹਾਂ ਨਾਲ ਸਮਾਜਿਕ ਵਿਤਕਰਾ ਵੀ ਕੀਤਾ ਜਾਂਦਾ ਹੈ ਤਾਂ ਉਨ੍ਹਾਂ ਨੇ ਸਭ ਤੋਂ ਪਹਿਲਾਂ ਘੁੰਡ ਕੱਢਣ ਭਾਵ ਪਰਦੇ ਦੀ ਰੀਤੀ ਨੂੰ ਬੰਦ ਕੀਤਾ। ਗੁਰੂ ਸਾਹਿਬ ਦਾ ਹੁਕਮ ਸੀ ਕਿ ਜੋ ਵੀ ਇਸਤਰੀ ਗੁਰੂ-ਦਰਬਾਰ ਵਿਚ ਆਵੇ ਉਹ ਪਰਦਾ (ਘੁੰਡ ਨਾ ਕੱਢੇ) ਨਾ ਕਰੇ। ਪਰਦੇ ਪ੍ਰਥਾਇ ਇਕ ਸਾਖੀ ਵੀ ਆਮ ਪ੍ਰਚਲਿਤ ਹੈ ਕਿ ਗੁਰੂ-ਦਰਬਾਰ ਵਿਚ ਇਕ ਵਾਰ ਹਰੀਪੁਰ ਦੇ ਰਾਜੇ ਦੀ ਇਕ ਰਾਣੀ ਪਰਦਾ ਕਰ ਕੇ ਆ ਗਈ। ਗੁਰੂ ਸਾਹਿਬ ਨੇ ਸਹਿਜ ਸੁਭਾਅ ਫੁਰਮਾਇਆ- 'ਇਹ ਝੱਲੀ ਕੌਣ ਹੈ?' ਉਸੇ ਵੇਲੇ ਉਹ ਝੱਲੀ ਹੋ ਗਈ। ਸੰਗਤ ਨੇ ਉਸ ਰਾਣੀ ਦੀ ਭੁੱਲ ਬਖ਼ਸ਼ਾਈ। ਸਦ ਬਖਸਿੰਦ ਸਤਿਗੁਰੂ ਜੀ ਨੇ ਉਸ ਦੀ ਭੁੱਲ ਬਖ਼ਸ਼ੀ ਤੇ ਉਹ ਅਰੋਗ ਹੋ ਗਈ। ਰਾਣੀ ਨੇ ਸਿੱਖ ਧਰਮ ਅਪਣਾਇਆ। ਇਸ ਘਟਨਾ ਤੋਂ ਬਾਅਦ ਪਰਦੇ ਦੀ ਮਨਮਤ ਸਿੱਖਾਂ ਵਿਚ ਬਿਲਕੁਲ ਹੀ ਬੰਦ ਹੋ ਗਈ।

## ਸਤੀ ਪ੍ਰਥਾ ਬੰਦ ਕੀਤੀ

'ਸਤੀ ਪ੍ਰਥਾ' ਦੀ ਕੁਰੀਤੀ ਸਦੀਆਂ ਤੋਂ ਚਲਦੀ ਆ ਰਹੀ ਸੀ, ਜੋ ਸਮਾਜ ਵਿਚ ਇਕ ਕਲੰਕ ਸੀ। ਇਸਤਰੀ ਨੂੰ ਉਸ ਦੇ ਪਤੀ ਦੇ ਮਰਨ 'ਤੇ ਉਸ ਦੇ ਨਾਲ ਹੀ ਜਿਊਂਦੇ ਜੀਅ ਚਿਖਾ ਵਿਚ ਸੜਨਾ ਪੈਂਦਾ ਸੀ। ਸਨਾਤਨੀ ਧਰਮ ਮੁਤਾਬਿਕ ਉਸ ਨੂੰ ਸਤੀ ਹੋਣਾ ਹੀ ਪੈਂਦਾ ਸੀ। ਜੇਕਰ ਇਸਤਰੀ ਦੀ ਭਾਵੇਂ ਨਾ ਵੀ ਮਰਜ਼ੀ ਹੁੰਦੀ, ਤਾਂ ਵੀ ਉਸ ਨੂੰ ਸਮਾਜ ਦੇ ਲੋਕ ਧੱਕੇ ਨਾਲ ਫੜ ਕੇ ਜਲਦੀ ਚਿਖਾ ਵਿਚ ਸੁੱਟ ਦਿੰਦੇ ਸਨ ਤੇ ਉਹ ਚੀਖਾਂ ਮਾਰਦੀ ਜਿਊਂਦੀ ਹੀ ਅੱਗ ਵਿਚ ਸੜ ਜਾਂਦੀ ਸੀ। ਗੁਰੂ ਸਾਹਿਬ ਨੇ ਸਤੀ ਪ੍ਰਥਾ ਵਿਰੁੱਧ ਆਵਾਜ਼ ਉਠਾਈ। ਸ੍ਰੀ ਗੁਰੂ ਅਮਰਦਾਸ ਜੀ ਨੇ ਸਮਾਜ ਨੂੰ ਸਮਝਾਉਣ ਲਈ ਪਾਵਨ ਬਾਣੀ ਵਿਚ ਅਸਲ ਸਤੀ ਹੋਣ ਬਾਰੇ ਫੁਰਮਾਇਆ-

*-ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥*
*ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੮੭)*

*-ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖ ਰਹੰਨ੍ਹਿ॥*
*ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਾਲੰਨ੍ਹਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੭੮੭)*

ਭਾਵ- ਇਹ ਕਿ ਉਹ ਇਸਤਰੀਆਂ ਸਤੀਆਂ ਨਹੀਂ ਆਖੀਦੀਆਂ ਜੋ (ਪਤੀ ਦੀ) ਲੋਥ ਦੇ ਨਾਲ ਸੜ ਮਰਦੀਆਂ ਹਨ, ਬਲਕਿ ਅਸਲ ਸਤੀ ਉਨ੍ਹਾਂ ਨੂੰ ਸਮਝਣਾ ਚਾਹੀਦਾ ਹੈ ਜਿਹੜੀਆਂ (ਪਤੀ ਦੀ ਮੌਤ 'ਤੇ) ਵਿਛੋੜੇ ਦੀ ਹੀ ਸੱਟ ਨਾਲ ਮਰ ਜਾਣ। ਉਨ੍ਹਾਂ ਇਸਤਰੀਆਂ ਨੂੰ ਵੀ ਸਤੀਆਂ ਹੀ ਸਮਝਣਾ ਚਾਹੀਦਾ ਹੈ ਜੋ ਪਤਿਬ੍ਰਤ ਧਰਮ ਵਿਚ ਰਹਿੰਦੀਆਂ ਹਨ। ਜੋ ਆਪਣੇ ਖਸਮ ਦੀ ਸੇਵਾ ਕਰਦੀਆਂ ਹਨ ਤੇ ਸਦਾ ਉੱਦਮ

ਨਾਲ ਆਪਣਾ ਇਹ ਧਰਮ ਚੇਤੇ ਰੱਖਦੀਆਂ ਹਨ।

ਸ੍ਰੀ ਗੁਰੂ ਅਮਰਦਾਸ ਜੀ ਨੇ ਬਾਦਸ਼ਾਹ ਅਕਬਰ ਨੂੰ ਵੀ ਇਸ ਬਾਰੇ ਪ੍ਰੇਰਿਆ ਕਿ ਉਹ ਇਸ ਭੈੜੀ ਰਸਮ ਵਿਰੁੱਧ ਸਰਕਾਰੀ ਕਾਨੂੰਨ ਬਣਾਉਣ। ਗੁਰੂ ਸਾਹਿਬ ਦੀ ਪ੍ਰੇਰਨਾ ਨਾਲ ਜਿੱਥੇ ਸਮਾਜ ਵਿਚ ਸਤੀ ਪ੍ਰਥਾ ਨੂੰ ਬੰਦ ਕਰਨ ਪ੍ਰਤੀ ਸਹਿਯੋਗ ਮਿਲਿਆ, ਉੱਥੇ ਅਕਬਰ ਬਾਦਸ਼ਾਹ ਨੇ ਵੀ ਸਤੀ ਪ੍ਰਥਾ ਬੰਦ ਕਰਨ ਸੰਬੰਧੀ ਕਾਨੂੰਨੀ ਤੌਰ 'ਤੇ ਸਖ਼ਤੀ ਵਰਤੀ।

### ਵਿਧਵਾ ਪੁਨਰ ਵਿਆਹ ਦੀ ਸ਼ੁਰੂਆਤ

ਉਸ ਸਮੇਂ ਸਮਾਜ ਵਿਚ ਇਕ ਪੁਰਸ਼ ਤਾਂ ਆਪਣੀ ਇਸਤਰੀ (ਪਤਨੀ) ਦੇ ਮਰਨ ਪਿੱਛੋਂ ਦੂਜਾ ਵਿਆਹ ਕਰਵਾ ਸਕਦਾ ਸੀ ਪਰ ਇਸਤਰੀ ਦੂਜਾ ਵਿਆਹ ਨਹੀਂ ਕਰਵਾ ਸਕਦੀ ਸੀ। ਉਸ ਨੂੰ ਸਮਾਜ ਦੇ ਕਈ ਤਰ੍ਹਾਂ ਦੇ ਤਾਹਨੇ-ਮਿਹਣੇ ਸਹਿਣੇ ਪੈਂਦੇ ਸਨ। ਸ੍ਰੀ ਗੁਰੂ ਅਮਰਦਾਸ ਜੀ ਨੇ ਜਿੱਥੇ ਪਹਿਲਾਂ ਸਤੀ ਪ੍ਰਥਾ ਬੰਦ ਕਰਵਾਈ, ਉੱਥੇ ਵਿਧਵਾ ਇਸਤਰੀਆਂ ਨੂੰ ਪੁਨਰ-ਵਿਆਹ, ਭਾਵ ਦੂਜਾ ਵਿਆਹ ਕਰਵਾ ਕੇ ਆਪਣਾ ਜੀਵਨ ਜਿਊਣ ਦਾ ਮੌਕਾ ਪ੍ਰਦਾਨ ਕੀਤਾ। ਅਰਥਾਤ 'ਵਿਧਵਾ ਪੁਨਰ ਵਿਆਹ' ਦੀ ਸ਼ੁਰੂਆਤ ਕਰਵਾਈ। ਸਮਾਜ ਵਿਚ ਇਸਤਰੀ ਨੂੰ ਸਨਮਾਨ ਦਿਵਾਉਣ ਲਈ ਗੁਰੂ ਸਾਹਿਬ ਨੇ ਆਪ ਆਪਣੇ ਕੁਝ ਗੁਰਸਿੱਖਾਂ ਦੇ ਇਸ ਤਰ੍ਹਾਂ ਦੇ ਵਿਧਵਾ ਪੁਨਰ-ਵਿਆਹ ਕਰਵਾਏ।

### ਅੰਤਰਜਾਤੀ ਵਿਆਹ

ਸਮਾਜ ਵਿਚ ਆਮ ਕਰਕੇ ਇਕ ਜਾਤੀ ਦੇ ਲੜਕੇ-ਲੜਕੀ ਦਾ ਵਿਆਹ ਦੂਸਰੀ ਜਾਤ ਵਿਚ ਨਹੀਂ ਕੀਤਾ ਜਾਂਦਾ। ਜਦੋਂ ਕਿ ਇਹ ਜਾਤਾਂ ਸਮਾਜਿਕ ਤੌਰ 'ਤੇ ਮਨੁੱਖ ਨੇ ਬ੍ਰਾਹਮਣੀ ਸੋਚ ਵਿੱਚੋਂ ਪੈਦਾ ਕਰ ਲਈਆਂ ਹਨ। ਪਰਮਾਤਮਾ ਸਭ ਨੂੰ ਇਕੋ ਜਿਹਾ ਪੈਦਾ ਕਰਦਾ ਹੈ। ਗੁਰੂ ਸਾਹਿਬ ਦਾ ਬਚਨ ਹੈ- *ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ* ਭਾਵ- ਰੱਬ ਦੀ ਦਰਗਾਹ ਵਿਚ ਕਿਸੇ ਦੀ ਉੱਚੀ-ਨੀਵੀਂ ਜਾਤ ਨਹੀਂ ਪੁੱਛਣੀ ਤੇ ਨਾ ਹੀ ਉੱਥੇ ਕਿਸੇ ਦਾ ਜ਼ੋਰ ਚੱਲਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਸਭ ਤੋਂ ਪਹਿਲਾਂ ਸਿੱਖਾਂ ਵਿਚ ਅੰਤਰਜਾਤੀ ਵਿਆਹ ਵੀ ਪ੍ਰਚਲਿਤ ਕੀਤਾ। ਸਿੱਖ ਇਤਿਹਾਸ ਵਿਚ ਜ਼ਿਕਰ ਮਿਲਦਾ ਹੈ ਕਿ ਇਕ ਪ੍ਰੇਮਾ ਨਾਂ ਦਾ ਵਿਅਕਤੀ ਜੋ ਕਿ ਲੰਮੇ ਸਮੇਂ ਤੋਂ ਕੋਹੜ ਦੀ ਬਿਮਾਰੀ ਨਾਲ ਕੁਰਲਾ ਰਿਹਾ ਸੀ। ਇਸ ਦੇ ਘਰ ਪਰਿਵਾਰ ਵਾਲਿਆਂ ਨੇ ਵੀ ਸਾਂਭਣ ਤੋਂ ਇਨਕਾਰ ਕਰ ਦਿੱਤਾ। ਸਤਿਗੁਰੂ ਜੀ ਨੇ ਇਸ 'ਤੇ ਐਸੀ ਰਹਿਮਤ ਕੀਤੀ ਕਿ ਇਸ ਨੂੰ ਤੰਦਰੁਸਤ ਕੀਤਾ। ਇਹ ਤਨੋ, ਮਨੋ ਸੰਗਤ ਦੀ ਸੇਵਾ ਕਰਨ ਲੱਗਾ ਤੇ ਸੇਵਾ ਕਰਕੇ ਗੁਰੂ ਨਦਰ ਦਾ ਪਾਤਰ ਬਣਿਆ। ਸਿੱਖ ਸੰਗਤ ਨੇ ਇਸ ਦਾ ਨਾਂ ਮੁਰਾਰੀ ਰੱਖਿਆ। ਇਕ ਦਿਨ ਸ੍ਰੀ ਗੁਰੂ ਅਮਰਦਾਸ ਜੀ ਨੇ ਭਰੇ ਦੀਵਾਨ ਵਿਚ ਕਿਹਾ ਕਿ 'ਸਾਡੇ ਇਸ ਪ੍ਰੇਮੀ ਮੁਰਾਰੀ ਨੂੰ ਵਿਆਹ ਲਈ ਕੋਈ ਆਪਣੀ ਲੜਕੀ ਦੇਵੇ। ਤਾਂ ਇਹ ਸੁਣ ਕੇ ਗੁਰੂ-ਘਰ ਦੇ ਸ਼ਰਧਾਲੂ ਭਾਈ ਸ਼ੀਹੇਂ ਉਪਲ

ਨੇ ਬੇਨਤੀ ਕੀਤੀ, ਸਤਿਗੁਰੂ ਜੀ! ਮੇਰੀ ਬੇਟੀ ਹਾਜ਼ਰ ਹੈ, ਆਪ ਜੀ ਉਸ ਦਾ ਵਿਆਹ ਇਸ ਨੌਜੁਆਨ ਨਾਲ ਕਰ ਦਿਉ। ਪਰ ਜਦੋਂ ਭਾਈ ਸ਼ੀਹੇਂ ਦੀ ਘਰਵਾਲੀ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਸ ਨੇ ਗੁਰੂ ਸਾਹਿਬ ਕੋਲ ਆ ਕੇ ਦੁਖੀ ਹਿਰਦੇ ਨਾਲ ਬੇਨਤੀ ਕੀਤੀ ਜਿਸ ਨੂੰ ਭਾਈ ਸੰਤੋਖ ਸਿੰਘ ਜੀ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ-:

*ਕੁਸ਼ਟੀ, ਮਾਤ ਪਿਤਾ ਕੁਲ ਹੀਨ। ਸੁਤਾ ਨਿਨਾਵੇ ਕੋ ਮੁਰ ਦੀਨ।...*
*...ਮਥੋ ਮੁਰਾਰੀ ਸਿਮਰੇ ਨਾਮ। ਪੂਰਨ ਹੋਹਿਂ ਨਰਨ ਕੇ ਕਾਮ।*[2]

ਗੁਰੂ ਜੀ ਨੇ ਉਸ ਬੀਬੀ ਨੂੰ ਸਮਝਾਇਆ ਤੇ ਕਿਹਾ ਇਸ ਨੂੰ ਸਾਡਾ ਪੁੱਤਰ ਹੀ ਸਮਝੋ। ਇਸ ਤਰ੍ਹਾਂ ਗੁਰੂ ਜੀ ਨੇ ਇਨ੍ਹਾਂ ਦਾ ਅੰਤਰਜਾਤੀ ਵਿਆਹ ਕਰਵਾ ਕੇ ਸਮਾਜ ਵਿਚ ਮਿਸਾਲ ਕਾਇਮ ਕੀਤੀ।

**ਆਦਰਸ਼ਕ ਵਿਆਹ**

ਵਰਤਮਾਨ ਸਮੇਂ ਵਿਚ ਲੋਕ ਵਿਆਹ-ਸ਼ਾਦੀਆਂ ਤੇ ਹੋਰ ਸਮਾਗਮਾਂ ਵਿਚ ਕਿੰਨਾ-ਕਿੰਨਾ ਫਜ਼ੂਲ ਖਰਚ ਕਰ ਰਹੇ ਹਨ। ਕੁਝ ਸਰਦੇ-ਪੁੱਜਦੇ ਹੁੰਦੇ ਹਨ ਪਰ ਕੁਝ ਦੇਖਾ-ਦੇਖੀ ਹੀ ਕਰੀ ਜਾਂਦੇ ਹਨ। ਗੁਰਮਤਿ ਵਿਚ ਅਜਿਹਾ ਕੁਝ ਵੀ ਪ੍ਰਵਾਨ ਨਹੀਂ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀਆਂ ਦੋਵੇਂ ਸਪੁੱਤਰੀਆਂ ਦੇ ਵਿਆਹ ਸਮਾਜਿਕ ਲੋਕ-ਲਾਜ ਤੋਂ ਉੱਪਰ ਉੱਠ ਕੇ ਹੀ ਕੀਤੇ ਸਨ। ਉਨ੍ਹਾਂ ਨੇ ਆਪਣੀ ਵੱਡੀ ਸਪੁੱਤਰੀ ਬੀਬੀ ਦਾਨੀ ਜੀ ਦਾ ਵਿਆਹ ਇਕ ਸਾਧਾਰਨ ਪਰਵਾਰ ਵਿਚ ਭਾਈ ਰਾਮਾ ਜੀ ਨਾਲ ਕੀਤਾ। ਦੂਜੀ ਸਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ ਆਪਣੇ ਸਿੱਖ ਸੇਵਕ ਭਾਈ ਜੇਠਾ ਜੀ ਨਾਲ ਕੀਤਾ ਜੋ ਕਿ ਗ਼ਰੀਬੀ ਕਾਰਨ ਪਹਿਲਾਂ ਘੁੰਙਣੀਆਂ ਵੇਚ ਕੇ ਗੁਜ਼ਾਰਾ ਕਰਦੇ ਸਨ ਅਤੇ ਫਿਰ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸੰਗਤ ਦੀ ਸੇਵਾ ਕਰਦੇ ਰਹੇ ਸਨ। ਸਤਿਗੁਰੂ ਜੀ ਦੇ ਦਰਬਾਰ ਵਿਚ ਕਿੰਨੇ ਹੀ ਰਾਜੇ, ਮਹਾਰਾਜੇ ਤੇ ਅਕਬਰ ਵਰਗੇ ਸ਼ਹਿਨਸ਼ਾਹ ਆ ਕੇ ਨਤਮਸਤਕ ਹੁੰਦੇ ਹੋਣ ਅਤੇ ਗੁਰੂ ਜੀ ਆਪਣੀ ਬੇਟੀ ਦਾ ਵਿਆਹ ਇਕ ਗ਼ਰੀਬ ਤੇ ਅਨਾਥ ਬੱਚੇ ਨਾਲ ਕਰਨ, ਇਸ ਤੋਂ ਵੱਧ ਸਮਾਜ ਸੁਧਾਰਕ ਤੇ ਨਿਮਾਣਿਆਂ ਦੇ ਮਾਣ ਹੋਰ ਕੌਣ ਹੋ ਸਕਦਾ ਹੈ? ਗੁਰੂ ਸਾਹਿਬ ਨੇ ਸਮਝਾਇਆ ਕਿ ਲੜਕੇ-ਲੜਕੀਆਂ ਦੇ ਰਿਸ਼ਤੇ ਕਰਨ ਸਮੇਂ ਉਮਰ, ਗੁਣ, ਕਰਮ, ਸੁਭਾਅ ਤੇ ਅਰੋਗਤਾ ਆਦਿ ਵੇਖਣੇ ਚਾਹੀਦੇ ਹਨ। ਪ੍ਰੰਤੂ ਨਿਰਾ ਵੱਡਾ ਘਰ ਜਾਂ ਧਨ ਪਦਾਰਥ ਹੀ ਨਹੀਂ ਮੁੱਖ ਰੱਖਣੇ ਚਾਹੀਦੇ। ਇਸ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਸਮਾਜ ਨੂੰ ਸੇਧ ਪ੍ਰਦਾਨ ਕੀਤੀ ਕਿ ਸਾਨੂੰ ਆਪਣੇ ਬੱਚਿਆਂ ਦੇ ਅਨੰਦ-ਕਾਰਜ ਭਾਵ ਵਿਆਹ-ਸ਼ਾਦੀਆਂ ਸਾਦੇ ਢੰਗ ਨਾਲ ਬਿਨਾਂ ਕਿਸੇ ਲੋਭ ਲਾਲਚ ਦੇ ਕਰਨੇ ਚਾਹੀਦੇ ਹਨ।

**ਵਹਿਮਾਂ-ਭਰਮਾਂ ਤੋਂ ਛੁਟਕਾਰਾ**

ਵਹਿਮਾਂ-ਭਰਮਾਂ ਵਿਚ ਸਮਾਜ ਐਸਾ ਫਸਿਆ ਹੋਇਆ ਸੀ ਕਿ ਇਸ ਵਿੱਚੋਂ

ਨਿਕਲਣਾ ਬਹੁਤ ਹੀ ਮੁਸ਼ਕਲ ਜਾਪਦਾ ਸੀ, ਕਿਉਂਕਿ ਉਸ ਸਮੇਂ ਧਾਰਮਿਕ ਤੌਰ 'ਤੇ ਪ੍ਰਥਮਤਾ ਪ੍ਰਾਪਤ ਬ੍ਰਾਹਮਣ ਦਾ ਬੋਲਬਾਲਾ ਸੀ ਤੇ ਸਾਰੇ ਕਰਮ-ਧਰਮ ਉਸ ਨੂੰ ਪੁੱਛ ਕੇ ਤੇ ਉਸ ਦੀ ਮਨਸਾ ਅਨੁਸਾਰ ਹੀ ਕੀਤੇ ਜਾਂਦੇ ਸਨ। ਜਿਸ ਨੂੰ ਬ੍ਰਾਹਮਣ ਧਾਰਮਿਕ ਮਰਯਾਦਾ ਕਹਿੰਦੇ ਸਨ। ਪਰ ਇਸ ਪ੍ਰਥਾਇ ਭਗਤ ਕਬੀਰ ਜੀ ਨੇ ਪਾਵਨ ਬਾਣੀ ਵਿਚ ਫੁਰਮਾਇਆ ਹੈ- *ਕਬੀਰ ਕਾਗਦ ਕੀ ਓਬਰੀ ਮਸੁ ਕੇ ਕਰਮ ਕਪਾਟ॥* ਭਾਵ ਇਨ੍ਹਾਂ ਪੰਡਿਤਾਂ ਦੇ ਸ਼ਾਸਤ੍ਰ, ਮਾਨੋ ਕੈਦਖਾਨਾ ਹਨ, (ਇਨ੍ਹਾਂ ਸ਼ਾਸਤ੍ਰਾਂ ਵਿਚ) ਸਿਆਹੀ ਨਾਲ ਲਿਖੀ ਹੋਈ ਕਰਮ-ਕਾਂਡ ਦੀ ਮਰਯਾਦਾ, ਮਾਨੋ ਉਸ ਕੈਦਖਾਨੇ ਦੇ ਬੰਦ ਦਰਵਾਜ਼ੇ ਹਨ। ਇਤਿਹਾਸ ਵਿਚ ਵਰਣਨ ਹੈ ਕਿ ਇਕ ਵਾਰ ਕਿਸੇ ਨੇ ਆਪਣੇ ਘਰ ਬ੍ਰਹਮ ਭੋਜ ਦਿੱਤਾ। ਜਦੋਂ ਭੋਜਨ ਵਰਤਾਇਆ ਜਾਣ ਲੱਗਾ ਤਾਂ ਅਚਾਨਕ ਉਸ ਘਰ ਵਿਚ ਇਕ ਬੱਚੇ ਨੇ ਜਨਮ ਲੈ ਲਿਆ। ਬ੍ਰਾਹਮਣ ਪੰਗਤਾਂ ਵਿਚ ਬੈਠੇ-ਬਿਠਾਏ ਉਠ ਕੇ ਭੱਜ ਗਏ, ਕਿ ਘਰ ਅਪਵਿੱਤਰ ਹੋ ਗਿਆ ਹੈ। ਐਸੀ ਦਸ਼ਾ ਵਿਚ ਉਸ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਸ਼ਰਨ ਤੱਕੀ। ਗੁਰੂ ਜੀ ਨੇ ਉਸ ਦੀ ਬੇਨਤੀ ਮੰਨ ਕੇ ਆਪਣੇ ਸਿੱਖਾਂ ਨੂੰ ਪਰਸ਼ਾਦ ਛਕਣ ਲਈ ਉਸ ਦੇ ਘਰ ਭੇਜਿਆ। ਬ੍ਰਾਹਮਣਾਂ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਿਆ ਤਾਂ ਉਹ ਆ ਕੇ ਗੁਰੂ ਜੀ ਨੂੰ ਮਿਲੇ ਤੇ ਕਿਹਾ ਕਿ ਤੁਹਾਡੇ ਸਿੱਖਾਂ ਨੇ ਸੂਤਕਿਆ ਹੋਇਆ ਭੋਜਨ ਖਾਧਾ ਹੈ। ਉਨ੍ਹਾਂ ਦਾ ਤਾਂ ਜਨਮ ਭ੍ਰਿਸ਼ਟ ਹੋ ਗਿਆ ਹੈ। ਇਸ ਪ੍ਰਥਾਇ ਸਤਿਗੁਰੂ ਜੀ ਨੇ ਫੁਰਮਾਇਆ:

*ਸਭੋ ਸੂਤਕੁ ਜੇਤਾ ਮੋਹੁ ਆਕਾਰੁ॥ ਮਰਿ ਮਰਿ ਜੰਮੈ ਵਾਰੋ ਵਾਰ॥੨॥*
*ਸੂਤਕੁ ਅਗਨਿ ਪਉਣੈ ਪਾਣੀ ਮਾਹਿ॥ ਸੂਤਕੁ ਭੋਜਨੁ ਜੇਤਾ ਕਿਛੁ ਖਾਹਿ॥੩॥*
*...ਸਾਸਤ ਸਿੰਮ੍ਰਿਤ ਸੋਧਿ ਦੇਖਹੁ ਕੋਇ॥ ਵਿਣੁ ਨਾਵੈ ਕੋ ਮੁਕਤਿ ਨ ਹੋਇ॥੬॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੨੯)*

ਭਾਵ- ਕਿ ਇਹ ਸਭ ਭਰਮ ਭੁਲੇਖੇ ਹਨ। ਮੋਹ ਤੇ ਜਾਤੀ ਦਾ ਹੰਕਾਰ ਅਸਲ ਵਿਚ ਸੂਤਕ ਹੈ। ਪਉਣ, ਪਾਣੀ ਅਤੇ ਅਗਨੀ ਵਿਚ ਹਰ ਸਮੇਂ ਹੀ ਜੀਵ ਮਰਦੇ ਤੇ ਜੰਮਦੇ ਰਹਿੰਦੇ ਹਨ। ਰੋਜ਼ ਜੋ ਖਾਂਦੇ ਹਾਂ ਇਹ ਵੀ ਤਾਂ ਸੂਤਕ ਹੈ। ਕਰਮਾਂ 'ਤੇ ਜ਼ੋਰ ਦੇਣ ਨਾਲ ਕਦੇ ਮੁਕਤੀ ਨਹੀਂ ਹੋਣੀ। ਮੁਕਤੀ ਉਸ ਦੇ ਨਾਮ ਸਿਮਰਨ ਵਿਚ ਹੈ। ਗੁਰੂ ਜੀ ਨੇ ਸੂਤਕ ਦੇ ਭਰਮ ਦਾ ਇਹ ਭਾਰ ਉਤਾਰ ਕੇ ਸਿੱਖਾਂ ਨੂੰ ਫੁੱਲਾਂ ਵਰਗਾ ਹੌਲਾ ਕਰ ਦਿੱਤਾ।

ਫਿਰ ਸਿੱਖਾਂ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਪੁੱਛਿਆ! ਕਿ ਬ੍ਰਾਹਮਣਾਂ ਦੇ ਜੂਲੇ ਹੇਠੋਂ ਤਾਂ ਤੁਸਾਂ ਕਿਰਪਾ ਕਰ ਕੇ ਕੱਢ ਲਿਆ ਹੈ, ਪਰ ਹੁਣ ਇਹ ਵੀ ਰਹਿਮਤ ਕਰ ਕੇ ਦੱਸੋ ਕਿ ਮਹੂਰਤ ਕਿਹੜਾ ਚੰਗਾ ਹੈ? ਤਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਬਚਨ ਕੀਤਾ- ਸਿੱਖਾਂ ਲਈ ਸਭ ਤੋਂ ਉੱਤਮ ਮਹੂਰਤ ਉਹ ਹੀ ਹੈ ਜਦ ਉਹ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਹੈ। ਹਰ ਕਾਰਜ ਦੇ ਅਰੰਭ ਵੇਲੇ ਗੁਰੂ ਦੇ ਸਿੱਖ ਲਈ ਜ਼ਰੂਰੀ

ਹੈ ਕਿ ਨਿਮਰਤਾ ਸਹਿਤ ਅਰਦਾਸ ਕਰੇ। ਵਾਹਿਗੁਰੂ ਸਭ ਜਤਨ ਸਫ਼ਲ ਕਰੇਗਾ ਤੇ ਬਰਕਤਾਂ ਪਾਏਗਾ।

## ਜਾਤ-ਪਾਤ ਤੇ ਛੂਤ-ਛਾਤ ਦਾ ਖੰਡਨ

ਸਮਾਜ ਵਿਚ ਇਨਸਾਨ ਨੇ ਆਪਣੀਆਂ ਹੀ ਕਈ ਪ੍ਰਕਾਰ ਦੀਆਂ ਉੱਚੀਆਂ-ਨੀਵੀਆਂ ਜਾਤਾਂ ਬਣਾਈਆਂ ਹੋਈਆਂ ਹਨ। ਜਦੋਂ ਕਿ ਪਰਮਾਤਮਾ ਸਭ ਨੂੰ ਇੱਕੋ ਜਿਹਾ ਪੈਦਾ ਕਰਦਾ ਹੈ। ਸਮਾਜਿਕ ਤੌਰ 'ਤੇ ਵੰਡੀਆਂ ਜਾਤਾਂ ਵਿਚ ਉੱਚ ਜਾਤ ਵਾਲਿਆਂ ਨੂੰ ਆਪਣੀ ਜਾਤ ਦਾ ਬੜਾ ਗੁਮਾਨ ਹੁੰਦਾ ਸੀ। ਇਸ ਕਰਕੇ ਜਾਤਾਂ ਦੇ ਕਾਰਨ ਹੀ ਸਮਾਜ ਵਿਚ ਉੱਚੀਆਂ ਜਾਤਾਂ ਵਾਲੇ ਨੀਵੀਂਆਂ ਜਾਤਾਂ ਵਾਲਿਆਂ ਨੂੰ ਘਿਰਣਾ ਕਰਦੇ ਸਨ। ਗੁਰੂ ਸਾਹਿਬ ਨੇ ਪਾਵਨ ਬਾਣੀ ਰਾਹੀਂ ਇਨ੍ਹਾਂ ਜਾਤ ਅਭਿਮਾਨੀਆਂ ਦਾ ਖੰਡਨ ਕੀਤਾ:

*ਜਾਤਿ ਕਾ ਗਰਬੁ ਨ ਕਰੀਅਹੁ ਕੋਈ॥*
*ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥੧॥*
*ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥*
*ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥੧॥ਰਹਾਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੨੭)*

ਉਸ ਸਮੇਂ ਦੇ ਹਾਲਾਤ ਅਜਿਹੇ ਸਨ ਕਿ ਉੱਚੀ ਜਾਤੀ ਵਾਲਾ ਮਨੁੱਖ ਨੀਵੀਂ ਜਾਤੀ ਦੇ ਛੂਹਣ ਨਾਲ ਹੀ ਭਿਟਿਆ ਗਿਆ ਸਮਝਿਆ ਜਾਂਦਾ ਸੀ। ਅਜਿਹੇ ਭੇਦ-ਭਾਵ ਤੇ ਵਿਤਕਰੇ ਨੂੰ ਦੂਰ ਕਰਨ ਲਈ ਗੁਰੂ ਸਾਹਿਬ ਨੇ ਵੱਡੇ-ਨਿੱਕੇ, ਅਮੀਰ-ਗਰੀਬ, ਰਾਜਾ ਤੇ ਭਿਖਾਰੀ ਸਭ ਲਈ ਇਕ ਪੰਗਤ ਵਿਚ ਬੈਠ ਕੇ ਲੰਗਰ ਛਕਣ ਦਾ ਹੁਕਮ ਕੀਤਾ। ਸੰਗਤ ਵਿਚ ਬਿਨਾਂ ਕਿਸੇ ਜਾਤੀ ਵਿਤਕਰੇ ਦੇ ਸੇਵਾ ਕਰਨ ਨੂੰ ਤਰਜੀਹ ਦਿੱਤੀ ਗਈ। ਇਸੇ ਤਰ੍ਹਾਂ ਬਾਉਲੀ ਦੇ ਇੱਕੋ ਪਾਣੀ ਵਿਚ ਹਰ ਪ੍ਰਾਣੀ ਮਾਤਰ ਨੂੰ ਇਸ਼ਨਾਨ ਕਰਨ ਦੀ ਖੁੱਲ੍ਹ ਸੀ। ਇਸ ਦੇ ਨਾਲ ਛੂਤ-ਛਾਤ ਦਾ ਵਿਤਕਰਾ ਹਟਦਾ ਗਿਆ ਤੇ ਮਨੁੱਖ ਜਾਤੀ ਦਾ ਪਰਸਪਰ ਪਿਆਰ ਵਧਦਾ ਗਿਆ। ਚਾਰੇ ਵਰਣਾਂ ਦੇ ਲੋਕਾਂ ਦਾ ਇਕ ਪੰਗਤ ਅਤੇ ਸੰਗਤ ਵਿਚ ਬੈਠਣਾ ਵੇਖ ਕੇ ਜਾਤ ਅਭਿਮਾਨੀ ਪੰਡਤਾਂ ਨੂੰ ਬਹੁਤ ਤਕਲੀਫ ਹੋਈ। ਉਨ੍ਹਾਂ ਨੇ ਇਕੱਠੇ ਹੋ ਕੇ ਵਿਚਾਰ ਕੀਤੀ ਕਿ ਇਹ ਨੀਵੀਆਂ ਜਾਤਾਂ ਵਾਲੇ ਲੋਕਾਂ ਨੂੰ ਸਾਡੇ ਬਰਾਬਰ ਬੈਠਾ ਰਹੇ ਹਨ। ਇਨ੍ਹਾਂ ਪੰਡਤਾਂ ਨੇ ਇਸ ਬਾਰੇ ਬਾਦਸ਼ਾਹ ਅਕਬਰ ਕੋਲ ਲਾਹੌਰ ਜਾ ਕੇ ਸ਼ਿਕਾਇਤ ਕੀਤੀ ਕਿ ਸ੍ਰੀ ਗੁਰੂ ਅਮਰਦਾਸ ਜੀ ਦੇਵ-ਪਿੱਤਰਾਂ ਤੇ ਹੋਰ ਬ੍ਰਾਹਮਣੀ ਮਾਨਤਾਵਾਂ ਨੂੰ ਛੱਡ ਕੇ ਆਪਣੀ ਹੀ ਮਰਯਾਦਾ ਚਲਾਈ ਜਾਂਦੇ ਹਨ। ਇਸ ਦਾ ਵਰਣਨ ਭਾਈ ਸੰਤੋਖ ਸਿੰਘ ਕਰਦੇ ਹਨ:

*ਇਕ ਦਿਨ ਮਿਲ ਸਭਿ ਮਸਲਤ ਕਰੀ। ਇਹ ਤੋ ਰੀਤ ਬੁਰੀ ਜਗ ਪਰੀ।*
*ਅਬਿ ਦਿਜ ਕੋ ਨਹਿੰ ਮਾਨਹਿ ਕੋਇ। ਖੱਤ੍ਰੀ ਧਰਮ ਨਸ਼ਟ ਸਭਿ ਹੋਇ।*

*ਚਤੁਰ ਬਰਨ ਕੋ ਇਕ ਮਤ ਕਰਯੋ। ਭ੍ਰਿਸ਼ਟ ਹੋਇ ਜਗ ਧਰਮ ਪ੍ਰਹਰਯੋ।*
*ਇਕ ਥਲ ਭੋਜਨ ਸਭਿ ਕੋ ਖਈ। ਸ਼ੰਕਰਿ ਬਰਨ ਪ੍ਰਜਾ ਅਬਿ ਭਈ।...*[੩]

ਉਕਤ ਅਨੁਸਾਰ ਇਨ੍ਹਾਂ ਬ੍ਰਾਹਮਣਾਂ ਦੀ ਸ਼ਿਕਾਇਤ ਤੋਂ ਬਾਅਦ ਬਾਦਸ਼ਾਹ ਅਕਬਰ ਨੇ ਗੁਰੂ ਜੀ ਨੂੰ ਆਪਣੇ ਦਰਬਾਰ ਵਿਚ ਬੁਲਾਉਣ ਲਈ ਇਕ ਪਰਵਾਨਾ ਭੇਜਿਆ। ਇਹ ਪਰਵਾਨਾ ਪੜ੍ਹ ਕੇ ਸਤਿਗੁਰੂ ਜੀ ਨੇ ਆਪਣੇ ਅਨਿੰਨ ਸਿੱਖ ਭਾਈ ਜੇਠਾ ਜੀ (ਸ੍ਰੀ ਗੁਰੂ ਰਾਮਦਾਸ ਜੀ) ਨੂੰ ਬਖ਼ਸ਼ਿਸ਼ ਕਰ ਕੇ ਭੇਜਿਆ। ਉਨ੍ਹਾਂ ਨੇ ਬਾਦਸ਼ਾਹ ਦੇ ਦਰਬਾਰ ਵਿਚ ਜਾ ਕੇ ਸਾਰੇ ਪ੍ਰਸ਼ਨਾਂ ਦੇ ਜਵਾਬ ਦੇ ਕੇ ਬ੍ਰਾਹਮਣਾਂ ਨੂੰ ਨਿਰਉੱਤਰ ਕਰ ਦਿੱਤਾ। ਇਸ ਤਰ੍ਹਾਂ ਬਾਦਸ਼ਾਹ ਬਹੁਤ ਪ੍ਰਸੰਨ ਹੋਇਆ। ਭਾਈ ਸੰਤੋਖ ਸਿੰਘ ਲਿਖਦੇ ਹਨ:

*ਅਕਬਰ ਅਤਿ ਪ੍ਰਸੰਨ ਹੁਇ ਗਯੋ। ਸਭਿਨਿ ਸੁਨਾਇ ਬਖਾਨਤਿ ਭਯੋ।*
*ਪਰਮੇਸਰ ਦਰਵੇਸ਼ ਜਿ ਦੋਊ। ਨਹੀਂ ਭੇਦ ਏਕੋ ਇਹ ਸੋਊ।*[੪]

ਪ੍ਰਿੰਸੀਪਲ ਸਤਿਬੀਰ ਸਿੰਘ ਲਿਖਦੇ ਹਨ ਕਿ 'ਸ੍ਰੀ ਗੁਰੂ ਅਮਰਦਾਸ ਜੀ ਤੀਰਥਾਂ (ਪ੍ਰਚਾਰ ਫੇਰੀ) ਤੋਂ ਵਾਪਸ ਆਉਣ ਤੋਂ ਬਾਅਦ ਕੁਝ ਸਮਾਂ ਫਿਰ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਟਿਕ ਕੇ ਉਸਾਰੀ ਤੇ ਸੰਗਠਨ ਵਿਚ ਲੱਗੇ ਰਹੇ। ਸਿੱਖ ਉਨ੍ਹਾਂ ਨੂੰ ਬਾਰ-ਬਾਰ ਬੇਨਤੀ ਕਰ ਰਹੇ ਸਨ ਕਿ ਬਾਸਰਕੇ ਅਤੇ ਲਾਗਲੇ ਪਿੰਡਾਂ ਵਿਚ ਚਰਨ ਪਾਉਣ। ਸਮਾਂ ਕੱਢ ਕੇ ਗੁਰੂ ਜੀ ਪਹਿਲਾਂ ਖਡੂਰ ਸਾਹਿਬ ਫਿਰ ਬਾਸਰਕੇ, ਮੱਤੇ ਦੀ ਸਰਾਂ, ਫਿਰੋਜ਼ਪੁਰ ਤੇ ਕਸੂਰ ਪੁੱਜੇ। ਕਸੂਰ ਵਿਚ ਇਕ ਜਾਤ-ਅਭਿਮਾਨੀ ਨੇ ਇਸ ਕਾਰਨ ਗੁਰੂ ਜੀ ਤੇ ਸੰਗਤ ਨੂੰ ਇਕ ਬਾਗ ਵਿਚ ਡੇਰੇ ਨਾ ਲਾਉਣ ਦਿੱਤੇ ਕਿ ਉਹ ਨੀਵੀਆਂ ਜਾਤਾਂ ਨਾਲ ਬੈਠ ਕੇ ਲੰਗਰ ਛਕਦੇ ਤੇ ਛਕਾਉਂਦੇ ਹਨ। ਗੁਰੂ ਜੀ ਨੇ ਸੁਭਾਵਿਕ ਹੀ ਕਿਹਾ, ਜਿਨ੍ਹਾਂ ਨੂੰ ਉਹ ਨੀਵੀਂ ਜਾਤ ਦਾ ਕਹਿੰਦਾ ਹੈ ਉਹ ਹੀ ਕੱਲ੍ਹ ਨੂੰ ਰਾਜ ਕਮਾਉਣਗੇ ਅਤੇ ਫਿਰ ਉੱਚੀਆਂ ਜਾਤਾਂ ਵਾਲੇ ਉਨ੍ਹਾਂ ਦਾ ਪਾਣੀ ਭਰਨਗੇ। ਸਿੱਖ ਰਾਜ ਸਮੇਂ ਐਸਾ ਹੀ ਹੋਇਆ। ਉੱਥੋਂ ਦੇ ਉੱਚ ਜਾਤੀਏ ਚੋਬਦਾਰ ਬਣੇ। ਸ੍ਰੀ ਗੁਰੂ ਅਮਰਦਾਸ ਜੀ ਦਾ ਨੂਰਾਨੀ ਚਿਹਰਾ ਤੇ ਆਭਾ ਵੇਖ ਕੇ ਇਕ ਗ਼ਰੀਬ ਪਠਾਣ ਨੇ ਬੇਨਤੀ ਕੀਤੀ, ਕਿ ਸਤਿਗੁਰੂ ਜੀ! ਉਸ ਦੀ ਝੌਂਪੜੀ ਨੂੰ ਭਾਗ ਲਗਾਓ। ਗੁਰੂ ਜੀ ਨੇ ਉਸ ਦੀ ਸ਼ਰਧਾ ਤੇ ਸੇਵਾ ਦੇਖ ਕੇ ਬਚਨ ਕੀਤਾ ਕਿ ਇਸ ਪਠਾਣ ਦੀ ਔਲਾਦ ਕਸੂਰ ਦੀ ਹੀ ਨਵਾਬ ਬਣੇਗੀ। ਉਸ ਨੂੰ ਬਖ਼ਸ਼ਿਸ਼ ਕਰਕੇ ਇਹ ਵੀ ਚੇਤਾਵਨੀ ਦਿੱਤੀ ਕਿ ਇਹ ਕਦੇ ਨਾ ਭੁੱਲੀਂ ਕਿ, ਅੱਤਿਆਚਾਰ ਕੀਤਿਆਂ ਸਭ ਕੁਝ ਖੁਸ ਜਾਵੇਗਾ, ਸਦਾ ਹਲੇਮੀ ਰਾਜ ਰੱਖੀਂ। ਜਦ ਤਕ ਪਠਾਣ ਦਾ ਖਾਨਦਾਨ ਹਲੀਮੀ ਤੇ ਲੋਕ ਭਲਾਈ ਦੇ ਕਾਰਜ ਕਰਦਾ ਰਿਹਾ, ਨਵਾਬੀ ਕਾਇਮ ਰਹੀ ਪਰ ਜਦੋਂ ਅਠਾਰ੍ਹਵੀਂ ਸਦੀ ਦੇ ਅਖੀਰ ਸੰਤਾਨ ਵਿਭਚਾਰੀ ਹੋ ਗਈ, ਤਾਂ ਰਾਜ ਜਾਂਦਿਆਂ ਵੀ ਢਿੱਲ ਨਾ ਲੱਗੀ।'[੫]

ਸ੍ਰੀ ਗੁਰੂ ਅਮਰਦਾਸ ਜੀ ਦਾ ਸਮਾਂ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਅਤਿ

ਪ੍ਰਭਾਵਸ਼ਾਲੀ ਹੋਇਆ ਹੈ। ਆਪ ਜੀ ਨੇ ਪਹਿਲੇ ਗੁਰੂ ਸਾਹਿਬਾਨ ਦੁਆਰਾ ਦਰਸਾਏ ਮਾਰਗ ਨੂੰ ਅੱਗੇ ਤੋਰਿਆ। ਗੁਰੂ ਨਾਨਕ ਸਾਹਿਬ ਨੇ ਨਾਮ ਜਪਣ, ਕਿਰਤ ਕਰਨ ਤੇ ਵੰਡ ਛਕਣ ਦੇ ਤਿੰਨ ਉੱਚੇ-ਸੁੱਚੇ ਅਸੂਲਾਂ 'ਤੇ ਜੀਵਨ ਜਿਊਣ ਦਾ ਉਪਦੇਸ਼ ਦਿੱਤਾ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰੂ ਸਿਧਾਂਤਾਂ ਨੂੰ ਅੱਗੇ ਤੋਰਦਿਆਂ ਇਸਤਰੀ ਨੂੰ ਬਰਾਬਰਤਾ ਦੇਣ ਲਈ ਮਾਤਾ ਖੀਵੀ ਜੀ ਨੂੰ ਲੰਗਰ ਦੀ ਮੁੱਖ ਸੇਵਾਦਾਰ ਬਣਾਇਆ। ਆਪ ਜੀ ਨੇ ਜਿੱਥੇ ਸਿੱਖ ਧਰਮ ਦੇ ਸਿਧਾਂਤਾਂ ਦਾ ਪ੍ਰਚਾਰ-ਪ੍ਰਸਾਰ ਕੀਤਾ, ਉੱਥੇ ਸਿੱਖਾਂ ਨੂੰ ਹਿੰਦੂ ਰਹੁ-ਰੀਤਾਂ, ਬ੍ਰਾਹਮਣੀ ਕਰਮ-ਕਾਂਡਾਂ ਅਤੇ ਤਪੱਸਵੀਆਂ ਨਾਲੋਂ ਨਿਖੇੜਨ ਲਈ ਵਿਸ਼ੇਸ਼ ਜਤਨ ਕੀਤੇ। ਉਕਤ ਦੱਸੇ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਨੇ ਖਾਸ ਕਰਕੇ ਸਮਾਜ ਸੁਧਾਰ ਲਈ ਅਹਿਮ ਕਾਰਜ ਕੀਤੇ। ਮਨੁੱਖਤਾ ਨੂੰ ਨਸ਼ਿਆਂ ਤੋਂ ਹੋੜਿਆ, ਵਹਿਮਾਂ-ਭਰਮਾਂ ਵਿੱਚੋਂ ਕੱਢਿਆ। ਦੁਖੀਆਂ, ਰੋਗੀਆਂ ਦੇ ਦੁੱਖ ਦੂਰ ਕੀਤੇ। ਲੋਕਾਂ ਨੂੰ ਆਪਣੇ ਧੀਆਂ-ਪੁੱਤਰਾਂ ਦੇ ਰਿਸ਼ਤੇ ਆਦਿਕ ਕਰਨ ਲਈ ਗੁਰਮਤਿ ਅਨੁਸਾਰੀ ਮਾਰਗ ਦਰਸ਼ਨ ਕੀਤਾ। ਆਪ ਜੀ ਨੇ ਜਗਤ ਦੇ ਕਲਿਆਣ ਲਈ ਅਨੇਕਾਂ ਹੀ ਪਰਉਪਕਾਰ ਕੀਤੇ। ਸੰਸਾਰ ਦੀ ਉਧਾਰਤਾ ਲਈ ਪਾਵਨ ਬਾਣੀ ਦੀ ਰਚਨਾ ਕੀਤੀ।

ਸ੍ਰੀ ਗੁਰੂ ਅਮਰਦਾਸ ਜੀ ਇਕ ਮਹਾਨ ਸ਼ਖ਼ਸੀਅਤ ਸਨ। ਆਪ ਜੀ ਪਰਉਪਕਾਰੀ, ਉਤਸ਼ਾਹੀ, ਉੱਚ ਦ੍ਰਿਸ਼ਟੀ ਵਾਲੇ, ਸੂਝਵਾਨ-ਪ੍ਰਚਾਰਕ, ਨੀਤੀਵੇਤਾ, ਕੁਸ਼ਲ ਪ੍ਰਬੰਧਕ, ਨਿਮਰਤਾ ਦੇ ਪੁੰਜ, ਮਹਾਨ ਕਿਰਪਾਲੂ, ਮਨੁੱਖਤਾ ਦੇ ਕਦਰਦਾਨ, ਉੱਚ ਕੋਟੀ ਦੇ ਸਮਾਜਿਕ ਕੁਰੀਤੀਆਂ ਦੇ ਨਿਵਾਰਕ ਤੇ ਜਗਤ ਉਧਾਰਕ ਗੁਰੂ ਸਨ।

**ਹਵਾਲੇ :**


੧. *ਗੁਰਦੁਆਰਾ ਗਜ਼ਟ*, ਮਈ ੧੯੭੯, ਪੰਨਾ ੧੩.

੨. *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚੋਂ ਸ੍ਰੀ ਗੁਰੂ ਅਮਰਦਾਸ ਜੀ ਦਾ ਜੀਵਨ-ਬਿਰਤਾਂਤ*, ਕ੍ਰਿਤ ਮਹਾਂਕਵੀ ਭਾਈ ਸੰਤੋਖ ਸਿੰਘ ਜੀ, ਸੰਪਾ. ਡਾ. ਕਿਰਪਾਲ ਸਿੰਘ, ਪੰਨੇ ੪ਖ਼੧-ਖ਼੨.

੩. *ਉਹੀ*, ਪੰਨੇ ੨੫੦-੫੧.

੪. *ਉਹੀ*, ਪੰਨਾ ੨੬੨.

੫. *ਗੁਰਦੁਆਰਾ ਗਜ਼ਟ*, 'ਗੁਰ ਬਚਨ ਨਾਵ ਚੜ੍ਹ ਸਿੱਖ ਹੋਇ ਪਾਰੇ', ਪ੍ਰਿੰਸੀਪਲ ਸਤਿਬੀਰ ਸਿੰਘ, ਮਈ ੧੯੭੯, ਪੰਨਾ ੪੦.


■

**ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥**
**ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥**

***ਸ੍ਰੀ ਗੁਰੂ ਗ੍ਰੰਥ ਸਾਹਿਬ, ੮੪੬***

# ਨਾਵਣੁ ਪੁਰਬੁ ਅਭੀਚੁ:
# ਚੌਥੇ ਪਾਤਸ਼ਾਹ ਦੀ ਬਾਣੀ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੀ ਪ੍ਰਚਾਰ-ਯਾਤਰਾ ਦਾ ਬਿਰਤਾਂਤ

*-ਸ. ਹਰਪ੍ਰੀਤ ਸਿੰਘ ਨਾਜ਼**

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ (ਪ੍ਰਚਾਰ-ਯਾਤਰਾਵਾਂ) ਬਾਰੇ ਸਭ ਜਾਣਦੇ ਹਨ ਪਰ ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਪੁਰਬ ਅਭੀਚ ਸਮੇਂ ਕੁਰੂਖੇਤਰ ਅਤੇ ਹਰਿਦੁਆਰ ਆਦਿ ਤੀਰਥਾਂ 'ਤੇ ਪ੍ਰਚਾਰ-ਯਾਤਰਾ ਕੀਤੀ ਸੀ, ਜਿਸ ਬਾਰੇ ਜ਼ਿਆਦਾ ਲੋਕ ਜਾਣਦੇ ਨਹੀਂ। ਇਸ ਯਾਤਰਾ ਦਾ ਵਰਣਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਤੁਖਾਰੀ ਵਿਚ ਮਿਲਦਾ ਹੈ ਅਤੇ ਜਿਸ ਨੂੰ ਸ੍ਰੀ ਗੁਰੂ ਰਾਮਦਾਸ ਜੀ ਨੇ ਲਿਖਿਆ ਸੀ।

### ਅਭੀਚ ਦਾ ਅਰਥ

ਸਭ ਤੋਂ ਪਹਿਲਾਂ ਅਭੀਚ ਦੇ ਅਰਥ ਬਾਰੇ ਜਾਣਨਾ ਜ਼ਰੂਰੀ ਹੈ। ਇਸ ਬਾਰੇ ਡਾ. ਰਤਨ ਸਿੰਘ ਜੱਗੀ ਲਿਖਦੇ ਹਨ- 'ਅਭੀਚ ਸੰਸਕ੍ਰਿਤ ਦੇ ਸ਼ਬਦ 'ਅਭਿਜਿਤ੍' ਦਾ ਬਦਲਿਆ ਰੂਪ ਹੈ। 'ਅਭਿ' ਦਾ ਅਰਥ ਹੈ - ਸਾਹਮਣੇ ਜਾਂ ਪ੍ਰਤੱਖ ਅਤੇ 'ਜਿਤ੍' ਦਾ ਅਰਥ ਹੈ - ਜਿੱਤਣ ਵਾਲਾ, ਕਾਬੂ ਕਰਨ ਵਾਲਾ। ਇਸ ਤਰ੍ਹਾਂ 'ਅਭਿਜਿਤ੍' ਦਾ ਅਰਥ ਹੋਇਆ ਸਾਹਮਣੇ ਹੋ ਕੇ ਜਿੱਤਣ ਵਾਲਾ। 'ਸੰਸਕ੍ਰਿਤ ਸ਼ਬਦਾਰਥ ਕੌਸ਼੍ਤੁਭ' ਅਨੁਸਾਰ ਇਹ ਇੱਕ ਵਿਸ਼ੇਸ਼ ਨਛਤ੍ਰ ਹੈ ਜੋ ਉੱਤਰਾਸ਼ਾੜਾ ਦੇ ਆਖਰੀ ੧੫ ਦੰਡਾਂ ਅਤੇ ਸ਼੍ਰਵਣਾ ਦੇ ਪਹਿਲੇ ਚਾਰ ਦੰਡਾਂ ਦੇ ਮੇਲ ਨਾਲ ਬਣਦਾ ਹੈ।'[੧] ਭਾਈ ਕਾਨ੍ਹ ਸਿੰਘ ਨਾਭਾ 'ਮਹਾਨ ਕੋਸ਼' ਵਿਚ ਲਿਖਦੇ ਹਨ ਕਿ ਅਭੀਚ ਅਸਲ ਵਿਚ ਇੱਕ ਲਗਨ ਹੈ। ਉਹ ਲਿਖਦੇ ਹਨ- 'ਜੋਤਿਸ਼ ਅਨੁਸਾਰ ਉੱਤਰਾਸ਼ਾੜਾ ਨਛਤ੍ਰ ਦੇ ਪਿਛਲੇ ਚਾਰ ਭਾਗ ਸਹਿਤ ਸ਼੍ਰਵਣ ਨਛਤ੍ਰ ਦੀਆਂ ਪਹਿਲੀਆਂ ਚਾਰ ਕਲਾਵਾਂ ਦੇ ਮੇਲ ਨਾਲ ਜੋ ਲਗਨ ਬਣਦਾ ਹੈ, ਉਹ ਅਭਿਜਿਤ ਅਖਵਾਉਂਦਾ ਹੈ।'[੨] ਇਸ ਲਗਨ ਨੂੰ ਬੜਾ ਸ਼ੁਭ ਮੰਨਿਆ ਜਾਂਦਾ ਹੈ ਕਿਉਂਕਿ ਇਸ ਲਗਨ ਦੌਰਾਨ ਕੀਤੇ ਗਏ ਕਾਰਜ ਵਿਚ ਨਿਸਚੇ ਹੀ ਸਫਲਤਾ ਪ੍ਰਾਪਤ ਹੁੰਦੀ ਹੈ, ਭਾਵੇਂ ਇਹ ਕਾਰਜ ਯੁੱਧ ਹੀ ਕਿਉਂ ਨਾ ਹੋਵੇ।

### ਅਭੀਚ ਤੀਰਥ ਇਸ਼ਨਾਨ ਮਹਾਤਮ

ਪੰਡਤਾਂ ਅਤੇ ਪੁਰੋਹਿਤਾਂ ਨੇ ਹਿੰਦੂਆਂ ਵਿਚ ਇਸ ਗੱਲ ਦਾ ਬੜਾ ਪ੍ਰਚਾਰ ਕੀਤਾ ਸੀ ਕਿ ਜੇ ਇਸ ਲਗਨ ਵੇਲੇ ਅਠਸਠ ਤੀਰਥਾਂ ਵਿੱਚੋਂ ਕਿਸੇ ਇੱਕ ਉੱਤੇ ਵੀ ਜੇ

** ਚਿੱਤਰਕਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਸ੍ਰੀ ਫ਼ਤਿਹਗੜ੍ਹ ਸਾਹਿਬ-੧੪੦੪੦੭; ਮੋ.੮੫੬੭੦-੨੦੯੯੫*

ਇਸ਼ਨਾਨ ਕੀਤਾ ਜਾਏ ਤਾਂ ਸਾਰੇ ਪਾਪ ਧੋਏ ਜਾਂਦੇ ਹਨ ਅਤੇ ਚੌਰਾਸੀ ਦਾ ਗੇੜ ਖ਼ਤਮ ਹੋ ਜਾਂਦਾ ਹੈ।[੩] ਪੰਡਤ ਤਾਰਾ ਸਿੰਘ ਨਰੋਤਮ ਵੀ ਲਿਖਦੇ ਹਨ ਕਿ, *ਅਭੀਚ ਪੁਰਬ-ਮੇਂ ਕੀਏ ਦਾਨ ਸਾਨਾਦਿ ਨਿਖਿਲ ਕਾਮ ਪੂਰੇ ਹੋਤੇ ਹੈਂ।* ਅਰਥਾਤ ਇਸ ਪੁਰਬ ਸਮੇਂ ਕੀਤੇ ਦਾਨ ਅਤੇ ਇਸ਼ਨਾਨ ਨਾਲ ਸਾਰੇ ਕੰਮ ਪੂਰੇ ਹੁੰਦੇ ਹਨ।[੪] ਇਸ ਬਾਰੇ ਪ੍ਰੋ. ਸਾਹਿਬ ਸਿੰਘ ਲਿਖਦੇ ਹਨ- ਸ਼ਰਧਾਲੂ ਲੋਕ ਅਭੀਚ ਪੁਰਬ ਕੁਰੂਖੇਤਰ ਹਰਿਦੁਆਰ ਤੀਰਥਾਂ ਉੱਤੇ ਇਸ਼ਨਾਨ ਤੇ ਦਾਨ-ਪੁੰਨ ਕਰਦੇ, ਤਾਂਕਿ ਆਪਣੇ ਵੈਰੀਆਂ ਨੂੰ ਜਿੱਤਿਆ ਜਾ ਸਕੇ।[੫] ਇਹੀ ਕਾਰਨ ਹੈ ਕਿ ਇਸ ਅਵਸਰ 'ਤੇ ਤੀਰਥ-ਸਥਾਨਾਂ ਉੱਤੇ ਬਹੁਤ ਲੋਕ ਇਸ਼ਨਾਨ ਕਰਨ ਲਈ ਜਾਂਦੇ ਹਨ।

### ਤੀਰਥ ਅਤੇ ਦਰਿਆਈ ਮਸੂਲ

ਪਰ ਤੀਰਥ ਇਸ਼ਨਾਨ ਲਈ ਵੀ ਉਸ ਸਮੇਂ ਮਸੂਲ (ਕਰ ਜਾਂ ਟੈਕਸ) ਦੇਣਾ ਪੈਂਦਾ ਸੀ। ਜਦੋਂ ਭਾਰਤ 'ਤੇ ਮੁਸਲਮਾਨ ਸੁਲਤਾਨਾਂ ਨੇ ਅਧਿਕਾਰ ਕਰ ਲਿਆ ਸੀ ਤਾਂ ਉਨ੍ਹਾਂ ਨੇ ਗ਼ੈਰ-ਮੁਸਲਿਮ ਲੋਕਾਂ 'ਤੇ ਜਜੀਆ ਆਦਿ ਕਈ ਤਰ੍ਹਾਂ ਦੇ ਮਸੂਲ ਲਗਾਏ ਸਨ। ਯਾਤਰੀਆਂ ਨੂੰ ਯਾਤਰਾ ਮਸੂਲ ਅਤੇ ਦਰਿਆ ਪਾਰ ਕਰਨ ਲਈ ਵੀ ਮਸੂਲ ਦੇਣਾ ਪੈਂਦਾ ਸੀ। ਇਹ ਮਸੂਲ ਦਾਮ ਵਿਚ ਲਏ ਜਾਂਦੇ ਸਨ। ਦਰਿਆ ਪਾਰ ਕਰਨ ਲਈ ਵੀਹ ਬੰਦਿਆਂ ਤੋਂ ੧ ਦਾਮ, ਹਾਥੀ ਪਾਰ ਕਰਨ ਤੇ ੧੦ ਦਾਮ, ਊਠ ਪਾਰ ਕਰਨ 'ਤੇ ੧ ਦਾਮ, ਗੱਡਾ ਪਾਰ ਕਰਨ 'ਤੇ ੪ ਦਾਮ ਲਏ ਜਾਂਦੇ ਸਨ।[੬]

### ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਚਾਰ ਯਾਤਰਾ 'ਤੇ ਜਾਣਾ

ਅਭੀਚ ਪੁਰਬ ਦੇ ਮੌਕੇ 'ਤੇ ਤੀਰਥਾਂ 'ਤੇ ਵੱਡਾ ਇਕੱਠ ਹੁੰਦਾ ਸੀ। ਇਸ ਲਈ ਸ੍ਰੀ ਗੁਰੂ ਅਮਰਦਾਸ ਜੀ ਨੇ ਜੋ ਦਿਆਲਤਾ ਦੀ ਮੂਰਤ ਹਨ, ਪਰਉਪਕਾਰ ਦੇ ਨਮਿਤ ਹਰਿਦੁਆਰ ਜਾਣ ਦੀ ਤਿਆਰੀ ਕੀਤੀ।[੭] ਗੁਰੂ ਜੀ ਨਾਲ ਇਸ ਯਾਤਰਾ ਵਿਚ ਕਾਫ਼ੀ ਸਿੱਖ ਗਏ, ਜਿਨ੍ਹਾਂ ਵਿਚ ਭਾਈ ਜੇਠਾ (ਸ੍ਰੀ ਗੁਰੂ ਰਾਮਦਾਸ ਜੀ) ਵੀ ਸਨ।

ਉਨ੍ਹਾਂ ਲਿਖਿਆ ਹੈ ਕਿ ਹਰੀ ਕਰਤਾਰ ਨੇ ਆਪ ਉਹ ਦਿਹਾੜਾ ਪਵਿੱਤਰ ਬਣਾ ਦਿੱਤਾ, ਜਦ ਸ੍ਰੀ ਗੁਰੂ ਅਮਰਦਾਸ ਜੀ ਕੁਰੂਖੇਤਰ ਵੱਲ ਗਏ।[੮] ਅਭੀਚ ਪੁਰਬ 'ਤੇ ਤੀਰਥ-ਇਸ਼ਨਾਨ ਦੇ ਸਮੇਂ 'ਤੇ ਆਏ ਮਨੁੱਖਾਂ ਨੂੰ ਗੁਰੂ ਜੀ ਦਾ ਦਰਸ਼ਨ ਹੋ ਗਿਆ। ਜਿਸ ਮਨੁੱਖ ਨੇ ਗੁਰੂ ਦਾ ਦਰਸ਼ਨ ਕਰ ਲਿਆ, ਉਸ ਨੇ ਅੰਦਰੋਂ ਅਗਿਆਨ ਰੂਪੀ ਹਨੇਰਾ ਦੂਰ ਕਰ ਲਿਆ ਅਤੇ ਉਸ ਦੇ ਅੰਦਰ ਪਰਮਾਤਮਾ ਦੀ ਜੋਤਿ ਨੇ ਪ੍ਰਕਾਸ਼ ਕਰ ਦਿੱਤਾ। ਉਸ ਨੂੰ ਪ੍ਰਭੂ ਦਾ ਮਿਲਾਪ ਹੋ ਗਿਆ ਅਤੇ ਜਨਮ ਤੋਂ ਮਰਨ ਤਕ ਦੇ ਸਾਰੇ ਦੁੱਖ ਨਾਸ ਹੋ ਗਏ:

*ਤੁਖਾਰੀ ਮਹਲਾ ੪॥*
*ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ॥*
*ਦੁਰਮਤਿ ਮੈਲੁ ਹਰੀ ਅਗਿਆਨੁ ਅੰਧੇਰੁ ਗਇਆ॥*
*ਗੁਰ ਦਰਸੁ ਪਾਇਆ ਅਗਿਆਨੁ ਗਵਾਇਆ ਅੰਤਰਿ ਜੋਤਿ ਪ੍ਰਗਾਸੀ॥*

*ਜਨਮ ਮਰਣ ਦੁਖ ਖਿਨ ਮਹਿ ਬਿਨਸੇ ਹਰਿ ਪਾਇਆ ਪ੍ਰਭੁ ਅਬਿਨਾਸੀ॥*
*ਹਰਿ ਆਪਿ ਕਰਤੈ ਪੁਰਬੁ ਕੀਆ ਸਤਿਗੁਰੂ ਕੁਲਖੇਤਿ ਨਾਵਣਿ ਗਇਆ॥*
*ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੧੬)*

ਸ੍ਰੀ ਗੁਰੂ ਅਮਰਦਾਸ ਜੀ ਸਿੱਖਾਂ ਨੂੰ ਨਾਲ ਲੈ ਧਰਮ ਦੇ ਪ੍ਰਚਾਰ ਲਈ ਚੱਲ ਪਏ। ਇਸ ਯਾਤਰਾ ਦੇ ਹਰ ਇੱਕ ਪਲ ਵਿਚ ਭਗਤੀ ਦਾ ਮਾਹੌਲ ਬਣਿਆ ਰਿਹਾ। ਬਹੁਤ ਲੋਕਾਈ ਨੇ ਗੁਰੂ ਜੀ ਦੇ ਦਰਸ਼ਨ ਕੀਤੇ। ਜਿਨ੍ਹਾਂ ਲੋਕਾਂ ਨੇ ਗੁਰੂ ਦਾ ਦਰਸ਼ਨ ਕੀਤਾ, ਉਨ੍ਹਾਂ ਨੂੰ ਪਰਮਾਤਮਾ ਨੇ ਆਪ ਨਾਲ ਜੋੜ ਲਿਆ। ਇਸੇ ਕਾਰਜ ਲਈ ਤਾਂ ਗੁਰੂ ਜੀ ਨੇ (ਮਨੁੱਖਾਂ ਦੇ ਉੱਧਾਰ ਲਈ) ਤੀਰਥਾਂ ਉੱਤੇ ਜਾਣ ਦਾ ਉੱਦਮ ਕੀਤਾ ਸੀ :

*ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ॥*
*ਅਨਦਿਨੁ ਭਗਤਿ ਬਣੀ ਖਿਨੁ ਖਿਨੁ ਨਿਮਖ ਵਿਖਾ॥*
*ਹਰਿ ਹਰਿ ਭਗਤਿ ਬਣੀ ਪ੍ਰਭ ਕੇਰੀ ਸਭੁ ਲੋਕੁ ਵੇਖਣਿ ਆਇਆ॥*
*ਜਿਨ ਦਰਸੁ ਸਤਿਗੁਰ ਗੁਰੂ ਕੀਆ ਤਿਨ ਆਪਿ ਹਰਿ ਮੇਲਾਇਆ॥*
*ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ॥*
*ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ॥੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੧੬)*

## ਗੁਰੂ ਜੀ ਦਾ ਕੁਰੂਖੇਤਰ ਜਾਣਾ

ਸ੍ਰੀ ਗੁਰੂ ਅਮਰਦਾਸ ਜੀ ਚਲਦੇ ਹੋਏ ਪਹਿਲਾਂ ਕੁਰੂਖੇਤਰ ਪਹੁੰਚੇ। ਇਹ ਦਿਨ ਲੋਕਾਂ ਵਾਸਤੇ ਪਵਿੱਤਰ ਦਿਨ ਬਣ ਗਿਆ। ਗੁਰੂ ਜੀ ਦੇ ਕੁਰੂਖੇਤਰ ਆਉਣ ਦੀ ਖ਼ਬਰ ਦੂਰ-ਦੂਰ ਤਕ ਪਹੁੰਚ ਗਈ, ਬੇਅੰਤ ਲੋਕ ਦਰਸ਼ਨ ਕਰਨ ਲਈ ਆ ਗਏ। ਇੱਥੇ ਪੁਰਬ ਜਿਹਾ ਮਾਹੌਲ ਬਣ ਗਿਆ। ਧਾਰਮਿਕ ਸੁਭਾਵਾਂ ਵਾਲੇ ਬਹੁਤ ਮਨੁੱਖ ਇਕੱਠੇ ਹੋ ਗਏ। ਜਿਨ੍ਹਾਂ ਨੇ ਪੂਰੇ ਸਤਿਗੁਰੂ ਦਾ ਦਰਸ਼ਨ ਕੀਤਾ, ਉਨ੍ਹਾਂ ਦੇ ਪਿਛਲੇ ਸਾਰੇ ਪਾਪ ਨਾਸ਼ ਹੋ ਗਏ। ਫਿਰ ਛੇ ਭੇਖਾਂ ਵਾਲੇ ਸਾਧੂ, ਜੋਗੀ ਅਤੇ ਸੰਨਿਆਸੀ ਆ ਗਏ ਅਤੇ ਉਨ੍ਹਾਂ ਨਾਲ ਗੋਸਟਿ ਹੋਈ। ਇਸ ਤਰ੍ਹਾਂ ਉਸ ਦਿਨ ਕੁਰੂਖੇਤਰ ਵਿਚ ਵੱਡਾ ਪੁਰਬ ਹੋਇਆ:

*ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ॥*
*ਖਬਰਿ ਭਈ ਸੰਸਾਰਿ ਆਏ ਤ੍ਰੈ ਲੋਆ॥*
*ਦੇਖਣਿ ਆਏ ਤੀਨਿ ਲੋਕ ਸੁਰਿ ਨਰ ਮੁਨਿ ਜਨ ਸਭਿ ਆਇਆ॥*
*ਜਿਨ ਪਰਸਿਆ ਗੁਰੁ ਸਤਿਗੁਰੂ ਪੂਰਾ ਤਿਨ ਕੇ ਕਿਲਵਿਖ ਨਾਸ ਗਵਾਇਆ॥*
*ਜੋਗੀ ਦਿਗੰਬਰ ਸੰਨਿਆਸੀ ਖਟੁ ਦਰਸਨ ਕਰਿ ਗਏ ਗੋਸਟਿ ਢੋਆ॥*
*ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ॥੩॥*

*(ਸ੍ਰੀ ਗੁਰੂ ਗ੍ਰੰਥ ਸਾਹਿਬ ੧੧੧੬)*

ਉਸ ਸਮੇਂ ਗੁਰੂ ਜੀ ਕੁਰੂਖੇਤਰ (ਥਾਨੇਸਰ[੯]) ਵਿਚ ਜਿੱਥੇ ਠਹਿਰੇ ਸਨ, ਉੱਥੇ ਹੁਣ ਗੁਰਦੁਆਰਾ ਸਾਹਿਬ ਪਾਤਸ਼ਾਹੀ ਤੀਸਰੀ ਅਤੇ ਸਤਵੀਂ ਲਾਲ ਬਹਾਦਰ ਸ਼ਾਸਤਰੀ ਮਾਰਕੀਟ ਦੇ ਨੇੜ੍ਹੇ ਬਣਿਆ ਹੋਇਆ ਹੈ।

ਇੱਥੋਂ ਗੁਰੂ ਜੀ ਅੱਗੇ ਜਮਨਾ ਨਦੀ ਵੱਲ ਚੱਲ ਪਏ। ਉਸ ਸਮੇਂ ਕੁਰੂਖੇਤਰ ਤੋਂ ਹਰਿਦੁਆਰ ਜਾਣ ਦਾ ਰਾਹ ਮੌਜੂਦਾ ਪਿਪਲੀ ਵਾਲੀ ਸੜਕ ਤੋਂ ਹੋ ਕੇ ਜਾਂਦਾ ਅਤੇ ਜਮਨਾ ਨੂੰ ਲੰਘਣਾ ਪੈਂਦਾ ਸੀ।[੧੦] ਜਮਨਾ ਲੰਘਣ ਵੇਲੇ ਦਰਿਆਈ ਮਸੂਲ ਦੇਣਾ ਪੈਂਦਾ ਸੀ। ਗੁਰੂ ਜੀ ਨੇ ਜਮਨਾ ਦੇ ਕਿਨਾਰੇ ਪਹਿਲਾਂ ਪਰਮਾਤਮਾ ਦਾ ਨਾਮ ਜਪਿਆ-ਜਪਾਇਆ। ਇਹ ਸਭ ਮਾਹੌਲ ਦੇਖ ਸਰਕਾਰੀ ਮਸੂਲ ਉਗਰਾਹੁਣ ਵਾਲੇ ਜਗਾਤੀ ਭੇਟਾ ਰੱਖ ਗੁਰੂ ਜੀ ਦੇ ਚਰਨੀਂ ਲੱਗੇ। ਗੁਰੂ ਜੀ ਜਮਨਾ ਪਾਰ ਕਰਨ ਲੱਗੇ ਤਾਂ ਉਨ੍ਹਾਂ ਜਗਾਤੀਆਂ ਨੇ ਕੋਈ ਮਸੂਲ ਨਾ ਲਿਆ। ਉਨ੍ਹਾਂ ਨੇ ਗੁਰੂ ਜੀ ਦੇ ਪਿੱਛੇ ਤੁਰਨ ਵਾਲੀ ਸਾਰੀ ਸੰਗਤ ਨੂੰ ਵੀ ਬਿਨਾਂ ਮਸੂਲ ਲਏ ਜਮਨਾ ਪਾਰ ਲੰਘਾ ਦਿੱਤਾ। ਇੱਥੇ ਸ੍ਰੀ ਗੁਰੂ ਰਾਮਦਾਸ ਜੀ ਬੜਾ ਸੁੰਦਰ ਲਿਖਦੇ ਹਨ ਕਿ ਇਸੇ ਤਰ੍ਹਾਂ ਜਿਹੜੇ ਮਨੁੱਖ ਗੁਰੂ ਦੇ ਬਚਨਾਂ ਨੂੰ ਮੰਨ ਕੇ ਦੱਸੇ ਰਸਤੇ ਉੱਤੇ ਤੁਰਦੇ ਹਨ, ਉਨ੍ਹਾਂ ਦੇ ਨੇੜੇ ਮਸੂਲੀਆਂ ਵਾਂਗ ਜਮਰਾਜ ਵੀ ਨਹੀਂ ਆਉਂਦਾ :

*ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ॥*
*ਜਾਗਾਤੀ ਮਿਲੇ ਦੇ ਭੇਟ ਗੁਰ ਪਿਛੈ ਲੰਘਾਇ ਦੀਆ॥*
*ਸਭ ਛੁਟੀ ਸਤਿਗੁਰੂ ਪਿਛੈ ਜਿਨਿ ਹਰਿ ਹਰਿ ਨਾਮੁ ਧਿਆਇਆ॥*
*ਗੁਰ ਬਚਨਿ ਮਾਰਗਿ ਜੋ ਪੰਥਿ ਚਾਲੇ ਤਿਨ ਜਮੁ ਜਾਗਾਤੀ ਨੇੜਿ ਨ ਆਇਆ॥*
*ਸਭ ਗੁਰੂ ਗੁਰੂ ਜਗਤੁ ਬੋਲੈ ਗੁਰ ਕੈ ਨਾਇ ਲਇਐ ਸਭਿ ਛੁਟਕਿ ਗਇਆ॥*
*ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ॥੪॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੧੬)*

## ਗੁਰੂ ਜੀ ਦਾ ਹਰਿਦੁਆਰ ਜਾਣਾ

ਸ੍ਰੀ ਗੁਰੂ ਅਮਰਦਾਸ ਜੀ ਦੋ ਅਸਥਾਨਾਂ 'ਤੇ ਹੋ ਕੇ ਤੀਜੀ ਥਾਂ ਗੰਗਾ ਕਿਨਾਰੇ ਪਹੁੰਚੇ, ਉੱਥੇ ਵੀ ਇੱਕ ਅਜਬ ਕੌਤਕ ਵਰਤ ਗਿਆ। ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰ ਕੇ ਮਸੂਲੀਏ ਮੋਹੇ ਗਏ, ਉਨ੍ਹਾਂ ਨੇ ਵੀ ਅੱਧੀ ਕੌਡੀ ਮਸੂਲ ਭੀ ਵਸੂਲ ਨਾ ਕੀਤਾ। ਉਨ੍ਹਾਂ ਦੀਆਂ ਗੋਲਕਾਂ ਵਿਚ ਅੱਧੀ ਕੌਡੀ ਭੀ ਮਸੂਲ ਨਾ ਪਿਆ। ਇਉਂ ਮਸੂਲੀਏ ਕਹਿਣ ਲੱਗੇ ਅਸੀਂ ਹੁਣ ਕੀ ਕਰੀਏ? ਅਸੀਂ ਕਿਸ ਪਾਸੋਂ (ਮਸੂਲ) ਮੰਗੀਏ? ਸਾਰੇ ਲੋਕ ਗੁਰੂ ਜੀ ਦੇ ਪਿੱਛੇ ਲੱਗ ਲੰਘ ਗਏ, ਉਨ੍ਹਾਂ ਪਾਸੋਂ ਅਸੀਂ ਮਸੂਲ ਲੈ ਨਹੀਂ ਸਕਦੇ। ਮਸੂਲੀਆਂ ਨੇ ਗੋਲਕਾਂ ਬੰਦ ਕਰ ਲਈਆਂ ਅਤੇ ਉੱਠ ਕੇ ਚਲੇ ਗਏ:

*ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ॥*
*ਸਭ ਮੋਹੀ ਦੇਖਿ ਦਰਸਨੁ ਗੁਰ ਸੰਤ ਕਿਨੈ ਆਢੁ ਨ ਦਾਮੁ ਲਇਆ॥*

*ਆਢੁ ਦਾਮੁ ਕਿਛੁ ਪਇਆ ਨ ਬੋਲਕ ਜਾਗਾਤੀਆ ਮੋਹਣ ਮੁੰਦਣਿ ਪਈ॥*
*ਭਾਈ ਹਮ ਕਰਹ ਕਿਆ ਕਿਸੁ ਪਾਸਿ ਮਾਂਗਹ ਸਭ ਭਾਗਿ ਸਤਿਗੁਰ ਪਿਛੈ ਪਈ॥*
*ਜਾਗਾਤੀਆ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ*
*ਭੰਨਿ ਬੋਲਕਾ ਸਭਿ ਉਠਿ ਗਇਆ॥*
*ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ॥੫॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੧੬)*

ਫਿਰ ਨਗਰ ਦੇ ਵੱਡੇ ਲੋਕ ਸ੍ਰੀ ਗੁਰੂ ਅਮਰਦਾਸ ਜੀ ਦੇ ਪਾਸ ਆਏ ਅਤੇ ਉਨ੍ਹਾਂ ਦੀ ਸ਼ਰਨ ਪਏ। ਉਨ੍ਹਾਂ ਗੁਰੂ ਜੀ ਨੂੰ ਪੁੱਛ ਸਿਮ੍ਰਿਤੀਆਂ ਵਿੱਚੋਂ ਸਹੀ ਕੀਤਾ ਕਿ ਸੁਕਦੇਵ, ਪ੍ਰਹਿਲਾਦ ਅਤੇ ਸ੍ਰੀ ਰਾਮ ਚੰਦਰ ਨੇ ਗੁਰੂ ਨੂੰ ਗੋਵਿੰਦ ਕਰ ਆਰਾਧਿਆ। ਇਸ ਤਰ੍ਹਾਂ ਉਨ੍ਹਾਂ ਸਰੀਰ-ਨਗਰ ਵਿਚ ਵੱਸਣ ਵਾਲੇ (ਕਾਮਾਦਿਕ) ਪੰਜ ਚੋਰਾਂ-ਡਾਕੂਆਂ ਨੂੰ ਮਾਰ, ਉਨ੍ਹਾਂ ਦਾ ਨਿਸ਼ਾਨ ਹੀ ਮਿਟਾ ਦਿੱਤਾ। ਜਿੱਥੇ ਹਰੀ-ਕੀਰਤਨ, ਪੁਰਾਣਾਂ ਦੇ ਪਾਠ ਅਤੇ ਪੁੰਨ-ਦਾਨ ਹੁੰਦੇ ਸੀ, ਹੁਣ ਉੱਥੇ ਗੁਰੂ ਜੀ ਦੇ ਬਚਨ ਮੰਨ ਸ੍ਰੀ ਗੁਰੂ ਨਾਨਕ ਦੇਵ ਜੀ ਹਰੀ ਪਰਮਾਤਮਾ ਦੀ ਭਗਤੀ ਕਰਨ ਲੱਗੇ :

*ਮਿਲਿ ਆਏ ਨਗਰ ਮਹਾ ਜਨਾ ਗੁਰ ਸਤਿਗੁਰ ਓਟ ਗਹੀ॥*
*ਗੁਰੁ ਸਤਿਗੁਰੁ ਗੁਰੁ ਗੋਵਿਦੁ ਪੁਛਿ ਸਿਮ੍ਰਿਤਿ ਕੀਤਾ ਸਹੀ॥*
*ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ*
*ਸੁਕਿ ਪ੍ਰਹਿਲਾਦਿ ਸ੍ਰੀਰਾਮਿ ਕਰਿ ਗੁਰ ਗੋਵਿਦੁ ਧਿਆਇਆ॥*
*ਦੇਹੀ ਨਗਰਿ ਕੋਟਿ ਪੰਚ ਚੋਰ ਵਟਵਾਰੇ ਤਿਨ ਕਾ ਥਾਉ ਥੇਹੁ ਗਵਾਇਆ॥*
*ਕੀਰਤਨ ਪੁਰਾਣ ਨਿਤ ਪੁੰਨ ਹੋਵਹਿ ਗੁਰ ਬਚਨਿ ਨਾਨਕਿ ਹਰਿ ਭਗਤਿ ਲਹੀ॥*
*ਮਿਲਿ ਆਏ ਨਗਰ ਮਹਾ ਜਨਾ ਗੁਰ ਸਤਿਗੁਰ ਓਟ ਗਹੀ॥੬॥੪॥੧੦॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੧੭)*

ਇੱਥੇ ਗੰਗਾ ਕਿਨਾਰੇ ਸਤੀਘਾਟ ਸੀ, ਜਿੱਥੇ ਇਸਤਰੀਆਂ ਸਤੀ ਹੁੰਦੀਆਂ ਸਨ। ਇਸ ਅਸਥਾਨ 'ਤੇ ਗੁਰੂ ਜੀ ਨੇ ਸਤੀ ਪ੍ਰਥਾ ਵਿਰੁੱਧ ਲੋਕਾਂ ਨੂੰ ਜਾਗ੍ਰਿਤ ਕਰ ਕੇ ਇਕ ਅਕਾਲ ਪੁਰਖ ਦੀ ਅਰਾਧਨਾ ਵਿਚ ਜੁੜਨ ਦਾ ਉਪਦੇਸ਼ ਦਿੰਦੇ ਹੋਏ ਕਿਹਾ ਕਿ ਉਹ ਇਸਤ੍ਰੀਆਂ ਸਤੀ ਨਹੀਂ ਆਖੀਦੀਆਂ ਜੋ ਪਤੀ ਨਾਲ ਸੜ ਮਰਦੀਆਂ ਹਨ। ਜੋ ਪਤੀ ਦੀ ਮੌਤ ਤੇ ਵਿਛੋੜੇ ਦੀ ਸੱਟ ਨਾਲ ਮਰ ਜਾਣ, ਉਨ੍ਹਾਂ ਨੂੰ ਸਤੀਆਂ ਸਮਝਣਾ ਚਾਹੀਦਾ ਹੈ।[੧੧] ਇਸ ਅਸਥਾਨ 'ਤੇ ਕਨਖਲ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸਤੀ ਘਾਟ 'ਤੇ ਬਣਿਆ ਹੋਇਆ ਹੈ।

ਇਸ ਤਰ੍ਹਾਂ ਲੋਕਾਈ ਦਾ ਉੱਧਾਰ ਕਰ ਗੁਰੂ ਜੀ ਵਾਪਸ ਆ ਗਏ ਮਹਿਮਾ ਪ੍ਰਕਾਸ਼ ਵਿਚ ਲਿਖਿਆ ਹੈ- "ਇਹ ਜਾਤ੍ਰਾ ਚਲਤਰ ਸਤਿਗੁਰ ਕਾ ਉਧਾਰਨੇ ਕੇ ਨਮਿਤ ਹੋਇਆ। ਅਨੰਦ ਭਜਨ ਕਰਤੇ ਸਤਿਗੁਰ ਗੋਇੰਦਵਾਲ ਮੋ ਆਏ।"[੧੨]

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ-ਇਤਿਹਾਸ ਵਿਚ ਇਹ ਯਾਤਰਾ ਬਿਰਤਾਂਤ ਬਹੁਤ ਮਹਤੱਵਪੂਰਨ ਹੈ, ਕਿਉਂਕਿ ਸ੍ਰੀ ਗੁਰੂ ਰਾਮਦਾਸ ਜੀ ਖੁਦ ਇਸ ਯਾਤਰਾ ਵਿਚ ਨਾਲ ਸਨ। ਸ੍ਰੀ ਗੁਰੂ ਰਾਮਦਾਸ ਜੀ ਸਪਸ਼ਟ ਤੌਰ 'ਤੇ ਲਿਖਦੇ ਹਨ ਕਿ ਇਸ ਯਾਤਰਾ ਦਾ ਮਨੋਰਥ ਤੀਰਥ ਯਾਤਰਾ ਨਹੀਂ ਸਿਰਫ਼ ਸਿੱਖੀ-ਪ੍ਰਚਾਰ ਸੀ। ਇਸ ਯਾਤਰਾ ਨਾਲ ਕੁਰੁਖੇਤਰ ਅਤੇ ਹਰਿਦੁਆਰ ਦੇ ਖੇਤਰਾਂ ਵਿਚ ਸਿੱਖ ਧਰਮ ਦਾ ਪਸਾਰਾ ਹੋਇਆ। ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਸ਼ਾਹੀ ਕਰਮਚਾਰੀ ਵੀ ਗੁਰੂ ਸਾਹਿਬ ਦਾ ਬਹੁਤ ਆਦਰ ਕਰਦੇ ਸਨ। ਗੁਰੂ ਜੀ ਨੂੰ ਮਾਨਤਾ ਮਿਲੀ ਅਤੇ ਕਿਸੇ ਪ੍ਰਕਾਰ ਦਾ ਮਸੂਲ ਨਾ ਦੇਣਾ ਪਿਆ। ਸੰਭਵਤਾ ਇਸੇ ਯਾਤਰਾ ਤੋਂ ਬਾਅਦ ਗੁਰੂ ਜੀ ਤੋਂ ਪ੍ਰੇਰਨਾ ਲੈ ਬਾਦਸ਼ਾਹ ਅਕਬਰ ਨੇ ੧੫੬੩ ਈ. ਵਿਚ ਯਾਤਰਾ ਮਸੂਲ ਹਟਾ ਦਿੱਤਾ ਅਤੇ ਫਿਰ ਕੁਝ ਸਾਲਾਂ ਬਾਅਦ ਜਬਰੀ ਸਤੀ ਕਰਨ 'ਤੇ ਵੀ ਰੋਕ ਲਾਈ।

**ਹਵਾਲੇ :**


੧. ਡਾ. ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ ੪੪.

੨. ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪੰਨਾ ੭੨, ੭੩.

੩. ਡਾ. ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ ੪੪.

੪. ਪੰਡਤ ਤਾਰਾ ਸਿੰਘ ਨਰੋਤਮ, *ਸ੍ਰੀ ਗੁਰੂ ਗਿਰਾਰਥ ਕੋਸ਼*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ ੩੬.

੫. ਗੁਰ-ਇਤਿਹਾਸ (ਪਾਤਸ਼ਾਹੀ ੨ ਤੋਂ ੯), ਪ੍ਰੋ. ਸਾਹਿਬ ਸਿੰਘ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰਨਾ ੭੪.

੬. *ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ ਵਿਚੋਂ ਸ੍ਰੀ ਗੁਰੂ ਅਮਰਦਾਸ ਜੀ ਦਾ ਜੀਵਨ-ਬਿਰਤਾਂਤ*, ਮਹਾਂਕਵੀ ਭਾਈ ਸੰਤੋਖ ਸਿੰਘ ਜੀ, (ਸੰਪਾ. ਡਾ. ਕਿਰਪਾਲ ਸਿੰਘ), ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ, ਪੰਨਾ ੩੫.

੭. *ਮਹਿਮਾ ਪ੍ਰਕਾਸ਼ (ਵਾਰਤਕ)*, (ਸੰਪਾ. ਕੁਲਵਿੰਦਰ ਸਿੰਘ ਬਾਜਵਾ) ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰਨਾ ੭੮.

੮. ਡਾ. ਬਲਬੀਰ ਸਿੰਘ ਅਤੇ ਪ੍ਰਿੰ. ਸਤਿਬੀਰ ਸਿੰਘ (ਡਾ.) ਅਨੁਸਾਰ ਗੁਰੂ ਜੀ ਨੇ ਇਹ ਯਾਤਰਾ ੧੫੫੩ ਈ. ਵਿਚ ਕੀਤੀ ਪਰ ਡਾ. ਕਿਰਪਾਲ ਸਿੰਘ ਅਨੁਸਾਰ ਗੁਰੂ ਜੀ ਨੇ ਇਹ ਯਾਤਰਾ ੧੫੭੨ ਈ. ਵਿਚ ਕੀਤੀ।

੯. ਕੁਰੂਖੇਤਰ ਤੇ ਥਾਨੇਸਰ ਨਾਲ-ਨਾਲ ਸਥਿਤ ਹਨ।

੧੦. *ਜਨਮ ਸਾਖੀ ਪਰੰਪਰਾ*, ਕਿਰਪਾਲ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀ. ਪਟਿਆਲਾ, ਪੰਨਾ ੩੫.

੧੧. *ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ੍॥*
*ਨਾਨਕ ਸਤੀਆ ਜਾਣੀਅਨਿ੍ ਜਿ ਬਿਰਹੇ ਚੋਟ ਮਰੰਨਿ੍॥੧॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੭੮੭)*

੧੨. *ਮਹਿਮਾ ਪ੍ਰਕਾਸ਼* (ਵਾਰਤਕ), (ਸੰਪਾ. ਕੁਲਵਿੰਦਰ ਸਿੰਘ ਬਾਜਵਾ) ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ਪੰਨਾ ੮੦.

# ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ : ਗੁਰਮਤਿ ਦਰਸ਼ਨ ਦੇ ਸੰਦਰਭ ਵਿਚ

*-ਸ. ਵਿਕਰਮਜੀਤ ਸਿੰਘ ਤਿਹਾੜਾ**

ਗੁਰੂ ਨਾਨਕ ਜੋਤਿ ਤੀਜੇ ਜਾਮੇ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੇ ਰੂਪ ਵਿਚ ਵਿਚਰੀ ਅਤੇ ਸਿੱਖੀ ਦੇ ਪ੍ਰਚਾਰ-ਪ੍ਰਸਾਰ ਹਿੱਤ ਅਹਿਮ ਕਾਰਜ ਕੀਤੇ। ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਜਿੱਥੇ ਪਹਿਲੇ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਕੀਤੀਆਂ ਸੰਸਥਾਵਾਂ ਵਿਕਸਿਤ ਹੋਈਆਂ, ਉੱਥੇ ਨਾਲ ਹੀ ਸਮਾਜਿਕ ਅਤੇ ਵਿਵਹਾਰਿਕ ਖੇਤਰ ਵਿਚ ਅਨੇਕ ਕਾਰਜ ਕੀਤੇ ਗਏ। ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖ ਸਿਧਾਂਤ ਅਤੇ ਅਭਿਆਸ ਦੀ ਵਿਆਖਿਆ ਨੂੰ ਆਪਣੀ ਬਾਣੀ ਰਚਨਾ ਰਾਹੀਂ ਜਾਰੀ ਰੱਖਿਆ। ਉਨ੍ਹਾਂ ਦੀ ਬਾਣੀ ਦਾ ਵੱਖ-ਵੱਖ ਪੱਖਾਂ ਤੋਂ ਅਧਿਐਨ ਕੀਤਾ ਅਤੇ ਸਮਝਿਆ ਜਾ ਸਕਦਾ ਹੈ। ਇਸ ਲੇਖ ਰਾਹੀਂ ਗੁਰਮਤਿ ਦਰਸ਼ਨ ਦੇ ਸੰਦਰਭ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਦਾ ਅਧਿਐਨ ਕਰਨ ਦਾ ਜਤਨ ਕੀਤਾ ਗਿਆ ਹੈ। ਲੇਖ ਦੇ ਅਰੰਭ ਵਿਚ ਦਰਸ਼ਨ ਅਤੇ ਗੁਰਮਤਿ ਦਰਸ਼ਨ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ।

## ਦਰਸ਼ਨ

ਮਨੁੱਖ ਸੋਚਣ, ਸਮਝਣ ਅਤੇ ਵਿਚਾਰਨ ਵਾਲਾ ਜੀਵ ਹੈ, ਜਿਸ ਨੇ ਲੰਮੇ ਅਭਿਆਸ, ਮਿਹਨਤ ਅਤੇ ਅਧਿਐਨ ਨਾਲ ਵਿਸ਼ਾਲ ਗਿਆਨ ਪ੍ਰਬੰਧ ਸਿਰਜਿਆ ਹੈ। ਮਨੁੱਖ ਦੀ ਇਹ ਮੁਢਲੀ ਪ੍ਰਵਿਰਤੀ ਜਾਂ ਸੁਭਾਅ ਰਿਹਾ ਹੈ ਕਿ ਉਹ ਆਪਣੇ ਆਲੇ-ਦੁਆਲੇ ਅਤੇ ਆਪਣੇ ਨਾਲ ਸੰਬੰਧਿਤ ਹਰ ਵਸਤ, ਵਿਚਾਰ, ਕਿਰਿਆ ਆਦਿ ਬਾਰੇ ਸੋਚਣ, ਪਰਖਣ ਅਤੇ ਪੜਤਾਲ ਕਰਨ ਦਾ ਜਤਨ ਕਰਦਾ ਹੈ। ਇਸ ਨਾਲ ਉਹ ਆਪਣਾ ਇਕ ਵਿਚਾਰ ਜਾਂ ਵਿਚਾਰ-ਪ੍ਰਬੰਧ ਸਿਰਜਦਾ ਹੈ, ਜਿਸ ਦਾ ਪੱਧਰ ਉਸ ਦੀ ਸਥਿਤੀ, ਸਮੇਂ ਜਾਂ ਸਮਰੱਥਾ ਅਨੁਸਾਰ ਕੁਝ ਵੀ ਹੋ ਸਕਦਾ ਹੈ। ਇਹ ਮੁਢਲਾ ਵਿਚਾਰ ਹੀ 'ਦਰਸ਼ਨ' ਦਾ ਅਰੰਭ ਬਿੰਦੂ ਹੈ। ਸਧਾਰਨ ਅਰਥਾਂ ਵਿਚ ਦਰਸ਼ਨ ਤੋਂ ਭਾਵ ਦੇਖਣ ਤੋਂ ਲਿਆ ਜਾਂਦਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਦੁਆਰਾ ਦਰਸ਼ਨ ਦੇ ਸ਼ਾਬਦਿਕ ਅਰਥ ਦੇਖਣ ਦਾ ਸਾਧਨ, ਨੇਤ੍ਰ ਅਤੇ ਦੀਦਾਰ ਦਿੱਤੇ ਗਏ ਹਨ।[੧] ਪੰਜਾਬੀ ਯੂਨੀਵਰਸਿਟੀ 'ਪੰਜਾਬੀ ਕੋਸ਼' ਵਿਚ ਦਰਸ਼ਨ ਸ਼ਬਦ ਦਾ ਅਰਥ, 'ਫ਼ਲਸਫਾ, ਫ਼ਿਲਾਸਫ਼ੀ, ਚਿੰਤਨ, ਜੀਵਨ-

**ਖੋਜਾਰਥੀ, ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ-੧੪੭੦੦੨; ਮੋ. ੯੮੫੫੫੩੪੯੬੧*

ਜਾਚ; ਦਿਸਣ ਦਾ ਭਾਵ, ਦਿਦਾਰ, ਸੂਰਤ, ਸ਼ਕਲ' ਦੱਸਿਆ ਗਿਆ ਹੈ।[੨] ਅੰਗਰੇਜ਼ੀ ਵਿਚ ਦਰਸ਼ਨ ਲਈ 'Philosophy' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਤੋਂ ਭਾਵ ਸਿਆਣਪ ਲਈ ਪਿਆਰ (love of wisdom) ਜਾਂ ਗਿਆਨ ਨੂੰ ਪਿਆਰ ਕਰਨ ਵਾਲਾ ਲਿਆ ਜਾਂਦਾ ਹੈ। ਦਰਸ਼ਨ ਹੋਂਦ, ਤਤ ਅਤੇ ਵਿਚਾਰਾਂ ਸੰਬੰਧੀ ਵਿਆਖਿਆ ਕਰਦਾ ਹੈ ਅਤੇ ਇਸ ਦਾ ਬੁਨਿਆਦੀ ਸੁਭਾਅ ਵਿਆਖਿਆਮਈ ਹੋਣਾ ਹੈ।

## ਗੁਰਮਤਿ ਦਰਸ਼ਨ

ਗੁਰਮਤਿ ਤੋਂ ਭਾਵ ਗੁਰੂ ਦੀ ਮਤਿ, ਸੇਧ, ਸਿੱਖਿਆ, ਸਮਝ, ਬੁੱਧੀ ਆਦਿ ਤੋਂ ਹੈ। ਸਿੱਖ ਧਰਮ ਦੇ ਦਰਸ਼ਨ ਲਈ 'ਗੁਰਮਤਿ ਦਰਸ਼ਨ' ਸ਼ਬਦ/ਸਮਾਸ ਰੂੜ੍ਹ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ:

**ਗੁਰਦਰਸਨ.** ਸੰਗਯਾ-ਗੁਰੁਸ਼ਾਸਤ੍ਰ. ਸਿੱਖਧਰਮ ਦੇ ਨਿਯਮਾਂ ਦਾ ਪ੍ਰਕਾਸ਼ਕ ਸ਼ਾਸਤ੍ਰ. "ਖਟੁ ਦਰਸਨੁ ਵਰਤੈ ਵਰਤਾਰਾ॥ ਗੁਰ ਕਾ ਦਰਸਨੁ ਅਗਮ ਅਪਾਰਾ॥" (ਆਸਾ ਮ: ੩) ੨ ਸਤਿਗੁਰੂ ਦਾ ਦੀਦਾਰ.[੩]

**ਗੁਰਮਤ.** ਸਤਿਗੁਰੂ ਦਾ ਸਿੱਧਾਂਤ। ੨ ਗੁਰੂ ਦਾ ਥਾਪਿਆ ਧਰਮ ਦਾ ਨਿਯਮ.[੪]

ਡਾ. ਦਰਸ਼ਨ ਸਿੰਘ ਅਨੁਸਾਰ, "ਸਿੱਖ ਧਰਮ ਵਿਚ ਸਿੱਖੀ ਸਿਧਾਂਤਾਂ ਲਈ ਪਰੰਪਰਾ ਵਿਚ ਪ੍ਰਾਪਤ ਸ਼ਬਦ 'ਸਿੱਖੀ, 'ਗੁਰਮਤਿ', 'ਗੁਰਸਿਖੀ' 'ਗੁਰਦਰਸਨ' ਆਦਿ ਹਨ ਜੋ ਸਿੱਖ ਵਿਸ਼ਵ-ਦ੍ਰਿਸ਼ਟੀ ਦੇ ਵਾਚਕ ਅਤੇ ਵਿਆਖਿਆਕਾਰ ਵਜੋਂ ਵਰਤੇ ਗਏ ਹਨ।"[੫] ਗੁਰਮਤਿ ਦਰਸ਼ਨ ਤੋਂ ਭਾਵ ਗੁਰੂ ਦੀ ਮਤਿ ਦੇ ਦਰਸ਼ਨ ਤੋਂ ਹੈ, ਜਿਸ ਦਾ ਸਿੱਧਾ ਸੰਬੰਧ ਸਿੱਖ ਧਰਮ ਦੁਆਰਾ ਦਿੱਤੇ ਦਰਸ਼ਨ ਨਾਲ ਹੈ। "ਆਪਣੀ ਸ਼ਬਦ-ਜੁਗਤ ਵਿਚ, 'ਗੁਰੂ' ਤੋਂ ਭਾਵ ਹੈ ਮਨੁੱਖੀ ਰੂਪ ਵਿਚ ਦਸ ਗੁਰੂ ਸਾਹਿਬਾਨ ਅਤੇ ਗੁਰੂ-ਬਾਣੀ। ਗੁਰੂ ਦੀ 'ਮਤ' ਤੋਂ ਭਾਵ ਹੈ: ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ ਬਾਣੀ ਰਾਹੀਂ ਮਿਲਣ ਵਾਲੀ ਸਿੱਖਿਆ ਅਤੇ ਉਹ ਸੇਧ ਜੋ ਗੁਰੂ ਸਾਹਿਬਾਨ ਨੇ ਆਪਣੇ ਪੈਰੋਕਾਰਾਂ ਨੂੰ ਦਿੱਤੀ।"[੬] ਗੁਰਮਤਿ ਨੇ ਅਗਿਆਨਤਾ ਦੇ ਹਨ੍ਹੇਰੇ ਵਿਚ ਪਈ ਹੋਈ ਲੋਕਾਈ ਨੂੰ ਸ਼ਬਦ ਦੇ ਪ੍ਰਕਾਸ਼ ਨਾਲ ਰਸਤਾ ਦਿਖਾਇਆ ਅਤੇ ਅੰਧਕਾਰ ਵਿੱਚੋਂ ਬਾਹਰ ਕੱਢਿਆ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਦਾਨ ਕੀਤੀ ਪਹਿਲੀ ਸਿੱਖਿਆ ਅਤੇ ਬਚਨ ਨਾਲ ਹੀ ਗੁਰਮਤਿ ਦਰਸ਼ਨ ਦੀ ਹੋਂਦ ਅਤੇ ਅਰੰਭ ਹੈ। ਗੁਰਮਤਿ ਗੁਰੂ ਦੀ ਮਤਿ ਵਿਚ ਪਿਆ ਹੋਇਆ ਗੁਰਸਿੱਖੀ ਦਾ ਖ਼ਜ਼ਾਨਾ ਹੈ, ਜਿਸ ਵਿਚ ਸਮੁੱਚੇ ਬ੍ਰਹਿਮੰਡ, ਜੀਵਨ ਅਤੇ ਹੋਂਦ ਦਾ ਗਿਆਨ, ਅਭਿਆਸ, ਵਿਵੇਕਤਾ ਅਤੇ ਜਾਚ ਹੈ।

## ਬਾਣੀ ਅਤੇ ਦਰਸ਼ਨ

ਸ੍ਰੀ ਗੁਰੂ ਅਮਰਦਾਸ ਜੀ ਜੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੧੭ ਰਾਗਾਂ ਵਿਚ ਦਰਜ ਹੈ। ਅਨੰਦੁ ਸਾਹਿਬ, ਪਟੀ (ਆਸਾ), ਵਾਰ ਸਤ (ਬਿਲਾਵਲ) ਅਤੇ ਅਲਾਹਣੀਆਂ (ਵਡਹੰਸ) ਆਦਿ ਵਿਸ਼ੇਸ਼ ਸਿਰਲੇਖ ਵਾਲੀਆਂ ਬਾਣੀਆਂ ਅਤੇ ਚਾਰ

ਵਾਰਾਂ (ਗੂਜਰੀ, ਸੂਹੀ, ਰਾਮਕਲੀ ਅਤੇ ਮਾਰੂ) ਗੁਰੂ ਸਾਹਿਬ ਜੀ ਦੀਆਂ ਰਚਨਾਵਾਂ ਹਨ। ਅਨੰਦੁ ਸਾਹਿਬ ਬਾਣੀ ਹਰ ਸਿੱਖ ਦੇ ਰੋਜ਼ਾਨਾ ਦੇ ਨਿੱਤਨੇਮ ਦੀਆਂ ਬਾਣੀਆਂ ਅਤੇ ਅੰਮ੍ਰਿਤ-ਸੰਚਾਰ ਦੀਆਂ ਬਾਣੀਆਂ ਵਿਚ ਸ਼ਾਮਿਲ ਹੈ। ਇਸ ਲੇਖ ਰਾਹੀਂ ਗੁਰੂ ਸਾਹਿਬ ਜੀ ਦੀ ਸਮੁੱਚੀ ਬਾਣੀ ਅਨੁਸਾਰ ਕੁਝ ਦਾਰਸ਼ਨਿਕ ਸੰਕਲਪਾਂ ਦੀ ਵਿਆਖਿਆ ਕਰਨ ਦਾ ਜਤਨ ਕੀਤਾ ਗਿਆ ਹੈ।

ਭਾਰਤੀ ਪਰੰਪਰਾ ਵਿਚ ਦਰਸ਼ਨ ਨੂੰ ਮੁੱਖ ਰੂਪ ਵਿਚ ਛੇ ਸ਼ਾਸਤਰਾਂ (ਨਿਆਇ, ਵੈਸ਼ੇਸ਼ਿਕ, ਸਾਂਖ, ਯੋਗ, ਪੂਰਵ ਮੀਮਾਂਸਾ ਤੇ ਵੇਦਾਂਤ) ਨਾਲ ਜੋੜਿਆ ਜਾਂਦਾ ਹੈ। ਇਨ੍ਹਾਂ ਅਨੁਸਾਰ ਹੀ ਆਤਮਾ, ਪਰਮਾਤਮਾ, ਤੱਤਾਂ, ਪ੍ਰਕਿਰਤੀ ਆਦਿ ਦੇ ਸਰੂਪ ਅਤੇ ਆਪਸੀ ਸੰਬੰਧਾਂ ਦੀ ਚਰਚਾ ਕੀਤੀ ਜਾਂਦੀ ਹੈ। ਇਹੀ ਇਨ੍ਹਾਂ ਸ਼ਾਸਤਰਾਂ ਦਾ ਮੁੱਖ ਵਿਸ਼ਾ ਹੈ। ਸ੍ਰੀ ਗੁਰੂ ਅਮਰਦਾਸ ਜੀ ਆਪਣੀ ਬਾਣੀ ਵਿਚ ਫੁਰਮਾਉਂਦੇ ਹਨ ਕਿ ਛੇ ਸ਼ਾਸਤਰਾਂ ਦਾ ਵਰਤਾਰਾ ਵਰਤ ਰਿਹਾ ਹੈ ਪਰ ਗੁਰੂ ਦਾ ਦਰਸ਼ਨ ਭਾਵ ਗੁਰਮਤਿ ਦਰਸ਼ਨ ਇਨ੍ਹਾਂ ਛੇ ਸ਼ਾਸਤਰਾਂ ਦੀ ਪਹੁੰਚ ਤੋਂ ਪਰ੍ਹੇ ਹੈ। ਇਹ ਛੇ ਸ਼ਾਸਤਰ ਗੁਰਮਤਿ ਦਾ ਅੰਤ ਨਹੀਂ ਪਾ ਸਕਦੇ। ਸਿੱਖ ਦਾ ਜੀਵਨ, ਟੇਕ ਅਤੇ ਮੁਕਤੀ ਗੁਰੂ ਦੇ ਇਸ ਦਰਸ਼ਨ ਅਨੁਸਾਰ ਹੀ ਹਨ। ਗੁਰਮਤਿ ਅਨੁਸਾਰੀ ਹੋਣ 'ਤੇ ਹੀ ਸਚਾ ਪਰਮਾਤਮਾ ਆਪ ਹਿਰਦੇ ਵਿਚ ਆ ਵਸਦਾ ਹੈ:

*ਖਟੁ ਦਰਸਨੁ ਵਰਤੈ ਵਰਤਾਰਾ॥ ਗੁਰ ਕਾ ਦਰਸਨੁ ਅਗਮ ਅਪਾਰਾ॥੧॥...*
*ਗੁਰ ਕੈ ਦਰਸਨਿ ਮੁਕਤਿ ਗਤਿ ਹੋਇ॥ ਸਾਚਾ ਆਪਿ ਵਸੈ ਮਨਿ ਸੋਇ॥੧॥ ਰਹਾਉ॥*[੭]

ਗੁਰਮਤਿ ਦਾ ਆਧਾਰ ਅਤੇ ਸਰੋਤ ਗੁਰਬਾਣੀ ਹੈ। ਇਸ ਲਈ ਗੁਰੂ ਤੋਂ ਬਿਨਾਂ ਜੀਵ ਇਨ੍ਹਾਂ ਛੇ ਸ਼ਾਸਤਰਾਂ, ਜੋਗੀਆਂ-ਸੰਨਿਆਸੀਆਂ ਦੁਆਰੇ ਫੈਲਾਏ ਗਏ ਭਰਮਾਂ ਵਿਚ ਭੁਲੇ ਰਹਿੰਦੇ ਹਨ। ਜੋ ਜੀਵ ਸੱਚੇ ਸਤਿਗੁਰ ਦੀ ਸ਼ਰਨੀ ਪੈਂਦੇ ਹਨ, ਉਹ ਹੀ ਪਰਮਾਤਮਾ ਦੇ ਚਰਨੀਂ ਲੱਗਿਆਂ ਉਚੀ ਆਤਮਿਕ ਅਵਸਥਾ ਅਤੇ ਜੀਵਨ ਦਾ ਥਾਹ ਪ੍ਰਾਪਤ ਕਰਦੇ ਹਨ। ਇਸ ਨਾਲ ਹੀ ਪਰਮਾਤਮਾ ਹਿਰਦੇ ਵਿਚ ਆ ਕੇ ਵਸਦਾ ਹੈ।

*ਖਟੁ ਦਰਸਨ ਜੋਗੀ ਸੰਨਿਆਸੀ ਬਿਨੁ ਗੁਰ ਭਰਮਿ ਭੁਲਾਏ॥*
*ਸਤਿਗੁਰੁ ਸੇਵਹਿ ਤਾ ਗਤਿ ਮਿਤਿ ਪਾਵਹਿ ਹਰਿ ਜੀਉ ਮੰਨਿ ਵਸਾਏ॥*[੮]

## ਪਰਮ ਸਤਿ

ਪਰਮ ਸਤਿ ਦੀ ਵਿਆਖਿਆ ਕਿਸੇ ਵੀ ਦਰਸ਼ਨ ਦਾ ਮੂਲ ਆਧਾਰ ਹੁੰਦਾ ਹੈ, ਬਾਕੀ ਸਭ ਕੁਝ ਇਸ 'ਤੇ ਹੀ ਨਿਰਭਰ ਕਰਦਾ ਹੈ। ਗੁਰਮਤਿ ਦਰਸ਼ਨ ਦਾ ਮੂਲ ਕੇਂਦਰ ਅਕਾਲ ਪੁਰਖ ਹੈ ਅਤੇ ਉਸ ਦਾ ਨਾਮ ਹੀ ਸ੍ਰਿਸ਼ਟੀ, ਜੀਵ ਤੇ ਮੁਕਤੀ ਦਾ ਆਧਾਰ ਹੈ। ਉਹ ਸਦਾ-ਥਿਰ ਸਦੀਵੀ ਹੋਂਦ ਵਾਲਾ ਅਤੇ ਸੱਚੇ ਨਾਮ ਵਾਲਾ ਹੈ।[੯] ਸ੍ਰੀ ਗੁਰੂ ਅਮਰਦਾਸ ਜੀ ਆਪਣੀ ਬਾਣੀ ਵਿਚ ਪਰਮ ਸਤਿ ਦੀ ਵਿਆਖਿਆ ਕਰਦੇ ਹੋਏ ਸਪੱਸ਼ਟ ਕਰਦੇ ਹਨ ਕਿ ਪਰਮ ਸਤਿ ਪਰਮਾਤਮਾ ਦੀ ਹੋਂਦ ਆਪਣੇ ਆਪ ਤੋਂ ਹੀ

ਹੈ। ਉਸ ਨੂੰ ਬਣਾਉਣ ਵਾਲਾ ਕੋਈ ਵੀ ਨਹੀਂ ਹੈ ਅਤੇ ਉਹ ਆਦਿ ਤੋਂ ਹੀ ਸਤਿ ਹੈ, ਸਦਾ ਸਤਿ ਰਹਿਣ ਵਾਲਾ ਹੈ:

*-ਸਭੁ ਕਿਛੁ ਸਾਚਾ ਆਪੇ ਆਪੈ॥੧॥*[੧੦]

*-ਮੇਰਾ ਪ੍ਰਭੁ ਸਾਚਾ ਸਦ ਹੀ ਸਾਚਾ ਜਿਨਿ ਆਪੇ ਆਪੁ ਉਪਾਇਆ॥*[੧੧]

*-ਹੈ ਭੀ ਸਾਚਾ ਹੋਸੀ ਸੋਈ॥*[੧੨]

ਗੁਰਮਤਿ ਦਰਸ਼ਨ ਵਿਚ ਅਕਾਲ ਪੁਰਖ ਤੋਂ ਬਿਨਾਂ ਕਿਸੇ ਦੂਜੇ ਦੀ ਹੋਂਦ ਨੂੰ ਨਹੀਂ ਸਵੀਕਾਰਿਆ ਗਿਆ ਹੈ। ਇਕ ਪਰਮ ਸਤਿ ਤੋਂ ਬਿਨਾਂ ਹੋਰ ਕੋਈ ਵੀ ਹਸਤੀ ਨਹੀਂ ਹੈ, ਉਹ ਹੀ ਸਭ ਜਗ੍ਹਾ ਵਰਤਦਾ ਹੈ। ਅਕਾਲ ਪੁਰਖੁ ਦੀ ਹੋਂਦ ਸਦੀਵੀ ਹੈ, ਉਹ ਨਾ ਮਰਦਾ ਹੈ ਅਤੇ ਨਾ ਹੀ ਕਿਤੇ ਜਾਂਦਾ ਹੈ।

*-ਮੇਰੇ ਰਾਮ ਮੈ ਹਰਿ ਬਿਨੁ ਅਵਰੁ ਨ ਕੋਇ॥*[੧੩]

*-ਹਰਿ ਇਕੋ ਦਾਤਾ ਵਰਤਦਾ ਦੂਜਾ ਅਵਰੁ ਨ ਕੋਇ॥*[੧੪]

*-ਸੋ ਪਿਰੁ ਸਚਾ ਸਦ ਹੀ ਸਾਚਾ ਹੈ ਨਾ ਓਹੁ ਮਰੈ ਨ ਜਾਏ॥*[੧੫]

## ਸ੍ਰਿਸ਼ਟੀ

ਪਰਮਾਤਮਾ, ਸ੍ਰਿਸ਼ਟੀ ਤੇ ਜੀਵ ਦੇ ਆਪਸੀ ਅੰਤਰ-ਸੰਬੰਧਾਂ ਦੀ ਵਿਆਖਿਆ ਅਤੇ ਸੰਵਾਦ ਦਰਸ਼ਨ ਵਿਚ ਪ੍ਰਾਪਤ ਹੁੰਦਾ ਹੈ। ਇਸ ਨਾਲ ਹੀ ਇਨ੍ਹਾਂ ਦਾ ਆਪਸੀ ਸਥਾਨ, ਸਾਂਝ ਅਤੇ ਉਦੇਸ਼ ਸਪੱਸ਼ਟ ਹੁੰਦਾ ਹੈ। ਦਰਸ਼ਨ ਦੁਆਰਾ ਇਨ੍ਹਾਂ ਪ੍ਰਮੁੱਖ ਸਵਾਲਾਂ ਦਾ ਜਵਾਬ ਦੇਣ ਦਾ ਜਤਨ ਕੀਤਾ ਜਾਂਦਾ ਹੈ। ਪੂਰਬੀ ਦਰਸ਼ਨ ਮੁੱਖ ਰੂਪ ਵਿਚ ਇਨ੍ਹਾਂ ਵਿਸ਼ਿਆਂ ਨੂੰ ਹੀ ਮੁਖਾਤਿਬ ਹੁੰਦਾ ਹੈ ਅਤੇ ਜਵਾਬ ਦਿੰਦਾ ਹੈ। ਗੁਰਮਤਿ ਦਰਸ਼ਨ ਵਿਚ ਵੀ ਇਨ੍ਹਾਂ ਸਵਾਲਾਂ ਨੂੰ ਵਿਚਾਰਿਆ ਗਿਆ ਨਾਲ ਹੀ ਇਸ ਨੂੰ ਗੁੰਝਲਦਾਰ ਬਣਾਉਣ ਦੀ ਥਾਂ ਸਰਲ ਰੂਪ ਵਿਚ ਦ੍ਰਿੜ੍ਹ ਕਰਵਾਇਆ ਗਿਆ। ਸ੍ਰੀ ਗੁਰੂ ਅਮਰਦਾਸ ਜੀ ਬਾਣੀ ਵਿਚ ਸ੍ਰਿਸ਼ਟੀ ਰਚਨਾ ਅਤੇ ਇਸ ਦੇ ਸਰੂਪ ਸੰਬੰਧੀ ਦਰਸ਼ਨ ਵਿਚ ਅਹਿਮ ਵਿਆਖਿਆ ਪ੍ਰਾਪਤ ਹੁੰਦੀ ਹੈ।

ਸ੍ਰਿਸ਼ਟੀ ਰਚਨਾ ਦੇ ਕਰਤਾ ਸੰਬੰਧੀ ਸਵਾਲ ਦਾ ਜਵਾਬ ਦਿੰਦੇ ਹੋਏ ਗੁਰੂ ਸਾਹਿਬ ਜੀ ਨੇ ਸਪੱਸ਼ਟ ਕੀਤਾ ਹੈ ਕਿ ਪਰਮਾਤਮਾ ਆਪ ਹੀ ਕਾਰਨ ਅਤੇ ਕਰਤਾ ਹੈ; ਉਹ ਆਪ ਹੀ ਸ੍ਰਿਸ਼ਟੀ ਦੀ ਰਚਨਾ ਕਰ ਕੇ ਦੇਖਦਾ ਹੈ।[੧੬] ਪੂਰਬੀ ਫ਼ਲਸਫ਼ੇ ਵਿਚ ਸ੍ਰਿਸ਼ਟੀ ਰਚਨਾ ਦੇ ਕਰਤੇ ਅਤੇ ਸਿਰਜਣ ਪ੍ਰਕਿਰਿਆ ਸੰਬੰਧੀ ਕਾਫੀ ਵਿਆਖਿਆ ਪ੍ਰਾਪਤ ਹੁੰਦੀ ਹੈ, ਜਿਸ ਵਿਚ ਇਸ ਦੇ ਕਈ ਭੇਦ, ਤਰਕ-ਵਿਤਰਕ ਅਤੇ ਸੰਵਾਦ ਕੀਤਾ ਗਿਆ ਹੈ। ਡਾ. ਸ਼ੇਰ ਸਿੰਘ ਗੁਰਮਤਿ ਦਰਸ਼ਨ ਦੀ ਵਿਆਖਿਆ ਨੂੰ ਅਰੰਭ ਕਰਨ ਵੇਲੇ ਪਹਿਲੇ ਅਧਿਆਇ ਵਿਚ ਹੀ ਲਿਖਦੇ ਹਨ, "ਅਸੀਂ ਸਿੱਖ-ਧਰਮ ਦੀ ਦਾਰਸ਼ਨਿਕ ਵਿਚਾਰ ਕਰਨ ਲੱਗੇ ਹਾਂ। ਇਸ ਧਰਮ ਦਾ ਮੁੱਖ ਪ੍ਰਯੋਜਨ ਜੀਵਨ-ਪੰਧ ਹੈ, ਜੀਵਨ-ਪੰਧ ਵਿਚਾਰ ਨਹੀਂ। ਮਨੁੱਖਾ-ਜੀਵਨ ਅਤੇ ਆਚਰਣ ਨੂੰ ਆਦਰਸ਼ਕ ਬਣਾਉਣ ਦੀ

ਜਾਚ ਇਹ ਧਰਮ ਦੱਸਦਾ ਹੈ ਤੇ ਜ਼ਿੰਦਗੀ ਆਚਰਣ ਜਾਂ ਆਦਰਸ਼ਾਂ ਦੀਆਂ ਅੰਤਮ ਸਤਜ-ਵਾਦਿਕ (Meta-phyiscal) ਖੋਜਾਂ ਦੀ ਘੁੰਮਣ-ਘੇਰੀ ਵਿਚ ਜੀਵਨ-ਪਾਂਧੀਆਂ ਨੂੰ ਇਹ ਨਹੀਂ ਪਾਉਂਦਾ। "[੧੭]

ਗੁਰੂ ਸਾਹਿਬ ਅਕਾਲ ਪੁਰਖ ਦੁਆਰਾ ਸਾਜੀ ਸ੍ਰਿਸ਼ਟੀ ਦੀ ਹੋਂਦ ਨੂੰ ਪਰਮ ਸਤਿ ਨਾਲ ਇਕਮਿਕ ਮੰਨਦੇ ਹਨ। ਉਸ ਦੇ ਹੁਕਮ ਵਿਚ ਹੀ ਸਿਸ਼੍ਟੀ ਹੋਂਦ ਵਿਚ ਆਉਂਦੀ ਹੈ ਅਤੇ ਉਸ ਦੀ ਜੋਤਿ ਇਸ ਵਿਚ ਸਮਾਈ ਹੋਈ ਹੈ।

*-ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ॥*[੧੮]

*-ਆਪੇ ਸ੍ਰਿਸਟਿ ਸਾਜੀਅਨੁ ਆਪਿ ਗੁਪਤੁ ਰਖੇਸਾ॥*[੧੯]

*-ਆਪੇ ਸ੍ਰਿਸਟਿ ਸਭ ਸਾਜੀਅਨੁ ਆਪੇ ਨਦਰਿ ਕਰੇਇ॥*[੨੦]

*-ਵੇਕੀ ਸ੍ਰਿਸਟਿ ਉਪਾਈਅਨੁ ਸਭ ਹੁਕਮਿ ਆਵੈ ਜਾਇ ਸਮਾਹੀ॥*[੨੧]

ਸੋ ਇਸ ਪ੍ਰਕਾਰ ਗੁਰਮਤਿ ਦਰਸ਼ਨ ਵਿਚ ਅਕਾਲ ਪੁਰਖ ਹੀ ਪਰਮ ਸਤਿ ਹੈ। ਸ੍ਰਿਸ਼ਟੀ ਅਤੇ ਜੀਵ ਦੀ ਹੋਂਦ ਦਾ ਵਰਤਾਰਾ ਉਸ ਦੇ ਹੁਕਮ ਤੋਂ ਹੀ ਸੇਧਿਤ ਹੈ। ਸਭ ਕੁਝ ਉਸ ਦੇ ਭਾਣੇ ਵਿਚ ਹੀ ਵਰਤ ਰਿਹਾ ਹੈ। ਇਸ ਲਈ ਸ੍ਰਿਸ਼ਟੀ ਰਚਨਾ ਅਤੇ ਸਿਰਜਣ ਪ੍ਰਕਿਰਿਆ ਵੀ ਹੁਕਮ ਅਧੀਨ ਹੈ। ਉਹ ਆਪ ਹੀ ਕਾਰਣ ਅਤੇ ਆਪ ਹੀ ਕਰਤਾ ਹੈ।

## ਜੀਵ ਅਤੇ ਮਨ

ਜੀਵ ਦਾ ਪਰਮਾਤਮਾ ਅਤੇ ਸ੍ਰਿਸ਼ਟੀ ਨਾਲ ਸੰਬੰਧ ਹੀ ਉਸ ਦਾ ਉਦੇਸ਼ ਨਿਰਧਾਰਤ ਕਰਦਾ ਹੈ। ਸੋ ਇਸ ਲਈ ਇਹ ਸਵਾਲ ਦਰਸ਼ਨ ਦੇ ਅੰਤਰਗਤ ਹੀ ਵਿਚਾਰਿਆ ਜਾਂਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਜੀਵ ਸੰਬੰਧੀ ਵਿਆਖਿਆ ਲਈ 'ਮਨ' ਸ਼ਬਦ ਨਾਲ ਸੰਬੋਧਿਤ ਹੋਇਆ ਗਿਆ ਹੈ। ਚਾਹੇ ਦਰਸ਼ਨ ਵਿਚ ਮਨ ਅਤੇ ਜੀਵ ਦੀ ਭਿੰਨ-ਭਿੰਨ ਵਿਆਖਿਆ ਅਤੇ ਆਧਾਰ ਹੈ ਪਰ ਜੀਵ ਅਤੇ ਮਨ ਦੋਵੇਂ ਇਕ ਦੂਜੇ ਨਾਲ ਜੁੜੇ ਹੋਏ ਹਨ। ਮਨ ਨੂੰ ਬਾਣੀ ਵਿਚ ਸੰਬੋਧਿਤ ਹੁੰਦੇ ਹੋਏ ਪ੍ਰੇਰਣਾ ਜੀਵ ਨੂੰ ਹੀ ਕੀਤੀ ਗਈ ਹੈ। ਦਰਅਸਲ ਇਸੇ ਲਈ ਹੀ ਸ੍ਰੀ ਗੁਰੂ ਅਮਰਦਾਸ ਜੀ ਮਨ ਨੂੰ ਜੋਤਿ ਸਰੂਪ ਆਖਦੇ ਹਨ ਅਤੇ ਆਪਣਾ ਮੂਲ ਪਛਾਣਨ ਲਈ ਕਹਿੰਦੇ ਹਨ।[੨੨] ਜੀਵ ਆਤਮਾ ਅਤੇ ਪਰਮ-ਆਤਮਾ ਦੀ ਆਪਸੀ ਸਾਂਝ ਅਤੇ ਇਕ-ਰੂਪਤਾ ਹੈ ਪਰ ਜੀਵ ਆਪਣੇ ਹੰਕਾਰ ਅਤੇ ਜਨਮਾਂ-ਜਨਮਾਂਤਰਾਂ ਦੀ ਮੈਲ ਕਾਰਨ ਵਿਛੜਿਆ ਹੋਇਆ ਹੈ। ਇਨ੍ਹਾਂ ਵਿਕਾਰਾਂ ਦੀ ਮੈਲ ਕਾਰਨ ਸੰਸਾਰਕ ਆਵਾਗਵਣ ਵਿਚ ਭਟਕ ਰਿਹਾ ਹੈ। ਸੋ ਇਸ ਲਈ ਮਾਰਗ ਹੈ ਕਿ ਜੀਵ ਪਰਮਾਤਮਾ ਨਾਲ ਆਪਣੀ ਸਾਂਝ ਨੂੰ ਮੁੜ ਸੁਰਜੀਤ ਕਰੇ। ਅੰਤ ਵਿਚ ਨਿਬੇੜਾ ਸੱਚੇ ਪਰਮਾਤਮਾ ਦੇ ਨਾਮ ਦੁਆਰਾ ਹੀ ਹੋਣਾ ਹੈ:

*-ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥*[੨੩]

*-ਏ ਮਨ ਮੇਰਿਆ ਆਵਾ ਗਉਣੁ ਸੰਸਾਰੁ ਹੈ ਅੰਤਿ ਸਚਿ ਨਿਬੇੜਾ ਰਾਮ॥*[੨੪]

ਮਨੁੱਖੀ ਜੀਵਨ ਵਿਚ ਨਿੰਦਾ ਅਤੇ ਅਹੰਕਾਰ ਅਲਾਮਤਾਂ ਹਨ, ਜਿਨ੍ਹਾਂ ਕਾਰਨ ਜੀਵ ਭਟਕਦਾ ਅਤੇ ਆਪਣੀ ਹੋਂਦ ਦੇ ਭਰਮ ਜਾਲ ਨੂੰ ਬੁਣਦਾ ਹੈ। ਇਹ ਭਰਮ ਜਾਲ ਦੀ ਸਥਾਪਤੀ ਆਪਣੀ ਸਿਆਣਪ ਨਾਲ ਕਰਦਾ ਹੈ ਅਤੇ ਗੁਰੂ ਦੇ ਦੱਸੇ ਮਾਰਗ ਤੋਂ ਖੁੰਝ ਜਾਂਦਾ ਹੈ। ਜੀਵ ਅਤੇ ਪਰਮਾਤਮਾ ਦੇ ਆਪਸੀ ਸੰਬੰਧਾਂ ਵਿਚ ਇਹ ਹੀ ਅਸਲ ਦੂਰੀ ਅਤੇ ਵਿੱਥ ਹੈ। ਸ੍ਰੀ ਗੁਰੂ ਅਮਰਦਾਸ ਜੀ ਇਸ ਲਈ ਜੀਵ ਨੂੰ ਆਪਣੇ ਮਨ ਦੀ ਸਿਆਣਪ ਨੂੰ ਛਡ ਕੇ ਗੁਰੂ ਦੇ ਦੱਸੇ ਮਾਰਗ 'ਤੇ ਚੱਲਣ ਅਤੇ ਗੁਰ-ਸਬਦ ਅਨੁਸਾਰੀ ਹੋਣ ਦੀ ਪ੍ਰੇਰਨਾ ਦਿੰਦੇ ਹਨ। ਮਨੁੱਖੀ ਤ੍ਰਿਸ਼ਨਾ ਦੀ ਪਿਆਸ ਪਰਮਾਤਮਾ ਦੇ ਨਾਮ ਨਾਲ ਹੀ ਮਿਟ ਸਕਦੀ ਹੈ:

*-ਮੇਰੇ ਮਨ ਤਜਿ ਨਿੰਦਾ ਹਉਮੈ ਅਹੰਕਾਰੁ॥*[੨੫]

*-ਮਨ ਸਿਆਣਪ ਛੋਡੀਐ ਗੁਰ ਕਾ ਸਬਦੁ ਸਮਾਲੇ॥*[੨੬]

*-ਮਨ ਰੇ ਗੁਰ ਕੀ ਕਾਰ ਕਮਾਇ॥*[੨੭]

*-ਮਨ ਮੇਰੇ ਹਰਿ ਰਸੁ ਚਾਖੁ ਤਿਖ ਜਾਇ॥*[੨੮]

## ਮੁਕਤਿ

ਪੂਰਬੀ ਦਰਸ਼ਨ ਵਿਚ ਮੁਕਤੀ ਦਾ ਸਿਧਾਂਤ ਬਹੁਤ ਅਹਿਮ ਹੈ। ਵੈਦਿਕ ਪਰੰਪਰਾ ਵਿਚ ਜੀਵ ਦੇ ਚਾਰ ਪੁਰਸ਼ਾਰਥਾਂ ਵਿੱਚੋਂ ਮੁਕਤੀ ਇਕ ਹੈ। ਇਸ ਲਈ ਜੀਵ ਦਾ ਅੰਤਿਮ ਅਤੇ ਮੁੱਖ ਉਦੇਸ਼ ਮੁਕਤੀ ਨੂੰ ਹੀ ਮੰਨਿਆ ਗਿਆ ਹੈ। ਮੁਕਤੀ ਇਕੱਲੀ ਅੰਤਿਮ ਉਦੇਸ਼ ਤਕ ਹੀ ਸੀਮਿਤ ਨਹੀਂ, ਇਸ ਨਾਲ ਜੀਵ ਦਾ ਸਮੁੱਚਾ ਜੀਵਨ, ਸ਼ੈਲੀ ਅਤੇ ਵਰਤੋਂ-ਵਿਹਾਰ ਪ੍ਰਭਾਵਿਤ ਹੁੰਦਾ ਹੈ। ਇਸ ਕਾਰਨ ਹੀ ਇਸ ਸੰਬੰਧੀ ਪੂਰਬੀ ਚਿੰਤਨ ਵਿਚ ਬਹੁਤ ਵਿਆਖਿਆ ਪ੍ਰਾਪਤ ਹੁੰਦੀ ਹੈ। ਕਿਸੇ ਧਰਮ ਜਾਂ ਪਰੰਪਰਾ ਵਿਚ ਮਿਲਦੀ ਮੁਕਤੀ ਦੀ ਪਰਿਭਾਸ਼ਾ ਅਤੇ ਸਰੂਪ ਜੀਵ ਦੇ ਜੀਵਨ-ਵਿਹਾਰ ਅਤੇ ਅਭਿਆਸ ਨੂੰ ਸੇਧਿਤ ਕਰਦਾ ਹੈ। ਮੁਕਤੀ ਦਾ ਸਰੂਪ, ਮਾਰਗ ਅਤੇ ਪ੍ਰਾਪਤੀ ਜੀਵ ਦੇ ਪਰਮਾਤਮਾ ਅਤੇ ਸੰਸਾਰ ਨਾਲ ਸੰਬੰਧਾਂ ਨੂੰ ਨਿਰਧਾਰਿਤ ਕਰਦੇ ਹਨ। ਗੁਰਮਤਿ ਦਰਸ਼ਨ ਵਿਚ ਮੁਕਤੀ ਪਰਮਾਤਮਾ ਤੇ ਉਸ ਦੇ ਨਾਮ ਦੀ ਪ੍ਰਾਪਤੀ ਅਤੇ ਉਸ ਵਿਚ ਅਭੇਦਤਾ ਹੈ। ਇਸ ਲਈ ਸ੍ਰੀ ਗੁਰੂ ਅਮਰਦਾਸ ਜੀ ਬਾਣੀ ਵਿਚ ਦੱਸਦੇ ਹਨ ਕਿ ਗੁਰੂ ਤੋਂ ਬਿਨਾਂ ਜੀਵ ਨਾ ਤਾਂ ਮੁਕਤੀ ਪ੍ਰਾਪਤ ਕਰ ਸਕਦਾ ਹੈ ਅਤੇ ਨਾ ਹੀ ਉਸ ਦੀ ਦੁਬਿਧਾ ਅਤੇ ਮਾਇਆ ਦਾ ਪ੍ਰਭਾਵ ਦੂਰ ਹੋ ਸਕਦਾ ਹੈ। ਜੀਵ ਜੂਨਾਂ ਦੇ ਚੱਕਰ ਵਿਚ ਪਿਆ ਰਹਿੰਦਾ ਹੈ। ਜੀਵ ਵੱਲੋਂ ਜੋ ਵੱਖ-ਵੱਖ ਭੇਖ ਕਰਦਿਆਂ ਹੋਇਆਂ ਮੁਕਤੀ ਦੇ ਦਾਅਵੇ ਕੀਤੇ ਜਾਂਦੇ ਹਨ, ਗੁਰੂ ਸਾਹਿਬ ਉਨ੍ਹਾਂ ਨੂੰ ਵੀ ਨਕਾਰਦੇ ਹਨ ਕਿ ਇਨ੍ਹਾਂ ਭੇਖਾਂ ਦੁਆਰਾ ਮੁਕਤੀ ਦੀ ਪ੍ਰਾਪਤੀ ਨਹੀਂ ਹੋ ਸਕਦੀ।

*-ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ॥੫॥*[੨੯]

*-ਲਖ ਚਉਰਾਸੀਹ ਫਿਰਦੇ ਰਹੇ ਬਿਨੁ ਸਤਿਗੁਰ ਮੁਕਤਿ ਨ ਹੋਈ॥*[੩੦]

*-ਪੜਿ ਪੜਿ ਪੰਡਿਤ ਮੋਨੀ ਥਾਕੇ ਭੇਖੀ ਮੁਕਤਿ ਨ ਪਾਈ॥*[੩੧]

ਸੋ ਇਸ ਲਈ ਗੁਰੂ ਦਾ ਸ਼ਬਦ ਹੀ ਮੁਕਤੀ ਦਾ ਮਾਰਗ ਹੈ। ਗੁਰੂ ਦੇ ਸ਼ਬਦ ਦੁਆਰਾ ਹੀ ਜੀਵ ਆਪਣੇ ਮਨ ਨੂੰ ਜਿੱਤ ਲੈਂਦਾ ਹੈ ਅਤੇ ਮੁਕਤੀ ਹਾਸਲ ਕਰਦਾ ਹੈ। ਇਸ ਨਾਲ ਮਾਇਆ ਦੇ ਬੰਧਨ ਟੁੱਟ ਜਾਂਦੇ ਹਨ। ਸ੍ਰੀ ਗੁਰੂ ਅਮਰਦਾਸ ਜੀ ਜੀਵ ਨੂੰ ਮੁਕਤੀ ਲਈ ਗੁਰੂ ਦੀ ਸ਼ਰਨ ਵਿਚ ਜਾਣ ਦੀ ਪ੍ਰੇਰਨਾ ਦਿੰਦੇ ਹਨ ਅਤੇ ਇਸ ਲਈ ਵਿਅਰਥ ਕਰਮ-ਕਾਂਡਾਂ ਦੇ ਰਾਹ ਤੋਂ ਵਰਜਦੇ ਹਨ। ਗੁਰੂ ਦੀ ਬਖਸ਼ਿਸ਼ ਨਾਲ ਜੀਵ ਨੂੰ ਨਾਮ ਮਿਲਦਾ ਹੈ। ਨਾਮ ਜੀਵ ਲਈ ਮੁਕਤੀ ਹੈ। ਨਾਮ ਤੋਂ ਬਿਨਾਂ ਕੋਈ ਮੁਕਤੀ ਨਹੀਂ। ਨਾਮ ਦਾ ਜੀਵ ਦੇ ਹਿਰਦੇ ਵਿਚ ਵਾਸਾ ਉਸ ਨੂੰ ਮੁਕਤ ਕਰਦਾ ਹੈ।[੩੨]

## ਨਿਸ਼ਕਰਸ਼

ਸੋ ਅਸੀਂ ਅੰਤ ਵਿਚ ਕਹਿ ਸਕਦੇ ਹਾਂ ਕਿ ਗੁਰਮਤਿ ਦਾ ਮਾਰਗ ਨਿਵੇਕਲਾ ਹੈ, ਇਸ ਵਿਚ ਜੀਵ ਅਤੇ ਪਰਮਾਤਮਾ ਦਾ ਆਪਸੀ ਸੰਬੰਧ ਬਹੁਤ ਸਰਲ ਹੈ। ਜੀਵ ਦਾ ਆਧਾਰ ਨਾਮ ਹੈ। ਸ੍ਰੀ ਗੁਰੂ ਅਮਰਦਾਸ ਜੀ ਆਪਣੀ ਬਾਣੀ ਵਿਚ ਜੀਵ ਨੂੰ ਗੁਰੂ ਦੀ ਸ਼ਰਨ ਵਿਚ ਜਾਣ ਅਤੇ ਦੱਸੇ ਹੋਏ ਮਾਰਗ 'ਤੇ ਚੱਲਣ ਦੀ ਪ੍ਰੇਰਣਾ ਕਰਦੇ ਹਨ। ਗੁਰੂ ਨਾਮ ਦੀ ਦਾਤ ਦਿੰਦਾ ਹੈ। ਨਾਮ ਹੀ ਜੀਵ ਲਈ ਗਿਆਨ ਅਤੇ ਮੁਕਤੀ ਹੈ।

## ਹਵਾਲੇ :


੧. ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ੧੯੭੪, ਪੰਨਾ ੬੨੨.

੨. ਜੋਗਾ ਸਿੰਘ, ਪੰਜਾਬੀ ਯੂਨੀਵਰਸਿਟੀ *ਪੰਜਾਬੀ ਕੋਸ਼* (ਸਕੂਲ ਪੱਧਰ), ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੧੬ (ਦੂਜਾ ਸੰਸਕਰਣ), ਪੰਨਾ ੪੭੯.

੩. ਕਾਨ੍ਹ ਸਿੰਘ ਨਾਭਾ,ਪੂਰਵ ਅੰਕਿਤ, ਪੰਨਾ ੪੧੬.

੪. ਉਹੀ, ਪੰਨਾ ੪੧੮.

੫. ਡਾ. ਦਰਸ਼ਨ ਸਿੰਘ, *ਸਿੱਖ ਥਿਆਲੋਜੀ,* ਧਰਮ ਅਧਿਐਨ ਅਤੇ ਸਿਖ ਅਧਿਐਨ,ਪੰਜਾਬੀ ਯੂਨੀਵਰਸਟੀ, ਪਟਿਆਲਾ, ੨੦੧੬, ਪੰਨਾ ੯੯.

੬. ਡਾ. ਵਜ਼ੀਰ ਸਿੰਘ, *ਸਿੱਖ ਦਰਸ਼ਨਧਾਰਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੯੫, ਪੰਨਾ ੮੨.

*੭. ਸ੍ਰੀ ਗੁਰੂ ਗ੍ਰੰਥ ਸਾਹਿਬ, ੩੬*

੮. *ਸ੍ਰੀ ਗੁਰੂ ਗ੍ਰੰਥ ਸਾਹਿਬ, ੬੭*

੯. *ਹਰਿ ਜੀਉ ਸਾਚਾ ਸਾਚੀ ਨਾਈ॥ ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੩*

੧੦. ਸ੍ਰੀ ਗੁਰੂ ਗ੍ਰੰਥ ਸਾਹਿਬ, ੧੫੮

੧੧. ਸ੍ਰੀ ਗੁਰੂ ਗ੍ਰੰਥ ਸਾਹਿਬ, *੭੭੧*

੧੨. *ਸ੍ਰੀ ਗੁਰੂ ਗ੍ਰੰਥ ਸਾਹਿਬ*, ੧੦੬੦
੧੩. *ਸ੍ਰੀ ਗੁਰੂ ਗ੍ਰੰਥ ਸਾਹਿਬ*, ੨੭
੧੪. *ਸ੍ਰੀ ਗੁਰੂ ਗ੍ਰੰਥ ਸਾਹਿਬ*, ੩੬
੧੫. *ਸ੍ਰੀ ਗੁਰੂ ਗ੍ਰੰਥ ਸਾਹਿਬ*, ੫੮੩
੧੬. *ਆਪੇ ਕਾਰਣੁ ਕਰਤਾ ਕਰੇ ਸ੍ਰਿਸਟਿ ਦੇਖੈ ਆਪਿ ਉਪਾਇ॥ ਸ੍ਰੀ ਗੁਰੂ ਗ੍ਰੰਥ ਸਾਹਿਬ*, ੩੭
੧੭. ਪ੍ਰੋ. ਸ਼ੇਰ ਸਿੰਘ, ਗੁਰਮਤਿ ਦਰਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਪ੍ਰੈਲ ੨੦੧੦, ਪੰਨਾ ੧੪.
੧੮. *ਸ੍ਰੀ ਗੁਰੂ ਗ੍ਰੰਥ ਸਾਹਿਬ*, ੫੦੯
੧੯. *ਸ੍ਰੀ ਗੁਰੂ ਗ੍ਰੰਥ ਸਾਹਿਬ*, ੯੫੫
੨੦. *ਸ੍ਰੀ ਗੁਰੂ ਗ੍ਰੰਥ ਸਾਹਿਬ*, ੯੯੪
੨੧. *ਸ੍ਰੀ ਗੁਰੂ ਗ੍ਰੰਥ ਸਾਹਿਬ*, ੯੪੭
੨੨. *ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ ਸ੍ਰੀ ਗੁਰੂ ਗ੍ਰੰਥ ਸਾਹਿਬ*, ੪੪੧
੨੩. *ਸ੍ਰੀ ਗੁਰੂ ਗ੍ਰੰਥ ਸਾਹਿਬ*, ੬੫੧
੨੪. *ਸ੍ਰੀ ਗੁਰੂ ਗ੍ਰੰਥ ਸਾਹਿਬ*, ੫੭੧
੨੫. *ਸ੍ਰੀ ਗੁਰੂ ਗ੍ਰੰਥ ਸਾਹਿਬ*, ੨੯
੨੬. *ਸ੍ਰੀ ਗੁਰੂ ਗ੍ਰੰਥ ਸਾਹਿਬ*, ੪੪੧
੨੭. *ਸ੍ਰੀ ਗੁਰੂ ਗ੍ਰੰਥ ਸਾਹਿਬ*, ੬੬
੨੮. *ਸ੍ਰੀ ਗੁਰੂ ਗ੍ਰੰਥ ਸਾਹਿਬ*, ੨੬
੨੯. *ਸ੍ਰੀ ਗੁਰੂ ਗ੍ਰੰਥ ਸਾਹਿਬ*, ੬੭
੩੦. *ਸ੍ਰੀ ਗੁਰੂ ਗ੍ਰੰਥ ਸਾਹਿਬ*, ੭੦
੩੧. *ਸ੍ਰੀ ਗੁਰੂ ਗ੍ਰੰਥ ਸਾਹਿਬ*, ੪੪੦
੩੨. *ਵਿਣੁ ਨਾਵੈ ਕੋ ਮੁਕਤਿ ਨ ਹੋਇ॥੬॥ ਸ੍ਰੀ ਗੁਰੂ ਗ੍ਰੰਥ ਸਾਹਿਬ*, ੨੨੯
*ਕੇਵਲ ਰਾਮ ਨਾਮੁ ਮਨਿ ਵਸਿਆ ਨਾਮੇ ਹੀ ਮੁਕਤਿ ਪਾਈ॥*
*ਸ੍ਰੀ ਗੁਰੂ ਗ੍ਰੰਥ ਸਾਹਿਬ*, ੬੩੭

■

**ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥**
***ਸ੍ਰੀ ਗੁਰੂ ਗ੍ਰੰਥ ਸਾਹਿਬ*, ੫੧੫**

# ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ 'ਪਟੀ': ਭਾਵ-ਪਰਗਾਸ

*-ਡਾ. ਚਮਕੌਰ ਸਿੰਘ**

ਸਮਸਤ ਬ੍ਰਹਿਮੰਡੀ ਪਸਾਰੇ ਦਾ ਸਿਰਜਣਹਾਰ, ਸੰਚਾਲਣਹਾਰ-ਪਾਲਣਹਾਰ ਅਤੇ ਸਿਰਜਣਾ-ਚਕਰ ਦੀ ਨਿਰੰਤਰਤਾ ਲਈ ਸਮੇਟਣਹਾਰ, ਆਪਣੇ ਵਿਚ ਲੈ-ਕਰਨਹਾਰ ਵਾਹਿਗੁਰੂ ਇੱਕ ਹੈ। ਬ੍ਰਹਿਮੰਡੀ ਬਾਦਸ਼ਾਹਤ, ਅਥਵਾ ਅਕਾਲੀ ਪਾਤਸ਼ਾਹੀ ਦਾ ਉਹ ਸਰਬ-ਸਮਰਥ ਸੱਚੇ ਪਾਤਸਾਹ, ਜੀਵਨ ਦੇ ਸਤਿ ਦਾ ਪਰਗਾਸ, ਸੱਚੇ ਗੁਰੂ ਦੁਆਰਾ ਕਰਕੇ ਮਿਹਰਬਾਨ ਹੁੰਦਾ ਹੈ; ਭਾਵ ਉਹ ਵਾਹਿਗੁਰੂ ਆਪਣੇ ਗੁਰੂ ਰੂਪ ਰਾਹੀਂ ਆਪਣੇ ਮੂਲ ਜੋਤਿ ਸਰੂਪ ਨਾਲ ਜੋੜ ਕੇ ਸਾਡੇ ਜੀਵਨ ਸਵਾਰਦਾ-ਸਫਲ ਕਰਦਾ ਹੈ।

**ਰਾਗੁ ਆਸਾ ਮਹਲਾ ੩ ਪਟੀ**

-ਆਸਾ ਰਾਗ ਵਿਚ ਤੀਜੇ ਪਾਤਸਾਹ ਦੀ ਗੁਰਮੁਖੀ ਅੱਖਰਾਂ 'ਤੇ ਆਧਾਰਿਤ ਬਾਣੀ-

ਇਸ ਪਵਿੱਤਰ ਬਾਣੀ ਦਾ ਨਾਂ 'ਪਟੀ' ਹੈ, ਜੋ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਆਸਾ ਰਾਗ ਵਿਚ ਉਚਾਰੀ ਹੋਈ ਹੈ। ਪਟੀ ਦਾ ਅਰਥ ਅੱਖਰ ਲਿਖਣ ਵਾਲੀ ਤਖਤੀ ਜਾਂ ਫੱਟੀ ਹੁੰਦਾ ਹੈ, ਜਿਸ ਉੱਪਰ ਜਗਿਆਸੂ ਸਿਖਿਆਰਥੀ ਵਲੋਂ ਗੁਰਮੁਖੀ ਅੱਖਰਮਾਲਾ, ਸਮੇਤ ਗੁਰਮੁਖੀ ਅੰਕਮਾਲਾ ਦੀ ਮੁਢਲੀ ਸਿਖਲਾਈ-ਪੜ੍ਹਾਈ ਲਈ ਲਿਖਾਵਟ/ਅੱਖਰਕਾਰੀ ਦਾ ਅਭਿਆਸ ਕੀਤਾ ਜਾਂਦਾ ਹੈ। ਸ਼ੁਰੂ ਵਿਚ ਅਧਿਆਪਕ (ਪਾਂਧੇ) ਵੱਲੋਂ ਫੱਟੀ ਉੱਪਰ ਪੂਰਨੇ (graphic) ਪਾ ਕੇ ਸਿਖਿਆਰਥੀ ਦੀ ਅਗਵਾਈ ਕੀਤੀ ਜਾਂਦੀ ਸੀ। ਗੁਰਮੁਖੀ ਅੱਖਰਮਾਲਾ ਦੇ ਪੈਂਤੀ ਅੱਖਰਾਂ ਦੇ ਨਾਲ ਗੁਰਮੁਖੀ ਅੰਕਾਂ (੧, ੨, ੩, ੪, ੫, ੬, ੭, ੮, ੯, ੧੦) ਦਾ ਅਭਿਆਸ ਵੀ ਫੱਟੀ ਉੱਪਰ ਲਿਖਵਾ ਕੇ ਕਰਵਾਇਆ ਜਾਂਦਾ ਸੀ। ਅੱਜਕਲ੍ਹ ਇਹ ਲਿਖਣ-ਅਭਿਆਸ, ਕਾਪੀਆਂ/ਨੋਟਬੁਕਸ ਉੱਪਰ ਕਰਵਾਇਆ ਜਾਂਦਾ ਹੈ। ਇੱਥੇ 'ਪਟੀ' ਸਿਰਲੇਖ, ਇਕ ਵਿਸ਼ੇਸ਼ ਬਾਣੀ-ਰੂਪ (ਕਾਵਿ-ਰੂਪ) ਦਾ ਸੂਚਕ ਹੈ, ਜਿਸ ਵਿਚ ਗੁਰਮੁਖੀ ਅੱਖਰਾਂ ਦੇ ਆਧਾਰ ਉੱਤੇ ਇਹ 'ਪਟੀ' ਬਾਣੀ ਉਚਾਰੀ ਗਈ ਹੈ। ਇਸ ਬਾਣੀ ਵਿਚ ਖੁਸ਼ਕ, ਅਧੂਰੇ ਅਤੇ ਦਿਸ਼ਾਹੀਣ ਕਿਤਾਬੀ ਗਿਆਨ ਉੱਪਰ ਚੋਟ ਕਰਦਿਆਂ ਆਤਮਿਕ ਗਿਆਨ ਨਾਲ ਜੁੜਨ ਅਤੇ ਉਚੇਰੇ ਕਿਰਦਾਰ ਦੇ ਧਾਰਨੀ ਹੋਣ

** ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ਼ ਅਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ ਪਟਿਆਲਾ-੧੪੭੦੨੧; ਮੋ. +੯੧੮੭੨੭੦੭੭੭੨੫*

ਦੀ ਪ੍ਰੇਰਨਾ ਕੀਤੀ ਗਈ ਹੈ।

ਇਸ ਪਾਵਨ ਬਾਣੀ 'ਪਟੀ' ਵਿਚ ਗੁਰੂ (ਰੂਹਾਨੀ ਤੇ ਸੰਸਾਰੀ ਮਾਰਗ-ਦਰਸ਼ਕ ਸਰਬ-ਸ੍ਰੇਸ਼ਟ ਅਧਿਆਪਕ) ਵੱਲੋਂ ਸਫਲ ਜੀਵਨ ਜਿਊਣ ਲਈ ਜਗਿਆਸੂ ਦੇ ਮਨ-ਮਸਤਕ ਦੀ ਫੱਟੀ ਉੱਤੇ ਪੂਰਨੇ ਪਾ ਕੇ ਜੀਵਨਮੁਖੀ ਰਮਜ਼ਾਂ ਸਮਝਾਈਆਂ/ਸਿਖਾਈਆਂ ਗਈਆਂ ਹਨ। ਦਿਲਚਸਪ ਗੱਲ ਹੈ ਕਿ ਇਹ ਸਾਰੀ ਬਾਣੀ ਸਿਖਿਆਰਥੀਆਂ ਦੀ ਥਾਂ ਅਧਿਆਪਕ ਵਰਗ ਨੂੰ ਝੰਜੋੜਨ ਵੱਲ ਸੇਧਤ/ਕੇਂਦਰਤ ਹੈ ਅਤੇ ਇਸ ਵਿਚ ਸਿੱਖਿਆਦਾਤਾ ਵਰਗ (ਅਧਿਆਪਕਾਂ, ਲੇਖਕਾਂ, ਵਿਦਵਾਨਾਂ, ਪੁਜਾਰੀਆਂ, ਪ੍ਰਚਾਰਕਾਂ, ਕਥਾਕਾਰਾਂ ਆਦਿ) ਨੂੰ ਪਹਿਲਾਂ ਖੁਦ ਉੱਚੀ-ਸੁੱਚੀ ਜ਼ਿੰਦਗੀ ਜਿਊਣ ਵਾਲੀ ਪੜ੍ਹਾਈ/ਸਿਖਲਾਈ ਹਾਸਲ ਕਰਨ ਲਈ ਅਗਵਾਈ ਦਿੰਦਿਆਂ ਸਖਤ ਹਲੂਣਾ ਦਿੱਤਾ ਗਿਆ ਹੈ। ਇਕ ਵਿਸ਼ਲੇਸ਼ਕੀ ਮਾਰਗ-ਦਰਸ਼ਕ ਵਜੋਂ ਗੁਰੂ ਜੀ, ਉਪਰੋਕਤ ਤਬਕੇ ਵਿਚ ਫੈਲੇ ਹਉਮੈਂ-ਹੰਕਾਰ, ਅਗਿਆਨ, ਅਲਪ-ਗਿਆਨ, ਅਸੰਵੇਦਨਸ਼ੀਲ ਅਹਿਸਾਸਾਂ, ਗੈਰ-ਵਿਹਾਰਕ ਵਿਸ਼ਵਾਸਾਂ ਅਤੇ ਭ੍ਰਿਸ਼ਟ ਅਭਿਆਸਾਂ ਉਪਰ ਚੋਟ ਕਰਦੇ ਹੋਏ ਬੇਬਾਕੀ ਨਾਲ ਉਨ੍ਹਾਂ ਦੀਆਂ ਕਮਜ਼ੋਰੀਆਂ ਦੀ ਨਿਸ਼ਾਨਦੇਹੀ ਕਰਦੇ ਹਨ। ਪਟੀ ਬਾਣੀ ਵਿਚ ਗੁਰਮੁਖੀ ਅੱਖਰਾਂ ਦੇ ਹਵਾਲੇ ਦੁਆਰਾ ਰੂਹਾਨੀ ਅਤੇ ਨੈਤਿਕ ਦਿਸ਼ਾ-ਸੇਧ ਵਾਲੇ ਪੂਰਨੇ ਪਾ ਕੇ ਅਧਿਆਪਕਾਂ, ਲੇਖਕਾਂ, ਵਿਦਵਾਨਾਂ, ਪੁਜਾਰੀਆਂ, ਪ੍ਰਚਾਰਕਾਂ, ਕਥਾਕਾਰਾਂ ਨੂੰ ਆਪਣੇ 'ਗਿਆਨ' ਅਥਵਾ 'ਵਿਦਵਤਾ' ਦਾ ਹੰਕਾਰ ਛੱਡ ਕੇ ਆਪਣੇ ਅਧੂਰੇ ਗਿਆਨ ਅਤੇ ਗ਼ੈਰ-ਇਖਲਾਕੀ ਵਿਹਾਰਾਂ/ਅਭਿਆਸਾਂ ਨੂੰ ਦਰੁੱਸਤ ਕਰਨ ਦੀ ਤਾਕੀਦ ਕੀਤੀ ਗਈ ਹੈ। ਇਸ ਤਬਕੇ ਦੀ ਅੰਦਰੂਨੀ ਆਤਮਿਕ ਸੰਵੇਦਨਾ ਨੂੰ ਹਲੂਣਾ ਦਿੰਦਿਆਂ ਤਵੱਕੋ ਕੀਤੀ ਗਈ ਹੈ ਕਿ ਇਹ ਤਬਕਾ ਆਪਣੇ ਆਚਾਰ, ਵਿਹਾਰ ਅਤੇ ਕਿਰਦਾਰ ਨੂੰ ਉੱਚਾ-ਸੁੱਚਾ ਰੱਖ ਕੇ ਵਿਦਿਆਰਥੀਆਂ/ਜਗਿਆਸੂਆਂ ਲਈ ਆਦਰਸ਼ (Ideal/role model) ਬਣ ਕੇ ਵਿਚਰੇ।

ਇਹ ਪਟੀ ਬਾਣੀ ਰਾਗ ਆਸਾ ਵਿਚ ਰੂਪਬੱਧ ਹੋਈ ਹੈ। ਸੰਗੀਤ ਸ਼ਸਤਰ ਵਿਚ ਰਾਗ, ਸੁਰ-ਤਾਲ-ਲੈਅ ਦੀ ਇਕ ਵਿਸ਼ੇਸ਼ ਪ੍ਰਕਾਰ ਦੀ ਵਿਉਂਤਬੱਧ ਸੰਗੀਤਕ ਗਾਇਨ-ਵਿਧੀ ਹੈ। ਇਸ ਵਿਚ ਖਾਸ ਸੁਰਾਂ ਨੂੰ ਇਕ ਖਾਸ ਅੰਦਾਜ਼ ਵਿਚ ਤਰਤੀਬਬੱਧ, ਤਾਲਬੱਧ, ਲੈਅਬੱਧ ਕਰ ਕੇ ਤਿਆਰ ਹੋਈ ਸੰਗੀਤਕ ਧੁਨੀ-ਰਚਨਾ, ਰਾਗ ਦਾ ਰੂਪ ਗ੍ਰਹਿਣ ਕਰਦੀ ਹੈ। ਵਿਭਿੰਨ ਪ੍ਰਕਾਰੀ ਸੁਰਾਂ ਦੀ ਵਿਭਿੰਨ ਪ੍ਰਕਾਰੀ ਤਰਤੀਬ ਵੱਖ-ਵੱਖ ਰਾਗਾਂ ਨੂੰ ਜਨਮ ਦਿੰਦੀ ਹੈ ਜੋ ਬਹੁਪ੍ਰਕਾਰੀ ਰਾਗਾਂ ਦਾ ਸੁਹਜਮਈ ਅਨੁਭਵ ਕਰਾ ਕੇ ਸਰੋਤੇ ਦੇ ਮਨੋਭਾਵਾਂ ਨੂੰ ਅਨੰਦਿਤ ਅਤੇ ਵਿਸਮਾਦਿਤ ਕਰਦੇ ਹਨ। ਇਨ੍ਹਾਂ ਰਾਗਾਂ ਦੀ ਤਾਸੀਰ ਅਤੇ ਮਨੋਵਿਗਿਆਨਕ ਪ੍ਰਭਾਵ ਵੱਖੋ-ਵੱਖਰੇ ਹੁੰਦੇ ਹਨ ਜੋ ਹਰ ਰਾਗ ਦੇ ਵਿਲੱਖਣ ਸੁਭਾਅ (ਪ੍ਰਕਿਰਤੀ) ਨੂੰ ਤੈਅ ਕਰਦੇ ਹਨ। ਇਸ ਤਰ੍ਹਾਂ ਰਾਗ, ਸੁਰ-ਸੰਗੀਤ ਸੰਸਾਰ ਦਾ ਬਹੁਵੰਨਾ-ਬਹੁਭਾਂਤੀ ਵਰਤਾਰਾ ਹੈ।

ਆਸਾ ਰਾਗ, ਆਸ਼ਾਵਾਦੀ ਅਤੇ ਉਤਸ਼ਾਹੀ ਰੁਚੀਆਂ/ਮਨੋਭਾਵ ਜਗਾਉਣ ਵਾਲਾ ਰਾਗ ਹੈ ਜੋ ਮਨੁੱਖੀ ਮਨ ਅੰਦਰ ਚੜ੍ਹਦੀ ਕਲਾ ਦੇ ਭਾਵਾਂ ਦਾ ਸਹਜ-ਸੰਚਾਰ ਕਰਕੇ ਨਵਾਂ ਕਰਮਸ਼ੀਲ ਜੀਵਨ ਜਿਊਣ ਵੱਲ ਅਗਰਸਰ ਰਹਿਣ ਲਈ ਪ੍ਰੇਰਿਤ ਕਰਦਾ ਹੈ। ਇਸ ਰਾਗ ਦੇ ਨਾਮਕਰਣ ਨੂੰ ਸਾਹਮਣੇ ਰੱਖਦਿਆਂ ਕਈਆਂ ਨੇ ਇਸ ਨੂੰ ਅਸਾਮ ਦੇਸ ਨਾਲ ਜੋੜਿਆ ਹੈ, ਪਰੰਤੂ ਅਸਲ ਵਿਚ ਇਹ ਪੰਜਾਬ ਦਾ ਦੇਸੀ ਰਾਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ-ਤਰਤੀਬ ਵਿਚ ਇਸ ਰਾਗ ਦਾ ਚੌਥਾ ਕ੍ਰਮ ਹੈ। ਗੁਰੂ ਨਾਨਕ ਸਾਹਿਬ ਦੁਆਰਾ ਉਚਾਰੀ 'ਪਟੀ ਲਿਖੀ' ਬਾਣੀ ਵੀ ਇਸੇ ਰਾਗ ਵਿਚ ਰੂਪਬੱਧ ਹੋਈ ਹੈ।

ਕੋਸ਼ਾਂ ਵਿਚ 'ਮਹਲਾ' ਅਰਬੀ-ਫ਼ਾਰਸੀ ਭਾਸ਼ਾਈ ਪਰੰਪਰਾ ਨਾਲ ਸੰਬੰਧਿਤ ਸ਼ਬਦ ਦੱਸਿਆ ਗਿਆ ਹੈ, ਜਿਸ ਦਾ ਅਰਥ ਹੈ- ਹਲੂਲ (ਉਤਰਣ) ਦੀ ਥਾਂ, ਠਹਿਰਨ ਦੀ ਜਗ੍ਹਾ, ਮੁਕਾਮ ਜਾਂ ਟਿਕਾਣਾ, ਸਰੀਰ ਆਦਿ। ਸਿੱਖ ਪਰੰਪਰਾ ਵਿਚ 'ਮਹਲਾ' ਸ਼ਬਦ ਗੁਰੂ-ਸਰੀਰ ਦਾ ਸੂਚਕ ਹੈ, ਜਿੱਥੇ ਗੁਰਜੋਤਿ ਹਲੂਲ ਕਰਦੀ ਭਾਵ ਬਿਰਾਜਦੀ ਹੈ। ਗੁਰਜੋਤਿ ਨੇ ਦਸ ਵੱਖ-ਵੱਖ ਗੁਰੂ-ਸਰੀਰਾਂ (ਮਹਲਾ) ਵਿਚ ਹਲੂਲ ਕੀਤਾ ਹੈ। ਸਰੀਰ ਭਾਵੇਂ ਵੱਖੋ-ਵੱਖਰੇ ਸਨ ਪਰ 'ਗੁਰਜੋਤਿ' ਇੱਕੋ ਹੀ ਸੀ; ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬਾਣੀ ਵਿਚ 'ਨਾਨਕ' ਪਦ ਨਾਲ ਸੰਕੇਤ ਕੀਤਾ ਗਿਆ ਹੈ। ਧਿਆਨ ਰਹੇ 'ਨਾਨਕ' ਗੁਰਜੋਤਿ ਇਕ ਸੀ, ਸਰੀਰ ਦਸ ਹੋਏ ਹਨ; ਭਾਵ ਪਾਤਸ਼ਾਹੀਆਂ ਦਸ ਹੋਈਆਂ ਹਨ। ਸੋ 'ਨਾਨਕ' ਦਸ ਨਹੀਂ ਹਨ, ਇੱਕੋ ਹੀ ਹੈ।

ਇਸ 'ਪਟੀ' ਬਾਣੀ ਦੇ ਸਿਰਲੇਖ ਵਿਚ ਮਹਲਾ ਦੇ ਨਾਲ ਦਰਜ '੩' ਅੰਕ, ਗਿਣਤੀ-ਸੂਚਕ ਦੀ ਥਾਂ 'ਨਾਨਕ' ਗੁਰਜੋਤਿ ਦੇ ਧਾਰਨੀ ਗੁਰੂ-ਸਰੀਰ ਦੀ ਕਾਲਗਤ ਤਰਤੀਬ ਦਾ ਸੂਚਕ ਹੈ। ਇਸੇ ਲਈ ਸਿੱਖ ਪਰੰਪਰਾ ਵਿਚ ਇਸ ਅੰਕ ਦਾ ਉਚਾਰਨ ਤਿੰਨ ਜਾਂ ਤੀਨ ਨਹੀਂ, ਬਲਕਿ 'ਤੀਜਾ' ਹੈ। ਸੋ ਇੱਥੇ ਮਹਲਾ ੩ ਦਾ ਅਰਥ ਹੈ- ਤੀਜੇ ਪਾਤਸ਼ਾਹ, ਸ੍ਰੀ ਗੁਰੂ ਅਮਰਦਾਸ ਜੀ, ਜਿਨ੍ਹਾਂ ਆਪਣੀ ਬਾਣੀ 'ਨਾਨਕ' ਨਾਮ ਹੇਠ ਉਚਾਰੀ।

ਅੰਕ-ਪ੍ਰਬੰਧ ਦੀ ਦ੍ਰਿਸ਼ਟੀ ਤੋਂ ਇਸ ਬਾਣੀ ਦੇ ਅੰਤਲੇ ਬੰਦ ਦੇ ਅਖੀਰ ਵਿਚ ਦਿੱਤੇ ਅੰਕ-ਸੰਕੇਤਾਂ ਦਾ ਭਾਵ ਹੈ ਕਿ 'ਪਟੀ' ਸਿਰਲੇਖ ਦੇ ਅੰਤਰਗਤ ਕੁੱਲ ਦੋ '੨' ਬਾਣੀਆਂ ਹਨ; ਇਕ ਗੁਰੂ ਨਾਨਕ ਦੇਵ ਜੀ 'ਮਹਲਾ ੧' ਦੀ ਅਤੇ ਦੂਜੀ ਗੁਰੂ ਅਮਰਦਾਸ ਜੀ 'ਮਹਲਾ ੩' ਦੀ। ਅੰਕ '੧' ਅਤੇ '੧੮' ਦਾ ਭਾਵ ਇੱਥੇ ਇਹ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਵੱਲੋਂ 'ਪਟੀ' ਸਿਰਲੇਖ ਅਧੀਨ ਉਚਾਰੀ ਬਾਣੀ ਦੀ ਗਿਣਤੀ ਇਕ ਹੈ ਜਿਸ ਵਿਚ (ਦੋ ਦੋ ਤੁਕਾਂ) ਦੇ ਕੁੱਲ ੧੮ ਬੰਦ ਹਨ।

**ਮੂਲ ਪਾਠ ਅਤੇ ਭਾਵ-ਪਰਗਾਸ**

**> [1]ਅਯੋ ਅੰਙੈ ਸਭੁ ਜਗੁ ਆਇਆ [2]ਕਾਖੈ ਘੰਙੈ ਕਾਲੁ ਭਇਆ॥**

**[3]ਰੀਰੀ ਲਲੀ ਪਾਪ ਕਮਾਣੇ ਪੜਿ ਅਵਗਣ ਗੁਣ ਵੀਸਰਿਆ॥੧॥**

ਅਯੋ ਅੰਙੈ ਅੱਖਰਾਂ ਦਾ ਸਬਕ!

ਇਹ ਜੋ ਸਾਰਾ ਜਗਤ ਆਇਆ (ਪੈਦਾ ਹੋਇਆ) ਹੈ;

ਕਾਖੈ ਘੰਙੈ ਅੱਖਰਾਂ ਦਾ ਸਬਕ!

ਉਹ (ਸਭ ਪੈਦਾ ਹੁੰਦੇ ਸਾਰ ਹੀ) ਕਾਲ ਦੇ ਵੱਸ ਪੈ ਗਿਆ ਹੈ।

> ਰੀਰੀ ਲਲੀ ਅੱਖਰਾਂ ਦਾ ਸਬਕ!

ਲੋਕ ਗੁਣਾਂ-ਵਿਹੂਣੀ ਪੜ੍ਹਾਈ ਪੜ੍ਹ (ਸਿੱਖ) ਕੇ ਔਗੁਣਾਂ ਵਿਚ ਪੈ ਗਏ ਤਾਂ ਗੁਣ ਵਿਸਰ ਗਏ; ਅਤੇ ਉਨ੍ਹਾਂ ਪਾਪ ਕਮਾਉਣੇ ਸ਼ੁਰੂ ਕਰ ਦਿੱਤੇ।

**ਮਨ ਐਸਾ ਲੇਖਾ ਤੂੰ ਕੀ ਪੜਿਆ॥**

**ਲੇਖਾ ਦੇਣਾ ਤੇਰੈ ਸਿਰਿ ਰਹਿਆ॥੧॥ਰਹਾਉ॥**

> ਹੇ ਮੇਰੇ ਮਨ! ਤੂੰ ਇਹੋ ਜਿਹਾ ਹਿਸਾਬ-ਕਿਤਾਬ ਕਾਹਦੇ ਲਈ ਪੜ੍ਹਿਆ ਹੈ, ਜਦ ਆਪਣੇ ਕਰਮਾਂ ਦਾ ਲੇਖਾ ਦੇਣਾ ਤੇਰੇ ਸਿਰ ਖੜ੍ਹਾ ਰਹਿ ਰਿਹਾ ਹੈ?।੧।ਰਹਾਉ।

**ਸਿਧੰਙਾਇਐ[4] ਸਿਮਰਹਿ ਨਾਹੀ ਨੰਨੈ ਨਾ ਤੁਧੁ ਨਾਮੁ ਲਇਆ॥**

**ਛਛੈ ਛੀਜਹਿ ਅਹਿਨਿਸਿ ਮੂੜੇ ਕਿਉ ਛੂਟਹਿ ਜਮਿ ਪਾਕੜਿਆ॥੨॥**

> ਸਿਧੰਙਾਇਐ (ਵਿੱਦਿਆ ਪੜ੍ਹਾਉਣ ਅਤੇ ਉਪਦੇਸ਼ ਦੇਣ ਵਾਲੇ ਅੰਤਰਝਾਤ ਮਾਰ ਕੇ ਪਹਿਲਾਂ ਆਪਣੇ ਮਨ ਨੂੰ ਅਸੀਸ/ਸਮਝਾਉਣੀ ਜਾਂ ਸਵੈ-ਪ੍ਰੇਰਨਾ ਦੇਣ!)

ਐ ਮੇਰੇ ਮਨ! ਸਭ ਸਰੀਰਾਂ ਵਿਚ ਪ੍ਰਕਾਸ਼ਮਾਨ ੧ਓ ਨੂੰ ਤੂੰ ਸਿਮਰਦਾ ਨਹੀਂ;

ਨਨਾ ਅੱਖਰ ਦਾ ਸਬਕ!

ਨਾ ਤੂੰ ਕਦੇ ਉਸ ੧ਓ ਦੇ ਨਾਮ ਨੂੰ ਧਿਆਇਆ ਹੈ, ਭਾਵ ਉਸ ਵਾਹਿਗੁਰੂ ਨੂੰ ਧਿਆਨ ਵਿਚ ਲਿਆਉਣਾ ਤਾਂ ਤੂੰ ਸਿੱਖਿਆ ਹੀ ਨਹੀਂ ।

ਛਛੈ ਅੱਖਰ ਦਾ ਸਬਕ!

ਐ ਸਮਝਹੀਣ ਅਧਿਆਪਕ! ਤੂੰ ਦਿਨ-ਰਾਤ ਸਰੀਰਕ ਅਤੇ ਆਤਮਿਕ ਪੱਖੋਂ ਖੀਣ/ਬਲਹੀਣ ਹੋਈ ਜਾ ਰਿਹਾ ਹੈਂ; ਜਨਮ-ਮਰਨ (ਆਵਾਗਵਣ) ਦੀ ਪਕੜ (ਜਕੜਬੰਦ) ਵਿਚੋਂ ਕਿਵੇਂ ਛੁਟੇਂਗਾ?।੨।

**ਬਬੈ ਬੂਝਹਿ ਨਾਹੀ ਮੂੜੇ ਭਰਮਿ ਭੁਲੇ ਤੇਰਾ ਜਨਮੁ ਗਇਆ॥**

**ਅਣਹੋਦਾ ਨਾਉ ਧਰਾਇਓ ਪਾਧਾ ਅਵਰਾ ਕਾ ਭਾਰੁ ਤੁਧੁ ਲਇਆ॥੪॥**

> ਬਬੈ ਅੱਖਰ ਦਾ ਸਬਕ!

ਐ ਸਮਝਹੀਣ ਅਧਿਆਪਕ! ਤੂੰ ਇਹ (ਕਿਉਂ) ਨਹੀਂ ਸਮਝ ਰਿਹਾ ਕਿ ਭਰਮਾਂ ਵਿਚ ਭੁੱਲ ਕੇ ਤੇਰਾ ਆਪਣਾ ਜੀਵਨ ਅਜਾਈਂ ਬੀਤ (ਬਰਬਾਦ ਹੋ) ਰਿਹਾ/ਗਿਆ ਹੈ। ਤੂੰ ਤਾਂ ਐਵੇਂ ਬੇਵਜ੍ਹਾ ਹੀ ਆਪਣਾ ਨਾਂ ਪਾਂਧਾ, (ਭਾਵ ਅਧਿਆਪਕ, ਪ੍ਰਚਾਰਕ, ਵਿਦਵਾਨ, ਗਿਆਨੀ, ਕਥਾਕਾਰ, ਉਪਦੇਸ਼ਕ) ਰਖਵਾਇਆ ਹੋਇਆ ਹੈ

ਅਤੇ ਹੋਰਨਾਂ (ਵਿਦਿਆਰਥੀ/ਜਗਿਆਸੂਆਂ) ਨੂੰ ਪੜ੍ਹਾਉਣ-ਉਪਦੇਸ਼ਣ ਦਾ ਜ਼ਿੰਮਾ (ਠੇਕਾ) ਤੂੰ ਆਪਣੇ ਸਿਰ ਲੈ ਰੱਖਿਆ ਹੈ!।੩।

**ਜਜੈ ਜੋਤਿ ਹਿਰਿ ਲਈ ਤੇਰੀ ਮੂੜੇ ਅੰਤਿ ਗਇਆ ਪਛੁਤਾਵਹਿਗਾ॥**
**ਏਕੁ ਸਬਦੁ ਤੂੰ ਚੀਨਹਿ ਨਾਹੀ ਫਿਰਿ ਫਿਰਿ ਜੂਨੀ ਆਵਹਿਗਾ॥੪॥**

> ਜਜੈ ਅੱਖਰ ਦਾ ਸਬਕ!

ਐ ਸਮਝਹੀਣ 'ਵਿਦਵਾਨ' ਬੰਦੇ! ਵਿਦਵਤਾ ਦੇ ਅਭਿਮਾਨ ਨੇ ਤੇਰੀ ਗਿਆਨ-ਜੋਤਿ (ਅਕਲ) ਖੋਹ ਲਈ ਹੈ। ਅੰਤ ਨੂੰ ਜਾਣ ਵੇਲੇ ਤੂੰ (ਵਿਦਵਤਾ ਦੇ ਘਮੰਡ ਵਿਚ ਬਿਤਾਏ ਨਾਮ-ਵਿਹੂਣੇ ਜੀਵਨ ਦੇ ਅਜਾਈਂ ਚਲੇ ਜਾਣ ਲਈ) ਬਹੁਤ ਪਛਤਾਏਂਗਾ।

ਇਕ ਅਕਾਲਪੁਰਖ ਵਾਹਿਗੁਰੂ ਦੇ ਨਾਮ-ਸੰਦੇਸ਼ (ਧੁਰ ਕੀ ਬਾਣੀ) ਨੂੰ ਤੂੰ ਅੰਤਰ-ਆਤਮੇ ਖੋਜਦਾ-ਵਿਚਾਰਦਾ ਹੀ ਨਹੀਂ, ਇਸ ਲਈ ਵਾਰ ਵਾਰ ਜਨਮ-ਮਰਨ ਦੇ ਗੇੜ ਵਿਚ ਆਵੇਂਗਾ।੪।

**ਤੁਧੁ ਸਿਰਿ ਲਿਖਿਆ ਸੋ ਪੜੁ ਪੰਡਿਤ ਅਵਰਾ ਨੋ ਨ ਸਿਖਾਲਿ ਬਿਖਿਆ॥**
**ਪਹਿਲਾ ਫਾਹਾ ਪਇਆ ਪਾਧੇ ਪਿਛੋ ਦੇ ਗਲਿ ਚਾਟੜਿਆ॥੫॥**

> ਐ 'ਵਿਦਵਾਨ' ਸਜਣਾ (ਪੰਡਤਾ)! ਤੇਰੇ ਆਪਣੇ ਸਿਰ ਜੋ (ਸ਼ਬਦ-ਵਿਹੂਣੀ ਜੀਵਨਵਿਧੀ ਦਾ) ਲੇਖਾ ਲਿਖਿਆ ਹੋਇਆ ਹੈ, ਪਹਿਲਾਂ ਉਸ ਨੂੰ ਪੜ੍ਹ, ਭਾਵ ਆਤਮਝਾਤ ਮਾਰ! ਹੋਰਨਾਂ (ਜਗਿਆਸੂਆਂ) ਨੂੰ ਵਿਸ਼ੇ-ਵਿਕਾਰਾਂ ਵਾਲੀ ਜ਼ਹਿਰੀਲੀ-ਭ੍ਰਿਸ਼ਟ ਜੀਵਨਵਿਧੀ ਦੀ ਸਿਖਲਾਈ ਨਾ ਦੇਹ।

ਐ ਸਿਖਿਆਦਾਤੇ ਅਧਿਆਪਕ/ਉਸਤਾਦ! ਪਹਿਲਾਂ ਤਾਂ ਤੇਰੇ ਆਪਣੇ ਗਲ ਵਿਚ ਨਾਮ-ਵਿਹੂਣੀ ਵਿੱਦਿਆ ਦਾ ਫਾਹਾ ਪਿਆ ਹੋਇਆ ਹੈ, ਪਿੱਛੋਂ ਉਹੀ ਤੂੰ ਆਪਣੇ ਸਿਖਿਆਰਥੀਆਂ ਦੇ ਗਲ ਵਿਚ ਪਾ ਦਿੰਦਾ ਹੈਂ।੫।

**ਸਸੈ ਸੰਜਮੁ ਗਇਓ ਮੂੜੇ ਏਕੁ ਦਾਨੁ ਤੁਧੁ ਕੁਥਾਇ ਲਇਆ॥**
**ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ॥੬॥**

> ਸਸੈ ਅੱਖਰ ਦਾ ਸਬਕ!

ਐ ਸਮਝਹੀਣ ਪੁਜਾਰੀ ਸਜਣਾ (ਪੰਡਤਾ)! ਤੇਰਾ ਆਪਣਾ ਸਵੈ-ਨਿਯੰਤਰਣ (ਸੰਜਮ) ਵਾਲਾ ਮਰਯਾਦਾਪੂਰਨ ਜੀਵਨ ਤਾਂ ਉਸੇ ਵੇਲੇ ਹੀ ਖਤਮ ਹੋ ਗਿਆ, ਜਦੋਂ ਤੂੰ ਇਕ ਗ਼ਲਤ ਥਾਂ ਤੋਂ ਦਾਨ (ਪੂਜਾ ਦਾ ਧਾਨ) ਲੈ ਲਿਆ।

ਉਹ ਇਹ ਕਿ ਜੇਹੀ ਤੇਰੇ ਜਜਮਾਨ ਦੀ ਧੀ ਹੈ, ਉਹ ਤੇਰੀ ਵੀ ਧੀ ਹੀ ਹੈ; ਐਸੀ ਥਾਂ ਤੋਂ ਪੂਜਾ ਦਾ ਧਾਨ ਖਾਣ ਕਰਕੇ ਤੇਰਾ ਜੀਵਨ ਵਿਅਰਥ ਚਲਾ ਗਿਆ।੬।

**ਮੰਮੈ ਮਤਿ ਹਿਰਿ ਲਈ ਤੇਰੀ ਮੂੜੇ ਹਉਮੈ ਵਡਾ ਰੋਗੁ ਪਇਆ॥**
**ਅੰਤਰ ਆਤਮੈ ਬ੍ਰਹਮੁ ਨ ਚੀਨ੍ਹਿਆ ਮਾਇਆ ਕਾ ਮੁਹਤਾਜੁ ਭਇਆ॥੭॥**

> ਮੰਮੈ ਅਖਰ ਦਾ ਸਬਕ!

ਐ ਸਮਝਹੀਣ ਵਿਦਿਆਦਾਤੇ! ਵਿਦਵਤਾ ਦੇ ਘਮੰਡ ਕਾਰਨ ਤੇਰੇ ਅੰਦਰ ਹਉਮੈਂ ਦਾ ਐਸਾ ਵੱਡਾ ਰੋਗ ਪੈਦਾ ਹੋ ਗਿਆ ਹੈ, ਜਿਸ ਨੇ ਤੇਰੀ ਅਕਲ ਖੋਹ ਲਈ (ਮੱਤ ਮਾਰ ਦਿੱਤੀ) ਹੈ। ਤੂੰ ਆਪਣੇ ਅੰਤਰ-ਆਤਮੇ ਵਸਦੇ ਮੂਲ ਪ੍ਰਾਣਤੱਤ ਅਕਾਲ ਪੁਰਖ ਵਾਹਿਗੁਰੂ ਨੂੰ ਤਾਂ ਪਛਾਣਿਆ ਹੀ ਨਹੀਂ: ਬਲਕਿ ਭ੍ਰਮ-ਗਿਆਨ (ਵਿਦਵਤਾ ਦੀ ਘਮੰਡੀ ਚਕਾਚੌਂਧ) ਦਾ ਮੁਥਾਜ/ਗ਼ੁਲਾਮ ਹੋ ਕੇ ਰਹਿ ਗਿਆ ਹੈਂ।੭।

**ਕਕੈ ਕਾਮਿ ਕ੍ਰੋਧਿ ਭਰਮਿਓਹੁ ਮੂੜੇ ਮਮਤਾ ਲਾਗੇ ਤੁਧੁ ਹਰਿ ਵਿਸਰਿਆ॥**
**ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ ਵਿਣੁ ਬੂਝੇ ਤੂੰ ਡੂਬਿ ਮੁਆ॥੮॥**

> ਕਕੈ ਅੱਖਰ ਦਾ ਸਬਕ!

ਐ ਮੂੜ੍ਹ ਵਿਦਿਆਦਾਤੇ (ਪੰਡਤ/ਪਾਂਧੇ)! ਤੂੰ ਕਾਮ, ਕ੍ਰੋਧ ਵਾਲੀ ਵਿਕਾਰੀ ਜੀਵਨਸ਼ੈਲੀ ਵਿਚ ਭਰਮ ਗਿਆ ਹੈਂ ਅਤੇ ਦੁਨਿਆਵੀ ਮੋਹ-ਮੇਰਤਾ ਵਿਚ ਖਚਤ ਹੋਣ ਕਰਕੇ ਜੀਵਨ ਨੂੰ ਹਰਿਆ ਭਰਿਆ ਕਰਨ (ਵਿਗਸਾਉਣ) ਵਾਲਾ ਹਰਿ ਵਾਹਿਗੁਰੂ ਤੈਨੂੰ ਵਿਸਰ ਗਿਆ ਹੈ।

ਤੂੰ ਸ਼ਾਸਤਰਾਂ (ਧਰਮਗ੍ਰੰਥਾਂ) ਨੂੰ ਪੜ੍ਹਦਾ-ਵਿਚਰਦਾ ਤਾਂ ਬਹੁਤ ਹੈਂ ਅਤੇ ਉੱਚੀ ਉੱਚੀ ਲੋਕਾਂ ਨੂੰ ਸੁਣਾਉਂਦਾ ਵੀ ਹੈਂ ਪਰੰਤੂ ਇਨ੍ਹਾਂ ਦੀ ਸਿੱਖਿਆ ਨੂੰ ਸਮਝੇ ਬਿਨਾਂ, ਤੂੰ ਖੁਦ ਹੀ ਵਿਕਾਰਾਂ ਵਿਚ ਡੁੱਬ ਕੇ ਮਰ ਰਿਹਾ ਹੈਂ।੮।

**ਤਤੈ ਤਾਮਸਿ ਜਲਿਓਹੁ ਮੂੜੇ ਥਥੈ ਥਾਨ ਭਰਿਸਟੁ ਹੋਆ॥**
**ਘਘੈ ਘਰਿ ਘਰਿ ਫਿਰਹਿ ਤੂੰ ਮੂੜੇ ਦਦੈ ਦਾਨੁ ਨ ਤੁਧੁ ਲਇਆ॥੯॥**

> ਤਤੈ ਅੱਖਰ ਦਾ ਸਬਕ!

ਐ ਮੂੜ੍ਹ ਉਪਦੇਸ਼ਕ ਸਜਣਾ! ਤੂੰ ਤਮੋਗੁਣੀ ਵਿਕਾਰੀ ਜੀਵਨਸ਼ੈਲੀ ਵਿਚ ਗ੍ਰਸ ਕੇ ਸੜ ਰਿਹਾ ਹੈਂ।

ਥਥੈ ਅੱਖਰ ਦਾ ਸਬਕ!

ਤੂੰ ਆਪਣੀ ਗਿਆਨਦਾਤਾ ਉਪਦੇਸ਼ਕ, ਭਾਵ ਮਾਰਗ-ਦਰਸ਼ਕ ਦੀ ਪਦਵੀ (ਥਾਂ) ਤੋਂ ਡਿਗ ਕੇ ਭ੍ਰਿਸ਼ਟ ਹੋ ਗਿਆ ਹੈਂ।

ਘਘੈ ਅੱਖਰ ਦਾ ਸਬਕ!

ਐ ਮੂੜ੍ਹ ਪੁਜਾਰੀ/ਉਪਦੇਸ਼ਕ ਸਜਣਾ! ਤੂੰ ਘਰ ਘਰ (ਦਰ ਦਰ ਦਾਨ ਮੰਗਦਾ) ਭਟਕ ਰਿਹਾ ਹੈ; ਦਦੈ ਅੱਖਰ ਦਾ ਸਬਕ! ਪਰੰਤੂ ਦਾਤਾਂ ਵੰਡਣ ਵਾਲੇ ਦਾਤੇ ਦੇ ਨਾਮ ਦਾ ਦਾਨ ਤਾਂ ਤੂੰ ਕਦੇ ਲਿਆ (ਮੰਗਿਆ) ਹੀ ਨਹੀਂ।੯।

**ਪਪੈ ਪਾਰਿ ਨ ਪਵਹੀ ਮੂੜੇ ਪਰਪੰਚਿ ਤੂੰ ਪਲਚਿ ਰਹਿਆ॥**
**ਸਚੈ ਆਪਿ ਖੁਆਇਓਹੁ ਮੂੜੇ ਇਹੁ ਸਿਰਿ ਤੇਰੈ ਲੇਖੁ ਪਇਆ॥੧੦॥**

> ਪਪੈ ਅਖਰ ਦਾ ਸਬਕ!

ਐ ਮੂੜ੍ਹ ਵਿਦਿਆਦਾਤੇ! ਤੂੰ ਦੁਨਿਆਵੀ ਅਡੰਬਰਾਂ ਵਿਚ ਏਨਾ (ਕਿੰਨਾ) ਉਲਝ/ਖਚਿਤ ਹੋ ਰਿਹਾ ਹੈਂ ਕਿ ਇਹ ਭਵਜਲ ਸੰਸਾਰ ਤਾਂ ਤੈਥੋਂ ਖੁਦ ਹੀ ਪਾਰ ਨਹੀਂ ਹੋਇਆ ਜਾਣਾ।

ਐ ਮੂੜ੍ਹ ਵਿਦਿਆਦਾਤੇ! ਕੀਤੇ ਕੁਕਰਮਾਂ ਦਾ ਇਹੋ ਜਿਹਾ ਲੇਖ ਤੇਰੇ ਸਿਰ ਪੈ (ਵਰਤ) ਗਿਆ ਹੈ ਕਿ ਨਿਆਂਦਾਤੇ ਸੱਚੇ ਪਾਤਸ਼ਾਹ ਨੇ ਆਪ ਹੀ (ਤੇਰੇ ਕਰਮਾਂ ਦੀ ਸਜ਼ਾ ਵਜੋਂ) ਤੈਨੂੰ ਭੁਲਾਇਆ ਹੋਇਆ ਹੈ।੧੦।

**ਭਭੈ ਭਵਜਲਿ ਡੁਬੋਹੁ ਮੂੜੇ ਮਾਇਆ ਵਿਚਿ ਗਲਤਾਨੁ ਭਇਆ॥**
**ਗੁਰ ਪਰਸਾਦੀ ਏਕੋ ਜਾਣੈ ਏਕ ਘੜੀ ਮਹਿ ਪਾਰਿ ਪਇਆ॥੧੧॥**

> ਭਭੈ ਅਖਰ ਦਾ ਸਬਕ!

ਐ ਮੂੜ੍ਹ ਵਿਦਿਆਦਾਤੇ! ਤੂੰ ਵਿਸ਼ੇ-ਵਿਕਾਰਾਂ ਦੇ ਭਵਜਲ ਸੰਸਾਰ ਵਿਚ ਡੁਬਦਾ ਜਾ ਰਿਹਾ ਹੈਂ ਅਤੇ ਭ੍ਰਮ-ਗਿਆਨ ਵਿਚ ਬੁਰੀ ਤਰ੍ਹਾਂ ਖੱਚਿਤ ਹੋਇਆ ਪਿਆ ਹੈਂ।

ਗੁਰੂ ਕਿਰਪਾ ਨਾਲ ਜੇ ਤੂੰ ਇਕ ਓਅੰਕਾਰ ਵਾਹਿਗੁਰੂ ਨੂੰ ਜਾਣ ਲਵੇਂ ਤਾਂ ਇਹ ਭਵਜਲ ਸੰਸਾਰ, ਇਕ ਘੜੀ ਵਿਚ ਹੀ ਪਾਰ ਹੋ ਜਾਏਂਗਾ।੧੧।

**ਵਵੈ ਵਾਰੀ ਆਈਆ ਮੂੜੇ ਵਾਸੁਦੇਉ ਤੁਧੁ ਵੀਸਰਿਆ॥**
**ਏਹ ਵੇਲਾ ਨ ਲਹਸਹਿ ਮੂੜੇ ਫਿਰਿ ਤੂੰ ਜਮ ਕੈ ਵਸਿ ਪਇਆ॥੧੨॥**

> ਵਵੈ ਅਖਰ ਦਾ ਸਬਕ!

ਐ ਮੂੜ੍ਹ ਵਿਦਿਆਦਾਤੇ! ਵਾਹਿਗੁਰੂ ਨੂੰ ਮਿਲਣ ਦੀ ਜੀਵਨ ਰੂਪੀ ਵਾਰੀ (ਜ਼ਿੰਦਗੀ) ਤੈਨੂੰ ਮਿਲੀ ਹੋਈ ਹੈ, ਜਦਕਿ ਸਮਸਤ ਬਨਸਪਤੀ ਵਿਚ ਵਸਿਆ ਹੋਇਆ ਉਹ ਵਾਸਦੇਉ ਵਾਹਿਗੁਰੂ ਤੈਨੂੰ ਵਿਸਰਿਆ ਹੋਇਆ ਹੈ।

ਐ ਮੂੜ੍ਹ ਵਿਦਿਆਦਾਤੇ! ਜੇ ਤੂੰ ਇਹ ਵੇਲਾ ਨਹੀਂ ਸੰਭਾਲੇਂਗਾ, ਫਿਰ ਤਾਂ ਤੂੰ ਜਮਾਂ (ਆਵਾਗਵਣ) ਦੇ ਵੱਸ ਪਿਆ ਹੀ ਸਮਝ।੧੨।

**ਝਝੈ ਕਦੇ ਨ ਝੂਰਹਿ ਮੂੜੇ ਸਤਿਗੁਰ ਕਾ ਉਪਦੇਸੁ ਸੁਣਿ ਤੂੰ ਵਿਖਾ॥**
**ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ॥੧੩॥**

> ਝਝੈ ਅਖਰ ਦਾ ਸਬਕ!

ਐ ਮੂੜ੍ਹ ਵਿਦਿਆਦਾਤੇ! ਤੂੰ ਇਕ ਛਿਨ ਲਈ ਸਤਿਗੁਰੂ ਦਾ ਉਪਦੇਸ਼ ਸੁਣ ਕੇ ਤਾਂ ਵੇਖ, ਫਿਰ ਕਦੇ ਨਹੀਂ ਝੂਰੇਂਗਾ।

ਮਾਰਗ-ਦਰਸ਼ਨ ਤੋਂ ਵਿਹੂਣੇ (ਨਿਗੁਰੇ) ਦਾ ਤਾਂ ਨਾਂ ਲੈਣਾ ਹੀ ਬੁਰਾ ਹੁੰਦਾ ਹੈ, ਜਦਕਿ ਸੱਚੇ ਗੁਰੂ ਦੇ ਬਾਝੋਂ ਤੇਰਾ ਹੋਰ ਕੋਈ ਮਾਰਗ-ਦਰਸ਼ਕ ਹੈ ਹੀ ਨਹੀਂ।੧੩।

**ਧਧੈ ਧਾਵਤ ਵਰਜਿ ਰਖੁ ਮੂੜੇ ਅੰਤਰਿ ਤੇਰੈ ਨਿਧਾਨੁ ਪਇਆ॥**
**ਗੁਰਮੁਖਿ ਹੋਵਹਿ ਤਾ ਹਰਿ ਰਸੁ ਪੀਵਹਿ ਜੁਗਾ ਜੁਗੰਤਰਿ ਖਾਹਿ ਪਇਆ॥੧੪॥**

> ਧਧੈ ਅਖਰ ਦਾ ਸਬਕ!

ਐ ਮੂੜ੍ਹ ਵਿਦਿਆਦਾਤੇ! ਤੂੰ ਵਿਸ਼ੇ-ਵਿਕਾਰਾਂ ਵੱਲੋਂ ਆਪਣੀ ਦੌੜ-ਭੱਜ ਨੂੰ ਰੋਕ ਕੇ ਰੱਖ; ਤੇਰੇ ਆਪਣੇ ਅੰਦਰ ਹੀ ਵਾਹਿਗੁਰੂ ਦੇ ਨਾਮ (ਅੰਮ੍ਰਿਤ ਰਸ) ਦਾ ਖ਼ਜ਼ਾਨਾ ਪਿਆ ਹੋਇਆ ਹੈ।

ਜੇ ਤੂੰ ਗੁਰਮੁਖ ਹੋ ਜਾਵੇਂ, ਭਾਵ ਗੁਰੂ ਅਨੁਸਾਰੀ ਹੋ ਕੇ ਜੀਵਨ ਜਿਊਣਾ ਸ਼ੁਰੂ ਕਰ ਦੇਵੇਂ ਤਾਂ ਤੂੰ ਜੀਵਨ ਨੂੰ ਹਰਿਆ ਭਰਿਆ ਕਰਨ ਵਾਲੇ ਹਰਿ ਵਾਹਿਗੁਰੂ ਦੇ ਨਾਮ ਦੇ ਉਸ ਅੰਮ੍ਰਿਤ ਰਸ ਨੂੰ ਪੀਣਾ ਸ਼ੁਰੂ ਕਰ ਦੇਵੇਂਗਾ ਅਤੇ ਤੂੰ ਫਿਰ ਉਸ ਅਮੁੱਕ ਰਸ ਨੂੰ ਜੁਗਾਂ ਜੁਗਾਂਤਰਾਂ ਤਕ ਪੀਂਦਾ-ਭੁੰਚਦਾ ਰਹੀਂ (ਇਹ ਖਜ਼ਾਨਾ ਮੁਕੇਗਾ ਨਹੀਂ)।੧੪।

**ਗਗੈ ਗੋਬਿਦੁ ਚਿਤਿ ਕਰਿ ਮੂੜੇ ਗਲੀ ਕਿਨੈ ਨ ਪਾਇਆ॥**
**ਗੁਰ ਕੇ ਚਰਨ ਹਿਰਦੈ ਵਸਾਇ ਮੂੜੇ ਪਿਛਲੇ ਗੁਨਹ ਸਭ ਬਖਸਿ ਲਇਆ॥੧੫॥**

> ਗਗੈ ਅਖਰ ਦਾ ਸਬਕ!

ਐ ਮੂੜ੍ਹ ਵਿਦਿਆਦਾਤੇ! ਧਰਤੀ ਦੇ ਪਾਲਕ ਗੋਬਿੰਦ ਵਾਹਿਗੁਰੂ ਨੂੰ ਦਿਲ ਵਿਚ ਚੇਤੇ ਕਰ; (ਇਹ ਵੀ ਚੇਤੇ ਰੱਖੀਂ ਕਿ) ਉਸ ਨੂੰ ਕਿਸੇ ਨੇ ਗੱਲਾਂ (ਫਜ਼ੂਲ ਬਹਿਸਬਾਜ਼ੀਆਂ) ਨਾਲ ਨਹੀਂ ਪਾਇਆ।

ਐ ਮੂੜ੍ਹ ਵਿਦਿਆਦਾਤੇ! ਜੇ ਤੂੰ ਗੁਰੂ ਦੇ ਚਰਨਾਂ (ਪਦਚਿੰਨ੍ਹਾਂ/ਮਾਰਗ-ਦਰਸ਼ਕ ਉਪਦੇਸ਼ਾਂ) ਨੂੰ ਆਪਣੇ ਹਿਰਦੇ ਅੰਦਰ ਵਸਾ ਲਵੇਂ, ਤਾਂ ਤੂੰ ਆਪਣੇ ਪਿਛਲੇ ਸਾਰੇ ਗੁਨਾਹ ਬਖਸ਼ਾ ਲਵੇਂਗਾ।੧੫।

**ਹਾਹੈ ਹਰਿ ਕਥਾ ਬੂਝੁ ਤੂੰ ਮੂੜੇ ਤਾ ਸਦਾ ਸੁਖੁ ਹੋਈ॥**
**ਮਨਮੁਖਿ ਪੜਹਿ ਤੇਤਾ ਦੁਖੁ ਲਾਗੈ ਵਿਣੁ ਸਤਿਗੁਰ ਮੁਕਤਿ ਨ ਹੋਈ॥੧੬॥**

> ਹਾਹੈ ਅਖਰ ਦਾ ਸਬਕ!

ਐ ਮੂੜ੍ਹ ਵਿਦਿਆਦਾਤੇ! ਤੂੰ ਜੀਵਨ ਨੂੰ ਹਰਿਆ ਭਰਿਆ ਬਣਾਉਣ ਵਾਲੇ ਹਰਿ ਵਾਹਿਗੁਰੂ ਦੀ ਕਥਾ (ਸਿਖਿਆ-ਵਿਚਾਰ) ਨੂੰ ਚੰਗੀ ਤਰ੍ਹਾਂ ਸਮਝ ਕੇ ਅਨੁਭਵ ਕਰ ਲੈ ਤਾਂ ਤੈਨੂੰ ਸਦਾ ਸੁਖ ਪ੍ਰਾਪਤ ਹੋਵੇਗਾ।

ਪਰੰਤੂ ਮਨਮੁਖ ਹੋ ਕੇ (ਲੋਕਾਂ ਨੂੰ ਲੁੱਟਣ ਦੇ ਮਨਸ਼ੇ ਨਾਲ) ਜਿੰਨੀ ਵੀ ਵਿੱਦਿਆ ਪੜ੍ਹੇਂਗਾ, ਓਨਾ ਹੀ ਦੁਖ ਲੱਗੇਗਾ; ਸਤਿਗੁਰੂ (ਦੇ ਪਦਚਿੰਨ੍ਹਾਂ/ਉਪਦੇਸ਼ਾਂ ਉਤੇ ਚੱਲਣ) ਤੋਂ ਬਿਨਾਂ ਦੁਖਾਂ, ਭਾਵ ਭ੍ਰਿਸ਼ਟ-ਵਿਕਾਰੀ ਜੀਵਨ ਤੋਂ ਮੁਕਤੀ ਨਹੀਂ ਹੋਣੀ।੧੬।

**ਰਾਰੈ ਰਾਮੁ ਚਿਤਿ ਕਰਿ ਮੂੜੇ ਹਿਰਦੈ ਜਿਨ੍ ਕੈ ਰਵਿ ਰਹਿਆ॥**
**ਗੁਰ ਪਰਸਾਦੀ ਜਿਨ੍ੀ ਰਾਮੁ ਪਛਾਤਾ ਨਿਰਗੁਣ ਰਾਮੁ ਤਿਨ੍ੀ ਬੂਝਿ ਲਹਿਆ॥੧੭॥**

> ਰਾਰੈ ਅਖਰ ਦਾ ਸਬਕ!

ਐ ਮੂੜ੍ਹ ਵਿਦਿਆਦਾਤੇ! ਕਣ-ਕਣ ਵਿਚ ਰਮੇ ਹੋਏ ਜੀਵਨਦਾਤਾ ਵਾਹਿਗੁਰੂ ਨੂੰ ਦਿਲ ਵਿਚ ਚੇਤੇ ਕਰ; ਜਿਨ੍ਹਾਂ ਦੇ ਹਿਰਦੇ ਅੰਦਰ ਉਹ ਜੀਵਨਦਾਤਾ ਰਾਮ, ਧੜਕ ਰਿਹਾ ਹੈ ਅਤੇ ਜਿਨ੍ਹਾਂ ਨੇ ਗੁਰੂ ਕਿਰਪਾ ਸਦਕਾ (ਆਪਣੇ ਅੰਦਰ-ਬਾਹਰ ਸਭਨਾਂ ਵਿਚ) ਉਸ ਰਮੇ ਹੋਏ ਵਿਆਪਕ ਰਾਮ ਨੂੰ ਪਛਾਣ ਲਿਆ ਹੈ, ਉਨ੍ਹਾਂ ਨੇ ਉਸ ਨਿਰਗੁਣ ਰਾਮ ਨੂੰ ਸਮਝ ਕੇ ਅਨੁਭਵ ਕਰ ਲਿਆ ਹੈ।੧੭।

**ਤੇਰਾ ਅੰਤੁ ਨ ਜਾਈ ਲਖਿਆ ਅਕਥੁ ਨ ਜਾਈ ਹਰਿ ਕਥਿਆ॥**
**ਨਾਨਕ ਜਿਨ੍ ਕਉ ਸਤਿਗੁਰੁ ਮਿਲਿਆ ਤਿਨ੍ ਕਾ ਲੇਖਾ ਨਿਬੜਿਆ॥੧੮॥੧॥੨॥**

> ਹੇ ਬੇਅੰਤ ਵਾਹਿਗੁਰੂ! ਸਾਥੋਂ ਤੇਰੇ ਅੰਤ ਦਾ ਪਤਾ ਨਹੀਂ ਲਗਾਇਆ ਜਾ ਰਿਹਾ; ਜੀਵਨ ਨੂੰ ਹਰਿਆ ਭਰਿਆ ਬਣਾਉਣ ਵਾਲੇ ਅਕੱਥ ਵਾਹਿਗੁਰੂ! ਤੇਰੇ ਗੁਣੀ-ਨਿਧਾਨ ਸਰੂਪ ਨੂੰ ਕਥਿਆ ਨਹੀਂ ਜਾ ਰਿਹਾ।

ਹੇ ਨਾਨਕ! ਜਿਨ੍ਹਾਂ ਨੂੰ ਸਤਿਗੁਰੂ ਮਿਲ ਗਿਆ ਹੈ, (ਗੁਰ ਉਪਦੇਸ਼ਾਂ ਨੂੰ ਕਮਾਉਣ ਸਦਕਾ) ਉਨ੍ਹਾਂ ਦਾ ਹਿਸਾਬ-ਕਿਤਾਬ (ਲੇਖਾ) ਨਿਬੜ ਗਿਆ ਹੈ।੧੮।੧।੨।

**ਹਵਾਲੇ :**

੧. ਟਾਕਰਿਆਂ ਦੀ ਮੁਹਾਰਨੀ ਪੜ੍ਹਾਉਣ ਵੇਲੇ ਪਾਧੇ (ਅਧਿਆਪਕ) ਇਸ ਤਰ੍ਹਾਂ ਉਚਾਰਣ ਕਰਵਾਇਆ ਕਰਦੇ ਸਨ।
- ਅਯੋ ਅੰਙੈ, ਕਾਖੈ ਘੰਙੈ, ਰੀਰੀ ਲਲੀ ਆਦਿ।
  ਅਯੋ ਅੰਙੈ = ਅ ਇ ਉ ਅੰ ਅ:

੨. ਕਾਖੈ ਘੰਙੈ = ਕ ਖ ਗ ਘ ਙ

੩. ਰੀਰੀ ਲਲੀ = ਰ੍ਰਿ ਰ੍ਰੀ ਲ੍ਰਿ ਲ੍ਰੀ

੪. ਸਿਧੰਙਾਇਐ= ਪਾਧੇ ਇਹ ਅਸੀਸ ਪਟੀ/ਫੱਟੀ ਉਤੇ ਲਿਖ ਕੇ ਅੱਖਰ ਪਾ ਕੇ ਬੱਚੇ ਨੂੰ ਦਿੰਦੇ ਸਨ; ਜਿਸ ਤੋਂ ਮੁਰਾਦ ਸੀ ਕਿ 'ਤੈਨੂੰ ਵਿੱਦਿਆ ਵਿਚ ਸਿੱਧੀ (ਸਫਲਤਾ) ਪ੍ਰਾਪਤ ਹੋਵੇ!'

੫. ਖੁਸ਼ੀ-ਗਮੀ ਦੇ ਮੌਕੇ ਦਾਨ-ਦਛਣਾ ਦੇ ਕੇ ਕੁਲ ਪੁਰੋਹਿਤ/ਬ੍ਰਾਹਮਣ ਤੋਂ ਯੱਗ-ਪੂਜਾ ਕਰਾਉਣ ਵਾਲਾ ਯਾਚਕ ਵਿਅਕਤੀ।

੬. ਥਾਂ ਤੋਂ ਡਿੱਗਿਆ ਹੋਇਆ, ਪਦਵੀ ਤੋਂ ਪਤਿਤ *(ਮਹਾਨ ਕੋਸ਼)*

**ਰੁਦ੍ਰ ਧਿਆਨ ਗਿਆਨ ਸਤਿਗੁਰ ਕੇ**
**ਕਬਿ ਜਨ ਭਲ੍ ਉਨਹ ਜੁੋ ਗਾਵੈ॥**
**ਭਲੇ ਅਮਰਦਾਸ ਗੁਣ ਤੇਰੇ**
**ਤੇਰੀ ਉਪਮਾ ਤੋਹਿ ਬਣ ਆਵੈ॥**

***ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੬***

# ਰਾਮਕਲੀ ਕੀ ਵਾਰ ਮਹਲਾ ੩

*-ਡਾ. ਕੁਲਵਿੰਦਰ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁੱਲ ੨੨ ਵਾਰਾਂ ਦਰਜ ਹਨ, ਜਿਨ੍ਹਾਂ ਵਿੱਚੋਂ ੪ ਵਾਰਾਂ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਲਿਖੀਆਂ ਗਈਆਂ ਹਨ। 'ਰਾਮਕਲੀ ਕੀ ਵਾਰ' ਤੋਂ ਇਲਾਵਾ ਆਪ ਦੀਆਂ ਤਿੰਨ ਵਾਰਾਂ-ਰਾਗ ਗੂਜਰੀ, ਸੂਹੀ, ਮਾਰੂ ਵਿਚ ਦਰਜ ਹਨ। 'ਗੂਜਰੀ ਕੀ ਵਾਰ' ਨੂੰ 'ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ' ਉੱਪਰ ਗਾਉਣ ਦਾ ਸੰਕੇਤ ਹੈ ਪਰ ਸੂਹੀ ਅਤੇ ਮਾਰੂ ਦੀ ਵਾਰ ਨੂੰ ਕਿਸੇ ਵਿਸ਼ੇਸ਼ ਧੁਨੀ ਉੱਪਰ ਗਾਉਣ ਦੀ ਤਾਕੀਦ ਨਹੀਂ ਕੀਤੀ ਗਈ। ਵਿਚਾਰਾਧੀਨ ਵਾਰ ਨੂੰ 'ਜੋਧੈ ਵੀਰੈ ਪੂਰਬਾਣੀ ਕੀ ਧੁਨੀ' ਉੱਪਰ ਗਾਉਣ ਦਾ ਸੰਕੇਤ ਮਿਲਦਾ ਹੈ, ਜਿਸ ਸੰਬੰਧੀ ਨਿਮਨਾਨੁਸਾਰ ਜਾਣਕਾਰੀ ਪ੍ਰਾਪਤ ਹੁੰਦੀ ਹੈ:

"ਰਾਜਾ ਪੂਰਬਾਣੀ ਕੇ ਪੁੱਤਰ ਹਿੰਦੂ ਰਾਜਪੂਤ ਝਲਕਾਕੜੇ ਗ੍ਰਾਮ ਵਸਨੇ ਵਾਲੇ ਥੇ, ਏਕ ਰਾਣੀ ਕੇ ਜੋਧ ਔ ਬੀਰ ਥੇ, ਦੂਜੀ ਰਾਣੀ ਕੇ ਔਰ ਥੇ, ਪਹਿਲੇ ਭਾਈਓਂ ਕਾ ਜੰਗ ਹੂਆ, ਪੀਛੇ ਬਾਦਸ਼ਾਹ ਹੇਤ ਡਾਲੀ ਆਈ ਔ ਏਕ ਅਜਾਇਬ ਘੋੜਾ ਲੂਟਾ, ਇਸ ਵਾਸਤੇ ਅਕਬਰ ਦੀ ਭੇਜੀ ਹੁਈ ਫੌਜ ਸੇ ਜੰਗ ਕਰ ਫੌਜ ਮਾਰੀ। ਪੁਨਾ ਆਪ ਭੀ ਮੂਏ, ਢਾਡੀਆਂ ਵਾਰ ਬਨਾਈ, (ਵਾਰਾਂ ਵਾਲਿਆਂ ਦੇ ਬ੍ਰਿਤਾਂਤ ਸਹਿਤ) ਤਿਸਕੀ ਪੌੜੀ ਇਹ ਹੈ:-

*ਜੋਧ ਬੀਰ ਪੂਰਬਣੀਏ ਦੁਇ ਗੱਲਾਂ ਕਰੀ ਕਰਾਰੀਆਂ।*
*ਫੌਜ ਚੜ੍ਹਾਈ ਬਾਦਸ਼ਾਹ ਅਕਬਰ ਨੇ ਭਾਰੀਆਂ।*
*ਸਨਮੁਖ ਹੋਏ ਰਾਜਪੂਤ ਸੁਤਰੀਂ ਰਣਕਾਰੀਆਂ।*
*ਧੂਹ ਮਿਯਾਨੋ ਕੱਢੀਆਂ ਬਿਜਲੀ ਜਿਉਂ ਚਮਕਾਰੀਆਂ।*
*ਇੰਦਰ ਸਣੇ ਅਪਛਰਾਂ ਦੋਹਾਂ ਨੂੰ ਕਰਨ ਜੁਹਾਰੀਆਂ।*
*ਏਹੀ ਕੀਤੀ ਜੋਧ ਵੀਰ ਕ ਪਾਤਸ਼ਾਹੀ ਗੱਲਾਂ ਭਾਰੀਆਂ।"*[੧]

ਸ੍ਰੀ ਗੁਰੂ ਅਮਰਦਾਸ ਜੀ ਦੀ ਰਾਮਕਲੀ ਰਾਗ ਵਿਚ ਉਚਾਰਨ ਕੀਤੀ ਇਹ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੯੪੭ ਤੋਂ ੯੫੬ ਤਕ ਦਰਜ ਹੈ। ਇਸ ਵਿਚ ੨੧ ਪਉੜੀਆਂ ਅਤੇ ੫੨ ਸਲੋਕ ਸ਼ਾਮਲ ਕੀਤੇ ਗਏ ਹਨ ਜੋ ਕਿ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਅਤੇ ਭਗਤ ਕਬੀਰ ਜੀ ਦੇ ਹਨ। ਇਸ ਵਾਰ ਦੀ ਵਿਲੱਖਣਤਾ ਇਹ ਹੈ ਕਿ ਇਸ ਵਿਚ ਰਹਾਉ ਦੀ ਤੁਕ

** ਇੰਚਾਰਜ, ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ੨੦-ਪ੍ਰੀਤਮ ਰੋਡ, ਡਾਲਾਂਵਾਲਾ, ਦੇਹਰਾਦੂਨ-੨੪੮੦੦੧; (ਉਤਰਾਖੰਡ) ਮੋ. ੯੯੯੭੬੭੯੬੫੫*

ਦਿੱਤੀ ਗਈ ਹੈ- *'ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥੧॥ਰਹਾਉ॥* [੭] ਵਾਰ ਦੀ ਹਰ ਇਕ ਪਉੜੀ ਦਾ ਰਹਾਉ ਦੀ ਤੁਕ ਨਾਲ ਤੁਕਾਂਤ ਮੇਲ ਕਾਇਮ ਰੱਖਣ ਲਈ ਅੰਤਮ ਤੁਕ ਨੂੰ ਵਿਸ਼ੇਸ਼ ਨਿਯਮ ਵਿਚ ਲਿਖਿਆ ਗਿਆ ਹੈ। ਭਾਵੇਂ ਕਿ ਅਜਿਹਾ ਕਰਨ ਨਾਲ ਪਉੜੀ ਦੀ ਅੰਤਮ ਤੁਕ ਦਾ ਤੁਕਾਂਤ-ਮੇਲ ਪਹਿਲੀਆਂ ਤੁਕਾਂ ਨਾਲ ਨਹੀਂ ਮਿਲਦਾ:

*ਦੂਜਾ ਭਾਉ ਰਚਾਇਓਨੁ ਤ੍ਰੈ ਗੁਣ ਵਰਤਾਰਾ॥*
*ਬ੍ਰਹਮਾ ਬਿਸਨੁ ਮਹੇਸੁ ਉਪਾਇਅਨੁ ਹੁਕਮਿ ਕਮਾਵਨਿ ਕਾਰਾ॥*
*ਪੰਡਿਤ ਪੜਦੇ ਜੋਤਕੀ ਨਾ ਬੂਝਹਿ ਬੀਚਾਰਾ॥*
*ਸਭੁ ਕਿਛੁ ਤੇਰਾ ਖੇਲੁ ਹੈ ਸਚੁ ਸਿਰਜਣਹਾਰਾ॥*
*ਜਿਸੁ ਭਾਵੈ ਤਿਸੁ ਬਖਸਿ ਲੈਹਿ ਸਚਿ ਸਬਦਿ ਸਮਾਈ॥੪॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੪੮)*

ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਾਰਾਂ ਦੀਆਂ ਕੇਵਲ ਪਉੜੀਆਂ ਦਾ ਅਧਿਐਨ ਕੀਤਾ ਜਾਵੇ ਤਾਂ ਇਹ ਗੱਲ ਪ੍ਰਗਟ ਹੁੰਦੀ ਹੈ ਕਿ ਇਨ੍ਹਾਂ ਵਿਚ ਪਰਮਾਤਮਾ ਦੀ ਖੇਡ ਦਾ ਵਰਣਨ ਹੈ ਜਿਹੜਾ ਕਿ ਉਸ ਦੁਆਰਾ ਸ੍ਰਿਸ਼ਟੀ ਰਚਨਾ ਰਾਹੀਂ ਆਪਣੇ ਆਪ ਨੂੰ ਪ੍ਰਗਾਉਣ ਦੁਆਰਾ ਅਰੰਭ ਹੁੰਦਾ ਹੈ। ਗੁਰਬਾਣੀ ਦਾ ਉਦੇਸ਼ ਅਤੇ ਉਪਦੇਸ਼ ਮਨੁੱਖ ਨੂੰ ਸਚਿਆਰ ਬਣਾਉਣਾ ਹੈ, ਇਸ ਕਰਕੇ ਵਾਰਾਂ ਵਿਚ ਸ੍ਰਿਸ਼ਟੀ ਰਚਨਾ ਦੇ ਅਨੇਕ ਪਾਸਾਰਾਂ ਵਿੱਚੋਂ ਵਿਸ਼ੇਸ਼ ਗੱਲ ਮਨੁੱਖ ਬਾਰੇ ਹੀ ਕੀਤੀ ਗਈ ਹੈ। ਸ੍ਰੀ ਗੁਰੂ ਅਮਰਦਾਸ ਜੀ ਉਚਾਰਨ ਕਰਦੇ ਹਨ ਕਿ ਜਗਤ ਰੂਪ ਸੱਚਾ ਤਖ਼ਤ ਅਕਾਲ ਪੁਰਖ ਨੇ ਆਪਣੇ ਬੈਠਣ ਲਈ ਰਚਿਆ ਹੈ। ਉਸ ਤੋਂ ਬਿਨਾਂ ਦੂਜੀ ਕੋਈ ਹਸਤੀ ਜਾਂ ਹੋਂਦ ਨਹੀਂ ਹੈ, ਇਸ ਕਰਕੇ ਸਭ ਕੁਝ ਉਸ ਦੇ ਹੁਕਮ ਵਿਚ ਪ੍ਰਗਟ ਹੋ ਕੇ ਖੇਲ ਕਰਦਾ ਅਤੇ ਵਾਪਸ ਉਸ ਦੇ ਵਿਚ ਹੀ ਸਮਾ ਜਾਂਦਾ ਹੈ। ਗੁਰਮੁਖ ਅਤੇ ਮਨਮੁਖ ਵੀ ਉਸ ਦੀ ਖੇਡ ਦਾ ਹਿੱਸਾ ਹਨ। ਜਿਨ੍ਹਾਂ ਮਨੁੱਖਾਂ ਨੂੰ ਉਹ ਮੁੜ ਆਪਣੇ ਵਿਚ ਲੀਨ ਕਰਨਾ ਚਾਹੁੰਦਾ ਹੈ, ਉਨ੍ਹਾਂ ਨੂੰ ਪੂਰੇ ਗੁਰੂ ਦੀ ਪ੍ਰਾਪਤੀ ਹੁੰਦੀ ਹੈ ਅਤੇ ਉਹ ਗੁਰੂ ਦੇ ਸ਼ਬਦ ਰਾਹੀਂ ਗਿਆਨ ਪ੍ਰਾਪਤ ਕਰਕੇ ਤ੍ਰਿਸ਼ਨਾ, ਹਉਮੈਂ ਅਤੇ ਦ੍ਵੈਤ ਭਾਵ ਆਦਿ ਤੋਂ ਮੁਕਤ ਹੋ ਕੇ ਸੱਚ ਵਿਚ ਸਮਾ ਜਾਂਦੇ ਹਨ, ਪਰ ਜਿਨ੍ਹਾਂ ਨੂੰ ਉਹ ਆਪਣੇ ਭੇਤ ਤੋਂ ਅਣਜਾਣ ਰੱਖਣਾ ਚਾਹੁੰਦਾ ਹੈ, ਉਨ੍ਹਾਂ ਨੂੰ ਕੂੜ-ਕੁਸਤਿ ਦੇ ਰਾਹ ਉਪਰ ਤੋਰ ਕੇ ਦ੍ਵੈਤ-ਭਾਵ ਵਿਚ ਫਸਾਈ ਰੱਖਦਾ ਹੈ। ਹਾਲਾਂਕਿ ਅਕਾਲ ਪੁਰਖ ਆਪਣੀ ਰਚਨਾ ਦੇ ਕਣ-ਕਣ ਵਿਚ ਵਿਦਮਾਨ ਹੈ ਪਰ ਮਨੁੱਖ ਨੂੰ ਉਸ ਦੀ ਪ੍ਰਾਪਤੀ ਆਪਣੇ ਸਰੀਰ ਵਿੱਚੋਂ ਹੀ ਹੋ ਸਕਦੀ ਹੈ। ਗੁਰਮੁਖ ਇਸ ਰਹੱਸ ਨੂੰ ਜਾਣ ਲੈਂਦੇ ਹਨ, ਪਰ ਮਨਮੁਖ ਭੁਲੇ ਰਹਿੰਦੇ ਹਨ:

*ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ॥*
*ਮਾਨਸ ਦੇਹ ਗੁਰ ਬਚਨੀ ਪਾਇਆ ਸਭੁ ਆਤਮ ਰਾਮੁ ਪਛਾਤਾ॥*

*ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ॥*
*ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ ਤਿਨੀ ਜਨਮੁ ਗਵਾਤਾ॥*
*ਸਭ ਮਹਿ ਇਕੁ ਵਰਤਦਾ ਗੁਰ ਸਬਦੀ ਪਾਇਆ ਜਾਈ॥੧੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੫੩)*

ਅਨੰਦ ਸਾਹਿਬ ਦੀ ਬਾਣੀ ਵਾਂਗ ਹੀ ਸ੍ਰੀ ਗੁਰੂ ਅਮਰਦਾਸ ਜੀ ਦੱਸਦੇ ਹਨ ਕਿ ਸਰੀਰ ਰੂਪੀ ਕਿਲ੍ਹੇ ਦੇ ਨੌ ਦਰਵਾਜੇ ਪ੍ਰਗਟ ਹਨ ਅਤੇ ਦਸਵਾਂ ਗੁਪਤ ਹੈ, ਜਿਸ ਨੂੰ ਬਜਰ ਕਪਾਟ (ਮਜ਼ਬੂਤ ਪੱਥਰ ਦੇ ਦਰਵਾਜੇ, ਭਾਵ ਅਗਿਆਨਤਾ ਦੇ ਬੂਹੇ) ਲੱਗੇ ਹੋਏ ਹਨ। ਇਹ ਗੁਰੂ ਦੇ ਸ਼ਬਦ ਦੀ ਕਮਾਈ ਨਾਲ ਖੁਲ੍ਹਦੇ ਹਨ, ਜਿਸ ਨਾਲ ਪ੍ਰਕਾਸ਼ ਸਰੂਪ ਪਰਮਾਤਮਾ ਦਾ ਦਰਸ਼ਨ ਹੁੰਦਾ ਹੈ। ਮਾਇਆ ਦੇ ਪ੍ਰਭਾਵ ਤੋਂ ਮੁਕਤ ਇਸ ਅਵਸਥਾ ਨੂੰ ਪ੍ਰਾਪਤ ਕਰਨਾ ਹੀ ਮਨੁੱਖਾ ਜੀਵਨ ਦਾ ਉਦੇਸ਼ ਅਤੇ ਯੁੱਧ ਹੈ, ਜਿਸ ਨੂੰ ਗੁਰੂ ਦੀ ਬਖ਼ਸ਼ਿਸ਼ ਨਾਲ ਗੁਰਮੁਖ ਪ੍ਰਾਪਤ ਕਰ ਲੈਂਦਾ ਹੈ ਤੇ ਜਿੱਤ ਲੈਂਦਾ ਹੈ ਅਤੇ ਮਾਇਆ ਦੇ ਜਾਲ ਵਿਚ ਫਸਿਆ ਹੋਇਆ ਮਨਮੁਖ ਪ੍ਰਾਪਤ ਨਹੀਂ ਕਰ ਸਕਦਾ ਤੇ ਹਾਰ ਜਾਂਦਾ ਹੈ। ਇਸ ਸਮੁੱਚੀ ਖੇਡ ਨੂੰ ਅੰਤਮ ਪਉੜੀ ਵਿਚ ਸੰਖੇਪਤਾ ਨਾਲ ਇਸ ਤਰ੍ਹਾਂ ਦਰਸਾਇਆ ਗਿਆ ਹੈ:

*ਆਪੇ ਆਪਿ ਵਰਤਦਾ ਆਪਿ ਤਾੜੀ ਲਾਈਅਨੁ॥*
*ਆਪੇ ਹੀ ਉਪਦੇਸਦਾ ਗੁਰਮੁਖਿ ਪਤੀਆਈਅਨੁ॥*
*ਇਕਿ ਆਪੇ ਉਝੜਿ ਪਾਇਅਨੁ ਇਕਿ ਭਗਤੀ ਲਾਇਅਨੁ॥*
*ਜਿਸੁ ਆਪਿ ਬੁਝਾਏ ਸੋ ਬੁਝਸੀ ਆਪੇ ਨਾਇ ਲਾਇਅਨੁ॥*
*ਨਾਨਕ ਨਾਮੁ ਧਿਆਈਐ ਸਚੀ ਵਡਿਆਈ॥੨੧॥੧॥ਸੁਧੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੫੬)*

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਇਸ ਵਾਰ ਦੀਆਂ ਪਉੜੀਆਂ ਅੱਗੇ ਜੋ ਸਲੋਕ ਜੋੜੇ ਗਏ ਹਨ, ਉਨ੍ਹਾਂ ਦਾ ਸੰਬੰਧ ਵਾਰ ਦੇ ਪ੍ਰਮੁੱਖ ਵਿਸ਼ਿਆਂ-ਸਤਿਗੁਰੂ, ਗੁਰਮੁਖ, ਮਨਮੁਖ ਆਦਿ ਨਾਲ ਹੈ। ਇਸ ਤੋਂ ਇਲਾਵਾ ਵਾਰ ਦੇ ਸਲੋਕਾਂ ਵਿਚ ਸਚ, ਗ੍ਰਿਹਸਤੀ, ਉਦਾਸੀ, ਅਭਿਆਗਤ, ਅਵਧੂਤ, ਤਪਾ, ਪਾਖੰਡੀ, ਬੈਰਾਗੀ, ਮੂਰਖ, ਅੰਨ੍ਹਾ ਆਦਿਕ ਸ਼ਬਦਾਂ ਨੂੰ ਪ੍ਰਭਾਸ਼ਿਤ ਕੀਤਾ ਗਿਆ ਹੈ। ਇਨ੍ਹਾਂ ਬਾਰੇ ਨਿਮਨਾਨੁਸਾਰ ਜਾਣਕਾਰੀ ਪ੍ਰਾਪਤ ਕਰਨ ਦਾ ਯਤਨ ਕੀਤਾ ਗਿਆ ਹੈ।

**ਸਤਿਗੁਰੂ:** ਗੁਰਮਤਿ ਦਾ ਸਿਧਾਂਤ ਹੈ ਕਿ ਗੁਰੂ ਦੀ ਪ੍ਰਾਪਤੀ ਅਤੇ ਕਿਰਪਾ ਤੋਂ ਬਿਨਾਂ ਮਨੁੱਖਾ ਜੀਵਨ ਦਾ ਮਨੋਰਥ ਸਫਲ ਨਹੀਂ ਹੁੰਦਾ, ਭਾਵ ਮਨੁੱਖ ਨੂੰ ਅਕਾਲ ਪੁਰਖ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸ ਸਿਧਾਂਤ ਨੂੰ ਗੁਰਬਾਣੀ ਵਿਚ ਵਾਰ-ਵਾਰ ਦ੍ਰਿੜ੍ਹ ਕਰਵਾਇਆ ਗਿਆ ਹੈ। ਵਿਚਾਰਾਧੀਨ ਵਾਰ ਵਿਚ ਵੀ ਸ੍ਰੀ ਗੁਰੂ ਅਮਰਦਾਸ ਜੀ ਉਚਾਰਨ ਕਰਦੇ ਹਨ ਕਿ ਗੁਰੂ ਅਡੋਲਤਾ ਅਤੇ ਪਰਮ ਸ਼ਾਂਤੀ ਦਾ ਖੇਤ ਹੈ ਅਤੇ ਉਸ ਤੋਂ ਬਿਨਾਂ ਸੰਸਾਰ

ਵਿਚ ਹੋਰ ਕੋਈ ਵੀ ਸ਼ਕਤੀ ਨਹੀਂ ਹੈ ਜੋ ਪਰਮ-ਸ਼ਾਂਤੀ ਪ੍ਰਦਾਨ ਕਰ ਸਕੇ। ਇਸ ਲਈ ਜਿਸ ਦੀ ਪ੍ਰੀਤ ਪੂਰੇ ਗੁਰੂ ਨਾਲ ਬਣ ਜਾਂਦੀ ਹੈ, ਉਸ ਨੂੰ ਗੁਰੂ ਨਾਮ ਪਦਾਰਥ ਬਖ਼ਸ਼ਦਾ ਹੈ। ਅਜਿਹਾ ਮਨੁੱਖ ਨਾਮ ਦੀ ਖੇਤੀ ਕਰਦਾ ਹੈ ਅਤੇ ਇਹ ਕਾਰਜ ਕਰਦਾ ਹੋਇਆ ਨਾਮ ਵਿਚ ਹੀ ਅਭੇਦ ਹੋ ਜਾਂਦਾ ਹੈ। ਨਾਮ ਰੂਪੀ ਬੀਜ ਦੇ ਉਗਣ ਨਾਲ ਹਉਮੈਂ ਰੂਪੀ ਬੀਜ ਆਪਣੇ ਆਪ ਨਸ਼ਟ ਹੋ ਜਾਂਦਾ ਹੈ, ਜਿਸ ਕਰਕੇ ਉਹ ਅਸ਼ਾਂਤੀ ਦੇ ਮੂਲ ਕਾਰਨ 'ਸੰਦੇਹ, ਭਰਮ, ਅਗਿਆਨ' ਆਦਿ ਤੋਂ ਛੁਟਕਾਰਾ ਪ੍ਰਾਪਤ ਕਰ ਲੈਂਦਾ ਹੈ। ਜਦੋਂ ਗੁਰੂ ਦੁਆਰਾ ਬਖ਼ਸ਼ਿਆ ਨਾਮ ਉਸ ਦੇ ਹਿਰਦੇ ਨੂੰ ਬਿਲਕੁਲ ਨਿਰਮਲ ਕਰ ਦਿੰਦਾ ਹੈ ਤਾਂ ਉਸ ਨੂੰ ਆਪਣੇ ਅੰਦਰੋਂ ਹੀ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ:

*ਮਃ ੩॥*
*ਸਤਿਗੁਰਿ ਮਿਲਿਐ ਸਦਾ ਸੁਖੁ ਜਿਸ ਨੋ ਆਪੇ ਮੇਲੇ ਸੋਇ॥*
*ਸੁਖੈ ਏਹੁ ਬਿਬੇਕੁ ਹੈ ਅੰਤਰੁ ਨਿਰਮਲੁ ਹੋਇ॥*
*ਅਗਿਆਨ ਕਾ ਭ੍ਰਮੁ ਕਟੀਐ ਗਿਆਨੁ ਪਰਾਪਤਿ ਹੋਇ॥*
*ਨਾਨਕ ਏਕੋ ਨਦਰੀ ਆਇਆ ਜਹ ਦੇਖਾ ਤਹ ਸੋਇ॥੩॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੪੭)*

ਇਸ ਵਾਰ ਵਿਚ ਗੁਰੂ ਸਾਹਿਬ ਨੇ ਸਮਝਾਇਆ ਹੈ ਕਿ ਸਤਿਗੁਰੂ ਦੀ ਸੰਗਤ ਪ੍ਰਾਪਤ ਕਰਨ ਨਾਲ ਜਿੱਥੇ ਮਨੁੱਖ ਗੁਰਮੁਖ ਪਦ ਤਕ ਪੁੱਜਦਾ ਹੈ, ਉੱਥੇ ਅਗਿਆਨੀ ਗੁਰੂ ਦੀ ਸੰਗਤ ਨਾਲ ਮਨੁੱਖ ਬੁਰੇ ਕੰਮਾਂ ਵੱਲ ਪ੍ਰੇਰਿਤ ਹੁੰਦਾ ਅਤੇ ਝੂਠ ਦੇ ਰਸਤੇ ਉਪਰ ਚਲਦਾ ਹੋਇਆ ਮੰਦੇ ਕਰਮ ਕਰਦਾ ਹੈ। ਅਜਿਹੇ ਅਗਿਆਨੀ ਗੁਰੂ ਦੀ ਸੰਗਤ ਮਨੁੱਖ ਦਾ ਜੀਵਨ ਬਰਬਾਦ ਕਰ ਦਿੰਦੀ ਹੈ ਅਤੇ ਉਹ ਮਨ ਦੇ ਪਿੱਛੇ ਲੱਗ ਕੇ ਆਪਣਾ ਜੀਵਨ ਵਿਅਰਥ ਗਵਾ ਲੈਂਦਾ ਹੈ।

**ਗੁਰਮੁਖ:** ਇਸ ਪਦ ਦੀ ਪ੍ਰਾਪਤੀ ਲਈ ਮਨੁੱਖ ਨੂੰ ਗੁਰਬਾਣੀ ਵਿਚ ਵਾਰ-ਵਾਰ ਪ੍ਰੇਰਨਾ ਕੀਤੀ ਗਈ ਹੈ ਅਤੇ ਇਸ ਦੀ ਪ੍ਰਾਪਤੀ ਦੇ ਸਾਧਨ ਦੱਸੇ ਗਏ ਹਨ। ਵਿਚਾਰਾਧੀਨ ਵਾਰ ਵਿਚ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਇਸ ਰਸਤੇ ਉਪਰ ਕੇਵਲ ਉਹੀ ਮਨੁੱਖ ਚੱਲ ਸਕਦੇ ਹਨ ਜੋ ਸੱਚੇ ਪ੍ਰਭੂ ਨੇ ਕਿਰਪਾ ਕਰਕੇ ਸੱਚੇ ਗੁਰੂ ਨਾਲ ਮਿਲਾ ਦਿੱਤੇ ਹਨ। ਗੁਰੂ ਦੀ ਸ਼ਰਨ ਵਿਚ ਆਏ ਸਿੱਖਾਂ ਨੂੰ ਗੁਰੂ ਸਾਹਿਬਾਨ ਦੀਆਂ ਸਾਖੀਆਂ ਅਤੇ ਬਚਨ ਸਪੁੱਤਰ ਭਾਵ ਗੁਰਮੁਖ ਬਣਾ ਦਿੰਦੇ ਹਨ ਕਿਉਂਕਿ ਉਹ ਗੁਰੂ ਨੂੰ ਚੰਗੀ ਲੱਗਣ ਵਾਲੀ ਸਿੱਖਿਆ ਨੂੰ ਗ੍ਰਹਿਣ ਕਰ ਕੇ ਆਪਣੇ ਜੀਵਨ ਦਾ ਹਿੱਸਾ ਬਣਾ ਲੈਂਦੇ ਹਨ। ਇਸ ਤਰ੍ਹਾਂ ਗੁਰੂ ਦੀ ਸਿੱਖਿਆ ਅਨੁਸਾਰ ਜੀਵਨ ਬਸਰ ਕਰਨ ਵਾਲੇ ਨਾਮ ਰਸ ਦਾ ਅਨੰਦ ਮਾਣਦੇ ਹਨ ਅਤੇ ਪ੍ਰਭੂ ਦੀ ਪ੍ਰਾਪਤੀ ਕਰ ਲੈਂਦੇ ਹਨ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਅਜਿਹੇ ਗੁਰਮੁਖ ਨਾਮ ਜਪ ਕੇ ਸੰਸਾਰਕ ਪਦਾਰਥਾਂ ਅਤੇ ਵਿਕਾਰਾਂ ਤੋਂ ਉੱਪਰ ਉੱਠ ਕੇ ਸੱਚ ਦਾ ਵਣਜ ਕਰਦੇ ਹਨ ਅਤੇ ਅਲਿਪਤ

ਰਹਿੰਦਿਆਂ ਹੋਰਨਾਂ ਨੂੰ ਵੀ ਨਾਮ ਨਾਲ ਜੋੜਦੇ ਹਨ।

**ਮਨਮੁਖ:** ਗੁਰਮੁਖ ਦੀ ਵਡਿਆਈ ਕਰਨ ਦੇ ਨਾਲ-ਨਾਲ ਸ੍ਰੀ ਗੁਰੂ ਅਮਰਦਾਸ ਜੀ ਨੇ ਮਨਮੁਖ ਦੀ ਕਰਣੀ ਦਾ ਜ਼ਿਕਰ ਵੀ ਕੀਤਾ ਹੈ। ਉਹ ਲਿਖਦੇ ਹਨ ਕਿ ਮਨਮੁਖ ਦੁੱਖਾਂ ਦਾ ਖੇਤ ਹੈ। ਉਹ ਪੂਰੀ ਜ਼ਿੰਦਗੀ ਦੁੱਖ ਬੀਜਦਾ ਅਤੇ ਦੁੱਖ ਪ੍ਰਾਪਤ ਕਰਦਾ ਹੈ। ਉਹ ਜਨਮ-ਮਰਨ ਰੂਪੀ ਦੁੱਖ ਕਾਰਨ ਸੰਸਾਰ ਵਿਚ ਪੈਦਾ ਹੁੰਦਾ ਹੈ ਅਤੇ ਉਸ ਦਾ ਪੂਰਾ ਜੀਵਨ ਮੈਂ-ਮੇਰੀ ਵਿਚ ਬੀਤ ਜਾਂਦਾ ਹੈ। ਅਗਿਆਨਤਾ ਕਾਰਨ ਉਹ ਦੇਵਣਹਾਰ ਪਰਮਾਤਮਾ ਨੂੰ ਭੁਲਾ ਕੇ ਪਦਾਰਥਾਂ ਨਾਲ ਮੋਹ ਕਰਦਾ ਹੈ ਅਤੇ ਇਸ ਗੱਲ ਵੱਲ ਰਤੀ ਭਰ ਧਿਆਨ ਨਹੀਂ ਕਰਦਾ ਕਿ ਉਸ ਦਾ ਦੁਰਲੱਭ ਜੀਵਨ ਨਾਮ ਤੋਂ ਬਿਨਾਂ ਵਿਅਰਥ ਜਾ ਰਿਹਾ ਹੈ। ਸੰਸਾਰਿਕ ਕਾਰ-ਵਿਹਾਰ ਕਰਦਿਆਂ ਉਸ ਦਾ ਦਿਨ ਲੰਘ ਜਾਂਦਾ ਹੈ ਅਤੇ ਰਾਤ ਸੁੱਤਿਆਂ ਬੀਤ ਜਾਂਦੀ ਹੈ। ਸੱਚ ਦੀ ਪਛਾਣ ਕੀਤੇ ਬਿਨਾਂ ਅਤੇ ਬੁਰੇ ਕੰਮਾਂ ਦਾ ਨਤੀਜਾ ਨਾ ਚਿਤਾਰਦੇ ਹੋਏ ਉਹ ਪਦਾਰਥਾਂ ਨੂੰ ਇਕੱਤਰ ਕਰਨ ਲਈ ਝੂਠ ਬੋਲਦਾ ਅਤੇ ਝੂਠ ਨਾਲ ਇਕੱਠੇ ਕੀਤੇ ਪਦਾਰਥਾਂ ਨੂੰ ਭੋਗਦਾ ਹੈ।

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਮਨਮੁਖ ਦਾ ਸੁਭਾਅ ਮੂਰਖਾਂ ਵਰਗਾ ਹੁੰਦਾ ਹੈ ਜੋ ਕੇਵਲ ਮੂਰਖ ਦੀ ਗੱਲ ਸੁਣਦਾ ਹੈ। ਉਸ ਨੂੰ ਕਿਸੇ ਸਤਿ ਪੁਰਸ਼ ਦੀ ਗੱਲ ਚੰਗੀ ਨਹੀਂ ਲਗਦੀ। ਉਹ ਪਰਮਾਤਮਾ ਦਾ ਰਾਹ ਛੱਡ ਕੇ ਮਾਇਆ ਮੋਹ ਵਿਚ ਬੁਰੀ ਤਰ੍ਹਾਂ ਫਸਿਆ ਹੋਣ ਦੇ ਬਾਵਜੂਦ ਹੰਕਾਰ ਕਰਦਾ ਹੈ ਅਤੇ ਹੰਕਾਰ ਦੇ ਬੋਲ ਬੋਲਦਾ ਹੈ। ਸਤਿਸੰਗੀਆਂ ਦਾ ਤਿਆਗ ਕਰ ਕੇ ਉਹ ਕੁਸੰਗੀਆਂ ਨਾਲ ਮੇਲ-ਜੋਲ ਰੱਖਦਾ ਹੈ। ਮਨਮੁਖ ਦੇ ਅਜਿਹੇ ਸੁਭਾਅ ਦੀ ਤੁਲਨਾ ਗੁਰੂ ਸਾਹਿਬ ਬਗਲੇ ਅਤੇ ਕਾਂ ਨਾਲ ਕਰਦੇ ਹੋਏ ਫੁਰਮਾਉਂਦੇ ਹਨ:

*ਸਲੋਕੁ ਮਃ ੧॥*
*ਸਰਵਰ ਹੰਸ ਧੁਰੇ ਹੀ ਮੇਲਾ ਖਸਮੈ ਏਵੈ ਭਾਣਾ॥*
*ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾ ਕਾ ਖਾਣਾ॥*
*ਬਗੁਲਾ ਕਾਗੁ ਨ ਰਹਈ ਸਰਵਰਿ ਜੇ ਹੋਵੈ ਅਤਿ ਸਿਆਣਾ॥*
*ਓਨਾ ਰਿਜਕੁ ਨ ਪਇਓ ਓਥੈ ਓਨ੍ਹਾ ਹੋਰੋ ਖਾਣਾ॥... ੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੫੬)*

ਮਨਮੁਖ ਦੀ ਕਰਣੀ ਬਾਰੇ ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਉਹ ਆਪਣੇ ਆਪ ਨੂੰ ਚੰਗਾ ਵਿਖਾਉਣ ਲਈ ਅਨੇਕ ਤਰ੍ਹਾਂ ਦੇ ਢੰਗ-ਤਰੀਕੇ ਅਪਣਾਉਂਦਾ ਅਤੇ ਸੋਭਾ ਪ੍ਰਾਪਤ ਕਰਨ ਲਈ ਆਪਣਾ ਅਸਲੀ ਰੂਪ ਛੁਪਾ ਕੇ ਝੂਠ ਦਾ ਵਿਖਾਵਾ ਕਰਦਾ ਹੈ। ਉਹ ਸਵਾਰਥ ਦੀ ਭਾਵਨਾ ਅਧੀਨ ਸਮਾਜ ਵਿਚ ਸੱਜਣਾਂ ਵਾਂਗ ਉਠਦਾ-ਬੈਠਦਾ ਅਤੇ ਉੱਪਰੋਂ-ਉੱਪਰੋਂ ਚੰਗੀਆਂ ਗੱਲਾਂ ਵੀ ਕਰਦਾ ਹੈ ਪਰ ਉਸ ਦਾ ਅਸਲੀ ਚੇਹਰਾ ਲੋਕ-ਪ੍ਰਲੋਕ ਵਿਚ ਉਜਾਗਰ ਹੋ ਹੀ ਜਾਂਦਾ ਹੈ। ਸੱਚ ਨਾਲ ਨਾ ਜੁੜਿਆ ਹੋਣ ਕਾਰਨ

ਉਸ ਦਾ ਸਮੁੱਚਾ ਵਿਵਹਾਰ ਝੂਠ ਯੁਕਤ ਹੀ ਰਹਿੰਦਾ ਹੈ ਅਤੇ ਉਹ ਭਰਮ ਵਿਚ ਹੀ ਆਪਣਾ ਜੀਵਨ ਗੁਆ ਦਿੰਦਾ ਹੈ।

ਗੁਰੂ ਜੀ ਆਖਦੇ ਹਨ ਕਿ ਮਨੁੱਖ ਨੂੰ ਚੰਗੇ ਅਤੇ ਮੰਦੇ ਪਾਸੇ ਪ੍ਰੇਰਿਤ ਕਰਨ ਵਾਲਾ ਕਰਤਾ ਪੁਰਖ ਆਪ ਹੀ ਹੈ, ਜਿਸ ਦੇ ਅਨੁਸਾਰ ਜੀਵ ਕਰਮ ਕਰਦੇ ਹਨ। ਕੀ ਮਨਮੁਖ ਲਈ ਚੰਗੇ ਪਾਸੇ ਲੱਗਣ ਦਾ ਕੋਈ ਵਿਕਲਪ ਨਹੀਂ ਹੈ? ਇਸ ਪ੍ਰਸ਼ਨ ਦੇ ਸੰਬੰਧ ਵਿਚ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਮਨਮੁਖ ਦੀ ਮੱਤ ਕੂੜ ਰੂਪੀ ਮੈਲ ਨਾਲ ਭਰੀ ਪਈ ਹੈ ਅਤੇ ਇਸ ਨੂੰ ਸਾਫ਼-ਸੁਥਰਾ ਬਣਾਉਣ ਦੀ ਸ਼ਕਤੀ ਕੇਵਲ ਨਾਮ ਵਿਚ ਹੈ। ਚੂੰਕਿ ਨਾਮ ਰੂਪੀ ਖ਼ਜ਼ਾਨਾ ਅਕਾਲ ਪੁਰਖ ਨੇ ਕੇਵਲ ਗੁਰੂ ਨੂੰ ਸੌਂਪਿਆ ਹੈ, ਇਸ ਲਈ ਗੁਰੂ ਦੀ ਸੰਗਤ ਅਤੇ ਸੇਵਾ ਕਰਨ ਨਾਲ ਹੀ ਜੀਵ ਨੂੰ ਨਾਮ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਕੋਲੋਂ ਨਾਮ ਪ੍ਰਾਪਤ ਕਰ ਕੇ ਮਨੁੱਖ ਮਨਮੁਖ ਤੋਂ ਗੁਰਮੁਖ ਬਣ ਜਾਂਦਾ ਹੈ:

*-ਜਾ ਆਪੇ ਨਦਰਿ ਕਰੇ ਪ੍ਰਭੁ ਸਚਾ ਤਾ ਹੋਵੈ ਦਾਸਨਿ ਦਾਸੁ॥*
*ਤਾ ਅਨਦਿਨੁ ਸੇਵਾ ਕਰੇ ਸਤਿਗੁਰੂ ਕੀ ਕਬਹਿ ਨ ਛੋਡੈ ਪਾਸੁ॥*
*ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ ਤਿਉ ਵਿਚੇ ਗਿਰਹ ਉਦਾਸੁ॥... ੨॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੫੦)*

*- ਸਤਿਗੁਰੁ ਮਿਲੈ ਤਾ ਨਾਮੁ ਦਿੜਾਏ ਸਭਿ ਕਿਲਵਿਖ ਕਟਣਹਾਰੁ॥*
*ਨਾਮੁ ਜਪੇ ਨਾਮੋ ਆਰਾਧੇ ਤਿਸੁ ਜਨ ਕਉ ਕਰਹੁ ਸਭਿ ਨਮਸਕਾਰੁ॥*
*ਮਲੁ ਕੂੜੀ ਨਾਮਿ ਉਤਾਰੀਅਨੁ ਜਪਿ ਨਾਮੁ ਹੋਆ ਸਚਿਆਰੁ॥... ੨॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੫੦-੫੧)*

ਵਾਰ ਦੇ ਸਲੋਕਾਂ ਵਿਚ ਉਕਤ ਤੋਂ ਇਲਾਵਾ ਭਾਵੇਂ ਭਾਣਾ, ਵਿਸ਼ੇ-ਵਿਕਾਰ, ਕਰਮ-ਕਾਂਡ ਬਾਰੇ ਵੀ ਜ਼ਿਕਰ ਵੇਖਣ ਨੂੰ ਮਿਲ ਜਾਂਦਾ ਹੈ, ਪਰ ਇਹ ਵਿਸ਼ੇ ਗੁਰਮੁਖ ਅਤੇ ਮਨਮੁਖ ਦੀ ਕਰਨੀ ਦੇ ਨਾਲ ਹੀ ਜੁੜੇ ਹੋਏ ਹਨ। ਇਨ੍ਹਾਂ ਤੋਂ ਇਲਾਵਾ ਸਲੋਕਾਂ ਵਿਚ ਕੁਝ ਇਕ ਪ੍ਰਭਾਸ਼ਿਤ ਸ਼ਬਦਾਂ ਬਾਰੇ ਗੁਰਮਤਿ ਦਾ ਨਜ਼ਰੀਆ ਦ੍ਰਿਸ਼ਟਮਾਨ ਹੁੰਦਾ ਹੈ, ਜਿਨ੍ਹਾਂ ਬਾਰੇ ਸੰਖੇਪ ਚਰਚਾ ਕਰ ਲੈਣੀ ਲਾਭਕਾਰੀ ਰਹੇਗੀ।

**ਸੱਚ:** ਮਨਮੁਖ ਦਾ ਜੀਵਨ ਝੂਠ ਅਤੇ ਗੁਰਮੁਖ ਦਾ ਜੀਵਨ ਸੱਚ ਉੱਪਰ ਟਿਕਿਆ ਹੁੰਦਾ ਹੈ। ਉਹ ਦੋਵੇਂ ਆਪੋ ਆਪਣੇ ਰਸਤੇ ਉੱਪਰ ਚੱਲਦੇ ਹਨ ਅਤੇ ਉਨ੍ਹਾਂ ਦੇ ਜੀਵਨ ਦੀ ਸਫਲਤਾ ਅਤੇ ਅਸਫਲਤਾ ਵੀ ਇਸ ਦੇ ਨਾਲ ਹੀ ਜੁੜੀ ਹੁੰਦੀ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਅੰਤ ਨੂੰ ਸੱਚ ਹੀ ਮਨੁੱਖ ਦੇ ਨਾਲ ਨਿਭਦਾ ਹੈ ਕਿਉਂਕਿ ਇਹ ਕਦੇ ਵੀ ਪੁਰਾਣਾ ਨਹੀਂ ਹੁੰਦਾ। ਇਸ ਦੀ ਹੋਂਦ ਹਮੇਸ਼ਾ ਇੱਕੋ-ਜਿਹੀ ਕਾਇਮ ਰਹਿੰਦੀ ਹੈ :

*-ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥੨॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੯੫੩)*
*-ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ॥*

*ਨਾਨਕ ਸਾਹਿਬੁ ਸਚੋ ਸਚਾ ਤਿਚਰੁ ਜਾਪੀ ਜਾਪੈ॥੧॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੯੫੬)*

**ਗ੍ਰਿਹਸਤੀ:** ਗੁਰਮਤਿ ਵਿਚ ਗ੍ਰਿਹਸਤ ਨੂੰ ਉਤਮ ਮੰਨਿਆ ਗਿਆ ਹੈ ਅਤੇ ਗ੍ਰਿਹਸਤ ਵਿਚ ਉਦਾਸ ਰਹਿਣ ਦੀ ਜੁਗਤ ਦੱਸੀ ਗਈ ਹੈ। ਇਸ ਸੰਬੰਧੀ ਗੁਰਬਾਣੀ ਵਿੱਚੋਂ ਕਈ ਪ੍ਰਮਾਣ ਵੇਖਣ ਨੂੰ ਮਿਲਦੇ ਹਨ, ਜਿਵੇਂ- *'ਹਰਿ ਸੇਤੀ ਮਨੁ ਰਵਿ ਰਹਿਆ ਘਰ ਹੀ ਮਾਹਿ ਉਦਾਸੁ॥'*[੩], *'ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ॥'*[੪] ਆਦਿ। ਇਸ ਵਾਰ ਵਿਚ ਵੀ ਗੁਰੂ ਸਾਹਿਬ ਨੇ ਚਿੱਕੜ ਵਿਚ ਅਭਿੱਜ ਰਹਿਣ ਵਾਲੇ ਕਮਲ ਫੁੱਲ ਦੀ ਉਦਾਹਰਨ ਦੇ ਕੇ ਗ੍ਰਿਹਸਤ ਵਿਚ ਮੋਹ-ਮਾਇਆ ਦੇ ਪ੍ਰਭਾਵ ਤੋਂ ਮੁਕਤ ਰਹਿਣ ਦੀ ਜੁਗਤੀ ਦਾ ਵਰਣਨ ਕੀਤਾ ਹੈ। ਉਨ੍ਹਾਂ ਨੇ ਤਿਆਗ ਦੇ ਬਾਕੀ ਸਾਧਨਾਂ ਅਤੇ ਭੇਖਾਂ ਨਾਲੋਂ ਗ੍ਰਿਹਸਤ ਮਾਰਗ ਨੂੰ ਸ੍ਰੇਸ਼ਟ ਦਰਸਾਉਂਦਿਆਂ ਮਨੁੱਖ ਨੂੰ ਇਸ ਮਾਰਗ ਦਾ ਧਾਰਨੀ ਹੋਣ ਲਈ ਕਿਹਾ ਹੈ। ਇਸ ਸੰਬੰਧ ਵਿਚ ਇਕ ਗੱਲ ਚੇਤੇ ਰੱਖਣੀ ਯੋਗ ਹੈ ਕਿ ਗ੍ਰਿਹਸਤ ਮਾਰਗ ਦਾ ਧਾਰਨੀ ਹੋ ਕੇ ਵੀ ਮਨੁੱਖ ਦਾ ਮੁੱਖ ਉਦੇਸ਼ ਪਰਮ ਪਦ ਦੀ ਪ੍ਰਾਪਤੀ ਹੀ ਹੈ। ਇਸ ਸੰਬੰਧ ਵਿਚ ਭਗਤ ਕਬੀਰ ਜੀ ਦੀ ਇਹ ਤੁਕ ਵਿਸ਼ੇਸ਼ ਤੌਰ 'ਤੇ ਵਿਚਾਰਨ ਯੋਗ ਹੈ- *'ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ॥'*[੫] ਭਾਵ ਗ੍ਰਿਹਸਤ ਵਿਚ ਰਹਿੰਦਿਆਂ ਮਨੁੱਖ ਲਈ ਜ਼ਰੂਰੀ ਹੈ ਕਿ ਉਹ ਧਰਮ ਦੇ ਰਾਹ ਉਪਰ ਚੱਲੇ। ਵਿਚਾਰਾਧੀਨ ਵਾਰ ਵਿਚ ਵੀ ਵਿਕਾਰਾਂ ਤੋਂ ਮੁਕਤ ਹੋ ਕੇ ਜਪੁ, ਤਪੁ ਅਤੇ ਸੰਜਮ ਰੱਖਣ ਵਾਲੇ ਨੂੰ ਸਚਾ ਗ੍ਰਿਹਸਤੀ ਕਿਹਾ ਗਿਆ ਹੈ:

*ਮਃ ੧॥*
*ਸੋ ਗਿਰਹੀ ਜੋ ਨਿਗ੍ਰਹੁ ਕਰੈ॥ ਜਪੁ ਤਪੁ ਸੰਜਮੁ ਭੀਖਿਆ ਕਰੈ॥*
*ਪੁੰਨ ਦਾਨ ਕਾ ਕਰੇ ਸਰੀਰੁ॥ ਸੋ ਗਿਰਹੀ ਗੰਗਾ ਕਾ ਨੀਰੁ॥...੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੫੨)*

ਗ੍ਰਿਹਸਤ ਨੂੰ ਅਪਣਾਉਣ ਦਾ ਉਪਦੇਸ਼ ਦੇਣ ਦੇ ਨਾਲ-ਨਾਲ ਗੁਰੂ ਜੀ ਨੇ ਪਰਮ ਪਦ ਦੀ ਪ੍ਰਾਪਤੀ ਲਈ ਸੰਸਾਰ ਵਿਚ ਚੱਲ ਰਹੇ ਤਿਆਗ ਦੇ ਕੁਝ ਰਸਤਿਆਂ ਬਾਰੇ ਚਾਨਣਾ ਪਾਇਆ ਹੈ ਅਤੇ ਉਨ੍ਹਾਂ ਦੇ ਮੂਲ ਉਦੇਸ਼ਾਂ ਨੂੰ ਦਰਸਉਂਦਿਆਂ ਸਮਝਾਇਆ ਹੈ ਕਿ ਇਹ ਉਦੇਸ਼ ਤਾਂ ਗ੍ਰਹਿਸਤ ਵਿਚ ਰਹਿੰਦਿਆਂ ਵੀ ਪ੍ਰਾਪਤ ਕੀਤੇ ਜਾ ਸਕਦੇ ਹਨ।

**ਉਦਾਸੀ:** ਇਸ ਸ਼ਬਦ ਦਾ ਮੂਲ 'ਉਦਾਸ' ਹੈ, ਜਿਸ ਦੇ ਅਰਥ 'ਬੇਲਾਗ ਅਤੇ ਬੀਤ ਰਾਗ' ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਵੱਖ-ਵੱਖ ਰੂਪਾਂ ਵਿਚ ਬਹੁਤ ਜਗ੍ਹਾ ਵਰਤਿਆ ਗਿਆ ਹੈ। ਹੁਣ ਭਾਵੇਂ ਇਹ ਸ਼ਬਦ ਸਿੱਖਾਂ ਦੀ ਇਕ ਸੰਪ੍ਰਦਾਇ ਲਈ ਰੂੜ ਹੋ ਗਿਆ ਹੈ ਪਰ ਗੁਰਬਾਣੀ ਵਿਚ ਆਇਆ ਸ਼ਬਦ ਇਸ ਸੰਦਰਭ ਵਿਚ ਨਹੀਂ ਵਰਤਿਆ ਗਿਆ। ਜਗਤ ਉੱਧਾਰ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਕੀਤੀਆਂ ਲੰਮੀਆਂ ਯਾਤਰਾਵਾਂ ਨੂੰ ਵੀ ਉਦਾਸੀਆਂ ਕਿਹਾ ਜਾਂਦਾ ਹੈ। ਮਾਰੂ ਰਾਗ ਦੇ ਇਕ ਸ਼ਬਦ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਆਪ ਨੂੰ ਉਦਾਸੀ ਲਿਖਦੇ ਹੋਏ

ਸਪੱਸ਼ਟ ਕਰਦੇ ਹਨ ਕਿ ਮੈਂ ਕਿਹੋ-ਜਿਹਾ ਉਦਾਸੀ ਬਣਿਆ ਹਾਂ:

*-ਊਪਰਿ ਗਗਨੁ ਗਗਨ ਪਰਿ ਗੋਰਖੁ ਤਾ ਕਾ ਅਗਮੁ ਗੁਰੂ ਪੁਨਿ ਵਾਸੀ॥*
*ਗੁਰ ਬਚਨੀ ਬਾਹਰਿ ਘਰਿ ਏਕੋ ਨਾਨਕੁ ਭਇਆ ਉਦਾਸੀ॥੫॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੯੨)*

ਵਿਚਾਰਾਧੀਨ ਵਾਰ ਵਿਚ ਵੀ ਉਦਾਸੀ ਦੇ ਲੱਛਣ ਪ੍ਰਗਟ ਕਰਨ ਲਈ ਸ਼ਾਮਲ ਕੀਤਾ ਗਿਆ ਸਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੀ ਹੈ। ਇਸ ਸਲੋਕ ਰਾਹੀਂ ਉਦਾਸੀ ਸਦਵਾਉਣ ਅਤੇ ਵਿਸ਼ੇਸ਼ ਭੇਖ ਧਾਰਨ ਵਾਲਿਆਂ ਨੂੰ ਉਦਾਸੀ ਹੋਣ ਦਾ ਭਾਵ ਅਤੇ ਮਨੋਰਥ ਸਮਝਾਇਆ ਗਿਆ ਹੈ। ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਅਸਲ ਵਿਚ ਉਦਾਸੀ ਉਹ ਹੈ ਜੋ ਸੰਸਾਰਕ ਮੋਹ-ਮਾਇਆ ਤੋਂ ਦੂਰ ਰਹਿਣ ਰੂਪੀ ਧਰਮ ਦੀ ਪਾਲਣਾ ਕਰਦਾ ਹੈ, ਮਾਇਆ ਰਹਿਤ ਪ੍ਰਭੂ ਦੀ ਹੋਂਦ ਨੂੰ ਹਰ ਜਗ੍ਹਾ ਮਹਿਸੂਸ ਕਰਦਾ ਹੈ, ਗਿਆਨ ਦੀ ਰੋਸ਼ਨੀ ਵਿਚ ਜੀਵਨ ਬਤੀਤ ਕਰਦਾ ਹੈ ਅਤੇ ਸਰੀਰਕ ਬੰਧਨਾਂ ਤੋਂ ਮੁਕਤ ਹੈ। ਅਜਿਹਾ ਉਦਾਸੀ ਬਣਨ ਲਈ ਜੇਕਰ ਗੋਪੀ ਚੰਦ ਵੀ ਸਤਿ ਸਰੂਪ ਪਰਮੇਸ਼ਰ ਦਾ ਸਿਮਰਨ ਕਰੇ ਤਾਂ ਉਹ ਪਰਮ ਤੱਤ ਵਿਚ ਲੀਨ ਹੋ ਕੇ ਉਦਾਸੀ ਮੱਤ ਦੇ ਵਿਸ਼ੇਸ਼ ਭੇਖ ਤੋਂ ਉਪਰ ਉਠ ਜਾਵੇਗਾ :

*ਮਃ ੧॥*
*ਸੋ ਉਦਾਸੀ ਜਿ ਪਾਲੇ ਉਦਾਸੁ॥ ਅਰਧ ਉਰਧ ਕਰੇ ਨਿਰੰਜਨ ਵਾਸੁ॥*
*ਚੰਦ ਸੂਰਜ ਕੀ ਪਾਏ ਗੰਢਿ॥ ਤਿਸੁ ਉਦਾਸੀ ਕਾ ਪੜੈ ਨ ਕੰਧੁ॥*
*ਬੋਲੈ ਗੋਪੀ ਚੰਦੁ ਸਤਿ ਸਰੂਪੁ॥ ਪਰਮ ਤੰਤ ਮਹਿ ਰੇਖ ਨ ਰੂਪੁ॥੪॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੫੨)*

**ਅਭਿਆਗਤ:** ਅਭਿਆਗਤ ਸ਼ਬਦ ਦੇ ਅਰਥ ਹਨ- ਸਾਮ੍ਹਣੇ ਆਇਆ ਹੋਇਆ, ਮਹਿਮਾਨ, ਰਮਤਾ ਸਾਧੂ, ਸੰਨਿਆਸੀ, ਫ਼ਕੀਰ ਆਦਿ। ਇਹ ਸ਼ਬਦ ਵਿਸ਼ੇਸ਼ ਤੌਰ 'ਤੇ ਉਨ੍ਹਾਂ ਸਾਧੂਆਂ ਲਈ ਵਰਤਿਆ ਜਾਂਦਾ ਹੈ ਜੋ ਘੁੰਮਦੇ-ਫਿਰਦੇ ਰਹਿੰਦੇ ਹਨ ਅਤੇ ਲੋਕ ਉਨ੍ਹਾਂ ਨੂੰ ਭੋਜਨ ਦੇਣਾ ਪੁੰਨ ਕਰਮ ਮੰਨਦੇ ਹਨ। ਇਸ ਮਾਨਤਾ ਦਾ ਖੰਡਨ ਕਰਦੇ ਹੋਏ ਸ੍ਰੀ ਗੁਰੂ ਅਮਰਦਾਸ ਜੀ ਸੋਝੀ ਬਖ਼ਸ਼ਦੇ ਹਨ ਕਿ ਉਨ੍ਹਾਂ ਨੂੰ ਅਭਿਆਗਤ ਕਹਿਣਾ ਠੀਕ ਨਹੀਂ ਹੈ ਜਿਹੜੇ ਆਪਣਾ ਪੇਟ ਭਰਨ ਲਈ ਤਰ੍ਹਾਂ-ਤਰ੍ਹਾਂ ਦੇ ਭੇਖ ਧਾਰਨ ਕਰਦੇ ਅਤੇ ਘਰ-ਘਰ ਜਾ ਕੇ ਭੋਜਨ ਮੰਗਦੇ ਹਨ। ਇਹੋ ਜਿਹੇ ਭੇਖਧਾਰੀ ਆਪ ਭਰਮ ਗ੍ਰਸਤ ਹੁੰਦੇ ਹਨ ਅਤੇ ਉਨ੍ਹਾਂ ਨੂੰ ਭੋਜਨ ਦੇਣ ਵਾਲੇ ਵੀ ਪੁੰਨ ਕਰਮ ਸਮਝਣ ਦੇ ਭਰਮ ਵਿਚ ਹੀ ਪਏ ਰਹਿੰਦੇ ਹਨ। ਮਨੁੱਖਾ ਜੀਵਨ ਦਾ ਮਨੋਰਥ ਪਰਮ ਪਦੁ (ਗੁਰਮੁਖ) ਦੀ ਪ੍ਰਾਪਤੀ ਹੈ ਅਤੇ ਉਸ ਲਈ ਲੋੜ ਹੈ ਅਜਿਹੇ ਪੁਰਸ਼ ਦੀ ਜੋ ਪਰਮਾਤਮਾ ਨਾਲ ਮਿਲਾਉਣ ਵਾਲਾ ਭੋਜਨ ਰੂਪ ਨਾਮ ਝੋਲੀ ਪਾ ਸਕੇ। ਹਾਲਾਂਕਿ ਇਸ ਦਾਤ ਨੂੰ ਦੇਣ ਵਾਲੇ ਸੰਸਾਰ ਵਿਚ ਵਿਰਲੇ ਹਨ ਪਰ ਜਿਸ ਨੂੰ ਉਨ੍ਹਾਂ ਦੀ ਸ਼ਰਨ ਵਿਚ ਜਾਣ ਦਾ ਸੁਭਾਗ

ਪ੍ਰਾਪਤ ਹੁੰਦਾ ਹੈ ਉਹ ਸੰਸਾਰ ਦਾ ਭ੍ਰਮਣ ਤਿਆਗ ਕੇ ਆਤਮ ਮੰਡਲ ਦੀ ਸੈਰ ਕਰਦੇ ਹਨ ਅਤੇ ਆਪਣੇ ਨਿੱਜ ਘਰ ਵਿਚ ਜਾ ਟਿਕਦੇ ਹਨ:

*ਅਭੈ ਨਿਰੰਜਨੁ ਪਰਮ ਪਦੁ ਤਾ ਕਾ ਭੂਖਾ ਹੋਇ॥*
*ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ।੧॥*
*ਅਭਿਆਗਤ ਸੇਈ ਨਾਨਕਾ ਜਿ ਆਤਮ ਗਉਣੁ ਕਰੇਨਿ॥*
*ਭਾਲਿ ਲਹਨਿ ਸਹੁ ਆਪਣਾ ਨਿਜ ਘਰਿ ਰਹਣੁ ਕਰੇਨਿ॥੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੪੯)*

**ਅਵਧੂਤ:** ਅਵਧੂਤ ਸ਼ਬਦ ਦੇ ਅਰਥ ਹਨ- ਉਹ ਜੋਗੀ ਜਿਸ ਨੇ ਸਾਰੇ ਸੰਸਾਰਿਕ ਸੰਬੰਧ ਅਤੇ ਪਕੜਾਂ ਤੋੜ ਦਿੱਤੀਆਂ ਹਨ, ਵਿਰਕਤ ਯੋਗੀ, ਨਾਥ-ਪੰਥੀ ਸਿਧ ਜੋਗੀ, ਆਦਿ। ਹਾਲਾਂਕਿ ਇਹ ਸ਼ਬਦ ਕਈ ਮੱਤਾਂ ਦੇ ਤਿਆਗੀ ਸਾਧੂਆਂ ਲਈ ਵਰਤਿਆ ਜਾਂਦਾ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਖ਼ਾਸ ਕਰਕੇ ਰਾਮਕਲੀ ਰਾਗ ਵਿਚ ਇਹ ਨਾਥ ਪੰਥੀ ਜੋਗੀਆਂ ਲਈ ਵਰਤਿਆ ਮਿਲਦਾ ਹੈ। ਰਾਮਕਲੀ ਰਾਗ ਵਿਚ ਦਰਜ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਸਿਧ ਗੋਸਟਿ' ਵਿਚ ਜੋਗੀਆਂ ਨੇ ਇਹ ਸ਼ਬਦ (ਅਉਧੂ) ਗੁਰੂ ਜੀ ਨੂੰ ਸੰਬੋਧਿਤ ਕਰਦਿਆਂ ਵਰਤਿਆ ਹੈ ਅਤੇ ਗੁਰੂ ਸਾਹਿਬ ਨੇ ਵੀ ਇਸੇ ਰਾਗ ਵਿਚ 'ਅਉਧੂਤ' ਦੀ ਅਸਲ ਕਿਰਿਆ ਤੇ ਪਛਾਣ ਦਾ ਵਰਣਨ ਕੀਤਾ ਹੈ।[੬]

ਵਿਚਾਰਾਧੀਨ ਵਾਰ ਵਿਚ ਅਵਧੂਤ ਸ਼ਬਦ ਬਾਰੇ ਜੋ ਜ਼ਿਕਰ ਆਇਆ ਹੈ, ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਉਚਾਰੇ ਸਲੋਕਾਂ ਵਿਚ ਹੀ ਵੇਖਣ ਨੂੰ ਮਿਲਦਾ ਹੈ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਕੰਨਾਂ ਵਿਚ ਮੁੰਦਰਾਂ ਪਾ ਕੇ ਵਿਰਕਤ ਸਦਵਾਉਣ ਵਾਲੇ ਸਾਧੂ ਕੇਵਲ ਛੇ ਤਰ੍ਹਾਂ ਦੇ ਭੇਖਾਂ ਅਤੇ ਭਿਖਿਆ ਮੰਗ ਕੇ ਖਾਣ ਤਕ ਹੀ ਸੀਮਿਤ ਹੋ ਗਏ ਹਨ। ਇਸ ਤਰ੍ਹਾਂ ਭੇਖਧਾਰੀ ਹੋ ਜਾਣ ਨਾਲ ਵਿਕਾਰਾਂ ਤੋਂ ਮੁਕਤ ਨਹੀਂ ਹੋਇਆ ਜਾ ਸਕਦਾ। ਅਵਧੂਤ ਦੇ ਅਸਲ ਲੱਛਣ ਤਾਂ ਅਹੰਭਾਵ ਦਾ ਤਿਆਗ ਕਰਨਾ, ਦੁੱਖ-ਸੁੱਖ ਨੂੰ ਸਮ ਕਰਕੇ ਜਾਣਨਾ, ਪਰਮਾਤਮਾ ਨੂੰ ਸਦੀਵੀ ਜਾਣਨਾ, ਉਸ ਕੋਲੋਂ ਖੈਰ ਮੰਗਣੀ ਅਤੇ ਸ਼ਬਦ ਦੀ ਕਮਾਈ ਨਾਲ ਕਲਿਆਣ ਸਰੂਪ ਪਰਮੇਸ਼ਰ ਨਾਲ ਮਿਲਾਪ ਕਰਨਾ ਹਨ। ਇਸ ਤਰ੍ਹਾਂ ਦਾ ਅਵਧੂਤ ਬਣਨ ਲਈ ਘਰ-ਬਾਰ ਦਾ ਤਿਆਗ ਕਰ ਕੇ ਘਰ-ਘਰ ਜਾ ਕੇ ਭਿਖਿਆ ਮੰਗਣ ਅਤੇ ਵਿਸ਼ੇਸ਼ ਭੇਖ ਧਾਰਨ ਦੀ ਜ਼ਰੂਰਤ ਨਹੀਂ ਹੈ:

*ਮਃ ੧॥*
*ਸੋ ਅਉਧੂਤੀ ਜੋ ਧੂਪੈ ਆਪੁ॥ ਭਿਖਿਆ ਭੋਜਨੁ ਕਰੈ ਸੰਤਾਪੁ॥*
*ਅਉਹਠ ਪਟਣ ਮਹਿ ਭੀਖਿਆ ਕਰੈ॥ ਸੋ ਅਉਧੂਤੀ ਸਿਵ ਪੁਰਿ ਚੜੈ॥*
*ਬੋਲੈ ਗੋਰਖੁ ਸਤਿ ਸਰੂਪੁ॥ ਪਰਮ ਤੰਤ ਮਹਿ ਰੇਖ ਨ ਰੂਪੁ॥੩॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੫੨)*

**ਤਪਾ:** ਤਪਾ ਕੌਣ ਹੁੰਦਾ ਹੈ ਅਤੇ ਕੌਣ ਨਹੀਂ? ਇਸ ਵਿਸ਼ੇ ਉੱਪਰ ਸ੍ਰੀ ਗੁਰੂ ਅਮਰਦਾਸ ਜੀ

ਦੀ ਬਾਣੀ ਵਿੱਚੋਂ ਕਈ ਪ੍ਰਮਾਣ ਵੇਖਣ ਨੂੰ ਮਿਲ ਜਾਂਦੇ ਹਨ। ਇਸ ਸੰਬੰਧ ਵਿਚ ਇਕ ਅਖੌਤੀ ਤਪੇ ਦੀ ਸਾਖੀ ਦਾ ਜ਼ਿਕਰ ਵੀ ਗੁਰੂ ਸਾਹਿਬ ਦੇ ਜੀਵਨ ਵਿੱਚੋਂ ਮਿਲਦਾ ਹੈ ਜਦੋਂ ਉਹ ਖਡੂਰ ਸਾਹਿਬ ਵਿਖੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਤਤਪਰ ਸਨ। ਵਿਚਾਰਾਧੀਨ ਵਾਰ ਵਿਚ ਤਪੇ ਸੰਬੰਧੀ ਗੁਰੂ ਸਾਹਿਬ ਸਮਝਾਉਂਦੇ ਹਨ ਕਿ ਜੋ ਮਨ ਕਰਕੇ ਖੋਟਾ ਹੈ, ਮਾਇਆ ਦੇ ਲਾਲਚ ਕਾਰਨ ਤਪਾ ਸਦਵਾਉਂਦਾ ਹੈ ਅਤੇ ਅਗਿਆਨਤਾ ਕਾਰਨ ਤੀਰਥਾਂ ਦਾ ਭਰਮਣ ਕਰਦਾ ਹੈ ਉਹ ਅਸਲ ਤਪਾ ਨਹੀਂ ਸਗੋਂ ਡਿੰਭਧਾਰੀ ਹੈ। ਉਸ ਨੂੰ ਕਦੇ ਵੀ ਪਰਮ ਗਤੀ ਪ੍ਰਾਪਤ ਨਹੀਂ ਹੋ ਸਕਦੀ। ਆਪਣੇ ਜੀਵਨ ਨੂੰ ਸਫਲ ਕਰਨ ਵਾਲਾ ਤਪਾ ਉਹ ਹੈ ਜੋ ਸਤਿਗੁਰੂ ਦੇ ਸ਼ਬਦ ਨੂੰ ਪਲ-ਪਲ ਯਾਦ ਕਰਦਾ ਅਤੇ ਗੁਰੂ ਦੀ ਸੇਵਾ ਵਿਚ ਤਤਪਰ ਰਹਿੰਦਾ ਹੈ:

*ਮਃ ੩॥*
*ਸੋ ਤਪਾ ਜਿ ਇਹੁ ਤਪੁ ਘਾਲੇ॥ ਸਤਿਗੁਰ ਨੋ ਮਿਲੈ ਸਬਦੁ ਸਮਾਲੇ॥*
*ਸਤਿਗੁਰ ਕੀ ਸੇਵਾ ਇਹੁ ਤਪੁ ਪਰਵਾਣੁ॥ ਨਾਨਕ ਸੋ ਤਪਾ ਦਰਗਹਿ ਪਾਵੈ ਮਾਣੁ॥੨॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੪੮)*

**ਪਾਖੰਡੀ:** ਆਮ ਬੋਲਚਾਲ ਦੀ ਭਾਸ਼ਾ ਵਿਚ ਪਾਖੰਡੀ ਸ਼ਬਦ ਦੀ ਵਰਤੋਂ ਅਜਿਹੇ ਸ਼ਖ਼ਸ ਲਈ ਕੀਤੀ ਜਾਂਦੀ ਹੈ ਜਿਹੜਾ ਕਿਸੇ ਵਿਸ਼ੇਸ਼ ਪਹਿਰਾਵੇ ਜਾਂ ਮਰਯਾਦਾ ਦਾ ਧਾਰਨੀ ਤਾਂ ਹੋਵੇ ਪਰ ਉਸ ਨਾਲ ਸੰਬੰਧਿਤ ਨਿਯਮਾਵਲੀ ਦਾ ਪਾਲਣ ਨਾ ਕਰਦਾ ਹੋਵੇ। ਹਾਲਾਂਕਿ ਇਸ ਸ਼ਬਦ ਦੇ ਕੋਸ਼ਗਤ ਅਰਥਾਂ ਵਿੱਚੋਂ ਵੀ ਇਹੀ ਭਾਵ ਪ੍ਰਗਟ ਹੁੰਦਾ ਹੈ ਪਰ ਵਿਚਾਰਾਧੀਨ ਵਾਰ ਵਿਚ ਇਹ ਸ਼ਬਦ ਕਿਸੇ ਵਿਸ਼ੇਸ਼ ਫਿਰਕੇ ਲਈ ਵਰਤਿਆ ਜਾਪਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਹ ਸ਼ਬਦ ਪਾਪਖੰਡਨ ਦਾ ਸੰਖੇਪ ਰੂਪ ਹੈ[੭] ਅਤੇ ਭਾਈ ਵੀਰ ਸਿੰਘ ਅਨੁਸਾਰ "ਪਾਖੰਡੀ ਕੇਈ ਵੇਰ ਬੋਧੀ ਯਾ ਜੈਨੀ ਨੂੰ ਕਿਹਾ ਗਿਆ ਹੈ, ਗੁਰਬਾਣੀ ਤੋਂ ਖ਼ਯਾਲ ਪੈਂਦਾ ਹੈ ਕਿ ਸ਼ਾਯਦ ਜੋਗੀਆਂ ਦੇ ਕਿਸੇ ਫਿਰਕੇ ਦਾ ਨਾਮ ਬੀ ਸੀ ਜੋ ਸ਼ਾਯਦ ਪਾਪ ਖੰਡਣ ਕਰਨ ਵਾਲਾ, ਪਾਖੰਡੀ ਪਦ ਦਾ ਅਰਥ ਕਰਦੇ ਹਨ।"[੮]

ਇਸ ਵਾਰ ਵਿਚ ਆਏ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਲੋਕ ਨੂੰ ਜੇਕਰ ਕਿਸੇ ਵਿਸ਼ੇਸ਼ ਫਿਰਕੇ ਨਾਲ ਸੰਬੰਧਿਤ ਕਰਕੇ ਵੇਖਿਆ ਜਾਵੇ ਤਾਂ ਸਮਝ ਪੈਂਦੀ ਹੈ ਕਿ ਗੁਰੂ ਜੀ ਪਾਪ ਰਹਿਤ ਹੋਣ ਦੀ ਸਿਖ਼ਰ ਪ੍ਰਾਪਤ ਕਰਨ ਦਾ ਸੰਦੇਸ਼ ਦਿੰਦੇ ਹੋਏ ਫੁਰਮਾਉਂਦੇ ਹਨ ਕਿ ਅਸਲ ਵਿਚ ਪਾਖੰਡੀ ਉਹ ਹੈ ਜੋ ਨਾਮ ਸਾਧਨਾ ਰਾਹੀਂ ਆਪਣੇ ਸਰੀਰ ਨੂੰ ਹਰ ਤਰ੍ਹਾਂ ਦੀ ਮੈਲ ਤੋਂ ਮੁਕਤ ਕਰਦਾ ਹੈ ਅਤੇ ਗਿਆਨ ਨਾਲ ਵਾਸ਼ਨਾਵਾਂ ਤੋਂ ਇਸ ਕਦਰ ਮੁਕਤ ਹੋ ਜਾਂਦਾ ਹੈ ਕਿ ਉਸ ਨੂੰ ਸੁਪਨੇ ਵਿਚ ਵੀ ਕਾਮ ਨਹੀਂ ਸਤਾਉਂਦਾ। ਇਸ ਅਵਸਥਾ ਨੂੰ ਜੇਕਰ ਚਰਪਟ ਵਰਗਾ ਜੋਗੀ ਵੀ ਪ੍ਰਾਪਤ ਕਰ ਲਵੇ ਤਾਂ ਉਹ ਪਰਮ ਤੱਤ ਵਿਚ ਅਭੇਦ ਹੋ ਕੇ ਵਿਸ਼ੇਸ਼ ਪਹਿਚਾਣ ਤੋਂ ਮੁਕਤ ਹੋ ਜਾਵੇਗਾ:

*ਮਃ ੧॥*
*ਸੋ ਪਾਖੰਡੀ ਜਿ ਕਾਇਆ ਪਖਾਲੇ॥ ਕਾਇਆ ਕੀ ਅਗਨਿ ਬ੍ਰਹਮੁ ਪਰਜਾਲੇ॥*

*ਸੁਪਨੈ ਬਿੰਦੁ ਨ ਦੇਈ ਝਰਣਾ॥ ਤਿਸੁ ਪਾਖੰਡੀ ਜਰਾ ਨ ਮਰਣਾ॥*
*ਬੋਲੈ ਚਰਪਟੁ ਸਤਿ ਸਰੂਪੁ॥ ਪਰਮ ਤੰਤ ਮਹਿ ਰੇਖ ਨ ਰੂਪੁ॥੫॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੫੨-੫੩)*

**ਬੈਰਾਗੀ:** ਇਸ ਸ਼ਬਦ ਦੀ ਵਰਤੋਂ 'ਰਾਗ ਰਹਿਤ ਪਰਮੇਸ਼ਰ' ਅਤੇ 'ਬਾਕੀ ਸੰਸਾਰ ਨਾਲੋਂ ਮੋਹ ਤੋੜ ਕੇ ਇਕ ਨਾਲ ਪ੍ਰੇਮ ਕਰਨ ਵਾਲੇ ਪੁਰਸ਼ (ਪ੍ਰੇਮੀ)' ਲਈ ਕੀਤੀ ਜਾਂਦੀ ਹੈ ਪਰ ਇਸ ਵਾਰ ਵਿਚ ਵਰਤਿਆ ਗਿਆ 'ਬੈਰਾਗੀ' ਸ਼ਬਦ ਸੰਸਾਰ ਤੋਂ ਉਪਰਾਮ ਹੋ ਕੇ ਵਿਚਰਨ ਵਾਲੇ ਸਾਧੂਆਂ ਲਈ ਵਰਤਿਆ ਗਿਆ ਹੈ। ਜ਼ਿਕਰਯੋਗ ਹੈ ਕਿ ਇਹ ਸ਼ਬਦ ਵੈਸ਼ਨਵ ਸਾਧੂਆਂ ਦੇ ਇਕ ਫਿਰਕੇ ਲਈ ਵੀ ਵਰਤਿਆ ਜਾਂਦਾ ਹੈ ਜਿਨ੍ਹਾਂ ਦੇ ਆਚਾਰੀਆ ਰਾਮਾਨੰਦ ਜੀ ਸਨ। ਵਾਰ ਵਿਚ ਦਰਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਲੋਕ ਵਿਚ ਬੈਰਾਗੀ ਉਸ ਨੂੰ ਕਿਹਾ ਗਿਆ ਹੈ ਜੋ ਸੰਸਾਰ ਵੱਲ ਲੱਗੀ ਸੁਰਤੀ ਨੂੰ ਉਲਟਾ ਕੇ ਪਰਮਾਤਮਾ ਵਿਚ ਲਿਜਾਵੇ, ਆਪਣੀ ਸੁਰਤ ਨੂੰ ਹਮੇਸ਼ਾ ਪਰਮਾਤਮਾ ਨਾਲ ਜੋੜ ਕੇ ਰੱਖੇ ਅਤੇ ਦਿਨ-ਰਾਤ ਉਸ ਨੂੰ ਯਾਦ ਕਰੇ। ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ ਕਿ ਜੇਕਰ ਭਰਥਰੀ ਵਰਗਾ ਜੋਗੀ ਵੀ ਇਸ ਤਰ੍ਹਾਂ ਦਾ ਬੈਰਾਗੀ ਬਣ ਜਾਵੇ ਤਾਂ ਉਹ ਵਿਸ਼ੇਸ਼ ਭੇਖ ਤੋਂ ਉਪਰ ਉੱਠ ਕੇ ਪਰਮ ਤੱਤ ਵਿਚ ਲੀਨ ਹੋ ਸਕਦਾ ਹੈ:

*ਮਃ ੧॥*
*ਸੋ ਬੈਰਾਗੀ ਜਿ ਉਲਟੇ ਬ੍ਰਹਮੁ॥ ਗਗਨ ਮੰਡਲ ਮਹਿ ਰੋਪੈ ਥੰਮੁ॥*
*ਅਹਿਨਿਸਿ ਅੰਤਰਿ ਰਹੈ ਧਿਆਨਿ॥ ਤੇ ਬੈਰਾਗੀ ਸਤ ਸਮਾਨਿ॥*
*ਬੋਲੈ ਭਰਥਰਿ ਸਤਿ ਸਰੂਪੁ॥ ਪਰਮ ਤੰਤ ਮਹਿ ਰੇਖ ਨ ਰੂਪੁ॥੬॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੫੩)*

ਉਕਤ ਤੋਂ ਇਲਾਵਾ ਇਸ ਵਾਰ ਵਿਚ ਅਸਲ ਧਰਮ ਤੋਂ ਡਿੱਗ ਕੇ ਕਰਮ-ਕਾਂਡ ਵਿਚ ਫਸੇ ਹੋਏ ਜੋਗੀ (ਜੋਗੁ ਨ ਪਾਇਆ ਜੁਗਤਿ ਗਵਾਈ[੯]), ਹਿੰਦੂ (ਸੂਤੁ ਪਾਇ ਕਰੇ ਬੁਰਿਆਈ[੧੦]) ਅਤੇ ਮੁਸਲਮਾਨ (ਵਢੀ ਲੈ ਕੈ ਹਕੁ ਗਵਾਏ[੧੧]) ਦੀ ਕਰਣੀ ਦਾ ਵਰਣਨ ਕੀਤਾ ਗਿਆ ਹੈ, ਅਤੇ 'ਕਰਣੀ ਬਾਝਹੁ ਤਰੈ ਨ ਕੋਇ'[੧੨] ਦਾ ਹੋਕਾ ਦਿੰਦਿਆਂ ਫ਼ਰਮਾਇਆ ਗਿਆ ਹੈ- 'ਨਾਨਕ ਦੁਖੀਆ ਸਭੁ ਸੰਸਾਰੁ॥ ਮੰਨੇ ਨਾਉ ਸੋਈ ਜਿਣਿ ਜਾਇ॥ ਅਉਰੀ ਕਰਮ ਨ ਲੇਖੈ ਲਾਇ॥'[੧੩] ਇਸੇ ਤਰ੍ਹਾਂ ਮੂਰਖ ਨੂੰ ਪ੍ਰਭਾਸ਼ਿਤ ਕਰਦਿਆਂ ਲਿਖਿਆ ਹੈ- 'ਮੂਰਖੁ ਓਹੁ ਜਿ ਮੁਗਧੁ ਹੈ ਅਹੰਕਾਰੇ ਮਰਣਾ॥'[੧੪] 'ਅੰਨ੍ਹਾ' ਸ਼ਬਦ ਨੂੰ ਪੁਨਰ ਪ੍ਰਭਾਸ਼ਿਤ ਕਰਦਿਆਂ ਲਿਖਿਆ ਹੈ- 'ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ॥ ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ॥'[੧੫] ਅਤੇ 'ਨਾਨਕ ਹੁਕਮੁ ਨ ਬੁਝਈ ਅੰਧਾ ਕਹੀਐ ਸੋਇ॥'[੧੬]

**ਹਵਾਲੇ :**


੧. *ਖਾਲਸਾ ਪੰਚਾਇਣ*, ਸ੍ਰੀ ਅੰਮ੍ਰਿਤਸਰ, ਨਾਨਕ ਸ਼ਾਹੀ ਸੰਮਤ ੪੬੦, ਪੰਨਾ ੫. ਨੋਟ: ਇਸ ਸੰਬੰਧੀ ਇਕ ਵਿਚਾਰ ਇਹ ਵੀ ਵੇਖਣ ਨੂੰ ਮਿਲਦਾ ਹੈ ਕਿ ਜੋਧਾ ਅਤੇ

ਬੀਰਾ 'ਲੱਖੀ ਜੰਗਲ' ਦੇ ਦੋ ਪ੍ਰਸਿੱਧ ਧਾੜਵੀ ਸਨ ਜੋ ਕਾਬਲ ਤੋਂ ਦਿੱਲੀ ਵੱਲ ਜਾਂਦੇ ਸਾਮਾਨ ਨੂੰ ਅਕਸਰ ਲੁੱਟ ਲਿਆ ਕਰਦੇ ਸਨ। ਇਨ੍ਹਾਂ ਨੂੰ ਮਾਰਨ ਲਈ ਅਕਬਰ ਬਾਦਸ਼ਾਹ ਨੇ ਫ਼ੌਜ ਭੇਜੀ ਸੀ। -*ਉਹੀ*, ਪੰਨਾ ੬.; ਇਸ ਕਥਾ ਦਾ ਵਰਣਨ ਸੰਤ ਨਿਹਾਲ ਸਿੰਘ ਨੇ ਇਸ ਪ੍ਰਕਾਰ ਕੀਤਾ ਗਿਆ ਹੈ, "ਜੋਧ ਤੇ ਵੀਰ ਦੋ ਸੂਰਮੇ ਥੇ ਪੂਰਬਾਣੀ ਕੇ ਪੁਤ੍ਰ ਥੇ ਜੰਗਲ ਮੈ ਰਹਿਤੇ ਥੇ। ਕਾਬਲ ਥੀ ਮੇਵੇ ਦੀਆ ਡਾਲੀਆ ਭਰੀਆ ਦਿਲੀ ਨੂੰ ਜਾਦੀਆ ਸੀ ਰਾਹ ਵਿਖੇ ਖੋਸ ਲੈਦੇ ਸੀ। ਕਾਬਲ ਦੇਸ ਕਾ ਕਰ ਜਾਦਾ ਸੀ ਦਿਲੀ ਨੂੰ ਸੋ ਰਸਤੇ ਵਿਚੋ ਖੋਸ ਲੈਦੇ ਸੀ। ਜਾਇਕੇ ਇਹ ਬਾਤ ਲੋਕਾ ਨੇ ਅਕਬਰ ਪਾਤਿਸਾਹ ਨੂੰ ਸੁਨਾਈ। ਹੇ ਪਾਤਿਸਾਹਿ ਜੀ ਦੋਇ ਤੁਮਾਰੇ ਰਾਜ ਮੈ ਸੂਰਮੇ ਹੈ। ਆਗਿਆ ਕਰੀ ਜਾਇਕੇ ਪਕੜ ਲਿਆਵੋ। ਪੰਜ ਹਜਾਰ ਫੌਜ ਗਈ ਜਹਾਂ ਜੰਗਲ ਮੈ ਰਹਿਤੇ ਥੇ ਓਥੇ ਜਾਇ ਉਤ੍ਰੇ। ਇਹ ਦੋਵੇ ਸੂਰਮੇ ਨਿਕਲੇ ਬਹੁਤ ਜੁਧ ਕੀਤਾ ਸਭ ਸੈਨਾ ਮਾਰ ਦਿਤੀ। ਏਹ ਬਾਤ ਸੁਨੀ ਪਾਤਿਸਾਹਿ ਨੇ ਅਕਬਰ ਪਾਤਿਸਾਹ ਹੋਰ ਸੈਨਾ ਨੂੰ ਲੈ ਕੇ ਆਪ ਆਇਆ ਓਥੇ ਉਤਰਿਆ ਰਾਤ ਨੂੰ ਓਹ ਦੋਵੇ ਸੂਰਮੇ ਨਿਕਲੇ ਬਹੁ ਸੈਨਾ ਮਾਰੀ ਜੁਧ ਕਰਦਿਆ ਦਿਨ ਹੂਆ। ਓਹ ਭੀ ਦੋਵੇ ਮਾਰੇ ਗਏ॥ ਪਾਤਿਸਾਹਿ ਅਗੇ ਪਿਛੋ ਓਨਾ ਦੀ ਵਾਰ ਬਨਾਇ ਕੇ ਸੁਨਾਈ। ਗੁਰੂ ਜੀ ਕਹੈ ਜੋਧੇ ਵੀਰੇ ਕੀ ਧੁਨ ਪਰ ਗਾਵਣੀ॥੬॥" -*ਸੁਧਾਸਰ ਸਤਕ ਪਚੀਸਾ* (ਪੱਥਰ-ਛਾਪ), ਪੰਨਾ ੫-੬.

੨. *ਸ੍ਰੀ ਗੁਰੂ ਗ੍ਰੰਥ ਸਾਹਿਬ*, ੯੪੭.
੩. *ਸ੍ਰੀ ਗੁਰੂ ਗ੍ਰੰਥ ਸਾਹਿਬ*, ੨੬.
੪. *ਉਹੀ*, ੧੦੭੦-੭੧.
੫. *ਉਹੀ*, ੧੩੭੭.
੬. *ਸ੍ਰੀ ਗੁਰੂ ਗ੍ਰੰਥ ਸਾਹਿਬ*, ੮੭੭-੭੮.
੭. *ਮਹਾਨ ਕੋਸ਼*, ਇੰਦਰਾਜ - ਪਾਖੰਡੀ।
੮. *ਸ੍ਰੀ ਗੁਰੂ ਗ੍ਰੰਥ ਕੋਸ਼*, ਇੰਦਰਾਜ - ਪਾਖੰਡੀ।
੯. *ਸ੍ਰੀ ਗੁਰੂ ਗ੍ਰੰਥ ਸਾਹਿਬ*, ੯੫੧.
੧੦. *ਉਹੀ।*
੧੧. *ਉਹੀ।*
੧੨. *ਉਹੀ*, ੯੫੨.
੧੩. *ਉਹੀ*, ੯੫੪.
੧੪. *ਉਹੀ*, ੯੫੩.
੧੫. *ਉਹੀ।*
੧੬. *ਉਹੀ*, ੯੫੩-੫੪.

# ਖਡੂਰ ਸਾਹਿਬ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦਾ 'ਨਿੱਤ ਦਾ ਨੇਮ' (ਪ੍ਰਮੁੱਖ ਤਵਾਰੀਖੀ ਸ੍ਰੋਤਾਂ ਦੇ ਸੰਦਰਭ ਵਿਚ)

*-ਸ. ਨਵਜੋਤ ਸਿੰਘ**

ਅਧਿਆਤਮਿਕ ਮਾਰਗ ਦੇ 'ਪਾਂਧੀ' ਲਈ 'ਨੇਹੁ' ਦੀ ਬਖਸ਼ਿਸ਼ ਦੁਨੀਆ ਭਰ ਦੇ ਪਦਾਰਥਾਂ ਤੋਂ ਕੀਮਤੀ ਤੇ ਪਿਆਰੀ ਹੁੰਦੀ ਹੈ। 'ਨੇਹੁ' ਦੀ ਬਰਕਰਾਰਤਾ ਤੇ ਸਜੀਵਤਾ ਦੀ ਨਿਸ਼ਾਨੀ ਹੀ ਹੈ 'ਨੇਮ'। ਨੇਮ ਦੀ ਖੜੌਤ ਜਾਂ ਨੇਮ ਦਾ ਟੁੱਟਣਾ ਕੋਈ ਛੋਟੀ ਗੱਲ ਨਹੀਂ, ਇਹ ਨੇਮ ਦਾ ਟੁੱਟਣਾ 'ਨੇਹੁ' ਦਾ ਟੁੱਟ ਜਾਣਾ ਹੈ। ਭਗਤ ਸ਼ੇਖ ਫਰੀਦ ਜੀ ਦੀ ਵੇਦਨਾ ਉਨ੍ਹਾਂ ਦੇ ਹਿਰਦੇ ਅੰਦਰ ਇਸੇ ਨੇਹੁ ਦੇ ਟੁੱਟਣ ਦੇ ਡਰ ਦੀ ਸ਼ਾਹਦੀ ਭਰ ਰਹੀ ਹੈ-

*ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥*
*ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥*[੧]

ਨੇਹੁ 'ਚ ਰੱਤੇ ਹੋਏ ਗੁਰਮੁਖ ਜਨਾਂ ਦੇ ਹਿਰਦੇ ਅੰਦਰ 'ਨੇਮ' ਜ਼ਿੰਦਗੀ ਦਾ ਆਧਾਰ ਬਣ ਜਾਂਦਾ ਹੈ। ਨੇਮ ਦਾ ਟੁੱਟਣਾ ਉਨ੍ਹਾਂ ਲਈ ਅਸਹਿ ਹੋ ਜਾਂਦਾ ਹੈ। ਉਹ ਫਿਰ ਕਿਸੇ ਦੀ ਪਰਵਾਹ ਨਹੀਂ ਕਰਦੇ। ਉਨ੍ਹਾਂ ਦੀ ਰੂਹ 'ਸਹਿਜ' ਹੀ ਪੁਕਾਰ ਉਠਦੀ ਹੈ:

*ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥*
*ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥*[੨]

ਰੰਗ-ਰਤੜੀਆਂ ਰੂਹਾਂ ਲਈ 'ਨੇਮ' ਤੋਂ ਉੱਤੇ ਤਨ ਦੇ ਸੁਖਦ ਅਰਾਮ ਕਦੇ ਹੋ ਹੀ ਨਹੀਂ ਸਕਦੇ। ਉਹ 'ਨੇਮ' ਦੇ ਪਿੱਛੇ ਕਾਰਜਸ਼ੀਲ 'ਨੇਹੁ' ਦੀ ਬਖਸ਼ਿਸ਼ ਦੀ ਬੇਨਜ਼ੀਰਤਾ ਨੂੰ ਸਮਝ ਲੈਂਦੇ ਹਨ। ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਖਡੂਰ ਸਾਹਿਬ ਦੀ ਧਰਤੀ 'ਤੇ ਰਹਿੰਦਿਆਂ ਰੋਜ਼ਾਨਾ ਨੇਮ ਨਾਲ ਨਿਭਾਈ ਸੇਵਾ ਇਸ ਦੀ ਢੁਕਵੀਂ ਉਦਾਹਰਨ ਹੈ। ਮੀਂਹ ਹੋਵੇ, ਹਨੇਰੀ ਹੋਵੇ ਪਰ ਬਾਬਾ ਅਮਰਦਾਸ ਜੀ (ਸ੍ਰੀ ਗੁਰੂ ਅਮਰਦਾਸ ਜੀ) ਨੇ ਆਪਣਾ ਨੇਮ ਟੁੱਟਣ ਨਹੀਂ ਦਿੱਤਾ। ਇਸ ਲੇਖ ਵਿਚ ਅਸੀਂ ਵੱਖ-ਵੱਖ ਤਵਾਰੀਖੀ ਸ੍ਰੋਤਾਂ ਦੀ ਰੋਸ਼ਨੀ 'ਚ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਖਡੂਰ ਸਾਹਿਬ ਦੀ ਧਰਤੀ 'ਤੇ ਰਹਿੰਦਿਆਂ ਨਿਭਾਏ 'ਨੇਮ' ਸੰਬੰਧੀ ਚਰਚਾ ਕਰਾਂਗੇ। ਉਨ੍ਹਾਂ ਅੰਦਰ 'ਨੇਮ' ਨਿਭਾਉਣ ਦੀ ਅਡੋਲ ਦ੍ਰਿੜ੍ਹਤਾ ਅਤੇ ਚਾਉ ਦੇ ਦਰਸ਼ਨ ਕਰਾਂਗੇ।

** ਖੋਜਾਰਥੀ, ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਸਾਹਿਬ। ਮੋ. ੮੪੩੭੯੨੩੨੬੯*

ਸਿੱਖ ਧਰਮ ਦੇ ਮੂਲ ਸਿਧਾਂਤਾਂ ਵਿੱਚੋਂ 'ਸੇਵਾ' ਦਾ ਸਿਧਾਂਤ ਬੜਾ ਹੀ ਮਹੱਤਵਪੂਰਨ ਹੈ। ਗੁਰਬਾਣੀ ਵਿਚ ਸੇਵਾ ਕੇਵਲ ਸਰੀਰਕ ਕਰਮ ਨਹੀਂ ਬਲਕਿ ਰੱਬੀ ਇਬਾਦਤ ਅਤੇ ਵਾਹਿਗੁਰੂ ਨੂੰ ਪ੍ਰਾਪਤ ਕਰਨ ਦਾ ਮਾਰਗ ਬਿਆਨਿਆ ਹੈ। ਅਕਾਲ ਪੁਰਖ ਦੀ ਯਾਦ ਵਿਚ ਭਿੱਜ ਕੇ ਕੀਤੀ ਸੇਵਾ ਮਨੁੱਖ ਦੇ ਲੋਕ-ਪ੍ਰਲੋਕ ਨੂੰ ਸਵਾਰਨ ਦੀ ਸਮਰੱਥਾ ਰੱਖਦੀ ਹੈ। ਗੁਰਬਾਣੀ ਅੰਦਰ ਸੇਵਾ ਲਈ ਚਾਕਰੀ, ਟਹਲ, ਖਿਦਮਤ ਆਦਿ ਸ਼ਬਦ ਵਰਤੇ ਗਏ ਹਨ। ਪ੍ਰਮੁੱਖ ਰੂਪ ਵਿਚ ਸੇਵਾ ਸ਼ਬਦ ਹੀ ਵਰਤਿਆ ਹੈ। ਇਸੇ ਤਰ੍ਹਾਂ ਸੇਵਾ ਕਰਨ ਵਾਲੇ ਮਨੁੱਖ ਲਈ ਸੇਵਕ, ਚਾਕਰ ਆਦਿ ਸ਼ਬਦ ਵਰਤੇ ਹਨ। ਸੇਵਾ ਵੀ ਤਪੱਸਿਆ ਹੈ। ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ ਨੂੰ ਅਸੀਂ ਤਿੰਨ ਭਾਗਾਂ ਵਿਚ ਵੰਡ ਸਕਦੇ ਹਾਂ। ਪਹਿਲਾ ਭਾਗ- ਗੁਰੂ ਸਾਹਿਬ ਜੀ ਦੀ ਸ਼ਰਨ 'ਚ ਆਉਣ ਤੋਂ ਪਹਿਲਾਂ (੧੪੭੯-੧੫੪੧) ਦੂਜਾ ਭਾਗ- ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰ ਘਾਲ ਕਮਾਈ (੧੫੪੧-੧੫੫੨) ਤੀਜਾ ਭਾਗ- ਗੁਰਿਆਈ ਕਾਲ (੧੫੫੨-੧੫੭੪)। ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ ਦੇ ਤਿੰਨੇ ਕਾਲ ਹੀ ਬੜੇ ਮਹੱਤਵਪੂਰਨ ਹਨ। ਅਸੀਂ ਹਥਲੇ ਲੇਖ ਵਿਚ ਉਨ੍ਹਾਂ ਦੇ ਦੂਜੇ ਭਾਗ (੧੫੪੧-੧੫੫੨) ਖਡੂਰ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰ 'ਤੇ ਕੀਤੀ ਘਾਲ-ਕਮਾਈ ਦੇ ਕਾਲ ਨੂੰ ਪੇਸ਼ ਕਰਨ ਦਾ ਯਤਨ ਕਰਾਂਗੇ। ਅਸੀਂ ਇਸ ਲੇਖ ਵਿਚ ਕੁੱਲ ਚਾਰ ਗੁਰਮੁਖੀ ਸ੍ਰੋਤਾਂ (ਮਹਿਮਾ ਪ੍ਰਕਾਸ਼, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਤਵਾਰੀਖ ਗੁਰੂ ਖਾਲਸਾ, ਪੰਥ ਪ੍ਰਕਾਸ਼ (ਗਿਆਨੀ ਗਿਆਨ ਸਿੰਘ) ਦੀ ਰੋਸ਼ਨੀ 'ਚ ਬਾਬਾ ਅਮਰਦਾਸ ਜੀ (ਸ੍ਰੀ ਗੁਰੂ ਅਮਰਦਾਸ ਜੀ) ਦੇ ਖਡੂਰ ਸਾਹਿਬ ਰਹਿੰਦਿਆਂ ਰੋਜ਼ਾਨਾ ਦੇ ਨੇਮ ਬਾਰੇ ਚਰਚਾ ਕਰਾਂਗੇ। ਬਾਬਾ ਅਮਰਦਾਸ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿਚ ੧੫੪੧ ਦੇ ਕਰੀਬ ਖਡੂਰ ਸਾਹਿਬ ਵਿਖੇ ਆਏ। ਗੁਰੂ ਜੀ ਦੇ ਦਰਸ਼ਨ ਕਰ ਕੇ ਇਲਾਹੀ ਅਨੰਦ ਪ੍ਰਾਪਤ ਹੋਇਆ। ਫਿਰ ਉਸ ਤੋਂ ਬਾਅਦ ਲਗਾਤਾਰ ਖਡੂਰ ਸਾਹਿਬ ਵਿਖੇ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਜੁੜ ਗਏ। ਬਾਬਾ ਅਮਰਦਾਸ ਜੀ ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿਚ ਆਏ ਤਾਂ ਉਸ ਸਮੇਂ ਆਪ ਜੀ ਦੀ ਆਯੂ ਲਗਪਗ ੬੨ ਸਾਲ ਦੀ ਸੀ। ਆਪ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਸਰੀਰਕ ਆਯੂ ਕਰਕੇ ੨੫ ਸਾਲ ਵੱਡੇ ਸਨ। ਪਰ ਸ੍ਰੀ ਗੁਰੂ ਅਮਰਦਾਸ ਜੀ ਨੇ ਵੱਡੀ ਆਰਜਾ ਹੋਣ ਦੇ ਬਾਵਜੂਦ ਵੀ ਅਜਿਹੀ ਭਾਵਨਾ ਅਤੇ ਚਾਉ ਨਾਲ ਸੇਵਾ ਨਿਭਾਈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੀ ਗੁਰਿਆਈ ਬਾਬਾ ਅਮਰਦਾਸ ਜੀ ਨੂੰ ਬਖਸ਼ਿਸ਼ ਕਰ ਦਿੱਤੀ।

ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ ਵਿੱਚੋਂ ਸੇਵਾ ਦਾ ਵਿਵਹਾਰਿਕ ਪੱਖ ਦ੍ਰਿਸ਼ਟਮਾਨ ਹੁੰਦਾ ਹੈ। ਉਨ੍ਹਾਂ ਨੇ ਸਿੱਖ ਧਰਮ ਵਿਚ ਸੇਵਾ ਦੇ ਸੰਕਲਪ ਨੂੰ ਅਮਲੀ ਰੂਪ 'ਚ ਪੇਸ਼ ਕੀਤਾ ਹੈ। ਵੱਖ-ਵੱਖ ਤਵਾਰੀਖਾਂ ਸ੍ਰੋਤਾਂ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਖਡੂਰ ਸਾਹਿਬ ਵਿਖੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰ 'ਤੇ ਨਿਭਾਈਆਂ ਸੇਵਾਵਾਂ ਦਾ ਜ਼ਿਕਰ ਮਿਲਦਾ ਹੈ।

**ਮਹਿਮਾ ਪ੍ਰਕਾਸ਼ ਗ੍ਰੰਥ:** ਭਾਈ ਸਰੂਪ ਦਾਸ ਭੱਲਾ ਜੀ ਦੁਆਰਾ ਰਚਿਤ ਮਹਿਮਾ ਪ੍ਰਕਾਸ਼ ਗ੍ਰੰਥ ਅਨੁਸਾਰ ਖਡੂਰ ਸਾਹਿਬ ਰਹਿੰਦਿਆਂ ਬਾਬਾ ਅਮਰਦਾਸ ਸਾਹਿਬ ਜੀ (ਸ੍ਰੀ ਗੁਰੂ

ਅਮਰਦਾਸ ਜੀ) ਦੇ ਨਿੱਤ ਦੇ ਨੇਮ ਵਿਚ ਸਭ ਤੋਂ ਆਰੰਭਲਾ ਕਾਰਜ ਸ੍ਰੀ ਗੁਰੂ ਅੰਗਦ ਦੇਵ ਜੀ ਲਈ ਬਿਆਸ ਦਰਿਆ ਤੋਂ ਜਲ ਲੈ ਕੇ ਆਉਣਾ ਸੀ। ਪਹਿਰ ਰਾਤ ਰਹਿੰਦਿਆਂ ਬਾਬਾ ਅਮਰਦਾਸ ਜੀ ਰੋਜ਼ਾਨਾ ਗੁਰੂ ਸਾਹਿਬ ਜੀ ਦੇ ਇਸ਼ਨਾਨ ਲਈ ਜਲ ਭਰ ਕੇ ਲਿਆਉਂਦੇ ਅਤੇ ਬੜੀ ਭਾਵਨਾ ਨਾਲ ਗੁਰੂ ਸਾਹਿਬ ਜੀ ਨੂੰ ਇਸ਼ਨਾਨ ਕਰਾਉਂਦੇ ਸਨ:

*ਰਹੇ ਪਹਰ ਰਾਤ੍ਰ ਤਬ ਜਲ ਭਰ ਲਿਆਵੈ॥ ਸਤਗੁਰ ਕੋ ਇਸਨਾਨ ਕਰਾਵੈ॥*[੩]

ਇਸ ਤੋਂ ਉਪਰੰਤ ਬਾਬਾ ਅਮਰਦਾਸ ਜੀ ਇਕਾਂਤ ਵਿਚ ਬੈਠ ਕੇ ਅਕਾਲ ਪੁਰਖ ਦੀ ਇਬਾਦਤ ਵਿਚ ਜੁੜ ਜਾਂਦੇ ਅਤੇ ਕਿਸੇ ਨਾਲ ਵੀ ਵਾਧੂ ਗੱਲ-ਬਾਤ ਨਾ ਕਰਦੇ। ਗੁਰੂ ਸਾਹਿਬ ਜੀ ਦੀ ਮੂਰਤ ਨੂੰ ਹਿਰਦੇ ਵਿਚ ਧਾਰ ਕੇ ਸਿਮਰਨ 'ਚ ਐਸਾ ਜੁੜਦੇ ਕਿ ਖਾਣ-ਪੀਣ ਦੀ ਸੁਧ ਵੀ ਨਾ ਰਹਿੰਦੀ।

*ਇਸਨਾਨ ਕਰਾਇ ਇਕਾਂਤ ਬਹ ਰਹੇਂ। ਕਾਹੂ ਸੌਂ ਕਛੁ ਸੁਨੇ ਨ ਕਹੇਂ॥*
*ਸਤਿਗੁਰ ਮੂਰਤ ਹਿਰਦੇ ਧਰੇ॥ ਖਾਨ ਪਾਨ ਕਛੁ ਸੁਧ ਨਹੀ ਕਰੇ॥*[੪]

'ਇਤ ਬਿਧ ਦੁਆਦਸ ਬਰਖ ਬਿਤਾਏ'[੫] ਇਸ ਨੇਮ ਨੂੰ ਬਾਬਾ (ਗੁਰੂ) ਅਮਰਦਾਸ ਜੀ ਨੇ ੧੨ ਸਾਲ ਪੂਰੀ ਦ੍ਰਿੜ੍ਹਤਾ ਨਾਲ ਨਿਭਾਇਆ। ਇਸ ਤਰ੍ਹਾਂ 'ਮਹਿਮਾ ਪ੍ਰਕਾਸ਼' ਮੁਤਾਬਿਕ ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ ਵਿੱਚੋਂ ਸੇਵਾ ਅਤੇ ਸਿਮਰਨ ਦੀ ਸੁਮੇਲਤਾ ਆਪ ਮੁਹਾਰੇ ਪ੍ਰਗਟ ਹੋ ਰਹੀ ਹੈ। ਅਜਿਹੀ ਸੇਵਾ ਭਾਵਨਾ ਤੋਂ ਪ੍ਰਸੰਨ ਹੋ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਾਬਾ ਅਮਰਦਾਸ ਜੀ ਨੂੰ 'ਰਾਜ ਜੋਗ ਸਿੰਘਾਸਨ ਦੀਨਾ'[੬] ਗੁਰਿਆਈ ਦੀ ਬਖਸ਼ਿਸ਼ ਕੀਤੀ।

**ਪੰਥ ਪ੍ਰਕਾਸ਼ ਅਨੁਸਾਰ:** ਗਿਆਨੀ ਗਿਆਨ ਸਿੰਘ ਰਚਿਤ ਪੰਥ ਪ੍ਰਕਾਸ਼ ਗ੍ਰੰਥ ਮੁਤਾਬਕ ਬਾਬਾ ਅਮਰਦਾਸ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿਚ ਆਏ ਅਤੇ ਇੱਥੇ ਰਹਿ ਕੇ ਬੜੀ ਕਠਿਨ ਸੇਵਾ ਕਰਨ ਲੱਗੇ। ਤਿੰਨ ਕੋਹ ਦੀ ਦੂਰੀ ਤੋਂ ਬਿਆਸ ਦਰਿਆ ਤੋਂ ਰੋਜ਼ਾਨਾ ਗੁਰੂ ਸਾਹਿਬ ਜੀ ਦੇ ਇਸ਼ਨਾਨ ਲਈ ਜਲ ਭਰ ਕੇ ਲਿਆਉਂਦੇ ਅਤੇ ਰੋਜ਼ਾਨਾ ਗੁਰੂ ਸਾਹਿਬ ਜੀ ਨੂੰ ਇਸ਼ਨਾਨ ਕਰਾਉਣ ਦੀ ਮਹਾਨ ਸੇਵਾ ਨਿਭਉਂਦੇ:

*ਸੇਵਾ ਕਠਨ ਲਗਾ ਤਪ ਕਰਨੇ। ਨਿਤ ਉਠ ਜਾਵੇ ਪਾਨੀ ਭਰਨੇ।*
*ਤੀਨ ਕੋਸ ਥੀਂ ਬਿਯਾਸਾ ਨਦੀ। ਅਰਧ ਨਿਸਾ ਜਗ ਜਾਵੇ ਤਦੀ।*
*ਸਵਾ ਪਹਿਰ ਦੇ ਤੜਕੇ ਲਿਆਵੇ। ਨਿਤ ਗੁਰ ਕਾ ਇਸ਼ਨਾਨ ਕਰਾਵੇ।*[੭]

ਗਿਆਨੀ ਗਿਆਨ ਸਿੰਘ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਜਲ ਲਿਆਉਣ ਦੀ ਸੇਵਾ ਤੋਂ ਉਪਰੰਤ ਗੁਰੂ ਕੇ ਲੰਗਰ ਵਿਚ ਵੀ ਬੜੀ ਭਾਵਨਾ ਅਤੇ ਉਤਸ਼ਾਹ ਨਾਲ ਸੇਵਾਵਾਂ ਨਿਭਾਉਂਦੇ ਸਨ।

*ਕਰੇ ਅਧਕ ਲੰਗਰ ਕੀ ਸੇਵਾ। ਜਿਸ ਤੈ ਲਹਿਓ ਪਰਮ ਪਦ ਮੇਵਾ।*[੮]

ਗਿਆਨੀ ਜੀ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਹਰ ਵੇਲੇ ਅਕਾਲ ਪੁਰਖ ਦੇ ਭਜਨ ਵਿਚ ਰੱਤੇ ਰਹਿੰਦੇ ਸਨ। ਇਸ ਤਰ੍ਹਾਂ ਲਗਪਗ ੧੨ ਸਾਲ ਬਾਬਾ ਅਮਰਦਾਸ ਜੀ ਨੇ ਸ੍ਰੀ

ਗੁਰੂ ਅੰਗਦ ਦੇਵ ਜੀ ਦੇ ਦਰ 'ਤੇ ਨਿਸ਼ਕਾਮ ਭਾਵਨਾ ਨਾਲ ਸੇਵਾ ਨਿਭਾਈ।

*ਨਿਸ ਦਿਨ ਰਹੇ ਭਜਨ ਮੈ ਰਤਾ। ਇਹੁ ਤਪ ਬਾਰਾਂ ਬਰਸ ਕਮੱਤਾ।*[੯]

ਗਿਆਨੀ ਗਿਆਨ ਸਿੰਘ ਅਨੁਸਾਰ ਬਾਬਾ ਅਮਰਦਾਸ ਜੀ ਦੇ ਹਿਰਦੇ ਵਿਚ ਗੁਰੂ ਸਾਹਿਬ ਜੀ ਦੀ ਸੇਵਾ ਕਰਨ ਦਾ ਜਜ਼ਬਾ ਏਨ੍ਹਾ ਦ੍ਰਿੜ੍ਹ ਸੀ ਕਿ ਕੋਈ ਹਨੇਰੀ, ਤੂਫਾਨ ਵੀ ਓਨ੍ਹਾਂ ਨੂੰ ਸੇਵਾ ਦੇ ਨੇਮ ਤੋਂ ਰੋਕਣ ਵਿਚ ਅਸਮਰੱਥ ਸੀ। ਇਕ ਦਿਨ ਬਹੁਤ ਤੇਜ਼ ਹਨੇਰੀ ਝੁਲ ਰਹੀ ਸੀ, ਭਾਰੀ ਮੀਂਹ ਆਉਣ ਲੱਗਾ। ਸਾਰਾ ਆਲਾ-ਦੁਆਲਾ ਪਾਣੀ ਨਾਲ ਭਰਿਆ ਸੀ ਜਿਸ ਕਰਕੇ ਰਸਤਾ ਵੀ ਦਿਖਾਈ ਨਹੀ ਸੀ ਦੇ ਰਿਹਾ, ਜੰਗਲੀ ਰਸਤੇ ਵਿਚ ਸ਼ੇਰ ਬੁਕ ਰਹੇ ਸਨ, ਸੱਪ, ਅਠੂਹੇਂ ਆਦਿ ਜ਼ਹਿਰੀਲੇ ਜੀਵ-ਜੰਤੂ ਫੁੰਹਾਰਾਂ ਮਾਰ ਰਹੇ ਸਨ। ਦਰਿਆ ਪੂਰਾ ਜੋਬਨ ਵਿਚ ਸੀ। ਦਰਿਆ ਦਾ ਪੱਤਣ ਤਕ ਨਹੀਂ ਦਿਸ ਰਿਹਾ ਸੀ। ਅਜਿਹੇ ਬਿਖੜੇ ਸਮੇਂ 'ਚ ਵੀ ਬਾਬਾ ਅਮਰਦਾਸ ਜੀ ਆਪਣੀ ਸੇਵਾ ਦੇ ਨੇਮ ਤੋਂ ਥਿੜਕੇ ਨਹੀਂ। ਅਕਾਲ ਪੁਰਖ ਦਾ ਸਹਾਰਾ ਤੱਕ ਕੇ ਗਾਗਰ ਵਿਚ ਜਲ ਭਰ ਕੇ ਲਿਆਏ:

*ਸਰਬ ਠੌਰ ਜਲ ਭਰ ਰਹਯੋ, ਮੱਗ ਦਿਸਤ ਨ ਉਕੇ।*
*ਰਾਤ ਅੰਧੇਰੀ ਏਕ ਲੌ ਜੰਗਲ ਸੀਹ ਬੁਕੇ।*
*ਸਰਪ ਅਠੂਹੇ ਸੂੰਕਤੇ ਢਾਹੇ ਢਾਹੰਤੇ।*
*ਪਤਣ ਰਹਯੋ ਨਾ ਪਾਤਣੀ ਦਰਿਆਇ ਚੜੰਤੇ।*
*ਜਾਨ ਹੀਲ ਦਰਿਆਉ ਮੈ ਪਰ ਵਿਸਯੋ ਜਾਈ।*
*ਪੈਰ ਉਖੜਤੇ ਜਾਵਹੀ ਪ੍ਰਭੂ ਭਯੋ ਸਹਾਈ।*[੧੦]

ਅਜਿਹੀਆਂ ਰੋਕਾਂ ਵੀ ਬਾਬਾ ਅਮਰਦਾਸ ਜੀ ਨੂੰ ਉਨ੍ਹਾਂ ਦੇ ਸਿਦਕ ਤੋਂ ਡੁਲਾ ਨਹੀਂ ਸਕੀਆਂ।

ਗਿਆਨੀ ਗਿਆਨ ਸਿੰਘ 'ਤਵਾਰੀਖ ਗੁਰੂ ਖਾਲਸਾ' ਵਿਚ ਵੀ ਸ੍ਰੀ ਗੁਰੂ ਅਮਰਦਾਸ ਜੀ ਦੇ ਨਿੱਤ ਦੇ ਨੇਮ ਨੂੰ ਇਸੇ ਤਰ੍ਹਾਂ ਹੀ ਬਿਆਨ ਕਰਦੇ ਹਨ। "ਹਮੇਸ਼ਾਂ ਅੱਧੀ ਰਾਤ ਤੋਂ ਜਾਗ ਤਿੰਨ ਕੋਹ ਪੁਰੋਂ ਬਯਾਸ ਨਦੀ ਵਿੱਚੋਂ ਜਲ ਲਿਆਇਆ ਕਰਦੇ। ਪਹਿਲੇ ਗੁਰੂ ਅਮਰਦਾਸ ਜੀ ਨੇ ਬਯਾਸਾ ਵਿਚ ਆਪ ਇਸ਼ਨਾਨ ਕਰਨਾ ਤੇ ਫੇਰ ਲੱਕ ਤਾਈਂ ਜਲ ਵਿਚ ਜਾ ਕੇ ਗਾਗਰ ਪਾਣੀ ਨਾਲ ਭਰ ਕੇ ਸਿਰ ਉੱਪਰ ਧਰ ਕੇ ਲੈ ਆਉਣੀ।"[੧੧] ਬਜ਼ੁਰਗ ਅਵਸਥਾ ਦੇ ਬਾਵਜੂਦ ਵੀ ਬਾਬਾ ਅਮਰਦਾਸ ਜੀ ਨੇ ਬੜੀ ਲਗਨ ਅਤੇ ਭਾਵਨਾ ਨਾਲ ਗੁਰੂ ਅੰਗਦ ਦੇਵ ਜੀ ਦੇ ਦਰ ਸੇਵਾ ਨਿਭਾਈ।

"ਗੁਰੂ ਸਾਹਿਬ ਜੀ ਨੂੰ ਇਸ਼ਨਾਨ ਕਰਾਉਣ ਤੋਂ ਬਾਅਦ ਸ੍ਰੀ ਗੁਰੂ ਅਮਰਦਾਸ ਜੀ ਗੁਰ-ਮੰਤ੍ਰ ਦਾ ਅਭਿਆਸ ਤੇ ਗੁਰ ਮੂਰਤਿ ਦਾ ਧਿਆਨ ਕਰਦੇ ਰਹਿੰਦੇ। ਦਿਨ ਚੜ੍ਹੇ ਲੰਗਰ ਦੀ ਟਹਲ ਕਰਦੇ , ਬਰਤਨ ਮਾਂਜਦੇ, ਝਾੜੂ ਦਿੰਦੇ ਅਰਥਾਤ ਕਿਸੇ ਵੇਲੇ ਵੀ ਵਿਹਲੇ ਨਾ ਬੈਠਦੇ"[੧੨]। ਜਲ ਲਿਆਉਣ ਅਤੇ ਗੁਰੂ ਸਾਹਿਬ ਜੀ ਨੂੰ ਇਸ਼ਨਾਨ ਕਰਾਉਣ ਦੀ ਸੇਵਾ ਤੋਂ ਇਲਾਵਾ ਬਾਬਾ ਅਮਰਦਾਸ ਜੀ ਨਾਮ-ਸਿਮਰਨ ਨਾਲ ਜੁੜਦੇ, ਗੁਰੂ ਕੇ ਲੰਗਰਾਂ

'ਚ ਬਰਤਨ ਮਾਂਜਨ, ਝਾੜੂ ਫੇਰਨ ਆਦਿ ਜਿਹੀਆਂ ਸੇਵਾਵਾਂ ਵੀ ਨਿਭਾਉਂਦੇ।

'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਅਨੁਸਾਰ ਜਦੋਂ ਸ੍ਰੀ ਗੁਰੂ ਅਮਰਦਾਸ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿਚ ਆ ਗਏ ਤਾਂ ਕੁਝ ਦਿਨਾਂ ਬਾਅਦ ਉਨ੍ਹਾਂ ਦੇ ਮਨ ਵਿਚ ਗੁਰੂ ਸਾਹਿਬ ਜੀ ਦੀ ਟਹਿਲ ਕਰਨ ਦਾ ਹੁਲਾਸ ਪੈਦਾ ਹੋਇਆ। ਉਨ੍ਹਾਂ ਨੇ ਖੁਦ ਸਮੂਹ ਸੰਗਤ ਨੂੰ ਬੇਨਤੀ ਕਰ ਕੇ ਗੁਰੂ ਸਾਹਿਬ ਜੀ ਲਈ ਜਲ ਲਿਆਉਣ ਦੀ ਸੇਵਾ ਮੰਗੀ। ਬਾਬਾ ਅਮਰਦਾਸ ਜੀ ਜਿੱਥੇ ਗੁਰੂ ਸਾਹਿਬ ਜੀ ਦੇ ਇਸ਼ਨਾਨ ਲਈ ਜਲ ਲਿਆਉਂਦੇ ਉਥੇ ਸਿੱਖਾਂ ਨੂੰ ਜਲ ਛਕਾਉਣ ਅਤੇ ਗੁਰੂ ਕੇ ਲੰਗਰਾਂ ਲਈ ਵੀ ਜਲ ਦੀ ਸੇਵਾ ਨਿਭਾਉਂਦੇ।

*ਮਿਲਿ ਸਿੱਖਜਨ ਮਹਿਂ ਭਨਜੋਂ ਸਭਿਨਿ ਕੋ 'ਜਲ ਕੀ ਸੇਵਾ ਦਿਹੁ ਮੁਝ ਦਾਨ'*
*ਆਇਸੁ ਲੇ ਕਰਿ ਕਲਸ ਉਚਾਯਹੁ ਸਿਰ ਧਰ ਲਯਾਵਤ ਹੈਂ ਤਿਸ ਥਾਨ।*
*ਦੇਤਿ ਰਸੋਈ ਮਹਿਂ ਚਹਿ ਜੇਤਿਕ ਸਿੱਖਜਨ ਕੋ ਕਰਾਵਹਿਂ ਪਾਨ।*[੧੩]

ਸ੍ਰੀ ਗੁਰੂ ਅੰਗਦ ਦੇਵ ਜੀ ਪਹਿਰ ਰਾਤ ਰਹਿੰਦਿਆਂ ਉੱਠ ਕੇ ਇਸ਼ਨਾਨ ਕਰਦੇ ਸਨ। ਬਾਬਾ ਅਮਰਦਾਸ ਜੀ ਗੁਰੂ ਅੰਗਦ ਦੇਵ ਜੀ ਤੋਂ ਪਹਿਲਾਂ ਉੱਠ ਕੇ ਜਲ ਦੀ ਗਾਗਰ ਭਰ ਕੇ ਲੈ ਆਉਂਦੇ। ਬੜੇ ਪ੍ਰੇਮ ਸਹਿਤ ਸੇਵਾ ਨਿਭਾਉਂਦੇ ਸਨ, ਸੇਵਾ ਕਰਦਿਆਂ ਕਦੇ ਵੀ ਵਿਅਕੁਲ ਨਹੀਂ ਹੁੰਦੇ। ਗੁਰੂ ਸਾਹਿਬ ਜੀ ਨੂੰ ਇਸ਼ਨਾਨ ਕਰਾਉਂਦੇ, ਕਪੜੇ ਧੋਂਦੇ ਅਤੇ ਫਿਰ ਸੁਕਣੇ ਪਾਉਂਦੇ।

*ਸ੍ਰੀ ਅੰਗਦ ਜਬ ਜਾਮ ਜਾਮਨੀ ਜਾਗਹਿਂ ਮੱਜਹਿਂ ਥਿਤ ਤਿਸੁ ਕਾਲ।*
*ਤਬਿ ਤੇ ਆਗੇ ਹੀ ਉਠਿ ਕਰਿ ਕੈ ਜਲ ਆਨਹਿ ਭਰਿ ਕਲਸ ਬਿਸਾਲ।*
*ਅਧਿਕ ਪ੍ਰੀਤ ਕਰਿ ਸੇਵਾ ਠਾਨਹਿ ਨਹਿਂ ਅਕੁਲਾਵਹਿ ਬਲਹਿ ਸੰਭਾਲ।*
*ਪ੍ਰਥਮ ਸ਼ਨਾਨਹਿ, ਬਸਤ੍ਰ ਪਖਾਲਹਿ, ਪੁਨਹਿ ਸ਼ੁਸ਼ਕ ਕਰਿਬੇ ਹਿਤ ਡਾਲ।*[੧੪]

ਇਹ ਮਹਾਨ ਸੇਵਾ ਨਿਭਾਉਣ ਤੋਂ ਬਾਅਦ ਬਾਬਾ ਅਮਰਦਾਸ ਜੀ ਇਕਾਂਤ ਵਿਚ ਬੈਠ ਜਾਂਦੇ। ਕਿਸੇ ਨਾਲ ਗੱਲਬਾਤ ਨਾ ਕਰਦੇ। ਹੋਰ ਸਾਰੇ ਮਨੋਰਥ ਭੁਲਾ ਕੇ ਕੇਵਲ ਗੁਰੂ ਸਾਹਿਬ ਜੀ ਦੀ ਮੂਰਤ ਆਪਣੇ ਹਿਰਦੇ ਵਿਚ ਵਸਾਈ ਰੱਖਦੇ।

*ਪੁਨ ਇਕੰਤ ਹੁਇ ਸਭਿ ਤੇ ਬੈਠਹਿ ਕਹਹਿ ਨ ਸੁਨਹਿ ਬਚਨ ਕਿਸਿ ਨਾਲਿ।*
*ਸਤਿਗੁਰ ਮੂਰਤਿ ਰਿਦੇ ਸਮਾਲਹਿ ਅਪਰ ਮਨੋਰਥ ਸਭਿ ਕੋ ਟਾਲਿ।*[੧੫]

ਸਰੀਰ ਕਮਜ਼ੋਰ ਅਤੇ ਬਜ਼ੁਰਗੀ ਦੀ ਅਵਸਥਾ ਵਿਚ ਹੋਣ ਦੇ ਬਾਵਜੂਦ ਵੀ ਬਾਬਾ ਅਮਰਦਾਸ ਜੀ ਮਨ ਵਿਚ ਸੇਵਾ ਲਈ ਬੜਾ ਭਾਰੀ ਉਤਸ਼ਾਹ ਰੱਖਦੇ ਸਨ। ਆਲਸ ਨੂੰ ਨੇੜੇ ਨਹੀਂ ਸਨ ਆਉਣ ਦਿੰਦੇ। ਰੋਜ਼ਾਨਾ ਗਾਗਰ ਚੁੱਕ ਕੇ ਜਲ ਭਰ ਕੇ ਲਿਆਉਂਦੇ।

*ਨਿਬਲ ਸਰੀਰ, ਜਰਜਰੀ ਭੂਤ ਸੁ ਤਊ ਸੇਵ ਕੋ ਧਰਹਿਂ ਹੁਲਾਸਿ।*
*ਆਲਸ ਤਯਾਗ ਕਰਤਿ ਉੱਦਯੋਗਹਿ ਕਲਸ ਉਠਾਇ ਲਯਾਇਂ ਜਲ ਰਾਸਿ।*[੧੬]

ਬਾਬਾ ਅਮਰਦਾਸ ਜੀ ਜਿੱਥੇ ਤਨ ਕਰਕੇ ਸੇਵਾ ਨਿਭਾਉਂਦੇ, ਉੱਥੇ ਮਨ ਨੂੰ ਵੀ ਸਦਾ ਗੁਰੂ ਸਾਹਿਬ ਜੀ ਦੀ ਯਾਦ ਵਿਚ ਜੋੜੀ ਰੱਖਦੇ।

*ਤਨ ਕਰਿ ਕਰਹਿ ਕਾਰ ਸਭਿ ਸੇਵਾ ਮਨ ਕਰਿ ਗੁਰੁ ਕੋ ਸਦਾ ਸਮ੍ਹਾਲ।*

ਜਦ ਕੋਈ ਜਾਣਕਾਰ ਬਾਬਾ ਅਮਰਦਾਸ ਜੀ ਨੂੰ ਆਪਣੇ ਘਰ ਬਾਸਰਕੇ ਜਾਣ ਲਈ ਕਹਿੰਦੇ ਤਾਂ ਉਹ ਇਹੀ ਜਵਾਬ ਦਿੰਦੇ ਕਿ ਗੁਰੂ ਸਾਹਿਬ ਹੀ ਮੇਰਾ ਸਭ ਕੁਝ ਹੈ, ਮੇਰਾ ਪਿਤਾ, ਮੇਰੀ ਮਾਤਾ, ਮੇਰਾ ਕੁਟੰਬ ਆਦਿ ਸਭ ਕੁਝ ਗੁਰੂ ਸਾਹਿਬ ਜੀ ਹੀ ਹਨ। ਇਨ੍ਹਾਂ ਨੇ ਹੀ ਮੇਰੇ ਅੰਤ ਵੇਲੇ ਸਹਾਈ ਹੋਣਾ ਹੈ। ਜਿੱਥੇ ਕੋਈ ਵੀ ਨਾਲ ਨਹੀਂ ਨਿਭ ਸਕਦਾ ਉੱਥੇ ਕੇਵਲ ਗੁਰੂ ਸਾਹਿਬ ਜੀ ਨੇ ਹੀ ਨਿਭਣਾ ਹੈ।

*ਅਬ ਮੇਰੇ ਸਤਿਗੁਰ ਹੈਂ ਸਭਿ ਕਿਛੁ, ਸਦਨ ਕੁਟੰਬ ਪਿਤਾ ਅਰੁ ਮਾਤਿ।*
*ਇਹੀ ਸਹਾਇਕ ਹੋਹਿਂ ਅੰਤ ਕੋ, ਰਹਿ ਏਕਲ ਜਹਿਂ ਕੋਇ ਨ ਜਾਤਿ।*[੧੭]

ਮਹਾਂਕਵੀ ਸੰਤੋਖ ਸਿੰਘ ਅਨੁਸਾਰ ਬਾਬਾ ਅਮਰਦਾਸ ਜੀ ਹਉਂ ਦਾ ਤਿਆਗ ਕਰ ਕੇ ਰਾਤ-ਦਿਨ ਗੁਰੂ ਸਾਹਿਬ ਜੀ ਦੀ ਸੇਵਾ ਵਿਚ ਜੁੜੇ ਰਹਿੰਦੇ। ਹਰ ਰੋਜ਼ ਵੱਧ ਤੋਂ ਵੱਧ ਸੇਵਾ ਕਰਨ ਦਾ ਚਾਅ ਉਨ੍ਹਾਂ ਦੇ ਹਿਰਦੇ ਵਿਚ ਪੈਦਾ ਹੁੰਦਾ ਰਹਿੰਦਾ। ਭਾਵੇਂ ਠੰਢ ਹੋਵੇ, ਗਰਮੀ ਹੋਵੇ, ਮੀਂਹ ਹੋਵੇ, ਹਨੇਰੀ ਹੋਵੇ ਤਾਂ ਵੀ ਗੁਰੂ ਸਾਹਿਬ ਜੀ ਦੀ ਸੇਵਾ ਤੋਂ ਢਿੱਲ ਨਹੀਂ ਕਰਦੇ। ਅਜਿਹੀ ਨਿਸ਼ਕਾਮ ਸੇਵਾ ਸਦਕਾ ਉਨ੍ਹਾਂ ਦਾ ਜੀਵਨ ਧੰਨਤਾ ਦੇ ਯੋਗ ਹੋ ਗਿਆ।

*ਸੀਤ ਉਸਨ ਬਰਖਾ ਬਡ ਹੋਵਤਿ ਸੇਵਹਿਂ ਇਕ ਸਮ ਜਾਨਹਿਂ ਨਾਂਹਿ।*
*ਤਪ ਬਿਸਾਲ ਕਰ ਘਾਲ ਸੁ ਘਾਲਹਿਂ*
*ਧੰਨ ਜਨਮ ਕਰਿ ਲੀਨਿ ਉਪਾਹਿ (ਉਮਾਹਿ)।*[੧੮]

ਬਾਬਾ ਅਮਰਦਾਸ ਜੀ ਨੂੰ ਇਸ ਤਰ੍ਹਾਂ ਬੜੀ ਘਾਲਣਾ ਨਾਲ ਸੇਵਾ ਕਰਦਿਆਂ ਦੇਖ ਕੁਝ ਲੋਕ ਉਨ੍ਹਾਂ ਨੂੰ ਬੁਰਾ ਭਲਾ ਵੀ ਕਹਿੰਦੇ। ਪਰ ਬਾਬਾ ਅਮਰਦਾਸ ਜੀ ਕਿਸੇ ਦਾ ਬੁਰਾ ਨਾ ਮਨਾਉਂਦੇ। ਬਸ ਗੁਰੂ ਸਾਹਿਬ ਜੀ ਦੀ ਸੇਵਾ ਵਿਚ ਬੜੇ ਉਤਸ਼ਾਹ ਅਤੇ ਲਗਨ ਨਾਲ ਜੁਟੇ ਰਹਿੰਦੇ।

*ਸਿੱਖਜਨ ਅਰੁ ਨਿੰਦਕ ਤੇ ਸੁਨਿ ਕਰਿ ਹਰਖ ਨ ਸ਼ੋਕ ਕਰਹਿ ਕਿਸ ਬਾਰਿ।*
*ਇੱਕ ਸੇਵਾ ਕੇ ਤਤਪਰ ਹ੍ਵੈ ਕਰਿ ਗੁਰੂ ਅਰਾਧਹਿਂ ਸਰਬ ਪ੍ਰਕਾਰ।*[੧੯]

ਬਾਬਾ ਅਮਰਦਾਸ ਜੀ ਦੀ ਇਸ ਕਰੜੀ ਘਾਲ-ਕਮਾਈ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਬੜੇ ਪ੍ਰਸੰਨ ਹੋਏ। ਜੁਲਾਹੀ ਦੀ ਖੱਡੀ ਨਾਲ ਠੇਢਾ ਖਾ ਕੇ ਡਿੱਗਣ ਵਾਲੀ ਘਟਨਾ ਤੋਂ ਬਾਅਦ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਾਬਾ ਅਮਰਦਾਸ ਜੀ ਨੂੰ ਬੁਲਾ ਕੇ ਬੇਅੰਤ ਬਖਸ਼ਿਸ਼ਾਂ ਨਾਲ ਨਿਵਾਜ ਕੇ ਗੁਰਿਆਈ ਦੀ ਦਾਤ ਬਖਸ਼ਿਸ਼ ਕੀਤੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਾਬਾ ਅਮਰਦਾਸ ਜੀ ਨੂੰ ਬਹੁਤ ਸਾਰੀਆਂ ਬਖਸ਼ਿਸ਼ਾਂ ਨਾਲ ਨਿਵਾਜਿਆ, ਜਿਨਾਂ ਦਾ ਜ਼ਿਕਰ ਵੱਖ-ਵੱਖ ਤਵਾਰੀਖੀ ਸ੍ਰੋਤਾਂ ਵਿਚ ਮਿਲਦਾ ਹੈ।

**ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਨੁਸਾਰ:**

*ਤੁਮਹੋ ਨਿਥਾਵਨ ਥਾਨ। ਕਰਿ ਹੋ ਨਿਮਾਨਹਿਂ ਮਾਨ।*
*ਬਿਨ ਓਟ ਕੀ ਤੁਮ ਓਟ। ਨਿਧਰੇਨ ਕੀ ਧਿਰ ਕੋਟ॥੨੩॥*

*ਬਿਨ ਜੋਰ ਕੇ ਤੁਮ ਜੋਰ। ਸਮ ਕੋ ਨ ਹੈ ਤੁਮ ਹੋਰ।*
*ਬਿਨ ਧੀਰ ਕੋ ਬਰ ਧੀਰ। ਸਭਿ ਪੀਰ ਕੇ ਬਡ ਪੀਰ॥੨੪॥*
*ਤੁਮ ਹੋ ਸੁ ਗਈ ਬਹੋੜ। ਨਰ ਬੰਧ ਕੋ ਤਿਹ ਛੋੜ।*
*ਘੜ ਭੰਨਬੇ ਸਮਰੱਥ। ਜਗ ਜੀਵਕਾ ਤੁਮ ਹੱਥ॥੨੫॥*
*ਬਰ ਦੀਨ ਦ੍ਵਾਦਸ਼ ਹੇਰ। ਸੁ ਪ੍ਰਸੰਨ ਹੋਇ ਬਡੇਰ।*
*ਗਰ ਸੰਗ ਲਾਵਨਿ ਕੀਨਿ। ਪੁਲਕਾਇ ਪ੍ਰੇਮ ਪ੍ਰਬੀਨ॥੨੬॥*
*ਮਮ ਰੂਪ ਭੇ ਮਿਲਿ ਅੰਗ। ਸਲਿਤਾ ਮਿਲੇ ਜਿਮਿ ਗੰਗ।*
*ਜਿਮਿ ਬੂੰਦ ਸਿੰਧ ਮਝਾਰ। ਤਿਮ ਏਕ ਰੂਪ ਹਮਾਰ॥੨੭॥*[20]

**ਪੰਥ ਪ੍ਰਕਾਸ਼ (ਗਿਆਨੀ ਗਿਆਨ ਸਿੰਘ):**

*ਥਾਉਂ ਨਿਥਾਵਿਆਂ ਕਾ ਤੁਹੀਂ ਸਬ ਜਨ ਸੁਖ ਕਾਰੀ।*
*ਨੇਮਾਣਿਆ ਕਾ ਮਾਣ ਤੂੰ ਨਿਧਰਿਆ ਧਰਹੈਂ।*
*ਓਟ ਤਿਹੀਂ ਨਿਓਟਿਆਂ ਰਿਧਿ ਸਿਧਿਕੋ ਘਰ ਹੈਂ।*
*ਸਦਾ ਬਰਤ ਤੇਰਾ ਚਲੈ ਜਨ ਬਹੁ ਬਰਸਾਵੈਂ।*
*ਨਰ ਨਾਰੀ ਜੋ ਤੁਹਿ ਪਿਖੈ ਜਮ ਪੁਰ ਨਹਿ ਜਾਵੈਂ।*
*ਇਤਯਾਦਿਕ ਬਰ ਅਮਰ ਕੋ ਦੈ ਅਮਰ ਬਨਾਇਓ।*[21]

**ਮਹਿਮਾ ਪ੍ਰਕਾਸ਼ (ਸਰੂਪ ਦਾਸ ਭੱਲਾ):**

*ਤੁਮ ਹੋ ਨਿਥਾਵੇ ਥਾਉ। ਦੇਹੋ ਨਿਮਾਨੇ ਮਾਨ।*
*ਨਿਹ-ਓਟ ਓਟ ਤੁਮਾਰ। ਨਿਧਰਿਆ ਧਿਰ ਸੁਖਸਾਰ।੮੮।*
*ਤੁਮ ਦਿਆਲ ਗਈ-ਬਹੋੜ। ਸਭ ਜਗਤ ਬੰਦੀ ਛੋੜ।*
*ਭੰਨਨ ਘੜਨ ਸਮਰਥ। ਜਗ ਰਿਜਕ ਤੁਮਰੇ ਹਥ।*
*ਬਰ ਅਸਟ ਦੀਏ ਦਿਆਲ। ਕੀਨਾ ਬਚਨ ਤਤਕਾਲ।*[22]

**ਤਵਾਰੀਖ ਗੁਰੂ ਖਾਲਸਾ (ਭਾਗ ਪਹਿਲਾ):**

ਗਿਆਨੀ ਗਿਆਨ ਸਿੰਘ ਅਨੁਸਾਰ ਤਦ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਆਪਣੀ ਬੁੱਕਲ ਵਿਚ ਲੈ ਕੇ ਇਹ ਵਰ ਬਖਸ਼ਿਸ਼ ਕੀਤੇ- "ਅਮਰਦਾਸ ਨਿਮਾਣਿਆਂ ਦਾ ਮਾਣ ਹੈ, ਨਿਥਾਵਿਆਂ ਦਾ ਥਾਉਂ, ਨਿਓਟਿਆਂ ਦੀ ਓਟ, ਨਿਧਰਿਆਂ ਦੀ ਧਿਰ, ਨਿਆਸਰਿਆਂ ਦਾ ਆਸਰਾ, "ਗਈ ਬਹੋੜ ਬੰਦੀ ਛੋੜ" ਹੋਵੇਗਾ।[23]

ਇਸ ਤਰ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਾਬਾ ਅਮਰਦਾਸ ਜੀ ਦੀ ਸੇਵਾ ਅਤੇ ਲਗਨ ਤੋਂ ਪ੍ਰਸੰਨ ਹੋ ਕੇ ਉਪਰੋਕਤ ਬਖਸ਼ਿਸ਼ਾਂ ਸਹਿਤ ਗੁਰਿਆਈ ਸ੍ਰੀ ਗੁਰੂ ਅਮਰਦਾਸ ਜੀ ਨੂੰ ਬਖਸ਼ਿਸ਼ ਕੀਤੀ। ਸ੍ਰੀ ਗੁਰੂ ਅਮਰਦਾਸ ਜੀ ਦਾ ਘਾਲਣਾ ਭਰਪੂਰ ਜੀਵਨ ਸਿੱਖ ਧਰਮ ਵਿਚ ਸੇਵਾ ਦੇ ਸੰਕਲਪ ਦੀ ਅਮਲੀ ਰੂਪ 'ਚ ਵਿਆਖਿਆ ਪੇਸ਼ ਕਰ ਰਿਹਾ ਹੈ।

**ਹਵਾਲੇ :**


੧. *ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੯*
੨. *ਉਹੀ*, ੧੩੭੯
੩. ਉੱਤਮ ਸਿੰਘ ਭਾਟੀਆ (ਸੰਪਾ.), *ਮਹਿਮਾ ਪ੍ਰਕਾਸ਼*, ਭਾਗ ਦੂਜਾ (ਖੰਡ-੧), ਭਾਸ਼ਾ ਵਿਭਾਗ, ਪੰਜਾਬ ੨੦੨੧, ਪੰਨਾ ੧੧੨
੪. *ਉਹੀ*, ਪੰਨਾ ੧੧੨
੫. *ਉਹੀ*, ਪੰਨਾ ੧੧੨
੬. *ਉਹੀ*, ਪੰਨਾ ੧੧੪
੭. ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਭਾਸ਼ਾ ਵਿਭਾਗ, ੨੦੨੧, ਪੰਨਾ ੮੫
੮. *ਉਹੀ*, ਪੰਨਾ ੮੫
੯. *ਉਹੀ*, ਪੰਨਾ ੮੫
੧੦. *ਉਹੀ*, ਪੰਨਾ ੮੬
੧੧. ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ-ਪਹਿਲਾ), ਭਾਸ਼ਾ ਵਿਭਾਗ ਪੰਜਾਬ, ੨੦੧੧, ਪੰਨਾ ੩੩੯
੧੨. *ਉਹੀ*, ਪੰਨਾ ੩੩੯
੧੩. ਮਹਾਂਕਵੀ ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਡਾ. ਕਿਰਪਾਲ ਸਿੰਘ (ਸੰਪਾ.), ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੧੨, ਪੰਨਾ ੨੫੪
੧੪. *ਉਹੀ*, ਪੰਨਾ ੨੫੪
੧੫. *ਉਹੀ*, ਪੰਨਾ ੨੫੬
੧੬. *ਉਹੀ*, ਪੰਨਾ ੨੫੬
੧੭. *ਉਹੀ*, ਪੰਨਾ ੨੫੮
੧੮. *ਉਹੀ*, ਪੰਨਾ ੨੬੫
੧੯. *ਉਹੀ*, ਪੰਨਾ ੨੬੬
੨੦. *ਉਹੀ*, ਪੰਨਾ ੨੬੬
੨੧. ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਭਾਸ਼ਾ ਵਿਭਾਗ, ੨੦੨੧, ਪੰਨਾ ੮੭
੨੨. *ਮਹਿਮਾ ਪ੍ਰਕਾਸ਼*, ਭਾਗ ਦੂਜਾ (ਖੰਡ-੧), ਭਾਸ਼ਾ ਵਿਭਾਗ, ਪੰਜਾਬ ੨੦੨੧, ਪੰਨਾ ੧੧੨
੨੩. ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ-ਪਹਿਲਾ), ਭਾਸ਼ਾ ਵਿਭਾਗ ਪੰਜਾਬ, ੨੦੧੧, ਪੰਨਾ ੩੪੧

# ਪਰਥਾਇ ਸਾਖੀ, ਸੜਕ, ਖਡੂਰ ਸਾਹਿਬ ਤੋਂ ਗੋਇੰਦਵਾਲ ਦੀ

*-ਡਾ. ਅਮਰਜੀਤ ਕੌਰ ਇੱਬਣ ਕਲਾਂ**

*ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥* ਦੇ ਮਹਾਂਵਾਕ ਅਨੁਸਾਰ ਉਹ ਥਾਵਾਂ, ਉਹ ਰੁੱਖ, ਉਹ ਰਾਹਵਾਂ ਪੂਜਣਯੋਗ ਹੋ ਗਈਆਂ ਜਿੱਥੇ ਗੁਰੂ ਸਾਹਿਬਾਨ ਦੇ ਪਵਿੱਤਰ ਮੁਬਾਰਕ ਕਦਮ ਪਾਏ। ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਮਰਤਾ ਤੇ ਸੇਵਾ ਦੇ ਪੁੰਜ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਬਾਰੇ ਸਿੱਖ ਜਗਤ ਦਾ ਹਰ ਜੀਵ ਜਾਣਦਾ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਖਡੂਰ ਸਾਹਿਬ ਤੋਂ ਗੋਇੰਦਵਾਲ ਤਕ ਰੋਜ਼ਾਨਾ ਦਰਿਆ ਤੋਂ ਗਾਗਰ ਜਲ ਦੀ ਭਰ ਕੇ ਲਿਆਂਦੇ ਸਨ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਅੰਮ੍ਰਿਤ ਵੇਲੇ ਇਸ਼ਨਾਨ ਕਰਾਉਂਦੇ ਰਹੇ ਸਨ। ਇਹ ਉਨ੍ਹਾਂ ਵੇਲਿਆਂ ਦੀ ਗੱਲ ਹੈ ਜਦੋਂ ਕੋਈ ਰਾਹ ਖਹਿੜਾ ਨਹੀਂ ਹੁੰਦਾ ਸੀ। ਪੈਲੀਆਂ ਦੀਆਂ ਡੰਡੀਆਂ 'ਤੇ ਤੁਰ ਕੇ ਜਾਂਦੇ ਤੇ ਆਉਂਦੇ ਸਨ।

ਸ੍ਰੀ ਗੁਰੂ ਅਮਰਦਾਸ ਜੀ ੬੧-੬੨ ਸਾਲ ਦੀ ਉਮਰ ਵਿਚ ਖਡੂਰ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਬਾਸਰਕੇ ਗਿੱਲਾਂ (ਸ੍ਰੀ ਅੰਮ੍ਰਿਤਸਰ) ਤੋਂ ਆਪਣੀ ਨੂੰਹ (ਭਤੀਜੇ ਦੀ ਪਤਨੀ) ਬੀਬੀ ਅਮਰੋ ਜੀ; ਜੋ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬੇਟੀ ਸੀ, ਉਸ ਦੇ ਮੂੰਹੋਂ ਬਾਣੀ ਸੁਣ ਕੇ ਗੁਰੂ ਜੀ ਵੱਲ ਖਿੱਚੇ ਗਏ ਸਨ ਤੇ ਆਪਣੇ ਕੁੜਮ ਅਥਵਾ ਗੁਰੂ ਜੀ ਪਾਸ ਪੁੱਜ ਗਏ ਸਨ।

ਕੁੜਮ ਵਾਲਾ ਅੰਹਿ ਤਿਆਗ ਦਿੱਤਾ ਸੀ। ਸੱਚੇ ਗੁਰੂ ਦੀ ਸੇਵਾ ਵਿਚ ਰਾਤ-ਦਿਨ ਇੱਕ ਕਰ ਦਿੱਤਾ ਸੀ। ਸਾਰਾ ਦਿਨ ਲੰਗਰ ਦੀ ਸੇਵਾ, ਬਰਤਨ ਸਾਫ ਕਰਨੇ, ਝਾੜੂ-ਪੋਚਾ ਲਾਉਣਾ, ਬਾਹਰੋਂ ਲੱਕੜਾਂ ਲਿਆ ਕੇ ਪਾੜ੍ਹਨੀਆਂ, ਬਾਲਣ ਤਿਆਰ ਕਰਨਾ ਫਿਰ ਰਾਤ ਦੇ ੧੨ ਵਜੇ ਉੱਠ ਕੇ ਗਾਗਰ ਲੈ ਕੇ ਦੂਰ ਪੈਂਦੇ ਬਿਆਸ ਦਰਿਆ ਤੋਂ ਜਲ ਦੀ ਗਾਗਰ ਭਰ ਕੇ ਤੜਕੇ ਤਿੰਨ ਵਜੇ ਵਾਪਸ ਆ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਵਾਉਣਾ। ਬਾਰ੍ਹਾਂ ਸਾਲ ਇਹ ਸੇਵਾ ਕਰਦੇ ਰਹੇ।

ਗੁਰੂ ਕੇ ਸਿੰਘਾਂ ਨੂੰ ਦਸਵੇਂ ਪਾਤਸ਼ਾਹ ਜੀ ਦੇ ਹੁੰਦਿਆਂ ਹੀ ਤੇ ਉਨ੍ਹਾਂ ਤੋਂ ਬਾਅਦ ਅਠਾਰ੍ਹਵੀਂ, ਉਨੀਵੀਂ ਸਦੀ ਜੰਗਾਂ-ਯੁੱਧਾਂ ਵਿਚ ਜੂਝਣਾ ਪਿਆ। ਗੁਰਧਾਮ ਪਹਿਲਾਂ ਉਦਾਸੀ ਸਾਧੂਆਂ ਕੋਲ ਰਹੇ ਤੇ ਫਿਰ ਮਹੰਤ ਕਾਬਜ਼ ਹੋ ਗਏ। ਗੱਲ ਕੀ, ਸੇਵਾ-ਸੰਭਾਲ ਵਿਚ ਕੋਈ ਵਾਧਾ ਨਾ ਹੋਇਆ। ਗੁਰਧਾਮਾਂ ਦੀ ਸੰਭਾਲ, ਇਮਾਰਤ ਵਿਚ ਭਾਰੀ ਵਾਧਾ ਆਦਿ ਕਾਰ-ਸੇਵਾ ਵਾਲੇ ਮਹਾਪੁਰਖਾਂ ਤੋਂ ਸ਼ੁਰੂ ਹੋਇਆ।

ਕਾਰ-ਸੇਵਾ ਦਾ ਪ੍ਰਾਰੰਭ ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ, ਬਾਬਾ

* *ਪਿੰਡ ਇੱਬਣ ਕਲਾਂ, ਝਬਾਲ ਰੋਡ, ਸ੍ਰੀ ਅੰਮ੍ਰਿਤਸਰ-੧੪੩੦੦੯। ਮੋ. ੯੭੮੦੬-੩੫੧੯੭*

ਸ਼ਾਮ ਸਿੰਘ ਜੀ, ਬਾਬਾ ਝੰਡਾ ਸਿੰਘ ਜੀ ਦੇ ਨਾਲ ੧੯੧੪ ਈ. ਵਿਚ ਅਰੰਭ ਹੋਇਆ ਸੀ।

ਹਰ ਕਾਰਜ ਦਾ ਕੋਈ ਕਾਰਨ ਹੁੰਦਾ ਹੈ। ਬਾਬਾ ਗੁਰਮੁਖ ਸਿੰਘ ਜੀ ਤੇ ਬਾਬਾ ਸਾਧੂ ਸਿੰਘ ਜੀ ਪਟਿਆਲੇ ਤੋਂ ਸ੍ਰੀ ਅੰਮ੍ਰਿਤਸਰ ਵੱਲ ਤੁਰ ਪਏ। ਜਦੋਂ ਇਨ੍ਹਾਂ ਨੂੰ ਹੁਕਮ ਲੱਗਾ, "ਜਾਉ ਸੇਵਾ ਤੁਮਾਰਾ ਇੰਤਜ਼ਾਰ ਕਰ ਰਹੀ ਹੈ। ਸ੍ਰੀ ਗੁਰੂ ਰਾਮਦਾਸ ਜੀ ਆਪ ਕੋ ਬੁਲਾ ਰਹੇ ਹਨ।"

ਹੰਸਾਂ ਦਾ ਜੋੜਾ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਸ਼ਾਮ ਦੇ ਸਮੇਂ ਪਹੁੰਚਿਆ। ਜਦੋਂ ਮਹਾਂਪੁਰਖ ਬਾਬਾ ਸ਼ਾਮ ਸਿੰਘ ਆਟਾ ਮੰਡੀ ਸ੍ਰੀ ਅੰਮ੍ਰਿਤਸਰ ਵਾਲੇ ਸ਼ਾਮ ਦੀ ਚੌਂਕੀ ਕੱਢ ਰਹੇ ਸਨ ਤੇ ਸ਼ਬਦ ਪੜ੍ਹ ਰਹੇ ਸਨ, *"ਆਇ ਮਿਲਿ ਗੁਰਸਿਖ ਆਇ ਮਿਲ"* ਤਿੰਨਾਂ ਦਾ ਮੇਲ ਹੋਇਆ, ਤ੍ਰੈਬੈਣੀ ਦਾ ਸੰਗਮ ਹੋ ਗਿਆ। ਆਟਾ ਮੰਡੀ ਵਾਲੇ ਡੇਰੇ ਵਿਚ ਅਖੰਡ ਪਾਠਾਂ ਦੇ ਪ੍ਰਵਾਹ ਚੱਲਣ ਲੱਗੇ। ਸ਼ਹਿਰ ਦੀ ਸੰਗਤ ਹੁੰਮ-ਹੁੰਮਾ ਕੇ ਪੁੱਜ ਗਈ। ਇਕ ਬੰਦਾ ਮਿਉਂਸੀਪਲ ਕਮੇਟੀ ਵੱਲੋਂ ਪਾਸ ਕੀਤਾ ਇਹ ਆਰਡਰ ਲਿਆਇਆ ਕਿ ਸੰਤੋਖਸਰ ਸਰੋਵਰ ਨੂੰ ਪੂਰ ਦਿੱਤਾ ਜਾਏ, ਇਹ ਮੱਖੀਆਂ-ਮੱਛਰ ਫੈਲਾਉਂਦਾ ਹੈ ਤੇ ਸ਼ਹਿਰ ਦੇ ਲੋਕਾਂ ਲਈ ਖ਼ਤਰਾ ਹੈ।

ਜਦੋਂ ਇਸ ਗੱਲ ਦਾ ਮਹਾਂਪੁਰਖਾਂ ਨੂੰ ਪਤਾ ਲੱਗਾ ਤੇ ਬਾਬਾ ਗੁਰਮੁਖ ਸਿੰਘ ਜੀ ਨੇ ਲਲਕਾਰ ਕੇ ਕਿਹਾ, "ਸਾਡੇ ਗੁਰੂਆਂ ਦਾ ਸਰ ਕਦੀ ਵੀ ਖਤਮ ਨਹੀਂ ਹੋਵੇਗਾ।" ਬਾਬੇ ਅੱਗੇ-ਅੱਗੇ ਤੇ ਸਾਰੇ ਸ਼ਹਿਰ ਦੀ ਸੰਗਤ ਪਿੱਛੇ-ਪਿੱਛੇ ਹੋ ਤੁਰੀ।

ਸਭ ਤੋਂ ਪਹਿਲਾਂ ਲੋਕਾਂ ਦੇ ਘਰਾਂ ਦੀਆਂ ਨਾਲੀਆਂ ਬੰਦ ਕਰਾਈਆਂ, ਗੰਦਗੀ ਸਾਫ ਹੋਈ, ਪਿੰਡ ਦੀਆਂ ਸੰਗਤਾਂ ਸੇਵਾ ਲਈ ਪੁੱਜ ਗਈਆਂ। ਕੁਝ ਹੀ ਸਮੇਂ ਵਿਚ ਸੰਤੋਖਸਰ ਸਰੋਵਰ ਦੀ ਸੇਵਾ ਕਰਵਾ ਕੇ, ਮਹਾਂਪੁਰਖਾਂ ਨੇ ਪਰਕਰਮਾਂ ਦੀਆਂ ਸੇਵਾਵਾਂ ਕੀਤੀਆਂ, ਸਾਫ-ਸਫਾਈ ਬਹਾਲ ਕੀਤੀ, ਮੂਰਤੀਆਂ ਚੁਕਵਾਈਆਂ ਤੇ ਹੰਸਲੀ ਦੀ ਸੇਵਾ ਕਰਵਾ ਕੇ, ਬਾਬਾ ਗੁਰਮੁਖ ਸਿੰਘ ਜੀ ਬਾਬਾ ਸਾਧੂ ਸਿੰਘ ਜੀ ਤਰਨ ਤਾਰਨ ਸਾਹਿਬ ਚਲੇ ਗਏ। ਤਰਨ ਤਾਰਨ ਸਾਹਿਬ ਵਿਖੇ ਸ੍ਰੀ ਦਰਬਾਰ ਸਾਹਿਬ ਦੀ ਸਾਫ-ਸਫਾਈ ਅਤੇ ਹੰਸਲੀ ਦੀ ਸੇਵਾ ਇਤਿਆਦ ਕਰਵਾਉਣ ਤੋਂ ਬਾਅਦ ਸ੍ਰੀ ਮੁਕਤਸਰ ਸਾਹਿਬ ਚਲੇ ਗਏ। ਤਰਨ ਤਾਰਨ ਸਾਹਿਬ ਦੇ ਆਲੇ-ਦੁਆਲੇ ਦੇ ਪਿੰਡਾਂ ਵਾਲੇ ਲੋਕ ਬਾਬਾ ਜੀ ਦੇ ਵਾਕਫ ਹੋ ਗਏ ਸਨ। ਇਹ ਸਾਰੇ ਇਕੱਠੇ ਹੋ ਕੇ ਸ੍ਰੀ ਮੁਕਤਸਰ ਸਾਹਿਬ ਬਾਬਾ ਜੀ ਕੋਲ ਗਏ ਤੇ ਬੇਨਤੀ ਕੀਤੀ ਕਿ ਖਡੂਰ ਸਾਹਿਬ ਆ ਕੇ ਸੇਵਾ ਕਰਵਾਓ।

ਬਾਬਾ ਜੀ ਸ੍ਰੀ ਮੁਕਤਸਰ ਸਾਹਿਬ ਦੀ ਸੇਵਾ ਭਾਈ ਬਘੇਲ ਸਿੰਘ ਨੂੰ ਸੌਂਪ ਕੇ ਆਪ ਖਡੂਰ ਸਾਹਿਬ ਆ ਗਏ। ਖਡੂਰ ਸਾਹਿਬ ਦੀ ਸੇਵਾ ਕਰਾਉਣ ਲਈ ਸਭ ਤੋਂ ਪਹਿਲਾਂ ਬਾਬਾ ਗੁਰਮੁਖ ਸਿੰਘ ਜੀ ਨੇ ਖਡੂਰ ਸਾਹਿਬ ਤੋਂ ਸ੍ਰੀ ਗੋਇੰਦਵਾਲ ਸਾਹਿਬ ਤਕ ਉਹ ਸੜਕ ਬਣਵਾਈ ਜਿਨ੍ਹਾਂ ਰਾਹਵਾਂ 'ਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਪਵਿੱਤਰ ਚਰਨ ਪਏ ਸਨ।

ਬਾਬਾ ਜੀ ਨੇ ਪਿੰਡ ਦੇ ਲੋਕਾਂ ਨੂੰ ਇਕੱਠਾ ਕਰ ਕੇ ਕਿਹਾ ਕਿ ਸਭ ਤੋਂ ਪਹਿਲਾਂ ਸੜਕ ਦੀ ਲੋੜ ਹੈ। ਉਹ ਸੜਕ ਉੱਥੇ-ਉੱਥੇ ਬਣੇਗੀ ਜਿੱਥੇ-ਜਿੱਥੇ ਸ੍ਰੀ ਗੁਰੂ ਅਮਰਦਾਸ

ਜੀ ਬਾਰ੍ਹਾਂ ਸਾਲ, ਇੱਕ ਦਿਨ ਵਿਚ ਦੋ ਵਾਰੀ ਜਾਂਦੇ- ਆਉਂਦੇ ਰਹੇ ਸਨ। ਇੱਕ ਸਾਲ ਵਿਚ ੩੬੫ ਦਿਨ, ਤੇ ਦੋ ਵਾਰੀ ਹੋ ਗਏ ੭੩੦ ਵਾਰ ਤੇ ੧੨ ਸਾਲਾਂ ਵਿਚ ਹੋ ਗਏ ੮੭੬੦ ਵਾਰ; ਗੁਰੂ ਜੀ ਦੇ ਕਦਮ ਪਏ ਹਨ। ਦੂਜਾ ਸੜਕ ਖਡੂਰ ਸਾਹਿਬ ਨੂੰ ਗੋਇੰਦਵਾਲ ਸਾਹਿਬ ਨਾਲ ਜੋੜਦੀ ਹੈ। ਸੜਕ ਹੋਵੇਗੀ ਤਾਂ ਸੰਗਤ ਆਏ-ਜਾਏਗੀ। ਸੇਵਾ ਦਾ ਸਾਮਾਨ ਆਏਗਾ। ਇਹ ਸਰਬ-ਸਾਂਝਾ ਭਲੇ ਦਾ ਕੰਮ ਹੈ। ਜਿਨ੍ਹਾਂ ਦੀਆਂ ਪੈਲੀਆਂ ਵਿੱਚੋਂ ਸੜਕ ਨਿਕਲਦੀ ਹੈ ਉਹ ਖੁਸ਼ੀ ਖੁਸ਼ੀ ਆਪਣੀਆਂ ਪੈਲੀਆਂ ਦੇ ਦੇਣ। ਜਿੰਨੇ ਲੋਕ ਬੈਠੇ ਸਨ ਸਭ ਨੇ ਸਤ ਬਚਨ ਕਹਿ ਕੇ ਹਾਮੀ ਭਰ ਦਿੱਤੀ। ਦਿਨ ਚੜ੍ਹੇ ਬਾਬਾ ਗੁਰਮੁਖ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੁਕਮਨਾਮਾ ਲਿਆ ਤੇ ਲੰਮਾ ਬਾਂਸ ਲੈ ਕੇ ਤਪਿਆਣਾ ਸਾਹਿਬ ਤੋਂ ਤੁਰ ਪਏ। ਬਾਬਾ ਜੀ ਸੜਕ ਦੇ ਨਿਸ਼ਾਨ ਲਾਈ ਜਾ ਰਹੇ ਸਨ ਕਿ ਇਕ ਸ. ਉਜਾਗਰ ਸਿੰਘ ਦੀ ਪੈਲੀ ਆ ਗਈ। ਉਹ ਪੈਲੀ ਦੇਣ ਤੋਂ ਇਨਕਾਰੀ ਹੋ ਗਿਆ। ਬਾਬਾ ਜੀ ਨੇ ਸਮਝਾਇਆ ਕਿ ਸ਼ੁਕਰ ਕਰ ਤੇਰੀ ਪੈਲੀ ਭਲੇ ਦੇ ਲੇਖੇ ਲੱਗਣ ਲੱਗੀ ਹੈ ਪਰ ਉਹ ਨੰਨਾ ਹੀ ਪੜ੍ਹੀ ਜਾਏ। ਪਿੰਡ ਦੀ ਪੰਚਾਇਤ ਨੇ ਬੜ੍ਹਾ ਕਿਹਾ ਪਰ ਉਸ ਉੱਤੇ ਕੋਈ ਅਸਰ ਨਾ ਹੋਇਆ। ਬਾਬਾ ਜੀ ਨਿਸ਼ਾਨ ਲਾਉਣੇ ਛੱਡ ਕੇ ਵਾਪਸ ਆਪਣੇ ਡੇਰੇ ਆ ਗਏ।

ਉਸ ਰਾਤ ਪਤਾ ਨਹੀਂ ਕਿ ਚਮਤਕਾਰ ਹੋਇਆ ਕਿ ਸਵੇਰੇ ਹੀ ਸ. ਉਜਾਗਰ ਸਿੰਘ ਡੇਰੇ ਆ ਗਿਆ ਤੇ ਬਾਬਾ ਜੀ ਕੋਲੋਂ ਮੁਆਫੀਆਂ ਮੰਗਣ ਲੱਗ ਪਿਆ। ਇਹੀ ਕਹੀ ਜਾਏ ਕਿ ਉਸਨੇ ਬੱਜਰ ਪਾਪ ਕੀਤਾ ਹੈ। ਉਸ ਨੇ ਕਿਹਾ, "ਮੈਂ ਇਕ ਵਾਰੀ ਨਹੀਂ ਕਈ ਵਾਰੀ ਨਾਂਹ ਕਰ ਕੇ ਬਜਰ ਗਲਤੀ ਕੀਤੀ ਹੈ। ਮੈਨੂੰ ਮੁਆਫ ਕਰ ਦਿਉ।"

ਬਾਬਾ ਜੀ ਕਹਿਣ ਲੱਗੇ, "ਭਾਈ ਗੁਰਮੁਖਾ, ਤੇਰੀ ਪੈਲੀ ਦੀ ਲੋੜ ਕੱਲ੍ਹ ਸੀ, ਅੱਜ ਨਹੀਂ ਹੈ। ਕੱਲ੍ਹ ਸ੍ਰੀ ਗੁਰੂ ਅਮਰਦਾਸ ਜੀ ਸੰਗਤ ਰੂਪ ਵਿਚ ਆਪ ਆਏ ਸਨ, ਤੂੰ ਨਾਂਹ ਕਰ ਦਿੱਤੀ ਹੈ। ਹੁਣ ਉਹ ਚਲੇ ਗਏ ਹਨ।"

ਸ. ਉਜਾਗਰ ਸਿੰਘ ਤੇ ਉਸ ਦੀ ਪਤਨੀ ਦੇ ਤਰਲੇ ਮਿੰਨਤਾਂ ਵੇਖ ਕੇ ਪਿੰਡ ਦੀ ਪੰਚਾਇਤ ਤੇ ਮੋਹਤਬਰਾਂ ਨੇ ਸੰਗਤ ਰੂਪ ਵਿਚ ਬਾਬਾ ਜੀ ਅੱਗੇ ਬੇਨਤੀ ਕੀਤੀ ਕਿ, "ਬਾਬਾ ਜੀ! ਮਨੁੱਖ ਭੁੱਲਣਹਾਰ ਹੈ। ਬਖਸ਼ ਲਵੋ।" ਕਲਯੁੱਗ ਦਾ ਪਹਿਰਾ ਹੈ, ਬੰਦੇ ਕੋਲੋਂ ਗ਼ਲਤੀਆਂ ਹੋ ਜਾਂਦੀਆਂ ਹਨ।"

ਜਦੋਂ ਬਾਬਾ ਜੀ ਅੱਗੇ ਪਿੰਡ ਦੇ ਲੋਕਾਂ ਨੇ ਸੰਗਤ ਰੂਪ ਵਿਚ ਹੋ ਕੇ ਬੇਨਤੀ ਕੀਤੀ ਤਾਂ ਕੁਝ ਚਿਰ ਸ਼ਾਂਤ ਰਹਿ ਕੇ ਕਹਿਣ ਲੱਗੇ, "ਇਕ ਰਾਹ ਹੈ ਕਿ ਜੇਕਰ ਇਹ ਦੰਪਤੀ ਅਖੀਰਲੇ ਦਮਾਂ ਤੀਕ ਗੁਰਦੁਆਰਾ ਸਾਹਿਬ ਝਾੜੂ ਦੇਣ ਦੀ ਸੇਵਾ ਕਰਨ ਦਾ ਵਾਅਦਾ ਸ੍ਰੀ ਗੁਰੂ ਅਮਰਦਾਸ ਜੀ ਅੱਗੇ ਕਰਨ।" ਇਹ ਸੁਣ ਕੇ ਦੰਪਤੀ ਨੇ ਤੁਰੰਤ ਮੱਥਾ ਟੇਕ ਕੇ ਸੇਵਾ ਕਰਨੀ ਪ੍ਰਵਾਨ ਕਰ ਲਈ।

ਇਸੇ ਤਰ੍ਹਾਂ ਸੜਕ ਲਈ ਨਿਸ਼ਾਨੀਆਂ ਲੱਗ ਰਹੀਆਂ ਸਨ ਕਿ ਰਾਹ ਵਿਚ

ਨਜ਼ੀਰ ਹੁਸੈਨ, ਫਕੀਰ ਹੁਸੈਨ, ਅਹਿਮਦ ਅਲੀ ਤੇ ਸਫ਼ਦਰ ਖਾਂ ਨੇ ਖੁਸ਼ੀ-ਖੁਸ਼ੀ ਨਾਲ ਸੜਕ ਲੰਘਣ ਦਿੱਤੀ। ਉਸ ਤੋਂ ਅੱਗੇ ਰਹਿਮਤ ਅਲੀ ਰੰਘੜ ਭਰੋਵਾਲ ਦੀ ਪੈਲੀ ਆ ਗਈ। ਉਸ ਨੇ ਵੀ ਪੈਲੀ ਦੇਣ ਤੋਂ ਇਨਕਾਰ ਕਰ ਦਿੱਤਾ। ਬਾਬਾ ਜੀ ਅਤੇ ਪਿੰਡ ਦੀ ਪੰਚਾਇਤ ਨੇ ਬੜਾ ਸਮਝਾਇਆ ਪਰ ਉਸ ਦੇ ਕੰਨਾਂ 'ਤੇ ਜੂੰ ਨਾ ਸਰਕੀ।

ਜਦੋਂ ਬਾਬਾ ਝੰਡਾ ਸਿੰਘ ਆਟਾ ਮੰਡੀ ਸ੍ਰੀ ਅੰਮ੍ਰਿਤਸਰ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਰਹਿਮਤ ਅਲੀ ਰੰਘੜ ਨੇ ਜ਼ਮੀਨ ਦੇਣ ਤੋਂ ਨਾਂਹ ਕਰ ਦਿੱਤੀ ਹੈ ਤਾਂ ਉਹ ਸ੍ਰੀ ਅੰਮ੍ਰਿਤਸਰ ਤੋਂ ਸਿੱਧੇ ਭਰੋਵਾਲ ਰਹਿਮਤ ਅਲੀ ਦੇ ਘਰ ਗਏ ਤੇ ਕਿਹਾ, "ਭਾਈ ਸੜਕਾਂ ਸਾਰਿਆਂ ਲਈ ਸਾਂਝੀਆਂ ਹੁੰਦੀਆਂ ਹਨ। ਤੇਰੇ ਕੋਲੋਂ ਨਿਰੰਕਾਰ ਸੜਕ ਲਈ ਜ਼ਮੀਨ ਲੈਣ ਆਇਆ ਸੀ ਤੂੰ ਨਾਂਹ ਕਰ ਕੇ ਚੰਗਾ ਨਹੀਂ ਕੀਤਾ, ਬਣਦੀ ਸੜਕ ਵਿਚ ਰੋਕ ਨਾ ਪਾ, ਸਗੋਂ ਅੱਗੇ ਲੱਗ ਕੇ ਸੇਵਾ ਕਰ।"

ਰੰਘੜ ਮਾਇਆਧਾਰੀ ਅੰਨ੍ਹਾ-ਬੋਲਾ ਸੀ। ਉਸ ਨੇ ਬਾਬਾ ਜੀ ਦੇ ਬੋਲ ਅਣਸੁਣੇ ਕਰ ਦਿੱਤੇ।

ਬਾਬਾ ਝੰਡਾ ਸਿੰਘ ਜੀ ਦੇ ਮੂੰਹੋਂ ਸ਼ਬਦਾਂ ਦਾ ਤੀਰ ਨਿਕਲ ਗਿਆ, "ਪਾਗਲਾ, ਇਹ ਸੜਕ ਨਹੀਂ ਰੁਕਣੀ! ਨਹੀਂ ਰੁਕਣੀ!!"

ਰਾਤ ਨੂੰ ਰਹਿਮਤ ਅਲੀ ਰੰਘੜ ਪਾਗਲ ਹੋ ਗਿਆ ਤੇ ਉਹ ਕੋਠੇ ਤੋਂ ਡਿੱਗ ਕੇ ਮਰ ਗਿਆ। ਦਿਨ ਚੜ੍ਹੇ ਸਾਰਾ ਪਰਵਾਰ ਬਾਬਾ ਗੁਰਮੁਖ ਸਿੰਘ ਜੀ ਪਾਸ ਗਿਆ ਤੇ ਸੜਕ ਲਈ ਪੈਲੀ ਦੇਣ ਲਈ ਬੇਨਤੀ ਕਰਨ ਲੱਗਾ।

ਬਾਬਾ ਗੁਰਮੁਖ ਸਿੰਘ ਜੀ ਨੇ ਬਾਬਾ ਝੰਡਾ ਸਿੰਘ ਜੀ ਨੂੰ ਬੁਲਾਇਆ ਤੇ ਬਚਨ ਕੀਤਾ, "ਝੰਡਾ ਸਿੰਘ ਜੀ! ਤੁਸੀਂ ਮੋਤੀ ਘੱਟੇ ਮਿੱਟੀ ਵਿਚ ਰੋਲ ਦਿੱਤੇ ਹਨ। ਇਹ ਖ਼ਜ਼ਾਨੇ ਕੋਡੀਆਂ ਦੇ ਭਾ ਨਹੀਂ ਵੇਚਣ ਵਾਲੇ ਗੁਰੂ ਦੀ ਦਿੱਤੀ ਹੋਈ ਸ਼ਕਤੀ ਉੱਪਰ ਕਰੜਾ ਪਹਿਰਾ ਰਖੋ, ਸਾਵਧਾਨ ਰਹੋ!!"

ਬਾਬਾ ਝੰਡਾ ਸਿੰਘ ਜੀ ਕਹਿਣ ਲੱਗੇ, "ਮਹਾਂਪੁਰਖੋ! ਵੱਡਿਆਂ ਦਾ ਨਿਰਾਦਰ ਜਰਿਆ ਨਹੀਂ ਜਾਂਦਾ। ਆਪਣਾ ਨਿਰਾਦਰ ਜਰਨਾ ਸੌਖਾ ਹੈ!!"

ਖਡੂਰ ਸਾਹਿਬ-ਤਰਨਤਾਰਨ ਦੇ ਲਾਗਲੇ ਪਿੰਡਾਂ ਤੋਂ ਸੰਗਤ ਆਉਂਦੀ ਜੋਟੀਆਂ ਵਿਚ ਸ਼ਬਦ ਪੜ੍ਹਦੀ ਹੋਈ ਸੇਵਾ ਕਰਦੀ, ਆਪਣੇ ਪਰਸ਼ਾਦੇ ਇਕ ਥਾਂ ਇਕੱਠੇ ਲੈ ਆਉਂਦੀ ਤੇ ਇਕੱਠੇ ਛੱਕ ਕੇ ਚਲੇ ਜਾਂਦੀ। ਤਰਨ ਤਾਰਨ ਸਾਹਿਬ ਦੇ ਕੁੱਲ ਪਿੰਡ ਸੇਵਾ ਨਾਲ ਜੁੜ ਚੁਕੇ ਸਨ। ਸੜਕ ਦਮਦਮਾ ਸਾਹਿਬ ਤੋਂ ਅੱਗੇ ਬਣ ਰਹੀ ਸੀ। ਸੇਵਾ ਦਾ ਨਿਯਮ ਹੁੰਦਾ ਸੀ ਕਿ ਬਾਬਾ ਜੀ ਸੇਵਾ ਸ਼ੁਰੂ ਕਰਨ ਦਾ ਆਵਾਜਾ ਦਿੰਦੇ ਤਾਂ ਸੇਵਾ ਸ਼ੁਰੂ ਹੋ ਜਾਂਦੀ। ਸੇਵਾ ਬੰਦ ਕਰਨ ਦੀ ਸੱਦ ਲਾਉਂਦੇ ਤਾਂ ਸੇਵਾ ਬੰਦ ਹੋ ਜਾਂਦੀ। ਉਦੋਂ ਤਕ ਸੇਵਾ ਬੰਦ ਨਾ ਹੁੰਦੀ ਜਦੋਂ ਤਕ ਬਾਬਾ ਜੀ ਦੀ ਸੇਵਾ ਬੰਦ ਕਰਨ ਦੀ ਸੱਦ ਨਾ ਆਉਂਦੀ। ਇਕ ਵਾਰ ਸੈਂਕੜੇ ਸੇਵਾਦਾਰ ਦਮੂਸਿਆਂ ਨਾਲ ਸੜਕ ਕੁੱਟ ਰਹੇ ਸਨ। ਕਿਸੇ ਕਾਰਨ ਬਾਬਾ

ਗੁਰਮੁਖ ਸਿੰਘ ਜੀ ਸੇਵਾ ਬੰਦ ਕਰਨ ਦਾ ਅਵਾਜਾ ਨਾ ਦੇ ਸਕੇ। ਸੇਵਾ ਚੱਲਦੀ ਰਹੀ।

ਅੰਮ੍ਰਿਤ ਵੇਲੇ ਤਿੰਨ ਵਜੇ ਬਾਬਾ ਜੀ ਦੇ ਕੰਨਾਂ ਵਿਚ ਸੈਂਕੜੇ ਦਮੂਸਿਆਂ ਦੇ ਚੱਲਣ ਦੀ ਆਵਾਜ਼ ਸੁਣਾਈ ਦਿੱਤੀ। ਬਾਬਾ ਜੀ ਇੱਕ ਦਮ ਆਏ ਤੇ ਪੁੱਛਿਆ ਤਾਂ ਸੰਗਤ ਨੇ ਦੱਸਿਆ ਕਿ ਬਾਬਾ ਜੀ ਆਪ ਜੀ ਵੱਲੋਂ ਸੇਵਾ ਬੰਦ ਕਰਨ ਦੀ ਸੱਦ ਨਹੀਂ ਸੀ ਮਿਲੀ।

ਬਾਬਾ ਜੀ ਦੇ ਨੇਤਰਾਂ ਵਿੱਚੋਂ ਮੋਟੇ ਮੋਟੇ ਸ਼ੁਕਰਾਨੇ ਦੇ ਅੱਥਰੂ ਡਿੱਗ ਰਹੇ ਸਨ ਤੇ ਬੇਤਹਾਸ਼ਾ ਪੁਕਾਰ ਰਹੇ ਸਨ, "ਧੰਨ ਗੁਰੂ ਅਮਰਦਾਸ ਜੀ!, ਧੰਨ ਗੁਰੂ ਅਮਰਦਾਸ ਜੀ!!, ਤੁਸੀਂ ਸੰਗਤਾਂ ਵਿਚ ਸੇਵਾ ਦਾ ਏਡਾ ਉਤਸ਼ਾਹ ਭਰਿਆ ਹੈ।"

ਜਦੋਂ ਬਾਬਾ ਜੀ ਨੇ ਸੇਵਾ ਬੰਦ ਕਰਨ ਦੀ ਸੱਦ ਨਾ ਦੇ ਸਕਣ ਦਾ ਕਾਰਨ ਦੱਸਿਆ ਤਾਂ ਸੰਗਤ ਨੇ ਕਿਹਾ, "ਬਾਬਾ ਜੀ, ਉਹ ਤਾਂ ਠੀਕ ਹੈ ਪਰ ਅੱਜ ਵਰਗੀ ਚਾਨਣੀ ਰਾਤ ਸਾਡੀ ਜ਼ਿੰਦਗੀ ਵਿਚ ਪਹਿਲੀ ਵਾਰੀ ਆਈ ਹੈ। ਅੱਜ ਵਰਗੀ ਚਾਨਣੀ ਰਾਤ ਅਸੀਂ ਜ਼ਿੰਦਗੀ ਵਿਚ ਪਹਿਲੀ ਵਾਰ ਵੇਖੀ ਹੈ। ਬਾਬਾ ਜੀ, ਇਸ ਤਰ੍ਹਾਂ ਲਗਦੀ ਸੀ ਕਿ ਚੰਦਰਮਾ ਦਾ ਚਾਨਣ ਸਾਡੇ ਨਾਲ ਆਪ ਦਮੂਸਿਆਂ ਨਾਲ ਸੜਕ ਪੱਧਰੀ ਕਰ ਰਿਹਾ ਹੈ। ਸਾਰੀ ਰਾਤ ਠੰਡੀ ਹਵਾ ਸਾਨੂੰ ਪੱਖਾ ਝੱਲਦੀ ਰਹੀ ਹੈ। ਕੋਈ ਭੁੱਖ ਨਹੀਂ, ਕੋਈ ਨੀਂਦ ਨਹੀ ਹੈ, ਕੋਈ ਥਕੇਵਾਂ ਵੀ ਨਹੀਂ ਹੈ।

ਇੱਥੋਂ ਤਕ ਕਿ ਸਾਨੂੰ ਕੋਈ ਤ੍ਰੇਹ ਤਕ ਨਹੀਂ ਲੱਗੀ। ਸ੍ਰੀ ਗੁਰੂ ਅਮਰਦਾਸ ਜੀ ਸਾਰੀ ਰਾਤ ਸਾਡੇ ਅੰਗ-ਸੰਗ ਰਹੇ ਸਨ। ਸਾਡੀਆਂ ਪਿੱਠਾਂ 'ਤੇ ਹੱਥ ਫੇਰਦੇ ਰਹੇ ਹਨ।

ਇਹ ਸੁਣ ਕੇ ਬਾਬਾ ਗੁਰਮੁਖ ਸਿੰਘ ਜੀ ਦੋਵੇਂ ਹੱਥ ਜੋੜੀ, "ਧੰਨ ਗੁਰੂ ਅਮਰਦਾਸ ਜੀ, ਧੰਨ ਗੁਰੂ ਅਮਰਦਾਸ ਜੀ" ਪੁਕਾਰ ਰਹੇ ਸਨ ਤੇ ਬਚਨ ਕੀਤਾ, "ਗੁਰੂ ਪਿਆਰਿਓ, ਅੱਜ ਸ੍ਰੀ ਗੁਰੂ ਅਮਰਦਾਸ ਜੀ ਨੇ ਖੁਸ਼ੀਆਂ ਨਾਲ ਤੁਹਾਡੀਆਂ ਝੋਲੀਆਂ ਭਰ ਦਿੱਤੀਆਂ ਹਨ। ਜ਼ਿੰਦਗੀ ਵਿਚ ਕੋਈ ਤੋਟ ਨਹੀਂ ਆਏਗੀ।"

ਵਰਣਨਯੋਗ ਹੈ ਕਿ ਅੱਜ ਵੀ ਇਸ ਸੜਕ ਦੇ ਦਰਸ਼ਨ ਕਰੋ, ਟੇਢੀ-ਮੇਢੀ ਹੈ ਜਿੱਥੇ-ਜਿੱਥੇ ਵੀ ਸ੍ਰੀ ਗੁਰੂ ਅਮਰਦਾਸ ਜੀ ਦੇ ਚਰਨ ਪਏ ਸਨ, ਬਾਬਾ ਗੁਰਮੁਖ ਸਿੰਘ ਜੀ ਨੇ ਦੈਵੀ-ਦ੍ਰਿਸ਼ਟੀ ਨਾਲ ਉਨ੍ਹਾਂ-ਉਨ੍ਹਾਂ ਰਾਹਵਾਂ 'ਤੇ ਇਹ ਸੜਕ ਤਿਆਰ ਕਰਵਾਈ ਸੀ।

ਬਾਬਾ ਗੁਰਮੁਖ ਸਿੰਘ ਜੀ ਵਜਦ ਵਿਚ ਆ ਕੇ ਬਚਨ ਕਰਦੇ ਹੁੰਦੇ ਸਨ, "ਇਹ ਉਹ ਰਾਹ ਹਨ ਜਿੱਥੋਂ ਜੇਠ-ਹਾੜ੍ਹ ਦੀਆਂ ਕੰਡਿਆਲੀਆਂ ਪੋਹਲੀਆਂ ਸ੍ਰੀ ਗੁਰੂ ਅਮਰਦਾਸ ਜੀ ਦੇ ਚਰਨਾਂ 'ਤੇ ਵਾਰ ਨਾ ਕਰ ਸਕੀਆਂ, ਪੋਹ-ਮਾਘ ਦੇ ਕੱਕਰ ਰਾਹ ਨਾ ਰੋਕ ਸਕੇ, ਸਾਉਣ-ਭਾਦੋਂ ਦੇ ਮੀਂਹ-ਝੱਖੜ ਕਦਮਾਂ ਨੂੰ ਤਿਲਕਾ ਨਾ ਸਕੇ। ਧੰਨ ਹੈ ਇਹ (ਦਮਦਮਾ ਸਾਹਿਬ) ਜਿੱਥੇ ਗਾਗਰ ਰੱਖ ਕੇ ਸਾਹ ਲੈਂਦੇ ਸਨ।"

ਧੰਨ ਸ੍ਰੀ ਗੁਰੂ ਅਮਰਦਾਸ ਜੀ ਤੇ ਧੰਨ ਉਹ ਗੁਰੂ ਦੇ ਸਿੱਖ ਜਿਨ੍ਹਾਂ ਸੜਕ ਬਣਵਾਈ। ਉਹ ਰਾਹ ਸਦਾ ਲਈ ਅਮਰ ਕਰ ਦਿੱਤਾ। ਧੰਨ ਉਹ ਖਡੂਰ ਸਾਹਿਬ ਵਾਲੇ, ਕਾਰ-ਸੇਵਾ ਵਾਲੇ ਸੰਤ ਬਾਬਾ ਸੇਵਾ ਸਿੰਘ ਜੀ ਜਿਨ੍ਹਾਂ ਨੇ ਬੇਅੰਤ ਰੁੱਖ ਲਗਾ ਕੇ ਇਨ੍ਹਾਂ ਰਾਹਵਾਂ ਨੂੰ ਸ਼ਿੰਗਾਰ ਦਿੱਤਾ। ■

# ਭਾਈ ਗੁਰਦਾਸ ਜੀ ਦੀ ਨਜ਼ਰ ਵਿਚ ਸ੍ਰੀ ਗੁਰੂ ਅਮਰਦਾਸ ਜੀ

*-ਸ. ਬਲਵਿੰਦਰ ਸਿੰਘ ਜੌੜਾਸਿੰਘਾ**

## ਸ੍ਰੀ ਗੁਰੂ ਅਮਰਦਾਸ ਜੀ ਦਾ ਸਰੂਪ ਤੇ ਇਤਿਹਾਸ:

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਸ੍ਰੀ ਗੁਰੂ ਅਮਰਦਾਸ ਜੀ ਦਾ ਜੋ ਇਤਿਹਾਸ ਤੇ ਸਰੂਪ ਕਲਮਬੱਧ ਕੀਤਾ ਹੈ ਦਾ, ਜ਼ਿਕਰ ਪਹਿਲੀ ਵਾਰ ਦੀ ਅਠਵੀਂ ਪਉੜੀ, ੨੪ਵੀਂ ਵਾਰ ਦੀ ੯ਵੀਂ, ੧੦ਵੀਂ, ੧੧ਵੀਂ, ੧੨ਵੀਂ, ੧੩ਵੀਂ ਪਉੜੀ ਅਤੇ ੨੫ਵੀਂ ਪਉੜੀ, ਵਾਰ ੨੬ਵੀਂ, ਵਾਰ ੩੮ਵੀਂ, ੩੯ਵੀਂ ਪਉੜੀ ਵਿਚ ਕੀਤਾ ਹੈ।

ਭਾਈ ਗੁਰਦਾਸ ਜੀ ਦੀ ਨਜ਼ਰ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ ਬਾਰੇ ਜੋ ਪੱਖ ਉਭਰ ਕੇ ਸਾਹਮਣੇ ਆਉਂਦੇ ਹਨ ਉਨ੍ਹਾਂ ਦੀ ਤਰਤੀਬ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ:-

੧. ਗੁਰਿਆਈ/ ਗੁਰਜੋਤਿ ਦਾ ਪ੍ਰਜਵਲਨ
੨. ਭਾਈ ਦਾਤੂ ਤੇ ਦਾਸੂ ਦਾ ਵਿਰੋਧ
੩. ਗੋਇੰਦਵਾਲ ਦੀ ਸਥਾਪਨਾ
੪. ਸਿੱਖ ਸੰਸਥਾਵਾਂ ਦਾ ਮਹੱਤਵ
੫. ਸ਼ਬਦ ਗੁਰੂ ਸਿਧਾਂਤ ਦੀ ਸਥਾਪਤੀ
੬. ਦੈਵੀ ਸ਼ਖ਼ਸੀਅਤ ਦਾ ਪ੍ਰਗਟਾਅ

'ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ' ਵਿਚ ਭਾਈ ਬਲਵੰਡ ਜੀ ਤੇ ਭਾਈ ਸਤਾ ਜੀ ਨੇ ਗੁਰਿਆਈ ਦੀ ਸਥਾਪਤੀ ਤੇ ਗੁਰਜੋਤਿ ਦਾ ਪ੍ਰਜਵਲਨ ਇਕ ਗੁਰੂ ਤੋਂ ਦੂਜੇ ਗੁਰੂ ਵਿਚ ਹੋਣ ਦਾ ਵਰਣਨ ਪਹਿਲੀ ਵਾਰ ਆਪਣੀ ਬਾਣੀ ਵਿਚ ਕੀਤਾ ਹੈ। ਉਸ ਤੋਂ ਬਾਅਦ ਭੱਟ ਬਾਣੀਕਾਰਾਂ ਨੇ ਵੀ ਇਸ ਨੂੰ ਉਭਾਰਿਆ ਅਤੇ ਆਪਣੀ ਬਾਣੀ ਵਿਚ ਗੁਰਜੋਤਿ ਦੀ ਸਥਾਪਤੀ ਉਤੇ ਬਹੁਤ ਜ਼ੋਰ ਦਿੱਤਾ। ਭਾਈ ਬਲਵੰਡ ਜੀ ਤੇ ਭਾਈ ਸਤਾ ਜੀ ਅਨੁਸਾਰ ਨਿਰੰਕਾਰ ਦੀ ਜੋਤਿ ਗੁਰੂ ਨਾਨਕ ਸਾਹਿਬ ਵਿਚ ਪ੍ਰਜਵਲਿਤ ਹੋਈ। ਫਿਰ ਉਹੀ ਨਿਰੰਕਾਰੀ ਜੋਤਿ ਭਾਈ ਲਹਿਣਾ ਜੀ (ਗੁਰੂ ਅੰਗਦ ਸਾਹਿਬ) ਵਿਚ ਪ੍ਰਗਟ ਹੋਈ। ਇੰਵ ਅੱਗੇ ਅੱਗੇ ਗੁਰੂ ਸਾਹਿਬਾਨ ਵਿਚ ਪ੍ਰਗਟ ਹੁੰਦੀ ਗਈ। ਬਸ ਸਰੀਰ ਬਦਲੀ ਹੁੰਦਾ ਗਿਆ:

*ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥*
*ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੬੬)*

ਪਰ ਗੁਰਜੋਤਿ ਦਾ ਅਗਲਾ ਪੜਾਅ ਜਾਂ ਗੁਰਿਆਈ ਦੀ ਜ਼ਿੰਮੇਵਾਰੀ ਕੋਈ ਸਹਿਜੇ ਜਾਂ ਸਧਾਰਣ ਨਹੀਂ ਸੀ। ਇਸ ਲਈ ਜੋਤਿ ਅੱਗੋਂ ਕਿਹੜੇ ਸਰੀਰ ਵਿਚ ਜਾਣੀ

** ਸਾਬਕਾ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੮੧੪੮-੯੮੨੧੨*

ਹੈ ਇਸ ਨੂੰ ਪਹਿਲਾਂ ਸਭ ਘੋਖਿਆ ਪਰਖਿਆ ਜਾਂਦਾ ਸੀ ਜੋ ਠੀਕ ਬੈਠਦਾ, ਪਾਸ ਹੁੰਦਾ ਸੀ, ਉਸ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਦਿੱਤੀ ਜਾਂਦੀ ਸੀ:

*ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨ॥*
*ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ॥(ਸ੍ਰੀ ਗੁਰੂ ਗ੍ਰੰਥ ਸਾਹਿਬ, ੯੬੭)*

ਗੁਰੂ ਜੋਤਿ ਸਰੂਪ ਹੈ। ਗੁਰੂ ਜੋਤੀ ਦੇ ਇਕ ਤੋਂ ਦੂਜੇ ਵਿਚ ਪ੍ਰਜਵਲਨ ਹੋਣ ਜਾ ਰੂਪਾਂਤਰਣ ਦਾ ਇਹ ਸਿਧਾਂਤ ਹੋਰਨਾਂ ਧਰਮਾਂ ਵਿਚ ਨਹੀਂ ਹੈ ਕੇਵਲ ਸਿੱਖ ਧਰਮ ਵਿਚ ਹੈ ਤੇ ਇਹ ਇਸ ਦੀ ਵਿਲੱਖਣ ਤੇ ਵਿਕੋਲਿਤਰੀ ਪਰੰਪਰਾ ਹੈ। ਭਾਈ ਗੁਰਦਾਸ ਜੀ ਨੇ ਵੀ ਏਸੇ ਮਹੱਤਵ ਕਰਕੇ ਗੁਰਜੋਤਿ ਰੁਪਾਂਤਰਣ ਦਾ ਵਰਣਨ ਕੀਤਾ ਹੈ।

ਭਾਈ ਗੁਰਦਾਸ ਜੀ ਨੇ ਨਾਨਕ ਜੋਤਿ ਦੇ ਪ੍ਰਜਵਲਨ ਦੀ ਗੱਲ ਕਰਦਿਆਂ ਦੱਸਿਆ ਹੈ ਕਿ ਸ੍ਰੀ ਗੁਰੂ ਅੰਗਦ ਸਾਹਿਬ ਜੀ ਨੇ ਗੁਰਿਆਈ ਜਾਂ ਜੋਤਿ ਗੁਰੂ ਨਾਨਕ ਸਾਹਿਬ ਪਾਸੋਂ ਪ੍ਰਾਪਤ ਕੀਤੀ ਤੇ ਅੱਗੋਂ ਇਹ ਸ੍ਰੀ ਗੁਰੂ ਅਮਰਦਾਸ ਜੀ ਦੇ ਘਰ (ਸਰੀਰ) ਵਿਚ ਜਗਮਗ ਹੋਈ:

*ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ।...*
*ਦਾਤਿ ਜੋਤਿ ਖਸਮੈ ਵਡਿਆਈ॥ (ਵਾਰ ੧:੪੬)*

ਗੁਰਿਆਈ ਦਾ ਸਿਲਸਿਲਾ ਪੜਾਅ ਦਰ ਪੜਾਅ ਅੱਗੇ ਤੋਂ ਅੱਗੇ ਚਲਦਾ ਰਿਹਾ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਨੂੰ ਅਤੇ ਅੱਗੋਂ ਸ੍ਰੀ ਗੁਰੂ ਅੰਗਦ ਸਾਹਿਬ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਸਥਾਪਿਤ ਕੀਤਾ:

*ਬਾਬਾਣੀ ਪੀੜੀ ਚਲੀ ਗੁਰ ਚੇਲੇ ਪਰਚਾ ਪਰਚਾਇਆ।*
*ਗੁਰੁ ਅੰਗਦੁ ਗੁਰੁ ਅੰਗੁ ਤੇ ਗੁਰੁ ਚੇਲਾ ਚੇਲਾ ਗੁਰੁ ਭਾਇਆ।*
*ਅਮਰਦਾਸੁ ਗੁਰੁ ਅੰਗਦਹੁ ਸਤਿਗੁਰੁ ਤੇ ਸਤਿਗੁਰੁ ਸਦਾਇਆ। (ਵਾਰ ੨੬:੩੪)*

ਅਠੱਤੀਵੀਂ ਵਾਰ ਦੀ ੨੦ਵੀਂ ਪਉੜੀ ਵਿਚ ਪਰਮੇਸੁਰ ਦੀ ਜੋਤਿ ਦੇ ਪ੍ਰਗਟਾਅ ਦਾ ਹੋਰ ਕਥਨ ਕਰਦੇ ਹਨ:

*ਸਤਿਗੁਰੁ ਨਾਨਕ ਦੇਉ ਹੈ ਪਰਮੇਸੁਰ ਸੋਈ।...*
*ਅਮਰਾ ਪਦੁ ਗੁਰ ਅੰਗਦਹੁੰ ਹੁਇ ਜਾਣੁ ਜਾਣੋਈ॥ (ਵਾਰ ੩੮:੨੦)*

ਭਾਈ ਗੁਰਦਾਸ ਜੀ ਨੇ ਅੱਗੇ ੩੯ਵੀਂ ਵਾਰ ਵਿਚ ਵੀ ਨਿਰੰਕਾਰੀ ਜੋਤਿ ਦੀ ਸਥਾਪਤੀ ਦੀ ਗੱਲ ਕੀਤੀ ਹੈ:

*-ਨਿਰੰਕਾਰੁ ਅਕਾਰੁ ਕਰਿ ਏਕੰਕਾਰੁ ਅਪਾਰ ਸਦਾਇਆ। . . .*
*ਸਤਿਗੁਰ ਨਾਨਕ ਦੇਉ ਹੈ ਗੁਰੁ ਅੰਗਦੁ ਅੰਗਹੁੰ ਉਪਜਾਇਆ।*
*ਅੰਗਦ ਤੇ ਗੁਰੁ ਅਮਰ ਪਦ ਅੰਮ੍ਰਿਤ ਰਾਮ ਨਾਮੁ ਗੁਰ ਭਾਇਆ। (ਵਾਰ ੩੯:੨)*
*—ਪਾਰਬ੍ਰਹਮ ਪੂਰਣ ਬ੍ਰਹਮੁ ਗੁਰ ਨਾਨਕ ਦੇਉ।*
*ਗੁਰ ਅੰਗਦੁ ਗੁਰ ਅੰਗ ਤੇ ਸਚ ਸਬਦ ਸਮੇਉ। . . .*
*ਅਮਰਾ ਪਦੁ ਗੁਰ ਅੰਗਦਹੁ ਅਤਿ ਅਲਖ ਅਭੇਉ। (ਵਾਰ ੧੩:੨੫)*

## ੨. ਪਰਵਾਰਕ ਵਿਰੋਧ ਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਸਥਾਪਤੀ

ਗੁਰਿਆਈ ਦੀ ਜ਼ਿੰਮੇਵਾਰੀ ਕਿਸ ਨੂੰ ਦੇਣੀ ਹੈ, ਇਹ ਸੇਵਾ ਕਿਸ ਦੇ ਭਾਗਾਂ ਵਿਚ ਹੈ ਇਹ ਤਾਂ ਗੁਰਿਆਈ ਉੱਤੇ ਬਿਰਾਜਮਾਨ ਸਤਿਗੁਰ ਜਾਣਦੇ ਸੀ ਪਰ ਇਸ ਨੂੰ ਲੈ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਵਿਰੋਧ ਪਰਵਾਰਕ ਹੋਇਆ।

ਸ੍ਰੀ ਗੁਰੂ ਅੰਗਦ ਸਾਹਿਬ ਜੀ ਤੋਂ ਬਾਅਦ ਸ੍ਰੀ ਗੁਰੂ ਅਮਰਦਾਸ ਜੀ ਗੁਰਿਆਈ ਉੱਤੇ ਬਿਰਾਜਮਾਨ ਹੋਏ ਤਾਂ ਗੁਰੂ ਜੀ ਦਾ ਪਰਵਾਰਕ ਵਿਰੋਧ ਹੋਇਆ। ਇਸ ਦਾ ਪਹਿਲੀ ਵਾਰ ਜ਼ਿਕਰ ਭਾਈ ਬਲਵੰਡ ਜੀ ਤੇ ਭਾਈ ਸਤਾ ਜੀ ਨੇ 'ਰਾਮਕਲੀ ਕੀ ਵਾਰ' ਵਿਚ ਸੰਕੇਤ ਮਾਤਰ ਜ਼ਿਕਰ ਕਰਦਿਆਂ ਇੰਵ ਕਿਹਾ:

*ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੬੭)*

ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਹੋਏ ਵਿਰੋਧ ਦਾ ਭਾਈ ਗੁਰਦਾਸ ਜੀ ਨੇ ਵੀ ਜ਼ਿਕਰ ਕੀਤਾ ਹੈ। ਭਾਈ ਸਾਹਿਬ ਲਿਖਦੇ ਹਾਂ:-

*ਮੰਜੀ ਦਾਸੁ ਬਹਾਲਿਆ ਦਾਤਾ ਸਿਧਾਸਣ ਸਿਖਿ ਆਇਆ। (ਵਾਰ ੨੬:੩੩)*

ਪਰ ਭਾਈ ਗੁਰਦਾਸ ਜੀ ਦੱਸਦੇ ਹਨ ਕਿ ਸਭ ਤਰ੍ਹਾਂ ਦੇ ਵਿਰੋਧ ਤੋਂ ਉੱਚਾ ਉਠ ਕੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਗੁਰਿਆਈ ਪ੍ਰਾਪਤ ਹੋਈ :

*-ਗੁਰ ਚੇਲਾ ਚੇਲਾ ਗੁਰੂ ਪੁਰਖਹੁ ਪੁਰਖ ਉਪਾਇ ਸਮਾਇਆ।*
*ਵਰਤਮਾਨ ਵੀਹਿ ਵਿਸਵੇ ਹੋਇ ਇਕੀਹ ਸਹਜਿ ਘਰਿ ਆਇਆ।*
*ਸਚਾ ਅਮਰੁ ਅਮਰਿ ਵਰਤਾਇਆ॥ (ਵਾਰ ੨੪:੯)*
*-ਸਬਦੁ ਸੁਰਤਿ ਪਰਚਾਇ ਕੈ ਚੇਲੇ ਤੇ ਗੁਰ ਗੁਰੁ ਤੇ ਚੇਲਾ।...*
*ਪੋਤਾ ਪਰਵਾਣੀਕੁ ਨਵੇਲਾ॥ (ਵਾਰ ੨੪:੧੦)*
*-ਸਤਿਗੁਰ ਹੋਆ ਸਤਿਗੁਰਹੁ ਅਚਰਜੁ ਅਮਰ ਅਮਰਿ ਵਰਤਾਇਆ।*
*ਸੋ ਟਿਕਾ ਸੋ ਬੈਹਣਾ ਸੋਈ ਸਚਾ ਹੁਕਮੁ ਚਲਾਇਆ।*
*ਗੁਰ ਚੇਲਾ ਪਰਵਾਣੁ ਕਰਿ ਚਾਰਿ ਵਰਨ ਲੈ ਪੈਰੀ ਪਾਇਆ। . . .*
*ਪੂਰੇ ਪੂਰਾ ਥਾਟ ਬਣਾਇਆ। (ਵਾਰ ੨੪:੧੨)*

ਸ੍ਰੀ ਗੁਰੂ ਅਮਰਦਾਸ ਜੀ ਸਿੰਘਾਸਨ ਉਤੇ ਸਥਾਪਿਤ ਹੋਏ ਸਭ ਲੋਕ ਚਰਨੀਂ ਲੱਗੇ। ਸਾਰਾ ਪ੍ਰਬੰਧ ਸਹੀ ਤਰ੍ਹਾਂ ਚੱਲ ਪਿਆ।

## ੩. ਸਿੱਖੀ ਦੇ ਧੁਰੇ ਗੋਇੰਦਵਾਲ ਸਾਹਿਬ ਦੀ ਸਥਾਪਨਾ

ਇਸ ਤਰ੍ਹਾਂ ਭਾਈ ਗੁਰਦਾਸ ਜੀ ਅਨੁਸਾਰ ਸ੍ਰੀ ਗੁਰੂ ਅੰਗਦ ਸਾਹਿਬ ਜੀ ਨੇ ਖਡੂਰ ਤੋਂ ਬਾਅਦ ਸਿੱਖੀ ਪ੍ਰਚਾਰ ਦਾ ਨਵਾਂ ਕੇਂਦਰ ਸਥਾਪਿਤ ਕਰਨ ਲਈ ਬਾਬਾ (ਗੁਰੂ) ਅਮਰਦਾਸ ਦੀ ਜ਼ਿੰਮੇਵਾਰੀ ਲਾਈ ਤੇ ਬਾਉਲੀ ਦਾ ਟੱਕ ਵੀ ਲਾਇਆ।[੧] ਸ਼ੇਰ ਸ਼ਾਹ ਸੂਰੀ ਮਾਰਗ ਦੇ 'ਤੇ ਨਵਾਂ ਨਗਰ ਸ੍ਰੀ ਗੁਰੂ ਅਮਰਦਾਸ ਜੀ ਦੇ ਵੇਲੇ ਸਥਾਪਿਤ

ਹੋਇਆ। ਗੋਇੰਦਵਾਲ ਸਾਹਿਬ ਨਗਰ ਵਸਾਉਣ ਬਾਰੇ ਜ਼ਿਕਰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਸੰਕੇਤ ਮਾਤਰ ਕੀਤਾ ਹੈ:

*ਫੇਰਿ ਵਸਾਇਆ ਗੋਇੰਦਵਾਲੁ ਅਚਰਜੁ ਖੇਲੁ ਨ ਲਖਿਆ ਜਾਈ। (ਵਾਰ ੧:੪੬)*

## ੪. ਸਿੱਖ ਸੰਸਥਾਵਾਂ ਦਾ ਵਿਕਾਸ ਤੇ ਸਥਾਪਤੀ

ਸ੍ਰੀ ਗੁਰੂ ਅਮਰਦਾਸ ਜੀ ਦੀ ਅਗਵਾਈ ਹੇਠ ਸਿੱਖ ਸੰਸਥਾਵਾਂ ਦੀ ਸਥਾਪਤੀ ਬਾਰੇ ਵੀ ਭਾਈ ਗੁਰਦਾਸ ਜੀ ਨੇ ਵਿਸ਼ੇਸ਼ ਜ਼ਿਕਰ ਕੀਤਾ ਹੈ। ਕੁਝ ਸੰਸਥਾਵਾਂ ਗੁਰੂ ਨਾਨਕ ਸਾਹਿਬ ਜੀ ਸਮੇਂ ਸਥਾਪਿਤ ਹੋਈਆਂ ਜਿਨ੍ਹਾਂ ਨੂੰ ਅੱਗੇ ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਜਾਰੀ ਰੱਖਦਿਆਂ ਇਨ੍ਹਾਂ ਸੰਸਥਾਵਾਂ ਦੇ ਮਹੱਤਵ ਨੂੰ ਸਵੀਕਾਰਿਆ। ਸ੍ਰੀ ਗੁਰੂ ਅਮਰਦਾਸ ਜੀ ਨੇ ਸਤਿ ਸੰਗਤ ਦੀ ਸੰਸਥਾ ਦੇ ਮਹੱਤਵ ਨੂੰ ਸਵੀਕਾਰ ਕੀਤਾ ਹੈ। ਸਤਿ-ਸੰਗਤ ਰਾਹੀਂ ਹੀ ਗੁਰੂ-ਮਿਲਾਪ ਹੁੰਦਾ ਹੈ। ਵਾਹਿਗੁਰੂ ਨਾਲ ਮੇਲ ਹੁੰਦਾ ਹੈ। ਭਾਈ ਗੁਰਦਾਸ ਇਸ ਬਾਰੇ ਇੰਞ ਜ਼ਿਕਰ ਕਰਦੇ ਹਨ:

*-ਗੁਰ ਮੂਰਤਿ ਗੁਰ ਸਬਦੁ ਹੈ ਸਾਧਸੰਗਤਿ ਮਿਲਿ ਅੰਮ੍ਰਿਤ ਵੇਲਾ। (ਵਾਰ ੨੪:੧੧)*
*ਖੋਲਿ ਖਜਾਨਾ ਸਬਦੁ ਦਾ ਸਾਧਸੰਗਤਿ ਸਚੁ ਮੇਲਿ ਮਿਲਾਇਆ। (ਵਾਰ ੨੪:੧੨)*

ਭਾਈ ਗੁਰਦਾਸ ਜੀ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਸਬਦੁ ਗੁਰੂ ਸੁਰਤਿ ਧੁਨਿ ਚੇਲਾ' ਦੇ ਸ਼ਬਦ ਗੁਰੂ ਦੇ ਸਿਧਾਂਤ ਨੂੰ ਪ੍ਰਚਾਰਿਆ ਤੇ ਪਸਾਰਿਆ। ਭਾਈ ਸਾਹਿਬ ਦੀ ਨਜ਼ਰ ਵਿਚ ਸ਼ਬਦ ਗੁਰੂ ਦੇ ਮਹੱਤਵ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਪ੍ਰਵਾਨ ਕੀਤਾ ਹੈ ਜਿਸ ਦਾ ਜ਼ਿਕਰ ਭਾਈ ਗੁਰਦਾਸ ਜੀ ਵੇ ਆਪਣੀਆਂ ਵਾਰਾਂ ਵਿਚ ਇਸ ਤਰ੍ਹਾਂ ਕੀਤਾ ਹੈ:

*-ਗੁਰ ਮੂਰਤਿ ਗੁਰ ਸਬਦੁ ਹੈ ਸਾਧਸੰਗਤਿ ਮਿਲਿ ਅੰਮ੍ਰਿਤ ਵੇਲਾ। (ਵਾਰ ੨੪:੧੧)*
*ਖੋਲਿ ਖਜਾਨਾ ਸਬਦੁ ਦਾ ਸਾਧਸੰਗਤਿ ਸਚੁ ਮੇਲਿ ਮਿਲਾਇਆ। (ਵਾਰ ੨੪:੧੨)*

ਭਾਈ ਗੁਰਦਾਸ ਜੀ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਨੇ ਨਾਮ-ਦਾਨ-ਇਸ਼ਨਾਨ ਦੇ ਮਹੱਤਵ ਨੂੰ ਬਹੁਤ ਦ੍ਰਿੜ੍ਹਾਇਆ ਹੈ ਅਤੇ ਨਾਮ ਦਾਨ ਤੇ ਇਸ਼ਨਾਨ ਨੂੰ ਗੁਰਮਤਿ ਦੇ ਅਭਿੰਨ ਅੰਗ ਸਮਝਿਆ ਹੈ। ਭਾਈ ਗੁਰਦਾਸ ਜੀ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਨੇ ਸਧਾਰਣ ਲੋਕਾਈ ਦੇ ਪਾਰ ਉਤਾਰੇ ਲ਼ਈ ਨਾਮ ਦਾਨ ਤੇ ਇਸ਼ਨਾਨ ਨੂੰ ਦ੍ਰਿੜ੍ਹ ਕਰਨ ਦਾ ਉਪਦੇਸ਼ ਕੀਤਾ:

*ਆਦਿ ਪੁਰਖੁ ਆਦੇਸੁ ਕਰਿ ਆਦਿ ਜੁਗਾਦਿ ਸਬਦ ਵਰਤਾਇਆ।*
*ਨਾਮੁ ਦਾਨੁ ਇਸਨਾਨੁ ਦਿੜੁ ਗੁਰ ਸਿਖ ਦੇ ਸੈਂਸਾਰੁ ਤਰਾਇਆ। (ਵਾਰ ੨੪:੧੩)*

## ੫. ਦੈਵੀ ਸ਼ਖ਼ਸੀਅਤ

ਭੱਟ ਬਾਣੀਕਾਰਾਂ ਨੇ ਵੱਖ ਗੁਰੂ ਸਾਹਿਬਾਨ ਦੀ ਸ਼ਖ਼ਸੀਅਤ ਨੂੰ ਉਭਾਰਦਿਆਂ ਸਤਿਗੁਰਾਂ ਦੇ ਦੈਵੀ ਗੁਣਾਂ ਦਾ ਗੁਣ ਗਾਇਨ ਕੀਤਾ ਹੈ। ਸੰਕੇਤ ਮਾਤਰ ਗੁਰੂ ਅਮਰਦਾਸ ਜੀ ਬਾਰੇ ਭੱਟ ਸਾਹਿਬ ਇੰਞ ਬਿਆਨ ਕਰਦੇ ਹਨ:

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*

*ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੫)*

ਸ੍ਰੀ ਗੁਰੂ ਅਮਰਦਾਸ ਜੀ ਦੀ ਦੈਵੀ ਸ਼ਖ਼ਸੀਅਤ ਇੰਨੀ ਵੱਡੀ ਹੈ ਕਿ ਪਾਤਸ਼ਾਹ ਜੀ ਨੇ ਅਗਮ ਅਗੋਚਰ ਤੇ ਗਹਣ ਗਤਿ ਵਾਲੇ ਅਲਖ (ਨਿਰੰਕਾਰ) ਨੂੰ ਸ਼ਬਦ ਸੁਰਤ ਦੀ ਲਿਵ ਨਾਲ ਜਗਿਆਸੂਆਂ ਭਾਵ ਸਿੱਖ ਸੇਵਕਾਂ ਨੂੰ ਲਖਾ ਦਿੱਤਾ, ਉਸ ਦੇ ਦਰਸ਼ਨ ਕਰਵਾ ਦਿੱਤੇ ਹਨ। ਇਸੇ ਕਰਕੇ ਸ੍ਰੀ ਗੁਰੂ ਅਮਰਦਾਸ ਜੀ ਅਪਰੰਪਰ (ਪਰੇ ਤੋਂ ਪਰੇ), ਅਗਾਧ ਭਾਵ ਡੂੰਘੇ ਗਿਆਨ ਵਾਲੇ ਮਿਤ ਤੋਂ ਪਰੇ ਭਾਵ ਅਨੰਤ ਹਨ। ਇਹ ਸਭ ਹੁੰਦਿਆਂ ਵੀ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਆਪ ਨੂੰ ਜਣਾਇਆ ਨਹੀਂ:

*ਅਗਮ ਅਗੋਚਰ ਗਹਣ ਗਤਿ ਸਬਦ ਸੁਰਤਿ ਲਿਵ ਅਲਖੁ ਲਖਾਇਆ।*
*ਅਪਰੰਪਰ ਅਗਾਧਿ ਬੋਧਿ ਪਰਮਿਤਿ ਪਾਰਾਵਾਰ ਨਾ ਪਾਇਆ।*
*ਆਪੇ ਆਪਿ ਨਾ ਆਪ ਜਣਾਇਆ॥੧੩॥ (ਵਾਰ ੨੪:੧੩)*

ਭਾਈ ਸਾਹਿਬ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਸੁਖ ਸਰੂਪ ਵਾਲੇ ਦੈਵੀ ਗੁਣਾਂ ਨਾਲ ਭਰਪੂਰ ਸਨ। ਉਨ੍ਹਾਂ ਦਾ ਏਨਾ ਤੇਜ਼ ਪ੍ਰਤਾਪ ਸੀ ਕਿ ਸੰਸਾਰ ਵਿਚ ਝੂਠ ਦੇ ਸਹਾਰੇ ਖੜੇ ਦੇਵੀ ਦੇਵਤੇ ਇਉਂ ਭੱਜ ਗਏ ਜਿਵੇਂ ਸ਼ੇਰ ਨੂੰ ਦੇਖ ਕੇ ਮਿਰਗਾਂ ਦੀ ਡਾਰ ਰਫੂਚੱਕਰ ਹੋ ਜਾਂਦੀ ਹੈ:

*ਦੁਨੀਆ ਕੂੜੀ ਸਾਹਿਬੀ ਸਚ ਮਣੀ ਸਚ ਗਰਬਿ ਗਹੇਲਾ।*
*ਦੇਵੀ ਦੇਵ ਦੁੜਾਇਅਨੁ ਜਿਉ ਮਿਰਗਾਵਲਿ ਦੇਖਿ ਬਘੇਲਾ।*
*ਹੁਕਮਿ ਰਜਾਈ ਚਲਣਾ ਪਿਛੈ ਲਗੇ ਨਕਿ ਨਕੇਲਾ।*
*ਗੁਰਮੁਖਿ ਸਚਾ ਅਮਰਿ ਸੁਹੇਲਾ॥ (ਵਾਰ ੨੪:੧੧)*

ਭਾਈ ਗੁਰਦਾਸ ਜੀ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਨੇ ਅਛਲ, ਅਛੇਦ, ਅਭੇਦ ਤੇ ਭਗਤ ਵਛਲ ਆਦਿ ਹੋ ਕੇ ਕਲਿਜੁਗ ਵਿਖੇ ਗੁਰੂ ਧਾਰਨ ਕੀਤਾ। ਉਨ੍ਹਾਂ ਦੀ ਮਹਿਮਾ ਕਿਸੇ ਹੱਦ-ਮਿਣਤੀ ਵਿਚ ਨਹੀਂ ਆਉਂਦੀ। ਇਸ ਤੋਂ ਇਲਾਵਾ ਗੁਰੂ ਦੀ ਵਿਸ਼ੇਸ਼ ਮਰਯਾਦਾ ਜਾਂ ਰਹੁਰੀਤ ਐਸੀ ਤੋਰੀ ਕਿ ਸਾਰਾ ਜਗਤ ਹੀ ਗੁਰੂ ਦੀ ਚਰਨੀਂ ਆਣ ਲੱਗਾ। ਜਿਵੇਂ ਅੰਮ੍ਰਿਤ ਬਿਰਖ ਨੂੰ ਅੰਮ੍ਰਿਤ ਫਲ ਹੀ ਲਗਦਾ ਇਸੇ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਵੀ ਪਹਿਲੇ ਗੁਰੂ ਸਾਹਿਬਾਨ ਦੀ ਤਰ੍ਹਾਂ ਹੀ ਅੰਮ੍ਰਿਤ ਬਿਰਖ ਵਾਂਗ ਹੀ ਹਨ:

*ਅਛਲੁ ਅਛੇਦੁ ਅਭੇਦੁ ਹੈ ਭਗਤਿ ਵਛਲ ਹੋਇ ਅਛਲੁ ਛਲਾਇਆ।*
*ਮਹਿਮਾ ਮਿਤਿ ਮਿਰਜਾਦ ਲੰਘਿ ਪਰਮਿਤਿ ਪਾਰਾਵਾਰੁ ਨ ਪਾਇਆ।*
*ਰਹਰਾਸੀ ਰਹਰਾਸਿ ਹੈ ਪੈਰੀ ਪੈ ਜਗੁ ਪੈਰੀ ਪਾਇਆ।*
*ਗੁਰਮੁਖਿ ਸੁਖ ਫਲੁ ਅਮਰ ਪਦੁ ਅੰਮ੍ਰਿਤ ਬ੍ਰਿਖਿ ਅੰਮ੍ਰਿਤ ਫਲ ਲਾਇਆ। (ਵਾਰ ੨੪:੯)*

ਭਾਈ ਗੁਰਦਾਸ ਜੀ ਅਨੁਸਾਰ ਜਿਵੇਂ ਫੁੱਲਾਂ ਤੇ ਫੁਲੇਲ ਦੀ ਸੁਗੰਧੀ ਇੱਕੋ ਥਾਂ ਵਸ ਰਹੀ ਹੈ। ਇੱਕ ਕਪਾਹ ਖਾਸੇ ਮਲਮਲਿ ਤੇ ਸਿਰੀਸਾਫ ਸਭ ਵਿਚ ਵਸ ਰਹੀ ਹੈ ਇਸੇ

ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਦਾ ਰੂਪ ਵੀ ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ ਆਦਿ ਸਭ ਇੱਕ ਰੂਪ ਹੀ ਹਨ:

*ਤਿਲਿ ਮਿਲਿ ਫੁਲ ਅਮੁਲ ਜਿਉ ਗੁਰਸਿਖ ਸੰਧਿ ਸੁਗੰਧ ਫੁਲੇਲਾ।*
*ਖਾਸਾ ਮਲਮਲਿ ਸਿਰੀਸਾਫੁ ਸਾਹ ਕਪਾਹ ਚਲਤ ਬਹੁ ਖੇਲਾ।*
*ਗੁਰ ਮੂਰਤਿ ਗੁਰੁ ਸਬਦੁ ਹੈ ਸਾਧ ਸੰਗਤਿ ਮਿਲਿ ਅੰਮ੍ਰਿਤ ਵੇਲਾ।...*
*ਹੁਕਮਿ ਰਜਾਈ ਚਲਣਾ ਪਿਛੇ ਲਗੇ ਨਕਿ ਨਕੇਲਾ।*
*ਗੁਰਮੁਖਿ ਸਚਾ ਅਮਰਿ ਸੁਹੇਲਾ॥੧੧॥* *(ਵਾਰ ੨੪:੧੧)*

ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਦੈਵੀ ਸਰੂਪ ਨੂੰ ਹੋਰ ਵੀ ਕਈ ਪੰਕਤੀਆਂ ਵਿਚ ਸੰਕੇਤ ਮਾਤਰ ਵਡਿਆਇਆ ਹੈ। ਵਿਸਥਾਰ ਦੇ ਡਰੋਂ ਹੋਰ ਵਿਆਖਿਆ ਸੰਭਵ ਨਹੀ ਹੈ।

ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ ਦੇ ਇਤਿਹਾਸ ਤੇ ਸਰੂਪ ਵਰਣਨ ਕਰਦਿਆਂ। ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਹੋਏ ਪ੍ਰਮੁੱਖ ਸਿੱਖਾਂ ਦਾ ਵਰਣਨ ਵੀ ਕੀਤਾ ਹੈ। ਭਾਈ ਗੁਰਦਾਸ ਜੀ ਨੇ ੧੧ਵੀਂ ਵਾਰ ਦੀ ੧੬ਵੀਂ ਪਉੜੀ ਵਿਚ ਇਨ੍ਹਾਂ ਸਿੱਖਾਂ ਦਾ ਵਿਸ਼ੇਸ਼ ਕਰਕੇ ਡੱਲਾ (ਕਪੂਰਥਲਾ) ਦੀ ਸੰਗਤ ਦਾ ਉਲੇਖ ਕੀਤਾ ਹੈ। ਇਨ੍ਹਾਂ ਪ੍ਰਮੁੱਖ ਸਿੱਖਾਂ ਵਿਚ ਭਾਈ ਪ੍ਰਿਥੀ ਮੱਲ, ਭਾਈ ਤੁਲਸਾ, ਭਾਈ ਮਲਣ, ਭਾਈ ਰਾਮੂ, ਭਾਈ ਦੀਪਾ, ਬਾਈ ਉਗਰਸੈਨ, ਭਾਈ ਗੋਪੀਆ, ਭਾਈ ਸਹਾਰੂ, ਭਾਈ ਗੰਗੂ, ਭਾਈ ਭਾਗੂ, ਭਾਈ ਤਾਰੂ, ਭਾਈ ਉਗਰੂ, ਭਾਈ ਨੰਦੂ ਸੂਦ, ਭਾਈ ਪੂਰੋ, ਭਾਈ ਝੰਡਾ, ਭਾਈ ਮਲੀਆ, ਭਾਈ ਸਹਾਰੂ ਛੀਂਬਾ, ਭਾਈ ਬੂਲਾ ਪਾਂਧਾ ਆਦਿ, ਡਲੇਵਾਲ ਦੇ ਪ੍ਰਮੁੱਖ ਸਿੱਖਾਂ ਦੇ ਨਾਮ ਭਾਈ ਗੁਰਦਾਸ ਜੀ ਨੇ ਵਿਸ਼ੇਸ਼ ਤੌਰ 'ਤੇ ਵਰਣਨ ਕੀਤੇ ਹਨ।

ਉਪਰੋਕਤ ਵਿਸਥਾਰ ਬਾਰੇ ਸਾਫ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦਾ ਸਰੂਪ ਵਰਣਨ ਕਰਦਿਆਂ ਨਿਰੰਕਾਰੀ ਜੋਤ ਜੋ ਗੁਰੂ ਨਾਨਕ ਸਾਹਿਬ ਵਿਚ ਪ੍ਰਗਟ ਹੋਈ ਸੀ ਉਹ ਅੱਗੇ ਗੁਰੂ ਅੰਗਦ ਸਾਹਿਬ ਜੀ ਤੋਂ ਪ੍ਰਜਵਲਿਤ ਹੁੰਦੀ ਹੋਈ ਸ੍ਰੀ ਗੁਰੂ ਅਮਰਦਾਸ ਵਿਚ ਜਗਮਗ ਹੋਈ। ਸ੍ਰੀ ਗੁਰੂ ਅਮਰਦਾਸ ਜੀ ਨੇ ਜਿੱਥੇ ਗੋਇੰਦਵਾਲ ਨਗਰ ਵਸਾ ਕੇ ਸਿੱਖੀ ਦਾ ਪ੍ਰਚਾਰ ਕੇਂਦਰ ਸਥਾਪਿਤ ਕੀਤਾ ਜਿਸ ਨੂੰ 'ਗੋਇੰਦਵਾਲ ਸਿੱਖੀ ਦਾ ਧੁਰਾ' ਵੀ ਕਿਹਾ ਜਾਂਦਾ ਹੈ। ਇੱਥੇ ਹੀ ਪਾਤਸ਼ਾਹ ਨੇ ਪੂਰਬਲੇ ਗੁਰੂ ਸਾਹਿਬਾਨ ਦੇ ਸਰਬ-ਸਾਂਝੇ ਉਪਦੇਸ਼ਾਂ ਸਤਿਸੰਗਤ, ਨਾਮਦਾਨ, ਇਸ਼ਨਾਨ ਦੀ ਮਹਿਮਾ ਨੂੰ ਦ੍ਰਿੜ੍ਹ ਕਰਵਾਇਆ। ਸ੍ਰੀ ਗੁਰੂ ਅਮਰਦਾਸ ਜੀ ਦੈਵੀ ਗੁਣਾਂ ਨਾਲ ਭਰਪੂਰ ਸਨ। ਪਾਤਿਸ਼ਾਹ ਜੀ ਦੇ ਦੈਵੀ ਗੁਣਾਂ ਦੀ ਛੁਹ ਪ੍ਰਾਪਤ ਕਰਕੇ ਲੱਖਾਂ ਲੋਕ ਜੀਵਨ-ਮੁਕਤੀ ਨੂੰ ਪ੍ਰਾਪਤ ਹੋ ਗਏ।

**ਹਵਾਲੇ :**

**੧.** ਪ੍ਰੋ. ਕਰਤਾਰ ਸਿੰਘ, *ਸਿੱਖ ਇਤਿਹਾਸ,* ਭਾਗ ਪਹਿਲਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੧੬ ਪੰਨਾ ੧੪੮-੧੪੯.

# ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ

*-ਡਾ. ਧਰਮ ਸਿੰਘ**

ਗੁਰਬਾਣੀ ਸਮੁੱਚੀ ਲੋਕਾਈ ਦਾ ਸਰਬ-ਸਾਂਝਾ ਵਿਰਸਾ ਹੈ ਅਤੇ ਇਸ ਵਿਚ ਆਪਣੀ ਗੱਲ ਸਮਝਾਉਣ ਲਈ, ਇਤਿਹਾਸ/ਮਿਥਿਹਾਸ ਵਿੱਚੋਂ ਘਟਨਾਵਾਂ ਦੇ ਦ੍ਰਿਸ਼ਟਾਂਤ ਦਿੱਤੇ ਗਏ ਹਨ। ਇਸੇ ਕਰਕੇ ਇਸ ਪਾਵਨ ਗ੍ਰੰਥ ਬਾਰੇ ਕਈ ਤਰ੍ਹਾਂ ਦੇ ਵਰਗੀਕ੍ਰਿਤ ਕੋਸ਼ (Classified) ਮਿਲ ਜਾਂਦੇ ਹਨ ਪਰ ਇੱਥੇ ਅਸੀਂ ਸਿਰਫ ਅਵਤਾਰਵਾਦ ਦੀ ਧਾਰਣਾ ਨਾਲ ਸੰਬੰਧਿਤ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦੀ ਗੱਲ ਕਰਨੀ ਹੈ ਅਤੇ ਉਹ ਵੀ ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਦੇ ਹਵਾਲੇ ਨਾਲ। ਗੁਰਬਾਣੀ ਵਿਚ ਅਜਿਹੇ ਸੰਕੇਤਾਂ ਦੇ ਪ੍ਰਯੋਜਨ, ਮੋਟੇ ਤੌਰ 'ਤੇ ਤਿੰਨ ਮੰਨੇ ਗਏ ਹਨ, ਸੰਚਾਰ, ਨਕਾਰਣ ਅਤੇ ਸਮਰਥਨ।

ਇਨ੍ਹਾਂ ਅਵਤਾਰਾਂ ਨਾਲ ਕਈ ਸਿਧਾਂਤ ਜਾਂ ਸੰਕਲਪ ਜੁੜੇ ਹੋਏ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਦੂਜੇ ਗੁਰੂ ਸਾਹਿਬਾਨ ਨੇ, ਜਿਨ੍ਹਾਂ ਵਿਚਾਰਾਂ ਜਾਂ ਸੰਕਲਪਾਂ ਨਾਲ ਉਹ ਸਹਿਮਤ ਨਹੀਂ ਸਨ, ਉਨ੍ਹਾਂ ਨੂੰ ਰੱਦ ਕੀਤਾ ਹੈ ਅਤੇ ਕਈਆਂ ਨੂੰ ਪੁਨਰ-ਪਰਿਭਾਸ਼ਤ ਕੀਤਾ ਹੈ। ਇਨ੍ਹਾਂ ਸੰਕਲਪਾਂ ਵਿਚ ਇਕ ਸੰਕਲਪ ਜਾਂ ਸਿਧਾਂਤ ਮੱਧਕਾਲ ਵਿਚ ਪ੍ਰਚਲਿਤ ਰਿਹਾ ਅਵਤਾਰਵਾਦ ਦਾ ਸਿਧਾਂਤ ਹੈ। ਹਿੰਦੂ ਦਰਸ਼ਨ ਵਿਚਲੇ ਬਹੁਦੇਵਵਾਦ ਅਤੇ ਅਵਤਾਰਵਾਦ ਦਾ ਗੁਰਮਤਿ ਦਰਸ਼ਨ ਸਮਰਥਨ ਨਹੀਂ ਕਰਦਾ, ਇਸੇ ਲਈ ਇਸ ਬਾਰੇ ਹਾਮੀ ਨਹੀਂ ਭਰੀ ਹੈ, ਪਰ ਕੁਝ ਮਿਥਿਹਾਸਿਕ ਪਾਤਰ ਆਪਣੇ ਸਦਗੁਣਾਂ, ਸੱਚਾਈ ਸਕਾਰਾਤਮਕਤਾ ਕਰਕੇ ਗੁਰਮਤਿ ਦਰਸ਼ਨ ਵਿਚ ਸਵੀਕਾਰੇ ਗਏ ਹਨ। ਨਿਰਗੁਣਵਾਦੀ ਗੁਰੂ ਸਾਹਿਬਾਨ ਨੇ ਅਵਤਾਰਾਂ ਨੂੰ ਉਸ ਕਿਸਮ ਦੀ ਮਾਨਤਾ ਨਹੀਂ ਦਿੱਤੀ ਜਿਸ ਤਰ੍ਹਾਂ ਦੀ ਸਰਗੁਣ ਭਗਤਾਂ ਨੇ ਦਿੱਤੀ ਹੈ। ਗੁਰਮਤਿ ਦਰਸ਼ਨ ਵਿਚ ਤਾਂ ਕਈਆਂ ਅਵਤਾਰਾਂ ਨੂੰ ਛੁਟਿਆਇਆ ਵੀ ਗਿਆ ਹੈ। ਇਸ ਸਿਧਾਂਤ ਦੇ ਗੁਰੂ ਸਾਹਿਬਾਨ ਵੱਲੋਂ ਨਕਾਰੇ ਜਾਣ ਦੇ ਬੀਜ ਉਸ ਵੇਲੇ ਦੇ ਹਿੰਦੁਸਤਾਨ ਦੇ ਰਾਜਨੀਤਿਕ, ਸਮਾਜਿਕ ਅਤੇ ਸਭਿਆਚਾਰਕ ਅਧੋਗਤੀ ਵਿਚ ਪਏ ਲੱਭਦੇ ਹਨ। ਵੱਖ-ਵੱਖ ਧਾਰਮਿਕ ਮਾਨਤਾਵਾਂ ਨੇ ਸਮਾਜ ਨੂੰ ਖੇਰੂੰ-ਖੇਰੂੰ ਕਰ ਕੇ ਰੱਖ ਦਿੱਤਾ ਸੀ ਜਿਸ ਦਾ ਨਤੀਜਾ ਹਿੰਦੁਸਤਾਨ ਦੀ ਸਦੀਆਂ ਦੀ ਗ਼ੁਲਾਮੀ ਵਿਚ ਨਿਕਲਿਆ।

ਸ੍ਰੀ ਗੁਰੂ ਅਮਰਦਾਸ ਜੀ ਦੀ ਅਵਤਾਰਵਾਦ ਬਾਰੇ ਧਾਰਣਾ ਜਾਣਨ ਤੋਂ ਪਹਿਲਾਂ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਅਵਤਾਰ ਦੇ ਕੀ ਅਰਥ ਹਨ? ਅਵਤਾਰ ਦਾ ਸ਼ਾਬਦਿਕ ਅਰਥ ਹੈ- ਜਨਮ ਜਾਂ ਪੈਦਾਇਸ਼। ਸਪੱਸ਼ਟ ਹੈ ਕਿ ਜਿਹੜੀ ਚੀਜ਼ ਪੈਦਾ ਹੋਵੇਗੀ, ਉਸ ਦੀ ਮੌਤ ਵੀ ਅਵੱਸ਼ ਹੈ। ਅਵਤਾਰ ਆਵਾਗੌਣ ਦੇ ਚੱਕਰ ਵਿਚ ਵਿਚਰਦਾ ਹੈ, ਪਰ ਅਬਿਨਾਸ਼ੀ

** #੧੧੦, ਰੋਜ਼ ਐਵੀਨਿਊ, ਰਾਮ ਤੀਰਥ ਰੋਡ, ਸ੍ਰੀ ਅੰਮ੍ਰਿਤਸਰ। ਮੋ. ੯੮੮੮੯੩੯੮੦੮*

ਨਹੀਂ ਹੈ। ਇਸੇ ਲਈ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ:

*ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੨੩)*

ਭਾਵ ਕਿ ਅਵਤਾਰ ਕਹੇ ਜਾਣ ਜਾਂ ਮੰਨੇ ਜਾਣ ਵਾਲੇ ਵਿਅਕਤੀ ਵੱਖ-ਵੱਖ ਸਮਿਆਂ ਵਿਚ, ਆਪੋ-ਆਪਣੇ ਦੇਸਾਂ ਦੇ ਰਾਜੇ-ਰਾਣੇ ਸਨ। ਭਾਰਤੀ ਦਰਸ਼ਨ ਵਿਚ ਇਹ ਵੀ ਧਾਰਣਾ ਹੈ ਕਿ ਜਦੋਂ-ਜਦੋਂ ਵੀ ਧਰਮ ਦੀ ਹਾਨੀ ਹੁੰਦੀ ਹੈ ਜਾਂ ਅੱਤਿਆਚਾਰ ਵਧ ਜਾਂਦਾ ਹੈ ਤਾਂ ਪਰਮਾਤਮਾ ਅਵਤਾਰ ਦੇ ਰੂਪ ਧਰਤੀ ਉੱਪਰ ਆਉਂਦਾ ਹੈ ਅਤੇ ਜ਼ੁਲਮਾਂ ਦਾ ਨਾਸ਼ ਕਰਦਾ ਹੈ। ਵੱਖ-ਵੱਖ ਮਤਾਂ ਅਨੁਸਾਰ ਅਵਤਾਰਾਂ ਦੀ ਗਿਣਤੀ ਵੀ ਵੱਖ-ਵੱਖ ਹੈ। ਵਧੇਰੇ ਪ੍ਰਵਾਨਿਤ ਦਸ ਹਨ, ਪਰ ਸ੍ਰੀ ਦਸਮ ਗ੍ਰੰਥ ਵਿਚ ਚੌਵੀ ਅਵਤਾਰਾਂ ਦਾ ਵੀ ਜ਼ਿਕਰ ਹੈ। ਵਿਸ਼ਨੂੰ ਦੇ ਅਵਤਾਰਾਂ ਵਿਚ ਇਕ ਅਵਤਾਰ ਬ੍ਰਹਮਾ ਹੈ। ਰਾਗ ਆਸਾ ਵਿਚ ਹੀ ਇਕ ਹੋਰ ਸ਼ਬਦ ਹੈ ਜਿਸ ਵਿਚ ਸ੍ਰੀ ਗੁਰੂ ਅਮਰਦਾਸ ਜੀ ਬ੍ਰਹਮਾ ਬਾਰੇ ਫੁਰਮਾਉਂਦੇ ਹਨ ਕਿ ਬ੍ਰਹਮਾ ਨੂੰ ਭਾਵੇਂ ਕੋਈ ਅਵਤਾਰ ਮੰਨੀ ਜਾਵੇ ਪਰ ਉਹ ਬੇਚਾਰਾ ਵੀ ਪਰਮ ਹਸਤੀ ਦੇ ਹੁਕਮ ਦੀ ਥਾਹ ਨਹੀਂ ਪਾ ਸਕਦਾ। ਭਾਵ ਕਿ ਉਸ ਦਾ ਦਰਜਾ ਦੁਜੈਲਾ ਹੀ ਹੈ:

*ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ॥*<br>
*ਤਾ ਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੨੩)*

ਸ੍ਰੀ ਕ੍ਰਿਸ਼ਨ ਨੂੰ ਵਿਸ਼ਨੂੰ ਦਾ ਅਠਵਾਂ ਅਵਤਾਰ ਮੰਨਿਆ ਗਿਆ ਹੈ, ਪਰ ਉਹ ਵੀ ਜਨਮ-ਮਰਨ ਦੇ ਚੱਕਰ ਤੋਂ ਮੁਕਤ ਨਹੀਂ, ਇਸ ਲਈ ਮੁਕਤੀ ਵਾਸਤੇ ਸੰਸਾਰ ਕਿਸ ਦੇ ਲੜ ਲੱਗ ਕੇ ਤਰੇ:

*ਕਿਸਨੁ ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੫੯)*

ਇਕ ਹੋਰ ਸ਼ਬਦ ਵਿਚ ਤਾਂ ਗੁਰੂ ਸਾਹਿਬ ਨੇ ਬ੍ਰਹਮਾ, ਵਿਸ਼ਨੂੰ ਅਤੇ ਰੁਦ੍ਰ ਤਿੰਨਾਂ ਅਵਤਰਾਂ ਨੂੰ ਪਰਮਾਤਮਾ ਦੀ ਸੇਵਾ ਵਿਚ ਲੀਨ ਦਰਸਾਇਆ ਹੈ:

*ਬ੍ਰਹਮਾ ਬਿਸਨੁ ਰੁਦ੍ਰੁ ਤਿਸ ਕੀ ਸੇਵਾ॥*<br>
*ਅੰਤੁ ਨ ਪਾਵਹਿ ਅਲਖੁ ਅਭੇਵਾ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੫੩)*

ਏਥੇ ਇਹ ਚਿਤਰਨਾ ਵੀ ਜ਼ਰੂਰੀ ਹੈ ਕਿ ਅਵਤਾਰ ਕਹੇ ਜਾਣ ਵਾਲੇ ਮਹਾਂਪੁਰਸ਼ਾਂ ਵਿਚ ਉਨ੍ਹਾਂ ਦੇ ਦਰਜੇ ਮੁਤਾਬਿਕ ਉਨ੍ਹਾਂ ਵਿਚਲੀਆਂ ਕਲਾਵਾਂ ਜਾਂ ਸ਼ਕਤੀਆਂ ਵੀ ਵੱਖ ਵੱਖ ਹਨ। ਕੋਈ ਬਾਰ੍ਹਾਂ ਤੇ ਕੋਈ ਚੌਦਾਂ ਕਲਾ ਸੰਪੂਰਨ ਹੈ ਜਦ ਕਿ ਕਲਾਵਾਂ ਦੀ ਕੁੱਲ ਗਿਣਤੀ ਸੋਲਾਂ ਹੈ। ਗੁਰਮਤਿ ਦਰਸ਼ਨ ਵਿਚ ਕੇਵਲ ਪਰਮਾਤਮਾ ਨੂੰ ਅਨੰਤ ਕਲਾਵਾਂ ਵਾਲਾ ਮੰਨਿਆ ਗਿਆ ਹੈ:

*ਸੋਲਹ ਕਲਾ ਸੰਪੂਰਨ ਫਲਿਆ॥*<br>
*ਅਨਤ ਕਲਾ ਹੋਇ ਠਾਕੁਰੁ ਚੜਿਆ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੮੧)*

ਹੁਣ ਤਕ ਅਸੀਂ ਇਹ ਚਰਚਾ ਕੀਤੀ ਹੈ ਕਿ ਅਵਤਾਰ ਮੰਨੇ ਜਾਣ ਵਾਲੇ ਮਹਾਂਪੁਰਸ਼ ਦਾ ਸਥਾਨ ਦੁਜੈਲਾ ਹੈ, ਪਰ ਇਸ ਨਾਲ ਜੁੜਦਾ ਪ੍ਰਸ਼ਨ ਇਹ ਹੈ ਕਿ ਪਹਿਲਾ ਸਥਾਨ ਕਿਸਦਾ ਹੈ? ਇਸ ਪ੍ਰਸ਼ਨ ਦਾ ਉੱਤਰ ਵੀ ਸ੍ਰੀ ਗੁਰੂ ਅਮਰਦਾਸ ਜੀ ਆਪਣੇ ਇਕੀਸ਼ਵਰਵਾਦ ਦੇ ਸਿਧਾਂਤ ਵਿਚ ਦੇਂਦੇ ਹਨ। ਗੁਰੂ ਜੀ ਸਵੀਕਾਰ ਕਰਦੇ ਹਨ ਕਿ ਸ੍ਰਿਸ਼ਟੀ ਦੇ ਸਮੁੱਚੇ ਪਸਾਰੇ ਅਤੇ ਵਰਤਾਰੇ ਵਿਚ ਇੱਕ ਹੀ ਪਰਮਾਤਮਾ ਦੀ ਸ਼ਕਤੀ, ਜੋ ਸਰਵੋਪਰ ਹੈ, ਕੰਮ ਕਰ ਰਹੀ ਹੈ। ਇੱਥੇ ਇਹ ਚਿਤਾਰਨ ਦੀ ਲੋੜ ਨਹੀਂ ਭਾਸਦੀ ਕਿ ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਪਰਮਾਤਮਾ ਦੇ ਉਹੋ ਗੁਣਵਾਚਕ ਜਾਂ ਸਿਫਤੀ ਨਾਂ ਵਰਤੇ ਹਨ ਜੋ ਪਹਿਲੇ ਗੁਰੂ ਸਾਹਿਬਾਨ ਦੇ ਦੁਆਰਾ ਵਰਤੇ ਗਏ ਹਨ। ਪਰਮਾਤਮਾ ਦੇ ਸਰਬ-ਗੁਣ ਸੰਪੰਨ ਹੋਣ ਦੀ ਗੱਲ ਬਾਰ-ਬਾਰ ਦੁਹਰਾਈ ਗਈ ਹੈ ਤਾਂ ਜੋ ਜਗਿਆਸੂ ਦੇ ਮਨ ਵਿਚ ਕੋਈ ਸ਼ੰਕਾ ਜਾਂ ਦੁਬਿਧਾ ਨ ਰਹਿ ਜਾਵੇ:

*ਏਕੋ ਏਕੁ ਵਰਤੈ ਸਭੁ ਸੋਈ॥ ਗੁਰਮੁਖਿ ਵਿਰਲਾ ਬੂਝੈ ਕੋਈ॥*
*ਏਕੋ ਰਵਿ ਰਹਿਆ ਸਭ ਅੰਤਰਿ॥ ਤਿਸੁ ਬਿਨੁ ਅਵਰੁ ਨ ਕੋਈ ਹੇ॥੧॥*
*ਲਖ ਚਉਰਾਸੀਹ ਜੀਅ ਉਪਾਏ॥ ਗਿਆਨੀ ਧਿਆਨੀ ਆਖਿ ਸੁਣਾਏ॥*
*ਸਭਨਾ ਰਿਜਕੁ ਸਮਾਹੇ ਆਪੇ ਕੀਮਤਿ ਹੋਰ ਨ ਹੋਈ ਹੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੪੪)*

ਹਥਲੇ ਲੇਖ ਦੀ ਤਿਆਰੀ ਸਮੇਂ ਸਾਨੂੰ ਰਾਗ ਭੈਰਉ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਕ ਸ਼ਬਦ ਅਜਿਹਾ ਲੱਭਿਆ ਜਿਸ ਵਿਚ ਜਿੱਥੇ ਅਵਤਾਰਵਾਦ ਦਾ ਖੰਡਨ ਹੈ, ਉਸ ਦੀ ਹਸਤੀ ਇੱਕ ਅਤੇ ਕੇਵਲ ਇੱਕ ਮੰਨਣ ਦੀ ਪੁਸ਼ਟੀ ਹੁੰਦੀ ਹੈ। ਪਾਵਨ ਸ਼ਬਦ ਵਿਚ ਕਰਮ-ਕਾਂਡਾਂ ਦੀ ਨਿਖੇਧੀ ਹੈ ਅਤੇ ਇਨ੍ਹਾਂ ਵੱਲੋਂ ਪਾਸਾ ਵੱਟ ਕੇ ਇਕ ਅਕਾਲ ਪੁਰਖ ਨਾਲ ਜੁੜਨ ਦੀ ਪ੍ਰੇਰਨਾ ਹੈ:

*ਵਰਤ ਨ ਰਹਉ ਨ ਮਹ ਰਮਦਾਨਾ॥ ਤਿਸੁ ਸੇਵੀ ਜੋ ਰਖੈ ਨਿਦਾਨਾ॥੧॥*
*ਏਕੁ ਗੁਸਾਈ ਅਲਹੁ ਮੇਰਾ॥ ਹਿੰਦੂ ਤੁਰਕ ਦੁਹਾਂ ਨੇਬੇਰਾ॥੧॥ਰਹਾਉ॥*
*ਹਜ ਕਾਬੈ ਜਾਉ ਨ ਤੀਰਥ ਪੂਜਾ॥ ਏਕੋ ਸੇਵੀ ਅਵਰੁ ਨ ਦੂਜਾ॥੨॥*
*ਪੂਜਾ ਕਰਉ ਨ ਨਿਵਾਜ ਗੁਜਾਰਉ॥ ਏਕ ਨਿਰੰਕਾਰ ਲੇ ਰਿਦੈ ਨਮਸਕਾਰਉ॥੩॥*
*ਨਾ ਹਮ ਹਿੰਦੂ ਨ ਮੁਸਲਮਾਨ॥ ਅਲਹ ਰਾਮ ਕੇ ਪਿੰਡੁ ਪਰਾਨ॥੪॥...*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੩੬)*

ਇਸ ਚਰਚਾ ਤੋਂ ਸਹਿਜੇ ਹੀ ਇਸ ਸਿੱਟੇ ਉੱਪਰ ਪਹੁੰਚਿਆ ਜਾ ਸਕਦਾ ਹੈ ਕਿ ਦੂਜੇ ਗੁਰੂ ਸਾਹਿਬਾਨ ਵਾਂਗ ਸ੍ਰੀ ਗੁਰੂ ਅਮਰਦਾਸ ਜੀ ਵੀ ਅਵਤਾਰਵਾਦ ਦੇ ਕਤਈ ਹਾਮੀ ਨਹੀਂ ਸਨ ਅਤੇ ਉਹ ਇਕ ਨਿਰਗੁਣ ਪਾਰਬ੍ਰਹਮ ਦੇ ਉਪਾਸ਼ਕ ਸਨ। ਧਾਰਨਾ ਦੀ ਪੁਸ਼ਟੀ ਲਈ ਹੋਰ ਉਦਾਹਰਨਾਂ ਵੀ ਦਿੱਤੀਆਂ ਜਾ ਸਕਦੀਆਂ ਹਨ, ਪਰ ਉਪਰੋਕਤ ਸ਼ਬਦ ਵਿਚ ਉਹ ਸਭ ਕੁਝ ਆ ਗਿਆ ਹੈ ਜਿਸ ਨੂੰ ਸਾਬਤ ਕਰਨ ਦਾ ਉਪਰਾਲਾ, ਇਸ ਲੇਖ ਵਿਚ ਕੀਤਾ ਗਿਆ ਹੈ। ■

# ਗੁਰ ਸਾਖੀਆਂ 'ਚ ਸਿੱਖਿਆ

*-ਡਾ. ਇੰਦਰਜੀਤ ਸਿੰਘ ਗੋਗੋਆਣੀ**

ਗੁਰਮਤਿ ਦੇ ਪ੍ਰਚਾਰ ਦੇ ਪਾਸਾਰ ਲਈ 'ਸਾਖੀ ਸਾਹਿਤ' ਦਾ ਆਪਣਾ ਪ੍ਰਭਾਵਸ਼ਾਲੀ ਪ੍ਰਤਾਪ ਹੈ। ਮੁੱਖ ਕਾਰਨ- 'ਸਿਧਾਂਤ' ਨੂੰ ਬਹੁਤ ਹੀ ਸੂਖਸ਼ਮ ਰੂਪ ਵਿਚ ਸਮਝਣਾ ਤੇ ਸਮਝਾਉਣਾ ਹੁੰਦਾ ਹੈ। ਕਈ ਵਾਰ ਸ਼ਬਦ ਦੇ ਪ੍ਰਕਰਣ ਨੂੰ ਸਮਝੇ ਬਗੈਰ ਸਧਾਰਨ ਬੁੱਧੀ ਟਪਲਾ ਵੀ ਖਾ ਜਾਂਦੀ ਹੈ। ਜਿਵੇਂ: ਇਹ ਸੰਸਾਰ ਸੱਚਾ ਘਰ ਵੀ ਹੈ: *ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ* ਦੂਜੇ ਪਾਸੇ ਸੰਸਾਰ ਬਿਨਸਨਹਾਰ ਝੂਠ ਵੀ ਹੈ: *ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥* ਇਸੇ ਤਰ੍ਹਾਂ ਇਸ਼ਨਾਨ ਤੇ ਸਰੋਵਰ ਦੀ ਮਹਿਮਾ ਵੀ ਹੈ: *ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ॥* ਦੂਜੇ ਪਾਸੇ ਅਮਲ ਵਿਹੂਣੇ ਜੀਵਨ ਲਈ ਇਸ਼ਨਾਨ ਦਾ ਖੰਡਨ ਵੀ ਹੈ: *ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ॥*

ਇੱਥੇ ਦੀਰਘ ਅਧਿਐਨ ਤੋਂ ਬਗੈਰ ਤਰਕੀ ਤੇ ਇੱਕ-ਪੱਖੀ ਸੋਚ ਸਭ ਕੁਝ ਖੰਡਨ ਵੀ ਕਰ ਸਕਦੀ ਹੈ। ਇਸੇ ਤਰ੍ਹਾਂ 'ਵਿਚਾਰ ਗੋਸ਼ਟੀ' ਤੇ ਸੰਵਾਦ ਦਾ ਵੀ ਵਿਸ਼ੇਸ਼ ਮਾਨਸਿਕ ਪੱਧਰ ਹੁੰਦਾ ਹੈ ਜੋ ਸਮਾਨ ਤੇ ਬਿਬੇਕ ਬੁੱਧੀ ਵਾਲੇ ਨਾਲ ਤਾਂ ਹੋ ਸਕਦਾ ਹੈ ਪਰ ਨੀਮ ਤੇ ਤਰਕ ਬੁੱਧ ਵਾਲਾ ਕੇਵਲ ਝਗੜੇ ਤਕ ਸੀਮਤ ਹੋ ਜਾਂਦਾ ਹੈ। ਇਸ ਤੋਂ ਅੱਗੇ 'ਸਾਖੀ' ਹੈ ਤੇ ਸਾਖੀ ਵਿਚ ਐਸੀ ਪ੍ਰੇਰਨਾ ਹੁੰਦੀ ਹੈ ਜੋ ਧਰਮ ਦੇ ਪਾਂਧੀਆਂ ਦੀ ਸੁਰਤ ਨੂੰ ਬਲਵਾਨ ਕਰਦੀ ਹੈ। ਸਤਿਗੁਰਾਂ ਦਾ ਫ਼ਰਮਾਨ ਹੈ: *ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ* ਭਾਵ ਵਿਰਸੇ ਤੇ ਵਿਰਾਸਤ ਵਿਚ ਪੁਰਖਿਆਂ ਦੀਆਂ ਕਥਾਵਾਂ ਪੁੱਤਰਾਂ ਨੂੰ ਸਪੁੱਤਰ ਬਣਾਉਂਦੀਆਂ ਹਨ। ਇਸੇ ਤਰ੍ਹਾਂ ਗੁਰ ਇਤਿਹਾਸ ਵਿਚ ਸਾਖੀਆਂ ਸਾਡੀ ਅਮੀਰ ਵਿਰਾਸਤ ਹੈ ਜੋ ਸਿੱਖਿਆ ਰਾਹੀਂ ਕੌਮੀ ਵਾਰਸਾਂ ਦਾ ਹਰ ਯੁੱਗ ਵਿਚ ਮਾਰਗ-ਦਰਸ਼ਨ ਕਰਦੀਆਂ ਰਹਿਣਗੀਆਂ।

'ਸਾਖੀ' ਤੋਂ ਕੀ ਭਾਵ ਹੈ? 'ਮਹਾਨ ਕੋਸ਼' ਅਨੁਸਾਰ: ਸਾਖੀ-ਸੰਗਯਾ: ਇਤਿਹਾਸ ਅਥਵਾ ਕਥਾ ਜੋ ਅੱਖੀਂ ਡਿੱਠੀ ਕਹੀ ਗਈ ਹੋਵੇ-ਭਾਵ ਸਿਖਯਾ, ਨਸੀਹਤ, ਸ੍ਰੀ ਗੁਰੂ ਗ੍ਰੰਥ ਕੋਸ਼ ਅਨੁਸਾਰ: ਸਾਖੀ (ਦੇਸ਼ ਭਾਸ਼ਾ ਸੰਸਕ੍ਰਿਤ: ਸਾਕਸ਼ੀ-ਸ + ਅਕਸ਼ੀ = ਜੋ ਅੱਖ ਦੇ ਸਾਹਮਣੇ ਹੋਵੇ। ਅੱਖੀਂ ਡਿੱਠੀ ਗੱਲ ਦਾ ਦੱਸਣਾ, ਇਸ ਤੋਂ ਅੱਗੇ ਕਥਾ, ਵਾਰਤਾ ਅਰਥ ਬਣੇ ਹਨ ਤੇ ਸਿਖਯਾ, ਗਵਾਹੀ ਅਰਥ ਵੀ ਹਨ।

ਅਸੀਂ ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ

** ਪ੍ਰਿੰਸੀਪਲ, ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ, ਜੀ.ਟੀ. ਰੋਡ, ਸ੍ਰੀ ਅੰਮ੍ਰਿਤਸਰ। ਮੋ. ੯੮੧੫੯੮੫੫੫੯*

ਇਤਿਹਾਸ ਵਿੱਚੋਂ ਪ੍ਰਚਲਿਤ ਛੇ ਸਾਖੀਆਂ ਚੁਣੀਆਂ ਹਨ। ਸਾਖੀਆਂ ਵਿੱਚੋਂ ਸਿੱਖਿਆ ਕੀ ਮਿਲਦੀ ਹੈ, ਇਹ ਤੱਤਸਾਰ ਹੈ।

**ਸੂਖਮ ਉਲਾਂਭਾ ਤੇ ਨਿਗੁਰੇ ਦੀ ਗੁਰੂ ਤਾਂਘ**

ਪ੍ਰਚਲਿਤ ਸਾਖੀ ਹੈ ਕਿ ਸ੍ਰੀ ਅਮਰਦਾਸ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਨਾਲ ਮਿਲਾਪ ਤੋਂ ਪਹਿਲਾਂ ਆਪਣੀ ਪਰਿਵਾਰਕ ਮਨਾਉਤ ਅਨੁਸਾਰ ਕਈ ਵਾਰ ਗੰਗਾ ਦੀ ਯਾਤਰਾ 'ਤੇ ਗਏ। ਲਗਪਗ ੨੦ਵੀਂ ਯਾਤਰਾ ਦੇ ਸਮੇਂ ਇਕ ਬ੍ਰਹਮਚਾਰੀ ਸਾਧੂ ਨਾਲ ਮਿਲਾਪ ਹੋਇਆ ਤਾਂ ਉਸਦਾ ਸਹਿਜ ਸਵਾਲ ਸੀ, 'ਤੁਹਾਡਾ ਗੁਰੂ ਕੌਣ ਹੈ?' ਸ੍ਰੀ ਅਮਰਦਾਸ ਜੀ ਦਾ ਉੱਤਰ ਕਿ ਅਜੇ ਤਕ ਮੈਂ ਕੋਈ ਵੀ ਗੁਰੂ ਧਾਰਨ ਨਹੀਂ ਕੀਤਾ।

ਬ੍ਰਹਮਚਾਰੀ ਸਾਧੂ ਨੇ ਤਲਖੀ ਵਿਚ ਕਿਹਾ ਕਿ, "ਨਿਗੁਰੇ ਬੰਦੇ ਦਾ ਤਾਂ ਦਰਸ਼ਨ ਹੀ ਬੁਰਾ ਹੁੰਦਾ ਐ!" ਹੁਣ ਬ੍ਰਹਮਚਾਰੀ ਤਾਂ ਇਹ ਬੋਲ ਸੁਣਾ ਕੇ ਤੁਰ ਗਿਆ ਪਰ ਸ੍ਰੀ ਅਮਰਦਾਸ ਜੀ ਗੁਰੂ ਮਿਲਾਪ ਲਈ ਬੇਚੈਨ ਹੋ ਗਏ।

ਇਸ ਸਾਖੀ ਵਿਚ ਸਿੱਖਿਆ ਲਈ ਕਈ ਸਵਾਲ ਤੇ ਜਵਾਬ ਹਨ। ਪਹਿਲਾ – ਕੇਵਲ ਪਰੰਪਰਾਗਤ ਯਾਤਰਾ ਤੇ ਜੀਵਨ ਕਰਮ ਤਾਂ ਸੀ ਪਰ ਪ੍ਰਾਪਤੀ ਤੇ ਸੰਤੁਸ਼ਟੀ ਨਹੀਂ ਸੀ। ਦੂਜਾ – ਅੰਤਰ ਆਤਮਾ ਦੀ ਤੜਪ ਹਰ ਵਾਰੀ ਕੁਝ ਢੂੰਡਣ ਜ਼ਰੂਰ ਜਾਂਦੀ ਹੈ ਪਰ ਲੱਭ ਨਹੀਂ ਰਿਹਾ। ਤੀਜਾ – ਹਿਰਦਾ ਰੂਪੀ ਸੇਜ ਤਾਂ ਸੰਵਰੀ ਹੈ ਪਰ ਸਥਾਪਤ ਟਿਕਾਓ ਕਿਸੇ ਦਾ ਨਹੀਂ। ਚੌਥਾ– ਸਾਧੂ ਭਾਵੇਂ ਕਿਸੇ ਮੱਤ ਦਾ ਵੀ ਹੋਵੇ ਪਰ ਜੇਕਰ ਸੱਚਾ ਸਾਧੂ ਹੈ ਤਾਂ ਉਹਦੀ ਸਿੱਖਿਆ ਪ੍ਰਭਾਵ ਜ਼ਰੂਰ ਰੱਖਦੀ ਹੈ। ਪੰਜਵਾਂ – ਸਭ ਤੋਂ ਵਿਸ਼ੇਸ਼ ਸਿੱਖਿਆ ਸਿੱਖ ਸਮਾਜ ਲਈ ਹੈ ਕਿ ਜੋ ਅਜੇ ਤਕ ਨਿਗੁਰੇ ਹਨ ਤਾਂ ਗੁਰੂ ਵਾਲੇ ਕਿਵੇ ਬਣਨਾ ਹੈ?

ਸਿੱਖ ਕੌਮ ਵਿਚ ਦੋ ਲੰਗਰ ਸੱਜਦੇ ਹਨ: ਪੰਗਤ ਵਿਚ – ਤਨ ਦਾ ਅਤੇ ਸੰਗਤ ਵਿਚ – ਮਨ ਦਾ (ਭਾਵ ਵਿਚਾਰਾਂ ਦਾ)। ਦੋ ਪੱਖਾਂ ਤੋਂ ਹੀ ਕਿਸੇ ਮਨੁੱਖ ਦੀ ਪਹਿਚਾਣ ਹੁੰਦੀ ਹੈ। ਬਾਹਰੀ ਰੂਪ – ਕਿਸ ਧਰਮ ਦਾ ਹੈ ਤੇ ਉਹਦਾ ਬਾਣਾ, ਲਿਬਾਸ–ਬਿਨ ਬੋਲਿਆਂ ਪ੍ਰਗਟ ਹੋ ਜਾਂਦਾ ਹੈ। ਅੰਦਰੂਨੀ ਰੂਪ ਵਿਵਹਾਰ ਕਰਕੇ, ਉਹਦੇ ਵਿਚਾਰ, ਬੋਲ ਬਾਣੀ, ਮੰਨਤਾਂ ਮਨਾਉਤਾਂ ਤੇ ਕਰਨੀ ਉਹਦਾ ਸ਼ਖ਼ਸੀ ਪ੍ਰਭਾਵ ਹੁੰਦਾ ਹੈ। ਦਰਅਸਲ ਬਾਣੀ ਤੇ ਬਾਣੇ ਦੋਨਾਂ ਦੇ ਸੰਪੂਰਨ ਸੰਯੋਗ ਨੇ ਹੀ ਕਲਾ ਵਰਤਾਉਣੀ ਹੈ। ਚਿੰਤਨ ਤੇ ਚੇਤਨਾ ਦੀ ਲੋੜ ਹੈ।

**ਸ਼ਬਦ ਦੀ ਚੋਟ, ਚੇਤਨਾ ਤੇ ਪਰਿਵਰਤਨ**

ਪਹਿਲੀ ਨਾਲ ਮਿਲਦੀ 'ਦੂਜੀ ਸਾਖੀ' ਅਨੁਸਾਰ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ– ਬੀਬੀ ਅਮਰੋ ਜੀ – ਸ੍ਰੀ ਅਮਰਦਾਸ ਜੀ ਦੇ ਭਤੀਜੇ ਨੂੰ ਵਿਆਹੀ ਹੋਈ ਸੀ। ਉਹ ਅੰਮ੍ਰਿਤ ਵੇਲੇ ਪਰਵਾਰ ਵੱਲੋਂ ਬਖਸ਼ਿਸ਼ ਹੋਏ ਜੀਵਨ ਸੰਸਕਾਰਾਂ ਅਨੁਸਾਰ ਗੁਰਬਾਣੀ ਪੜ੍ਹ ਰਹੀ ਸੀ– *ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ*

*ਪਏ॥* ਇਹ ਸ਼ਬਦ ਸੁਣ ਕੇ ਸ੍ਰੀ ਅਮਰਦਾਸ ਜੀ ਦੇ ਮਨ ਉਪਰ ਗਹਿਰਾ ਪ੍ਰਭਾਵ ਪਿਆ। ਉਨ੍ਹਾਂ ਪੁੱਛਿਆ, ਇਹ ਕਿਸਦੀ ਬਾਣੀ ਹੈ? ਬੀਬੀ ਅਮਰੋ ਜੀ ਨੇ ਉੱਤਰ ਦਿੱਤਾ ਕਿ ਇਹ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ। ਇਹ ਤਾਂ ਤੁਸੀਂ ਜਾਣਦੇ ਹੀ ਹੋ ਕਿ ਉਨ੍ਹਾਂ ਦੀ ਗੱਦੀ 'ਤੇ ਮੇਰੇ ਪਿਤਾ ਜੀ ਬਿਰਾਜਮਾਨ ਹਨ।

ਇਹ ਸ਼ਬਦ ਸੁਣ ਕੇ ਸ੍ਰੀ ਅਮਰਦਾਸ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਨ ਤੇ ਉਨ੍ਹਾਂ ਨੂੰ ਗੁਰੂ ਧਾਰਨ ਦਾ ਨਿਰਣਾ ਕਰ ਲਿਆ। ਆਪ ਬਿਨਾਂ ਦੇਰੀ ਸ੍ਰੀ ਖਡੂਰ ਸਾਹਿਬ ਵਿਖੇ ਗੁਰੂ ਦਰਬਾਰ ਵਿਚ ਪਹੁੰਚ ਗਏ ਤੇ ਸਤਿਗੁਰਾਂ ਦੇ ਹੋ ਕੇ ਰਹਿ ਗਏ।

ਇਸ ਸਾਖੀ ਵਿਚ ਇਕ ਗੱਲ ਤਾਂ ਸਪੱਸ਼ਟ ਹੈ ਕਿ 'ਧੁਰ ਕੀ ਬਾਣੀ' ਦੀ ਕਲਾ ਵਰਤੀ ਹੈ ਕਿ ਲੰਬੇ ਸਮੇਂ ਤੋਂ ਬੇਚੈਨ ਆਤਮਾ ਨੂੰ ਚੈਨ ਮਹਿਸੂਸ ਹੋਇਆ ਤੇ ਉਹ ਅਸਲ ਘਰ ਵੱਲ ਚੱਲ ਪਈ। ਦੂਜੀ ਗੱਲ-ਅੰਮ੍ਰਿਤ ਵੇਲੇ ਦੀ ਮਹਿਮਾ ਹੈ, ਅਜਿਹੇ ਸ਼ਾਂਤਮਈ ਮੰਡਲ ਵਿਚ ਸ਼ਬਦ ਦਾ ਪ੍ਰਤਾਪ ਵਿਚਾਰਾਂ ਦੀਆਂ ਉਲਝਣਾਂ ਨੂੰ ਸੁਲਝਾਉਂਦਾ ਹੈ। ਤੀਜੀ ਗੱਲ- ਉੱਤਮ ਸੰਸਕਾਰ ਨਿੱਜੀ ਜੀਵਨ ਹੀ ਨਹੀਂ ਬਦਲਦੇ, ਸਗੋਂ ਹੋਰਾਂ ਦੇ ਜੀਵਨ ਨੂੰ ਬਦਲਣ ਦੀ ਸਮਰੱਥਾ ਰੱਖਦੇ ਹਨ। ਚੌਥੀ ਗੱਲ - ਸ਼ਬਦ ਦੇ ਅੰਤਰੀਵ ਭਾਵ ਨੂੰ ਸਮਝਣ ਦੀ ਵੀ ਹੈ ਤੇ ਸਰੋਤ ਵੀ ਡੂੰਘਾ ਹੋਣਾ ਜ਼ਰੂਰੀ ਹੈ। ਪੰਜਵੀਂ ਗੱਲ - ਸ਼ਰਧਾ ਤੇ ਲਗਨ ਹੋਵੇ ਤਾਂ ਰਸਤੇ ਵੀ ਲੱਭ ਪੈਂਦੇ ਹਨ। ਸਦਾ ਬਿਬੇਕ ਬੁੱਧੀ ਤੇ ਗੁਰੂ ਭਰੋਸਾ ਕਲਾ ਵਰਤਾਉਂਦਾ ਹੈ।

**ਸੰਗਤੀ ਜੋੜ ਮੇਲਾ ਤੇ ਧਰਮ ਪ੍ਰਚਾਰ:**

ਪ੍ਰਚਲਿਤ ਇਤਿਹਾਸਿਕ ਸਾਖੀ ਹੈ ਕਿ ਜਦ ਗੋਇੰਦੇ ਖੱਤਰੀ ਦੀ ਬੇਨਤੀ ਮੰਨ ਕੇ ੧੫੪੯ ਈ. ਵਿਚ ਤੀਜੇ ਪਾਤਿਸ਼ਾਹ ਜੀ ਨੇ ਗੋਇੰਦਵਾਲ ਸਾਹਿਬ ਵਸਾਇਆ। ਫਿਰ ੧੫੬੪ ਈ. ਵਿਚ ਬਾਉਲੀ ਸਾਹਿਬ ਦੀ ਸੰਪੂਰਨਤਾ ਹੋਈ। ਸਾਖੀ ਅਨੁਸਾਰ ਇੱਕ ਪ੍ਰੇਮੀ ਸਿੱਖ ਭਾਈ ਪਾਰੋ ਜੀ ਨੇ ਬੇਨਤੀ ਕੀਤੀ ਕਿ ਸੱਚੇ ਪਾਤਿਸ਼ਾਹ ਜੀ! ਵੱਖ-ਵੱਖ ਥਾਵਾਂ ਤੋਂ ਬੇਅੰਤ ਸੰਗਤ ਆਪ ਜੀ ਦੇ ਦਰਸ਼ਨ ਕਰਨ ਆਉਂਦੀ ਹੈ ਤੇ ਸਾਨੂੰ ਕੋਈ ਸਾਂਝੇ ਜੋੜ ਮੇਲੇ ਦਾ ਦਿਨ ਪੱਕਾ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਸੰਗਤ ਵਿਸ਼ੇਸ਼ ਦਿਨ 'ਤੇ ਇਕੱਠੀ ਹੋ ਜਾਇਆ ਕਰੇਗੀ। ਸਤਿਗੁਰਾਂ ਬਖਸ਼ਿਸ਼ ਕੀਤੀ ਤਾਂ ੧੫੬੭ ਈ. ਨੂੰ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਵੈਸਾਖੀ ਦਾ ਜੋੜ ਮੇਲਾ ਸ਼ੁਰੂ ਹੋਇਆ। ਸਮਾਂ ਪਾ ਕੇ ਇਹ ਦਿਨ ਸਾਡਾ ਕੌਮੀ ਤਿਉਹਾਰ ਬਣ ਗਿਆ।

ਪਹਿਲੀ ਸਿੱਖਿਆ- ਗੋਇੰਦੇ ਖੱਤਰੀ ਦੀ ਬੇਨਤੀ ਮੰਨ ਕੇ ਸ੍ਰੀ ਗੋਇੰਦਵਾਲ ਨਗਰ ਵਸਾਇਆ ਸੀ ਅਤੇ ਇੱਕ ਵੱਡਾ ਭਰਮ ਵੀ ਸੀ ਕਿ ਇੱਥੇ ਪਰੇਤ ਵੱਸਦੇ ਹਨ ਜੋ ਨਗਰ ਬੱਝਣ ਨਹੀਂ ਦਿੰਦੇ। ਸਮਾਜ ਨੂੰ ਇੱਥੋਂ ਵੱਡਾ ਸੰਦੇਸ਼ ਮਿਲਿਆ ਕਿ ਜਿੱਥੇ ਗੁਰਬਾਣੀ ਦਾ ਜਾਪ ਹੋਵੇ ਉੱਥੇ ਕੋਈ ਬੁਰੀ ਰੂਹ ਨਹੀਂ ਰਹਿ ਸਕਦੀ। ਇਹ ਗੁਰਬਾਣੀ

ਦੇ ਪਰਤਾਪ ਨੂੰ ਸਮਝਣ ਤੇ ਸਮਝਾਉਣ ਦਾ ਇਤਿਹਾਸਿਕ ਹਵਾਲਾ ਹੈ। ਦੂਜੀ ਸਿੱਖਿਆ- ਸ੍ਰੀ ਬਾਉਲੀ ਸਾਹਿਬ, ਸਿੱਖ ਤੀਰਥਾਂ ਵਿੱਚੋਂ ਪਹਿਲਾ ਤੀਰਥ ਹੈ। ਸਿੱਖ ਸਮਾਜ ਨੂੰ ਅਨੇਕ ਤੀਰਥਾਂ ਦੀ ਟੇਕ ਤੇ ਭਟਕਣਾ ਤੋਂ ਮੋੜ ਕੇ ਗੁਰੂ-ਘਰ ਦੇ ਕੇਂਦਰੀ ਸਥਾਨ ਨਾਲ ਪ੍ਰਪੱਕ ਰੂਪ ਵਿੱਚ ਜੋੜਨ ਦਾ ਇਹ ਅਮਲੀ ਰੂਪ ਸੀ। ਤੀਜੀ ਸਿੱਖਿਆ- ਇੱਥੇ 'ਪਹਿਲੇ ਪੰਗਤ ਪਾਛੈ ਸੰਗਤ' ਦੀ ਪ੍ਰੇਰਨਾ ਨੇ ਸਿਧਾਂਤਕ ਪੱਖੋਂ ਜਾਤ ਅਭਿਮਾਨੀਆਂ ਨੂੰ ਗੁਰੂ ਨਾਨਕ ਘਰ ਦਾ ਸੰਦੇਸ਼ ਦ੍ਰਿੜ੍ਹ ਕਰਵਾਇਆ। ਚੌਥੀ ਸਿੱਖਿਆ- ਜੋੜ ਮੇਲੇ ਦੀ ਮਹਾਨਤਾ ਕੀ ਹੈ ਅਤੇ ਜੋੜ ਮੇਲੇ ਕੀ ਪ੍ਰਭਾਵ ਪਾਉਂਦੇ ਹਨ। ਜੋੜ ਮੇਲਿਆਂ ਦੀ ਸਦਾ ਪ੍ਰਤੱਖ ਕਲਾ ਵਰਤਦੀ ਹੈ ਕਿ ਇਹ ਗੁਰੂ-ਘਰ ਤੋਂ ਤੋੜਨ ਵਾਲਿਆਂ ਨੂੰ ਕਦੀ ਤੋੜਨ ਨਹੀਂ ਦਿੰਦੇ, ਸਗੋਂ ਸਿੱਖ ਤੇ ਗੁਰੂ ਦਾ ਰਿਸ਼ਤਾ ਹੋਰ ਪੀਡਾ ਹੁੰਦਾ ਹੈ। ਇਹ ਹਕੀਕਤ ਹੈ ਕਿ ਇੱਕ ਜਥੇਬੰਦਕ ਧਰਮ ਦੇ ਪ੍ਰਚਾਰ ਤੇ ਪਾਸਾਰ ਲਈ ਜੋੜ ਮੇਲਿਆਂ ਦੀ ਸਾਰਥਿਕਤਾ ਬਰਕਰਾਰ ਰਹਿਣੀ ਚਾਹੀਦੀ ਹੈ। ਸਿੱਖ ਸੱਭਿਆਚਾਰ ਵਿਚ ਗੁਰਪੁਰਬ, ਮੱਸਿਆ, ਪੁੰਨਿਆ, ਸੰਗਰਾਂਦ ਤੇ ਸ਼ਹੀਦਾਂ ਦੀ ਯਾਦ ਵਿਚ ਲੱਗਦੇ ਗੁਰਮਤੀ ਜੋੜ ਮੇਲਿਆਂ ਨੇ ਧਿਰ ਤੇ ਧੁਰਾ ਬਣ ਕੇ ਸਦਾ ਵੱਡੀ ਭੂਮਿਕਾ ਨਿਭਾਈ ਹੈ ਤੇ ਨਿਭਾ ਵੀ ਰਹੇ ਹਨ।

ਧਰਮ ਪ੍ਰਚਾਰ ਲਈ ਅਜੋਕੇ ਸਮੇਂ ਵਿਚ ਵੀ ਇਨ੍ਹਾਂ ਦੀ ਸ਼ਕਤੀ ਨੂੰ ਸਮਝਣਾ ਜ਼ਰੂਰੀ ਹੈ ਭਾਵੇਂ ਕੋਈ ਵੀ ਇਤਿਹਾਸਿਕ ਗੁਰਪੁਰਬ, ਗੁਰਮਤਿ ਸਮਾਗਮ ਹੋਵੇ, ਭਾਵੇਂ ਸੁਖਮਨੀ ਸਾਹਿਬ ਸੇਵਾ-ਸੁਸਾਇਟੀਆਂ ਦਾ ਸਮਾਗਮ ਤੇ ਭਾਵੇ ਦੇਸ਼ਾਂ-ਵਿਦੇਸ਼ਾਂ ਵਿਚ ਚੌਪਹਿਰਾ ਸਮਾਗਮ ਸਮੇਂ ਗੁਰਬਾਣੀ ਜਾਪ ਕਰਦੀ ਸੰਗਤ ਹੋਵੇ ਆਦਿ ਸਭ ਗੁਰ ਸੰਗਤੀ ਜੋੜ ਮੇਲੇ ਧਰਮ ਪ੍ਰਚਾਰ ਦੇ ਵੱਡੇ ਮਾਧਿਅਮ ਹਨ।

**ਸੰਸਾਰੀ ਪ੍ਰੀਖਿਆ ਵਿਚ ਨਿਰੰਕਾਰੀ ਉਪਦੇਸ਼:**

ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਇਤਿਹਾਸ ਵਿਚ ਥੜ੍ਹੇ ਬਣਾਉਣ ਵਾਲੀ ਸਾਖੀ ਸਭਨਾ ਦੀ ਸਿਮਰਤੀ ਵਿਚ ਹੈ। ਇੱਕ ਦਿਨ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਦੋਨੋਂ ਦਾਮਾਦ- ਭਾਈ ਰਾਮਾ ਜੀ ਤੇ ਸ੍ਰੀ ਰਾਮਦਾਸ ਜੀ ਨੂੰ ਫ਼ਰਮਾਇਆ ਕਿ ਸਾਡੇ ਟਿਕਾਣੇ ਲਈ ਇਸ ਸਥਾਨ ਉੱਪਰ ਦੋ ਸੋਹਣੇ ਥੜ੍ਹੇ ਉਸਾਰੋ।

ਦੋਨਾਂ ਨੇ ਪੂਰੀ ਰੀਝ ਨਾਲ ਥੜ੍ਹੇ ਬਣਾਏ ਅਤੇ ਜਦ ਸ਼ਾਮ ਨੂੰ ਤੀਜੇ ਪਾਤਿਸ਼ਾਹ ਜੀ ਨੇ ਦੇਖੇ ਤਾਂ ਕਿਹਾ ਕਿ ਇਹ ਥੜ੍ਹੇ ਠੀਕ ਨਹੀਂ ਬਣੇ ਹਨ। ਇਸ ਤਰ੍ਹਾਂ ਜਦ ਦੋ-ਤਿੰਨ ਵਾਰ ਥੜ੍ਹੇ ਨਾ ਪਸੰਦ ਕੀਤੇ ਗਏ ਤਾਂ ਭਾਈ ਰਾਮਾ ਜੀ ਪੁਕਾਰ ਉੱਠੇ ਕਿ, "ਸਤਿਗੁਰੂ ਜੀ! ਤੁਹਾਡੀ ਆਵਸਥਾ ਵਡੇਰੀ ਹੋਣ ਕਰਕੇ ਭੁੱਲ ਜਾਂਦੇ ਹੋ, ਮੈਂ ਤਾਂ ਤੁਹਾਡੇ ਕਹੇ ਅਨੁਸਾਰ ਹੀ ਬਣਾਉਂਦਾ ਹਾਂ ਅਤੇ ਇਸ ਤੋਂ ਚੰਗਾ ਹੋਰ ਮੈਂ ਬਣਾ ਵੀ ਨਹੀਂ ਸਕਦਾ।"

ਦੂਜੇ ਪਾਸੇ ਸ੍ਰੀ ਰਾਮਦਾਸ ਜੀ ਦਾ ਉੱਤਰ ਸੀ ਕਿ, "ਸੱਚੇ ਸਤਿਗੁਰੂ ਜੀ !

ਬਖਸ਼ ਦਿਓ – ਮੈਂ ਅੰਜਾਣ ਹਾਂ, ਤੁਹਾਡੇ ਬਚਨ ਸਮਝਣ ਵਿਚ ਮੇਰੇ ਕੋਲੋਂ ਕੋਈ ਕਸਰ ਰਹਿ ਜਾਂਦੀ ਹੈ। ਤੁਸੀਂ ਹੀ ਕਿਰਪਾ ਕਰੋ ਕਿ ਮੈਂ ਠੀਕ ਬਣਾ ਸਕਾਂ।"

ਦਰਅਸਲ ਇਹ ਤਾਂ ਇੱਕ ਸੰਸਾਰੀ ਪ੍ਰੀਖਿਆ ਸੀ। ਤੱਤਗਿਆਨ ਕਿ ਇੱਕ ਸਿੱਖ ਦਾ ਸਤਿਗੁਰਾਂ ਪ੍ਰਤੀ ਪਿਆਰ, ਸਹਿਜਤਾ, ਨਿਮਰਤਾ, ਸਹਿਣਸ਼ੀਲਤਾ ਤੇ ਹੁਕਮ ਮੰਨਣ ਦੀ ਸਮਰੱਥਾ ਦਾ ਇਮਤਿਹਾਨ ਸੀ। ਥੜ੍ਹੇ ਦੀ ਬਾਹਰੀ ਸਿਰਜਣਾ-ਹਿਰਦਾ ਰੂਪੀ ਥੜ੍ਹੇ ਦੀ ਉਸਾਰੀ ਸੀ ਜਿੱਥੇ 'ਗੁਰੂ ਨਾਨਕ ਜੋਤ' ਨੇ ਆਸਣ ਧਾਰਨ ਕਰਨਾ ਸੀ।

ਇੱਥੇ ਸਾਡੇ ਸੰਸਾਰੀਆਂ ਲਈ ਸਿੱਖਿਆ ਹੈ ਕਿ ਉੱਚ ਅਹੁਦੇ ਤੇ ਵੱਡੀਆਂ ਜ਼ਿੰਮੇਵਾਰੀਆਂ-ਸੰਤੋਖ ਤੇ ਸਹਿਣਸ਼ੀਲਤਾ ਤੋਂ ਬਗੈਰ ਨਹੀਂ ਨਿਭ ਸਕਦੀਆਂ। ਬਹਿਰੂਨੀ ਘਟਨਾਵਾਂ- ਅੰਦਰੂਨੀ ਘਾੜਤ ਦਾ ਆਧਾਰ ਹੁੰਦੀਆਂ ਹਨ। ਵਿਰਸੇ ਤੇ ਵਿਰਾਸਤ ਵਿਚ ਮਿਲੀਆਂ ਸਿੱਖਿਆਵਾਂ ਗੁਰੂ ਵਾਰਸਾਂ ਲਈ ਸਦੀਵ ਪ੍ਰੇਰਕ ਸ਼ਕਤੀ ਹੁੰਦੀਆਂ ਹਨ।

**ਹਉਮੈਂ ਅਤੇ ਹਲੀਮੀ ਦੀ ਜੰਗ ਵਿਚ ਕੌਣ ਜਿੱਤਿਆ:**

ਪ੍ਰਚਲਿਤ ਸਾਖੀ ਅਨੁਸਾਰ ਇਕ ਵਾਰ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ- ਸ੍ਰੀ ਗੁਰੂ ਰਾਮਦਾਸ ਜੀ ਨੂੰ ਮਿਲਣ ਵਾਸਤੇ ਸ੍ਰੀ ਰਾਮਦਾਸਪੁਰ (ਸ੍ਰੀ ਅੰਮ੍ਰਿਤਸਰ) ਵਿਖੇ ਆਏ। ਸਤਿਗੁਰੂ ਜੀ ਬਹੁਤ ਹੀ ਆਦਰ ਸਤਿਕਾਰ ਨਾਲ ਮਿਲੇ। ਫਿਰ ਬਾਬਾ ਸ੍ਰੀ ਚੰਦ ਜੀ ਦੇ ਮਨ ਵਿਚ ਫੁਰਨਾ ਆਇਆ ਕਿ ਵੇਖੀਏ ਤਾਂ ਸਹੀ ਕਿਹੜੇ ਗੁਣਾਂ ਸਦਕਾ ਸ੍ਰੀ ਗੁਰੂ ਨਾਨਕ ਜੀ ਦੀ ਗੁਰਿਆਈ, ਸ੍ਰੀ ਗੁਰੂ ਰਾਮਦਾਸ ਜੀ ਪਾਸ ਹੈ।

ਬਾਬਾ ਸ੍ਰੀ ਚੰਦ ਜੀ ਨੇ ਕਿਹਾ ਕਿ, "ਪੁਰਖਾ ! ਦਾੜ੍ਹਾ ਕਿਉਂ ਏਨਾ ਲੰਬਾ ਰੱਖਿਆ ਏ?" ਅੱਗੋਂ ਨਿਮਰਤਾ ਦੇ ਪੁੰਜ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਬੋਲੇ, "ਆਪ ਜੈਸੇ ਮਹਾਂਪੁਰਖਾਂ ਦੇ ਚਰਨ ਝਾੜਨ ਲਈ।" ਬਾਬਾ ਸ੍ਰੀ ਚੰਦ ਜੀ ਪੁਕਾਰ ਉਠੇ, "ਧੰਨ ਹੋ, ਧੰਨ ਹੋ!" ਦਰਅਸਲ ਗੁਰੂ ਨਾਨਕ ਘਰ ਦੇ ਤੁਸੀਂ ਹੀ ਸਹੀ ਅਧਿਕਾਰੀ ਹੋ। ਆਪ ਦੀ ਸਿੱਖੀ ਧੰਨ ਹੈ।

**ਸਿੱਖਿਆ:** ਭਾਵੇਂ ਉਨ੍ਹਾਂ ਦਾ ਉਦਾਸੀ ਮੱਤ ਸੀ, ਪਰ ਗੁਰੂ ਨਾਨਕ ਦੇ ਘਰ ਈਰਖਾ ਨਹੀਂ, ਪਿਆਰ ਹੈ। ਧਰਮ ਦੇ ਖੇਤਰ ਵਿਚ 'ਪ੍ਰੇਮ ਕਲਾ' ਹੀ ਅੰਤ ਫ਼ਤਹ ਪਾਉਂਦੀ ਹੈ। ਅਸੀਂ ਲਿਖਤਾਂ ਤੇ ਪ੍ਰਚਾਰ ਰਾਹੀਂ ਕਈ ਵਾਰ ਨਿਰਮਲੇ ਅਤੇ ਉਦਾਸੀਆਂ ਪ੍ਰਤੀ ਅਤਿ ਨੀਵੇਂ ਚਲੇ ਜਾਂਦੇ ਹਾਂ ਅਤੇ ਹੁਣ ਤਾਂ ਇਕ-ਦੂਜੇ ਪ੍ਰਤੀ ਵੀ ਨਫਰਤਵਾਦੀ ਪ੍ਰਚਾਰ ਵਧ ਗਿਆ ਹੈ। ਇੱਥੇ ਆਪਣੇ ਵਿਰਸੇ ਨੂੰ ਸਮਝਣਾ ਜ਼ਰੂਰੀ ਹੈ ਕਿ ਕੈਂਚੀਆਂ ਬਣ ਕੇ ਕੱਟਣ ਨਾਲ ਪ੍ਰਚਾਰ ਨਹੀਂ ਹੋਣਾ, ਸੂਈਆਂ ਬਣ ਕੇ ਕੱਟਿਆਂ ਨੂੰ ਸੀਉਣ ਦਾ ਯਤਨ ਕਰੀਏ। ਨਫਰਤਵਾਦੀ ਸ਼ਬਦ ਜਥੇਬੰਦਕ ਧਰਮ ਦਾ ਨੁਕਸਾਨ ਵਧੀਕ ਵੀ

ਕਰ ਜਾਂਦੇ ਹਨ। ਸੰਭਲਣ ਦਾ ਵੇਲਾ ਹੈ।

**ਸਿਮਰਨ ਦੀ ਮਹਿਮਾ ਤੇ ਸਿੱਖ ਸਮਾਜ:**

ਸ੍ਰੀ ਗੁਰੂ ਰਾਮਦਾਸ ਪਾਤਿਸ਼ਾਹ ਜੀ ਦੀ ਬਾਣੀ ਵਿਚ ਇੱਕ ਸ਼ਬਦ ਅਜਿਹਾ ਹੈ ਜੋ ਹਰੇਕ ਸਿੱਖ ਨੂੰ ਨਿੱਤ ਦੇ ਨੇਮ ਲਈ ਤੇ ਪ੍ਰਭੂ ਸਿਮਰਨ ਲਈ ਪ੍ਰਪੱਕ ਤੇ ਜਾਗ੍ਰਿਤ ਕਰਦਾ ਹੈ। ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੁਭਾਇਮਾਨ ਹੈ:

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੫)*

ਇਸ ਸਮੁੱਚੇ ਸ਼ਬਦ ਵਿਚ ਅੰਮ੍ਰਿਤ ਵੇਲੇ ਦੀ ਸੰਭਾਲ, ਸਿਮਰਨ ਤੇ ਗੁਰਮਤੀ ਜੀਵਨ ਦੀ ਮਰਯਾਦਾ ਹੈ। 'ਪਰਭਾਤੀ' ਸ਼ਬਦ ਦਾ ਕੋਸ਼ ਅਰਥ ਅੰਮ੍ਰਿਤ ਵੇਲਾ, ਤੜਕਾ, ਸਵੇਰ ਵੇਲਾ ਹੀ ਹੈ। (ਸੰਸਕ੍ਰਿਤ - ਪ੍ਰਭਾਤ): ਪ੍ਰਾਤਹਕਾਲ, ਬ੍ਰਹਮ ਮੁਹੂਰਤ, ਪਹੁ ਪਾਟਣ ਤੋਂ ਪਹਿਲਾਂ, ਰਾਤ੍ਰੀ ਦਾ ਪਿਛਲਾ ਹਿੱਸਾ, ਜਿਸ ਵਿਚ ਸ਼ੋਰ-ਸ਼ਰਾਬਾ ਨਹੀਂ ਹੁੰਦਾ, ਝਾਲਾਘੇ ਆਦਿ ਇਸ ਦੇ ਸਮਾਨ ਅਰਥੀ ਹਨ।

'ਸਿੱਖਾਂ ਦੀ ਭਗਤ ਮਾਲਾ' (ਕ੍ਰਿਤ: ਸ਼ਹੀਦ ਭਾਈ ਮਨੀ ਸਿੰਘ ਜੀ, ਸੰਪਾਦਿਤ: ਭਾਈ ਵੀਰ ਸਿੰਘ ਜੀ) ਵਿਚ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਦੀ ਸਾਖੀ ਹੈ: ਧਰਮ ਦਾਸੁ ਖੋਟੜਾ ਤੇ ਡੂਗਰ ਦਾਸ ਤਕਿਆਰੁ ਤੇ ਦੀਪਾ ਤੇ ਜੇਠਾ ਤੇ ਤੀਰਥਾ ਤੇ ਬੂਲਾ, ਸਭੇ ਗੁਰੂ ਰਾਮਦਾਸ ਜੀ ਦੇ ਪਾਸ ਆਏ। ਆਇਕੇ ਅਰਦਾਸ ਕੀਤੀਓਨੇ: ਜੀ ਤੁਸਾਡੀ ਸਰਨਿ ਆਏ ਹਾਂ, ਕਿਵੇਂ ਅਸਾਡਾ ਉਧਾਰੁ ਹੋਵੇ। ਤਾਂ ਬਚਨੁ ਹੋਇਆ: "ਤੁਸਾਂ ਆਪਣੇ ਮਨ ਕਾ ਹੰਕਾਰੁ ਤਿਆਗਣਾ, ਜਿਥੇ ਸਾਧ ਸੰਗਤਿ ਕਥਾ ਕੀਰਤਨ ਹੋਵੈ ਤਿੱਥੈ ਦੋਨੋ ਵੇਲੇ ਚਲਕੇ ਜਾਵਣਾ, ਪਿਛਲੀ ਰਾਤਿ ਉਠਿ ਕੇ ਇਸ਼ਨਾਨ ਕਰਕੈ ਵਾਹਿਗੁਰੂ ਦਾ ਨਾਮ ਜਪਣਾ॥... ਮੈਂ ਤੁਸਾਡਾ ਸਦਾ ਸੰਗੀ ਹੋਵਾਂਗਾ। ਇਸੇ ਕਰਕੇ ਉਨ੍ਹਾਂ ਦਾ ਕਲਿਆਣੁ ਹੋਇਆ॥"

ਇਨ੍ਹਾਂ ਸਮੂਹ ਸਾਖੀਆਂ ਦੀ ਸਿੱਖਿਆ ਬਿਬੇਕ ਬੁੱਧੀ ਨਾਲ ਸਮਝਣ ਵਾਲੀ ਹੈ। ਗੁਰਬਾਣੀ, ਗੁਰ ਇਤਿਹਾਸ, ਗੁਰ ਸਾਖੀਆਂ, ਗੁਰ ਬਚਨ ਤੇ ਗੁਰੂ ਜੱਸ ਆਦਿ ਸਭ ਰੂਹਾਨੀਅਤ ਦਾ ਲੰਗਰ ਹੈ, ਜੇਕਰ ਰੂਹ ਨਾਲ ਛਕਦੇ ਰਹੀਏ ਤਾਂ ਆਤਮਿਕ ਖੇੜਾ ਬਰਕਰਾਰ ਰਹੇਗਾ। ■

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥**
**ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥**
*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੫)*

# ਸ੍ਰੀ ਗੁਰੂ ਰਾਮਦਾਸ ਜੀ ਦਾ ਸਿੱਖ ਕੌਮ ਦੀ ਉਸਾਰੀ ਵਿਚ ਯੋਗਦਾਨ

*-ਡਾ. ਇੰਦਰਜੀਤ ਸਿੰਘ ਵਾਸੂ**

ਭਾਈ ਜੇਠਾ ਜੀ (ਸ੍ਰੀ ਗੁਰੂ ਰਾਮਦਾਸ ਜੀ) ਦਾ ਪ੍ਰਕਾਸ਼ ਚੂਨੀ ਮੰਡੀ, ਲਾਹੌਰ ਵਿਚ ੨੪ ਸਤੰਬਰ, ੧੫੩੪ ਈ. ਵਿਚ ਹੋਇਆ। ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੩੧ ਰਾਗਾਂ ਵਿੱਚੋਂ ੩੦ ਰਾਗਾਂ ਵਿਚ ਬਾਣੀ ਰਚੀ। ਉਨ੍ਹਾਂ ਦੀ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਨੁੱਖੀ ਨਵ-ਨਿਰਮਾਣ ਦੀ ਵਿਚਾਰਧਾਰਾ ਨੂੰ ਅੱਗੇ ਤੋਰਦੀ ਹੈ। ਰੱਬੀ ਪ੍ਰੀਤ ਤੇ ਬਿਰਹਾ, ਸਿਮਰਨ ਤੇ ਸੇਵਾ, ਸੱਚੀ ਲਗਨ ਤੇ ਕੁਰਬਾਨੀ ਉਨ੍ਹਾਂ ਦੇ ਜੀਵਨ-ਆਦਰਸ਼ ਉਨ੍ਹਾਂ ਦੁਆਰਾ ਕੌਮੀ ਸਿਰਜਣਾ ਦੀ ਨੀਂਹ ਬਣੇ। ਉਨ੍ਹਾਂ ਨੇ ਬੜ੍ਹੀ ਜ਼ਿੰਮੇਵਾਰੀ ਨਾਲ ਸਿੱਖ ਧਰਮ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਨਿਸ਼ਚਿਤ ਲੀਹਾਂ 'ਤੇ ਤੋਰਿਆ। ਉਨ੍ਹਾਂ ਦੁਆਰਾ ਰਚੀ ਬਾਣੀ ਰਾਹੀਂ ਅਸੀਂ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਹੇਠ ਲਿਖੇ ਅਨੁਸਾਰ ਸਮਝਣ ਦਾ ਯਤਨ ਕਰ ਸਕਦੇ ਹਾਂ:

**ਪ੍ਰਭੂ ਪ੍ਰਾਪਤੀ ਲਈ ਆਤਮ ਸਮਰਪਣ:-** ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਅਨੁਸਾਰ ਮਨੁੱਖ ਦਾ ਜੀਵਨ-ਮਨੋਰਥ ਪਰਮਾਤਮਾ ਅਥਵਾ ਪਰਮ ਹਕੀਕਤ ਦੀ ਪ੍ਰਾਪਤੀ ਹੈ। ਇਸ ਪ੍ਰਾਪਤੀ ਵਿਚ ਸਹਾਇਕ ਬਣਨ ਵਾਲੇ ਵਿਅਕਤੀ ਲਈ ਉਹ ਆਪਾ ਵੇਚਣ ਲਈ ਤਿਆਰ ਹਨ। ਇੱਥੋਂ ਤਕ ਕਿ ਪ੍ਰਭੂ ਵਸਲ ਲਈ ਆਪਣੇ ਤਨ ਦੇ ਟੁੱਕੜੇ-ਟੁੱਕੜੇ ਕਰਾਉਣ ਵਿਚ ਵੀ ਉਨ੍ਹਾਂ ਨੂੰ ਕੋਈ ਉਜ਼ਰ ਨਹੀਂ। ਅਜਿਹੀ ਤੜਪ ਦਾ ਯਥਾਰਥਕ ਵਰਣਨ ਦੁਨਿਆਵੀ ਸਾਹਿਤ ਵਿਚ ਕਿਧਰੇ ਨਹੀਂ ਮਿਲਦਾ ਜਿਵੇਂ:

*ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ॥...*
*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥੨॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥੩॥*
*ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥੪॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੫੭)*

**ਜੀਵਨ ਪਰਿਵਰਤਨ:** ਉਪਰੋਕਤ ਆਤਮ-ਸਮਰਪਨ ਦੀ ਭਾਵਨਾ ਉਨ੍ਹਾਂ ਦੇ ਜੀਵਨ ਵਿਚ ਵੀ ਮਿਲਦੀ ਹੈ। ਇਸੇ ਭਾਵਨਾ ਨੇ ਉਨ੍ਹਾਂ ਦੇ ਜੀਵਨ ਦਾ ਕਾਇਆ-ਕਲਪ ਕੀਤਾ। ਆਪ ਦੀ ਸੇਵਾ ਪ੍ਰਵਾਨ ਹੋਈ। ਘੁੰਗਣੀਆਂ ਵੇਚਣ ਦੀ ਕਿਰਤ ਨੂੰ ਫਲ ਲੱਗਾ। ਸੇਵਾ, ਸਿਮਰਨ ਤੇ ਸਾਦਗੀ ਸਦਕਾ ਆਪ ਨੂੰ ਗੁਰਿਆਈ ਦੀ ਬਖਸ਼ਿਸ਼ ਹੋਈ। ਇਸ ਚਮਤਕਾਰੀ ਤਬਦੀਲੀ ਬਾਰੇ ਆਪ ਨੇ ਆਪਣੀ ਬਾਣੀ ਵਿਚ ਜ਼ਿਕਰ ਕੀਤਾ ਹੈ:

*ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ॥*

* #੧੦੦੦ ਅਰਬਨ ਅਸਟੇਟ, ਫਗਵਾੜਾ-੧੪੪੪੦੧ (ਕਪੂਰਥਲਾ)। ਮੋ:੯੦੫੬੩-੬੦੭੬੩

*ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੬੭)*

**ਹਉਮੈਂ ਦੀ ਭਾਵਨਾ ਦਾ ਵਿਨਾਸ਼:** ਪ੍ਰਭੂ-ਪ੍ਰਾਪਤੀ ਅਥਵਾ ਜੀਵਨ ਦੀ ਸੰਪੂਰਨਤਾ ਵਿਚ ਵੱਡੀ ਰੋਕ ਹਉਮੈਂ ਦੀ ਹੈ। ਇਹ ਮਨੁੱਖ ਦੀ ਸ੍ਵੈ-ਕੇਂਦਰੀਅਤਾ ਨਾਲ ਸੰਬੰਧਿਤ ਹੈ। ਇਹ ਮਨੁੱਖ ਨੂੰ ਕਈ ਸ਼੍ਰੇਣੀਆਂ ਵਿਚ ਵੰਡ ਕੇ, ਝੂਠੀਆਂ ਕੀਮਤਾਂ ਵਿਚ ਉਲਝਾ ਕੇ, ਭ੍ਰਿਸ਼ਟਾਚਾਰ ਦਾ ਕਾਰਨ ਬਣਦੀ ਹੈ। ਮਨੁੱਖ ਹਉਮੈਂ ਦੀ ਦਸ਼ਾ ਵਿਚ ਘਟ ਘਟ ਵਸਦੀ ਪਰਮ ਹੋਂਦ ਤੋਂ ਆਪਣੇ ਆਪ ਨੂੰ ਵੱਖ ਸਮਝਣ ਲਗਦਾ ਹੈ ਤੇ ਸਮਾਜਿਕ ਇਕਸੁਰਤਾ ਨੂੰ ਤੋੜਨ ਦੇ ਆਹਰ ਵਿਚ ਲਗਦਾ ਹੈ:

*-ਹੰਉਮੈ ਅੰਦਰਿ ਖੜਕੁ ਹੈ ਖੜਕੇ ਖੜਕਿ ਵਿਹਾਇ॥*
*ਹੰਉਮੈ ਵਡਾ ਰੋਗੁ ਹੈ ਮਰਿ ਜੰਮੈ ਆਵੈ ਜਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੫੯੨)*
*-ਮੇਰੈ ਮਨਿ ਤਨਿ ਨਾਮੁ ਆਧਾਰੁ ਹੈ ਹਉਮੈ ਬਿਖੁ ਜਾਲੀ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੪੯)*

**ਮਾਨਵੀ ਹਸਤੀ ਦਾ ਸੰਕਟ ਤੇ ਸਮਾਧਾਨ:** ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਮਾਨਵੀ ਹਸਤੀ ਦੇ ਸੰਕਟ ਨਾਲ ਜੂਝਦੀ ਹੈ। ਇਹ ਸੰਕਟ ਮਾਨਵੀ ਰਿਸ਼ਤਿਆਂ ਦੀ ਅਣਸਥਿਰਤਾ, ਸੰਸਾਰ ਦੀਆਂ ਨਾਸ਼ਵਾਨ ਵਸਤਾਂ ਤੇ ਜੀਵਨ ਦੀ ਛਿੰਨ ਭੰਗਰਤਾ ਦੇ ਅਹਿਸਾਸ ਤੋਂ ਉਤਪੰਨ ਹੁੰਦਾ ਹੈ। ਰਿਸ਼ਤੇਦਾਰਾਂ ਦੀ ਖੁਦਗਰਜ਼ੀ ਜੀਵਨ ਵਿਚ ਬੇ-ਰਸੀ ਪੈਦਾ ਕਰਦੀ ਹੈ। ਗਰਜ਼ ਖਤਮ ਹੋਣ 'ਤੇ ਰਿਸ਼ਤੇ ਛਾਈ ਮਾਂਈ ਹੋ ਜਾਂਦੇ ਹਨ। ਮਾਨਵੀ ਹਸਤੀ ਦੇ ਵਿਘਟਨ ਨੂੰ ਸੰਘਟਨ ਵਿਚ ਬਦਲਣ ਦਾ ਚਮਤਕਾਰ ਇੱਕੋ ਇੱਕ ਗੁਰੂ ਦੀ ਹਸਤੀ ਕੋਲ ਹੈ ਜੋ ਮਨੁੱਖ ਨੂੰ ਸੱਚੀ ਲਿਵ ਪ੍ਰਦਾਨ ਕਰ ਕੇ, ਉਸ ਦੇ ਨੈਣਾਂ ਵਿਚ ਪ੍ਰਭੂ ਦੇ ਦੀਦਾਰ ਦੀ ਸਿੱਕ ਪੈਦਾ ਕਰ ਕੇ ਉਸ ਨੂੰ ਪ੍ਰਭੂ ਮਿਲਾਪ ਦੇ ਸਮਰੱਥ ਬਣਾ ਸਕਦੀ ਹੈ ਅਤੇ ਉਸ ਦੀ ਰੂਹ ਦੀ ਬੇਕਰਾਰੀ ਨੂੰ ਮਿਟਾ ਕੇ, ਉਸ ਨੂੰ ਨਾਮ ਦੀ ਸੀਤਲਤਾਈ ਪ੍ਰਦਾਨ ਕਰ ਕੇ ਸਦੀਵੀ ਮਾਨਸਿਕ ਅਨੰਦ ਤੇ ਚੈਨ ਨਸੀਬ ਕਰਵਾ ਸਕਦੀ ਹੈ। ਇਸ ਤਰ੍ਹਾਂ ਗੁਰੂ ਦੀ ਹਸਤੀ ਮਨੁੱਖੀ ਜੀਵਨ ਦੀ ਊਲ-ਜਲੂਲਤਾ ਅਥਵਾ ਬੇ-ਤੁਕੇਪਣ ਨੂੰ ਨਿਸਪ੍ਰਭਾਵ ਕਰ ਸਕਦੀ ਹੈ। ਇਸ ਸੰਦਰਭ ਵਿਚ ਗੁਰਬਾਣੀ ਦੇ ਕੁਝ ਫੁਰਮਾਨ ਹੇਠ ਲਿਖੇ ਹਨ:

*-ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ*
*ਮਨ ਮੇਰੇ ਤੇ ਸਭਿ ਅਪਨੈ ਸੁਆਇ ਮਿਲਾਸਾ॥*
*ਜਿਤੁ ਦਿਨਿ ਉਨ੍ ਕਾ ਸੁਆਉ ਹੋਇ ਨ ਆਵੈ ਤਿਤੁ ਦਿਨਿ ਨੇੜੈ ਕੋ ਨ ਢੁਕਾਸਾ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੬੦)*
*-ਮਨਿ ਤ੍ਰਿਸਨਾ ਨ ਬੁਝੀ ਮੇਰੇ ਪਿਆਰੇ ਨਿਤ ਆਸ ਕਰੇ॥*
*ਨਿਤ ਜੋਬਨੁ ਜਾਵੈ ਮੇਰੇ ਪਿਆਰੇ ਜਮੁ ਸਾਸ ਹਿਰੇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੫੧)*
*-ਪਿਰ ਰਤਿਅੜੇ ਮੈਡੇ ਲੋਇਣ ਮੇਰੇ ਪਿਆਰੇ ਚਾਤ੍ਰਿਕ ਬੂੰਦ ਜਿਵੈ॥ . . .*

*ਹਰਿ ਸਜਣੁ ਲਧਾ ਮੇਰੇ ਪਿਆਰੇ ਨਾਨਕ ਗੁਰੂ ਲਿਵੈ॥(ਸ੍ਰੀ ਗੁਰੂ ਗ੍ਰੰਥ ਸਾਹਿਬ, ੪੫੨)*

**ਨਾਮ ਯੋਗ ਦੀ ਮਹਾਨਤਾ:** ਗੁਰੂ ਜੀ ਨੇ ਮਨੁੱਖ ਨੂੰ ਪ੍ਰਭੂ ਦੇ ਨਾਮ-ਸਿਮਰਨ ਦੀ ਮਹਾਨਤਾ 'ਤੇ ਜ਼ੋਰ ਦਿੱਤਾ ਅਤੇ ਇਸ ਗੁਰਮਤਿ ਦੀ ਰਹੁ-ਰੀਤੀ ਨੂੰ ਤੀਰਥ-ਯਾਤਰਾ ਪੁੰਨ-ਦਾਨ ਕਰਨ ਅਤੇ ਵਰਤ ਰੱਖਣ ਆਦਿ ਦੇ ਬਾਹਰਲੇ ਕਰਮ-ਕਾਂਡ ਤੋਂ ਉਚੇਰਾ ਦੱਸਿਆ ਕਿਉਂਕਿ ਨਾਮ-ਯੋਗ ਇਕ ਮਨੋਵਿਗਿਆਨਕ ਅਨੁਸ਼ਾਸਨ ਵਿਧੀ ਹੈ। ਜਿਸ ਨਾਲ ਮਾਨਸਿਕ ਵਿਕਾਰਾਂ ਦੀ ਮੈਲ ਲਹਿ ਜਾਂਦੀ ਹੈ, ਵਿਅਕਤੀ ਬਦੀ ਤੋਂ ਰਹਿਤ ਹੋ ਜਾਂਦਾ ਹੈ ਤੇ ਉਤਸ਼ਾਹੀ ਜੀਵਨ ਦਾ ਧਾਰਨੀ ਹੋ ਜਾਂਦਾ ਹੈ। ਇਹੋ ਜਿਹਾ ਵਿਅਕਤੀ ਪ੍ਰਵਾਨ ਪੁਰਖ ਦੀ ਪਦਵੀ ਗ੍ਰਹਿਣ ਕਰਦਾ ਹੈ ਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਫੁਰਮਾਨ *ਜਿਨ ਹਰਿ ਜਪਿਆ ਸੇ ਹਰਿ ਹੋਏ* ਦੀ ਰੋਸ਼ਨੀ ਵਿਚ ਉਹ ਪ੍ਰਭੂ ਨਾਲ ਅਭੇਦ ਹੋ ਜਾਂਦਾ ਹੈ। ਗੁਰਬਾਣੀ ਕੁਝ ਦੇ ਫੁਰਮਾਨ ਇਸ ਤੱਥ ਨੂੰ ਸਪੱਸ਼ਟ ਕਰਦੇ ਹਨ:

*-ਸਭਿ ਤੀਰਥ ਵਰਤ ਜਗ ਪੁੰਨ ਤੁੋਲਾਹਾ॥*
*ਹਰਿ ਹਰਿ ਨਾਮ ਨ ਪੁਜਹਿ ਪੁਜਾਹਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੬੯੯)*
*-ਜੋ ਹਰਿ ਨਾਮੁ ਧਿਆਇਦੇ ਤੇ ਜਨ ਪਰਵਾਨਾ॥*
*ਤਿਨ ਵਿਟਹੁ ਨਾਨਕੁ ਵਾਰਿਆ ਸਦਾ ਸਦਾ ਕੁਰਬਾਨਾ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੫)*
*-ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੭)*

**ਉੱਤਮ ਸ਼ਖ਼ਸੀਅਤ ਦਾ ਨਿਰਮਾਣ:** ਗੁਰੂ ਜੀ ਨੇ ਉੱਤਮ ਸ਼ਖ਼ਸੀਅਤ ਦੀ ਉਸਾਰੀ ਲਈ ਨਿਮਰਤਾ 'ਤੇ ਪ੍ਰੇਮ ਦੀ ਭਾਵਨਾ ਨੂੰ ਮੁੱਖ ਸਥਾਨ ਦਿੱਤਾ। ਉਨ੍ਹਾਂ ਦੇ ਵਿਚਾਰ ਅਨੁਸਾਰ ਪ੍ਰਭੂ ਦੇ ਦਰ 'ਤੇ ਨਾ ਝੁਕਣ ਵਾਲਾ ਸਿਰ ਕੱਟ ਦੇਣਾ ਚਾਹੀਦਾ ਹੈ ਤੇ ਪ੍ਰਭੂ-ਪ੍ਰੇਮ ਤੋਂ ਸੱਖਣਾ ਸਰੀਰ ਸਾੜਨ ਯੋਗ ਹੈ। ਗੁਰਸਿੱਖ ਦੇ ਮਨ ਵਿਚ ਗੁਰੂ-ਪ੍ਰੀਤ ਦਾ ਪਿਆਰ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਜਿਵੇਂ ਭਿਖਾਰੀ ਦਾ ਖੈਰ ਨਾਲ, ਭੁੱਖੇ ਦਾ ਅੰਨ ਨਾਲ, ਚਕਵੀ ਦਾ ਸੂਰਜ ਨਾਲ ਜਾਂ ਬਛੜੇ ਦਾ ਗਊ ਨਾਲ। ਉਨ੍ਹਾਂ ਨੇ ਇਸ ਸੰਬੰਧ ਵਿਚ ਮਨੁੱਖੀ ਜੀਵਨ ਤੇ ਪ੍ਰਕਿਰਤੀ 'ਚੋਂ ਮਿਸਾਲਾਂ ਦਿੱਤੀਆਂ ਜਿਵੇਂ:

*-ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਦੀਜੈ ਡਾਰਿ॥*
*ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੯)*
*-ਭੀਖਕ ਪ੍ਰੀਤਿ ਭੀਖ ਪ੍ਰਭ ਪਾਇ॥ ਭੂਖੇ ਪ੍ਰੀਤਿ ਹੋਵੈ ਅੰਨੁ ਖਾਇ॥ . . .*
*ਚਕਵੀ ਪ੍ਰੀਤਿ ਸੂਰਜੁ ਮੁਖਿ ਲਾਗੈ॥ . . .*
*ਬਛਰੇ ਪ੍ਰੀਤਿ ਖੀਰੁ ਮੁਖਿ ਖਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੬੪)*

**ਨਿਰਭਉ ਵਿਅਕਤਿਤਵ ਦੀ ਉਸਾਰੀ:** ਨਿਰਭੈਅ ਸ਼ਖ਼ਸੀਅਤ ਦੀ ਉਸਾਰੀ

ਲਈ ਗੁਰੂ ਜੀ ਨੇ ਮਨੁੱਖ ਨੂੰ ਪ੍ਰੇਰਨਾ ਕੀਤੀ ਕਿ ਉਹ ਪ੍ਰਭੂ ਨੂੰ ਹਾਜ਼ਰ-ਨਾਜ਼ਰ ਰਹਿਣ ਵਾਲੀ ਹਸਤੀ ਮੰਨੇ ਤਾਂਕਿ ਉਹ ਪਾਪ-ਭਾਵਨਾ ਤੋਂ ਮੁਕਤ ਹੋ ਸਕੇ, ਮਨ ਦੀ ਪਵਿੱਤਰਤਾ ਵਾਲੀ ਦਸ਼ਾ ਪ੍ਰਾਪਤ ਕਰ ਸਕੇ ਜਿਸ ਦੀ ਪ੍ਰਾਪਤੀ ਨਾਲ ਮਨੁੱਖ ਹਰੇਕ ਕਿਸਮ ਦੇ ਡਰ ਤੋਂ ਮੁਕਤ ਹੋ ਸਕਦਾ ਹੈ। ਜਿਵੇਂ:

*-ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੮੪)*

*-ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ*
*ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੫੪੦)*

ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਸਤਿਗੁਰੂ ਲਈ ਸੱਚੇ ਪਾਤਸ਼ਾਹ ਵਿਸ਼ੇਸ਼ਣ ਦੀ ਵਰਤੋਂ ਸ਼ੁਰੂ ਹੋ ਜਾਂਦੀ ਹੈ ਜੋ ਇਸ ਲਹਿਰ ਦੇ ਸਰਵੋਤਮ ਤੇ ਦੈਵੀ ਮਿਆਰ ਦੀ ਪ੍ਰਤੀਕ ਹੈ। ਗੁਰੂ ਦੀ ਪਦਵੀ ਨੂੰ ਦਿੱਤਾ ਇਹ ਰੁਤਬਾ ਸਿੱਖਾਂ ਦੇ ਮਨਾਂ ਵਿੱਚੋਂ ਦੁਨਿਆਵੀ ਪਾਤਸ਼ਾਹ ਦੇ ਰੋਹਬ ਤੇ ਦਬਦਬੇ ਨੂੰ ਨਿਰਾਰਥਕ ਕਰਦਾ ਹੈ। ਇਸ ਤਰ੍ਹਾਂ ਗੁਰੂ ਜੀ ਦੀ ਨਿਰਭੈਅ ਪ੍ਰਭੁਤਾ ਨਾਲ ਸਿੱਖ ਧਰਮ ਨਿਰਭੈਅ ਸਮਾਜ ਦੀ ਉਸਾਰੀ ਵੱਲ ਕਦਮ ਪੁੱਟਦਾ ਹੈ।

**ਨਿਸ਼ਕਾਮ ਲੋਕ ਸੇਵਾ:** ਨਿਸ਼ਕਾਮ ਲੋਕ-ਸੇਵਾ ਮਨੁੱਖੀ ਸ਼ਖ਼ਸੀਅਤ ਨੂੰ ਹਰਮਨ ਪਿਆਰਾ ਬਣਾਉਂਦੀ ਹੈ ਤੇ ਸਾਰੇ ਸੁੱਖਾਂ ਦਾ ਸੋਮਾ ਹੋ ਨਿੱਬੜਦੀ ਹੈ। ਇਹ ਮਨੁੱਖ ਨੂੰ ਪਵਿੱਤਰ ਬਣਾਉਂਦੀ ਹੈ ਤੇ ਸਤਿਗੁਰਾਂ ਦੀ ਪ੍ਰਸੰਨਤਾ ਦੀ ਪ੍ਰਾਪਤੀ ਦਾ ਵਸੀਲਾ ਹੈ ਜਿਵੇਂ:

*-ਨਿਹਕਪਟ ਸੇਵਾ ਕੀਜੈ ਹਰਿ ਕੇਰੀ ਤਾਂ ਮੇਰੇ ਮਨ ਸਰਬ ਸੁਖ ਪਈਐ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੬੧)*

*-ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ॥*
*ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੧੪)*

**ਸਿੱਖ ਆਚਾਰ ਨੀਤੀ ਦਾ ਨਿਰਮਾਣ:** ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਤਕ ਸਿੱਖ ਧਰਮ ਤੇਜ਼ੀ ਨਾਲ ਵਿਕਸਿਤ ਹੋ ਰਿਹਾ ਸੀ। ਹੁਣ ਇਸ ਧਰਮ ਦੀ ਜੀਵਨ-ਜਾਚ ਨਿਸ਼ਚਿਤ ਕਰਨ ਦੀ ਲੋੜ ਸੀ। ਗੁਰੂ ਜੀ ਨੇ ਸਿੱਖਾਂ ਲਈ ਇਕ ਆਚਾਰ ਨੀਤੀ ਤਿਆਰ ਕੀਤੀ। ਸਿੱਖ ਨੂੰ ਅੰਮ੍ਰਿਤ ਵੇਲੇ ਉੱਠਣ, ਇਸ਼ਨਾਨ ਕਰਨ, ਨਾਮ ਸਿਮਰਨ ਕਰਨ, ਗੁਰਬਾਣੀ ਗਾਇਨ ਤੇ ਪ੍ਰਭੂ ਦੇ ਹਰ ਵੇਲੇ ਨਾਮ ਜਪਣ ਦੀ ਮਨੋਵਿਗਿਆਨਕ ਵਿਧੀ ਨੂੰ ਅਪਨਾਉਣ ਦੀ ਪ੍ਰੇਰਨਾ ਕੀਤੀ ਤਾਂਕਿ ਉਹ ਪਵਿੱਤਰ ਜੀਵਨ ਜੀਅ ਸਕਣ। ਜਿਵੇਂ:

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੫)*

ਸਿੱਖਾਂ ਦੀ ਵਿਆਹ-ਸੰਸਥਾ ਦੇ ਸੰਬੰਧ ਵਿਚ ਸੂਹੀ ਰਾਗ ਵਿਚ ਲਾਂਵਾਂ-ਫੇਰਿਆਂ ਨਾਲ ਸੰਬੰਧਿਤ ਸ਼ਬਦ ਉਚਾਰੇ ਗਏ ਜਿਨ੍ਹਾਂ ਵਿਚ ਲੋਕ-ਪ੍ਰਲੋਕ ਦੀ ਖੁਸ਼ਹਾਲੀ ਨੂੰ

ਸਾਹਵੇਂ ਰੱਖ ਕੇ ਸ਼ਬਦਾਂ ਦੀ ਰਚਨਾ ਕੀਤੀ ਗਈ ਜਿਨ੍ਹਾਂ ਵਿਚ ਪਹਿਲੀ ਲਾਵ ਇਸ ਤੁਕ ਨਾਲ ਅਰੰਭ ਹੁੰਦੀ ਹੈ:

*ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੭੩)*

**ਸਤਿਗੁਰੂ ਦੀ ਸਰਬਪੱਖੀ ਅਗਵਾਈ:** ਮਨੁੱਖੀ ਸ਼ਖ਼ਸੀਅਤ ਦੀ ਪੁਨਰ-ਉਸਾਰੀ ਵਿਚ ਸਤਿਗੁਰ ਦੀ ਅਗਵਾਈ ਦਾ ਵਿਸ਼ੇਸ਼ ਮਹੱਤਵ ਹੈ। ਡਾ. ਸੁਰਜੀਤ ਹਾਂਸ (ਕਰਤਾ ਪੁਸਤਕ ਬਾਣੀ ਦਾ ਅਜੋਕੀ ਕਵਿਤਾ ਵਿਚ ਮਹੱਤਵ) ਅਨੁਸਾਰ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਗੁਰੂ ਦੀ ਸੰਗਤ ਕਰਨ ਦਾ ਵਿਸ਼ਾ ਸ਼ਾਇਦ ਪਹਿਲੀ ਵਾਰ ਬਾਣੀ ਵਿਚ ਪ੍ਰਵੇਸ਼ ਕਰਦਾ ਹੈ ਕਿਉਂਕਿ ਉਸ ਵੇਲੇ ਸਿੱਖ ਧਾਰਮਿਕ ਜਾਗ੍ਰਿਤੀ ਦਾ ਅੰਦੋਲਨ ਬਲਵਾਨ ਹੋ ਰਿਹਾ ਸੀ। ਸਤਿਗੁਰਾਂ ਦੇ ਨਿਯੁਕਤ ਕੀਤੇ ਪ੍ਰਚਾਰਕਾਂ ਦੁਆਰਾ ਦਲਿਤ ਵਰਗ ਵਿੱਚੋਂ ਸਿੱਖੀ ਦੇ ਦਾਇਰੇ ਵਿਚ ਪ੍ਰਵੇਸ਼ ਕਰਨ ਵਾਲੇ ਨਵੇਂ ਸਿੱਖਾਂ ਵਿਚ ਗੁਰੂ ਪ੍ਰਤੀ ਸ਼ਰਧਾ ਤੇ ਅਨਿੰਨ ਭਗਤੀ ਦਾ ਮਾਦਾ ਹੋਣੀ ਕੁਦਰਤੀ ਸੀ। ਉਨ੍ਹਾਂ ਦੇ ਮਨ ਵਿਚ ਗੁਰੂ ਪ੍ਰਤੀ ਤਾਂਘ ਦਾ ਪ੍ਰਗਟਾਵਾ *ਹਉ ਪੰਥੁ ਦਸਾਈ ਨਿਤ ਖੜੀ ਕੋਈ ਪ੍ਰਭੁ ਦਸੇ ਤਿਨਿ ਜਾਉ॥* ਅਤੇ *ਹਮਰੈ ਮਨਿ ਚਿਤਿ ਹਰਿ ਆਸ ਨਿਤ ਕਿਉ ਦੇਖਾ ਹਰਿ ਦਰਸੁ ਤੁਮਾਰਾ॥* ਆਦਿ ਸ਼ਬਦਾਂ ਵਿਚ ਪ੍ਰਤੱਖ ਮਿਲਦਾ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਸਤਿਗੁਰ ਦੇ ਲੱਛਣ ਵੀ ਬਿਆਨ ਕੀਤੇ ਹਨ। ਉਨ੍ਹਾਂ ਦੇ ਵਿਚਾਰ ਅਨੁਸਾਰ ਉਹੀ ਹਸਤੀ ਸਤਿਗੁਰ ਦੀ ਪਦਵੀ ਦਾ ਅਧਿਕਾਰ ਰੱਖਦੀ ਹੈ ਜਿਸ ਦੇ ਮਿਲਣ ਨਾਲ ਅਨੰਦ ਦੀ ਪ੍ਰਾਪਤੀ ਭਰਮ ਦਾ ਨਾਸ਼ ਤੇ ਉੱਚਤਮ ਆਤਮਿਕ ਬੁਲੰਦੀ ਦੀ ਦਸ਼ਾ ਪ੍ਰਾਪਤ ਹੋਵੇ। ਜਿਵੇਂ:

*ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੬੮)*

**ਸਿੱਖ ਸੰਗਠਨ ਦੀ ਸੁਰੱਖਿਆ:** ਗੁਰੂ ਜੀ ਨੇ ਸਿੱਖ ਸੰਗਤ ਨੂੰ ਸਿੱਖ ਪੰਥ ਦੇ ਸੰਗਠਨ ਪ੍ਰਤੀ ਆ ਰਹੀਆਂ ਨਵੀਆਂ ਵੰਗਾਰਾਂ ਪ੍ਰਤੀ ਸੁਚੇਤ ਕੀਤਾ। ਮੀਣਾ ਸੰਪਰਦਾਇ ਨਾਲ ਸੰਬੰਧਿਤ ਬਾਬਾ ਪ੍ਰਿਥੀ ਚੰਦ ਤੇ ਉਨ੍ਹਾਂ ਦਾ ਬੇਟਾ ਮਿਹਰਬਾਨ 'ਨਾਨਕ ਛਾਪ' ਹੇਠ 'ਕੱਚੀ ਬਾਣੀ' ਰਚ ਕੇ ਸਿੱਖ ਸੰਗਤ ਵਿਚ ਜਿੱਥੇ ਭਰਮ-ਭੁਲੇਖੇ ਪਸਾਰ ਰਹੇ ਸਨ, ਉੱਥੇ ਨਾਲ ਹੀ ਸਿੱਖ ਪੰਥ ਦੇ ਖ਼ਿਲਾਫ ਸਰਕਾਰ ਨਾਲ ਸਾਜ਼ਬਾਜ਼ੀ ਵੀ ਕਰ ਰਹੇ ਸਨ। ਗੁਰੂ ਜੀ ਹੇਠ ਲਿਖੇ ਫੁਰਮਾਨ ਵਿਚ ਅਜਿਹੇ ਗੁਰੂ ਵਿਰੋਧੀਆਂ ਦੀ ਦੁਰਦਸ਼ਾ ਦਾ ਬਿਆਨ ਕਰਦੇ ਹਨ। ਜਿਵੇਂ:

*ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ॥*
*ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ॥*
*ਓਨ੍ਹਾ ਅੰਦਰਿ ਹੋਰੁ ਮੁਖਿ ਹੋਰੁ ਹੈ ਬਿਖੁ ਮਾਇਆ ਨੋ ਝਖਿ ਮਰਦੇ ਕੜੀਐ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੪)*

**ਅਰੋਗ ਸੱਭਿਆਚਾਰ ਦੀ ਉਸਾਰੀ:** ਤੰਦਰੁਸਤ ਸੱਭਿਆਚਾਰ ਦੀ ਉਸਾਰੀ ਲਈ

ਆਪ ਨੇ ਨਿੰਦਾ ਚੁਗਲੀ ਦੀ ਨਿਖੇਧੀ ਕੀਤੀ ਕਿਉਂਕਿ ਇਹ ਆਦਤ ਸਮਾਜ ਵਿਚ ਜ਼ਹਿਰੀ ਵਾਤਾਵਰਨ ਉਸਾਰਨ ਵਿਚ ਮਦਦ ਕਰਦੀ ਹੈ। ਨਿੰਦਾ ਕਰਨ ਵਾਲਾ ਸਮਾਜ ਵਿਚ ਉੱਜਲੇ ਮੁਖ ਨਹੀਂ ਚੱਲ ਸਕਦਾ ਤੇ ਲੋਕਾਂ ਦਾ ਇਤਬਾਰ ਗੁਆ ਕੇ ਆਪਣੀ ਜ਼ਿੰਦਗੀ ਨੂੰ ਮਾਰੂਥਲ ਵਾਂਗ ਸੁੰਨਸਾਨ ਬਣਾ ਲੈਂਦਾ ਹੈ ਜਿਵੇਂ:

*ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ॥*
*ਓਸ ਦੈ ਆਖਿਐ ਕੋਈ ਨ ਲਗੈ ਨਿਤ ਓਜਾੜੀ ਪੂਕਾਰੇ ਖਲਾ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੮)*

ਤਤਕਾਲੀਨ ਸਮੇਂ ਵਿਚ ਦਾਜ ਵਿਖਾਣ ਦੀ ਰਸਮ ਬਹੁਤ ਪ੍ਰਚਲਿਤ ਸੀ। ਇਸ ਰਸਮ ਨੂੰ ਗੁਰੂ ਜੀ ਨੇ ਝੂਠ, ਹੰਕਾਰ ਤੇ ਪਖੰਡ ਦਾ ਪ੍ਰਤੀਕ ਦੱਸਿਆ ਗੁਰੂ ਜੀ ਦੇ ਵਿਚਾਰ ਅਨੁਸਾਰ ਵਿਆਂਹਦੜ ਲੜਕੀ ਲਈ ਪ੍ਰਭੂ ਦਾ ਨਾਮ ਹੀ ਵੱਡਾ ਤੋਹਫਾ ਤੇ ਦਾਜ ਦਾ ਸਮਾਨ ਹੈ ਜਿਵੇਂ:

*ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ॥*
*ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ॥(ਸ੍ਰੀ ਗੁਰੂ ਗ੍ਰੰਥ ਸਾਹਿਬ, ੭੯)*

ਸ੍ਰੀ ਗੁਰੂ ਰਾਮਦਾਸ ਜੀ ਨੇ ਅਰੋਗ ਸੱਭਿਆਚਾਰ ਦੀ ਉਸਾਰੀ ਲਈ ਵਰਗ ਰਹਿਤ ਸਮਾਜ ਦੀ ਉਸਾਰੀ ਨੂੰ ਪ੍ਰਮੁੱਖ ਲੋੜ ਦੱਸਿਆ। ਗੁਰੂ ਜੀ ਅਨੁਸਾਰ ਚਾਰੇ ਜਾਤਾਂ ਵਿੱਚੋਂ ਕੋਈ ਵੀ ਵਿਅਕਤੀ ਪ੍ਰਭੂ ਦਾ ਨਾਮ ਜਪ ਕੇ ਉੱਤਮ ਪਦਵੀ ਪ੍ਰਾਪਤ ਕਰ ਸਕਦਾ ਜਿਵੇਂ:

*ਬ੍ਰਾਹਮਣੁ ਖਤ੍ਰੀ ਸੂਦ ਵੈਸ ਚਾਰਿ ਵਰਨ ਚਾਰਿ ਆਸ੍ਰਮ ਹਹਿ*
*ਜੋ ਹਰਿ ਧਿਆਵੈ ਸੋ ਪਰਧਾਨੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੮੬੧)*

**ਸਾਰ:–** ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਿੱਖ ਕੌਮ ਦੀ ਉਸਾਰੀ ਵਿਚ ਸ੍ਰੀ ਗੁਰੂ ਰਾਮਦਾਸ ਜੀ ਦਾ ਵਿਸ਼ੇਸ਼ ਯੋਗਦਾਨ ਹੈ। ਉਨ੍ਹਾਂ ਨੇ ਆਪਣੇ ਵੇਲੇ ਦੀਆਂ ਸੰਗਤਾਂ ਨੂੰ ਕੁਰਬਾਨੀ, ਸੇਵਾ, ਆਤਮ ਸਮਰਪਨ, ਨਿਰਭੈਤਾ, ਪ੍ਰਭੂ-ਨਦਰ ਤੇ ਆਸ਼ਾਵਾਦ ਤੇ ਗੁਣ ਪ੍ਰਦਾਨ ਕੀਤੇ, ਜਿਨ੍ਹਾਂ ਨਾਲ ਪੰਜਾਬ ਵਾਸੀਆਂ ਵਿਚ ਗਤੀਸ਼ੀਲਤਾ, ਕਰਮਸ਼ੀਲਤਾ, ਸੰਘਰਸ਼ਸ਼ੀਲਤਾ ਆਦਿ ਸਿਰਜਨਾਤਮਿਕ ਪ੍ਰਵਿਰਤੀਆਂ ਦੀ ਉਤਪਤੀ ਹੋਈ। ਗੁਰੂ ਜੀ ਨੇ ਸਿੱਖ ਸੰਸਥਾਵਾਂ ਦੇ ਉਭਰਨ ਤੇ ਵਿਗਸਣ ਲਈ ਸਿੱਖਾਂ ਲਈ ਵਿਸ਼ੇਸ਼ ਜੀਵਨ-ਜਾਚ ਦੀ ਰੂਪ ਰੇਖਾ ਪੇਸ਼ ਕੀਤੀ। ਗੁਰਬਾਣੀ ਦੇ ਮੂਲ ਸਰੂਪ ਨੂੰ ਵਿਗਾੜਨ ਵਾਲੀਆਂ, ਪੰਥ ਦੋਖੀਆਂ ਦੀਆਂ ਕੋਸ਼ਿਸ਼ਾਂ ਨੂੰ ਵਿਫਲ ਕਰਨ ਦੇ ਉਪਰਾਲੇ ਕੀਤੇ। ਅਰੋਗ ਸੱਭਿਆਚਾਰ ਦੀ ਉਸਾਰੀ ਲਈ ਵਰਗ-ਰਹਿਤ ਪ੍ਰਣਾਲੀ ਨੂੰ ਆਧਾਰ ਬਣਾਉਣ ਦੀ ਪ੍ਰੇਰਨਾ ਕੀਤੀ। ਸ੍ਰੀ ਅੰਮ੍ਰਿਤਸਰ ਸ਼ਹਿਰ ਵਿਚ ਦਸਤਕਾਰੀ ਦਾ ਕੰਮ ਪ੍ਰਚਲਿਤ ਕਰਵਾਇਆ ਜਿਸ ਨਾਲ ਪੰਜਾਬ ਨੇ ਪੇਸ਼ਿਆਂ ਦੀ ਮੁਹਾਰਤ ਵਾਲੀ ਨਵੀਂ ਸੱਭਿਅਤਾ ਦੇ ਨਿਰਮਾਣ ਵਲ ਕਦਮ ਪੁੱਟਿਆ। ਗੁਰੂ ਜੀ ਦੀ ਬਾਣੀ ਤੇ ਜੀਵਨ ਅਮਲ ਜਿੱਥੇ ਸਿੱਖ ਧਰਮ ਦੀ ਨਿਆਰੀ ਹਸਤੀ ਤੇ ਨਿਆਰੇ ਸਰੂਪ ਦੇ ਪ੍ਰਤੀਕ ਹਨ, ਉੱਥੇ ਇਹ ਸਿੱਖ ਕੌਮ ਦੀ ਉਸਾਰੀ ਵਿਚ ਨਵੇਂ ਮੀਲ-ਪੱਥਰ ਵੀ ਹਨ।

■

# ਗੁਰ ਰਾਮਦਾਸ ਰਾਖਹੁ ਸਰਣਾਈ

*-ਡਾ. ਜਗਜੀਤ ਸਿੰਘ**

ਸ੍ਰੀ ਗੁਰੂ ਰਾਮਦਾਸ ਜੀ ਸਿੱਖ ਧਰਮ ਦੇ ਚੌਥੇ ਗੁਰੂ ਮਹਾਰਾਜ ਹਨ। ਆਪ ਜੀ ਦਾ ਪ੍ਰਕਾਸ਼ ਲਾਹੌਰ ਵਿਖੇ, ਪਿਤਾ ਸ੍ਰੀ ਹਰਿਦਾਸ ਜੀ ਅਤੇ ਮਾਤਾ ਸ੍ਰੀ ਦਇਆ ਕੌਰ ਜੀ ਦੇ ਗ੍ਰਹਿ ਵਿਖੇ ਹੋਇਆ। ਮਾਤਾ-ਪਿਤਾ ਦੀ ਪਹਿਲੀ ਸੰਤਾਨ ਹੋਣ ਕਾਰਨ ਆਪ ਜੀ ਨੂੰ 'ਜੇਠਾ' ਕਹਿ ਕੇ ਸੱਦਿਆ ਜਾਂਦਾ ਸੀ ਅਤੇ ਇਹੋ ਨਾਮ ਪ੍ਰਸਿੱਧ ਹੋ ਗਿਆ। ਛੋਟੀ ਉਮਰ ੭ ਸਾਲ ਦੇ ਹੀ ਸਨ ਜਦੋਂ ਆਪ ਜੀ ਦੇ ਮਾਤਾ ਜੀ ਅਕਾਲ ਚਲਾਣਾ ਕਰ ਗਏ। ਪਰਵਾਰ ਮੁਸ਼ਕਲਾਂ ਵਿਚ ਘਿਰ ਗਿਆ। ਅਜੇ ਥੋੜ੍ਹਾ ਸਮਾਂ ਹੀ ਲੰਘਿਆ ਸੀ ਕਿ ਪਿਤਾ ਹਰਿਦਾਸ ਜੀ ਵੀ ਚਲਾਣਾ ਕਰ ਗਏ। ਪਰਵਾਰ ਨੂੰ ਦੁਖਾਂ ਵਿਚ ਤੇ ਆਰਥਿਕ ਤੰਗੀ ਨੇ ਆ ਘੇਰਿਆ। ਆਪ ਦੇ ਨਾਨਕੇ, ਪਿੰਡ ਬਾਸਰਕੇ ਦੇ ਰਹਿਣ ਵਾਲੇ ਸਨ। ਸ੍ਰੀ (ਗੁਰੂ) ਅਮਰਦਾਸ ਜੀ ਦਾ ਪ੍ਰਕਾਸ਼ ਸਥਾਨ ਅਤੇ ਪਰਵਾਰ ਦਾ ਨਿਵਾਸ ਸਥਾਨ ਬਾਸਰਕੇ ਹੀ ਸੀ। ਨਾਨੀ ਜੀ ਆਪ ਜੀ ਅਤੇ ਆਪ ਜੀ ਦੇ ਛੋਟੇ ਭੈਣ-ਭਰਾ ਨੂੰ ਬਾਸਰਕੇ ਲੈ ਆਏ। ਸ੍ਰੀ (ਗੁਰੂ) ਅਮਰਦਾਸ ਜੀ ਦੇ ਪਰਵਾਰ ਵੱਲ ਪੁਰਾਣੀ ਜਾਣ ਪਹਿਚਾਣ ਸੀ। ਉਨ੍ਹਾਂ ਨੇ ਹੌਸਲਾ ਦਿੱਤਾ ਅਤੇ ਹਰ ਤਰ੍ਹਾਂ ਦੀ ਸਹਾਇਤਾ ਦੇ ਮਿੱਠੇ ਬਚਨ ਕਹੇ, ਜਿਸ ਨਾਲ ਪਰਵਾਰ ਵਿਚ ਧੀਰਜ ਬੱਝਾ। ਪਰਵਾਰ ਦੇ ਗੁਜ਼ਾਰੇ ਲਈ ਆਪ ਕਈ ਵਰ੍ਹੇ ਨਾਨੀ ਜੀ ਦੀਆਂ ਬਣਾਈਆਂ ਘੁੰਗਣੀਆਂ ਵੇਚਦੇ ਰਹੇ ਅਤੇ ਸ੍ਰੀ (ਗੁਰੂ) ਅਮਰਦਾਸ ਜੀ ਦੇ ਸਤਿਸੰਗ ਦਾ ਅਨੰਦ ਮਾਣਦੇ ਰਹੇ। ਸ੍ਰੀ ਗੁਰੂ ਅੰਗਦ ਦੇਵ ਜੀ ਦਾ ਆਦੇਸ਼ ਮੰਨਦਿਆਂ ਸ੍ਰੀ (ਗੁਰੂ) ਅਮਰਦਾਸ ਜੀ ਗੋਇੰਦਵਾਲ ਆ ਬਿਰਾਜੇ ਅਤੇ ਕਈ ਪਰਵਾਰਾਂ ਨੂੰ ਏਥੇ ਆ ਵੱਸਣ ਲਈ ਉਤਸ਼ਾਹਿਤ ਕੀਤਾ। ਭਾਈ ਜੇਠਾ ਜੀ ਦਾ ਪਰਵਾਰ ਵੀ ਏਥੇ ਆ ਗਿਆ। ਆਪ ਜੀ ਪਹਿਲਾਂ ਵਾਂਗ ਹੀ ਦਿਨ ਨੂੰ ਘੁੰਗਣੀਆਂ ਵੇਚਦੇ ਅਤੇ ਸ਼ਾਮ ਨੂੰ ਸ੍ਰੀ (ਗੁਰੂ) ਅਮਰਦਾਸ ਜੀ ਵੱਲੋਂ ਲਗਾਏ ਜਾਂਦੇ ਸਤਿਸੰਗ ਦਾ ਅਨੰਦ ਮਾਣਦੇ। ਸ੍ਰੀ (ਗੁਰੂ) ਅਮਰਦਾਸ ਜੀ ਵੀ ਬਾਲਕ ਜੇਠਾ ਜੀ ਨੂੰ ਬਹੁਤ ਪਿਆਰ ਕਰਦੇ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਨ੍ਹਾਂ ਦੀ ਭਗਤੀ ਤੇ ਸੇਵਾ ਨੂੰ ਮੁੱਖ ਰੱਖਦਿਆਂ ਸ੍ਰੀ (ਗੁਰੂ) ਅਮਰਦਾਸ ਜੀ ਨੂੰ ਗੁਰਿਆਈ ਬਖ਼ਸ਼ਿਸ਼ ਕੀਤੀ ਅਤੇ ਆਪ ਜੀ ਨੂੰ ਤੀਜੀ ਪਾਤਸ਼ਾਹੀ ਦਾ ਪਦ ਪ੍ਰਾਪਤ ਹੋਇਆ। ਭਾਈ ਜੇਠਾ ਜੀ ਪੂਰੀ ਮਿਹਨਤ ਨਾਲ ਕਿਰਤ ਕਰਦੇ, ਗੁਰੂ-ਘਰ ਦੀ ਪੂਰੀ ਲਗਨ ਨਾਲ ਸੇਵਾ ਕਰਦੇ ਅਤੇ ਗੁਰੂ ਬਚਨਾਂ ਦਾ ਪਾਲਣ ਕਰਦੇ। ਆਪ ਨੇ ਗੁਰਬਾਣੀ ਨੂੰ ਜੀਵਨ ਦਾ ਆਧਾਰ ਬਣਾਇਆ ਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਪਿਆਰ ਦੇ ਪਾਤਰ ਬਣੇ। ਅਨੰਦਮਈ ਜੀਵਨ ਜੁਗਤਿ ਵਿਚ ਵਿਚਰਦੇ, ਸੁਹਣੇ ਸੁਣੱਖੇ ਨੌਜਵਾਨ, ਗੁਰੂ ਜੀ ਦੇ ਮਿਹਰਾਂ ਭਰੀ ਨਜ਼ਰ ਵਿਚ ਪ੍ਰਵਾਨ ਹੋਏ। ਜਦੋਂ ਮਾਤਾ

**ਕੋਠੀ ਨੰ. ੨੫, ਫੇਜ਼ ੭, ਐਸ. ਏ. ਐਸ. ਨਗਰ (ਮੋਹਾਲੀ)-੧੬੦੦੬੧; ਮੋ: +੯੧੯੭੭੯੮-੧੬੯੦੯*

ਜੀ ਨੇ ਬੀਬੀ ਭਾਨੀ ਲਈ ਚੰਗੇ ਵਰ ਦੀ ਭਾਲ ਲਈ ਇੱਛਾ ਜ਼ਾਹਿਰ ਕੀਤੀ ਕਿ ਬੇਟੀ ਭਾਨੀ ਲਈ ਭਾਈ ਜੇਠਾ ਜੀ ਵਰਗਾ ਸੁੰਦਰ ਤੇ ਸੁਸ਼ੀਲ ਵਰ ਹੋਵੇ, ਤਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਸਹਿਜ ਹੀ ਫੁਰਮਾਇਆ ਕਿ ਇਹੋ ਜਿਹਾ ਤਾਂ ਇਹੋ ਹੀ ਹੈ, ਹੋਰ ਕੋਈ ਨਹੀਂ। ਗੁਰੂ ਜੀ ਦੀਆਂ ਮਿਹਰਾਂ ਪ੍ਰਾਪਤ ਹੋਈਆਂ ਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਬੱਚੀ ਬੀਬੀ ਭਾਨੀ ਦਾ ਵਿਆਹ ਭਾਈ ਜੇਠਾ ਜੀ (ਸ੍ਰੀ ਗੁਰੂ ਰਾਮਦਾਸ ਜੀ) ਨਾਲ ਕਰ ਦਿੱਤਾ। ਗੋਇੰਦਵਾਲ ਸਾਹਿਬ ਵਿਖੇ ਬਾਉਲੀ ਦੀ ਸੇਵਾ ਵਿਚ ਭਾਈ ਜੇਠਾ ਜੀ, ਗੁਰੂ-ਘਰ ਦੇ ਜਵਾਈ ਹੁੰਦੇ ਹੋਏ ਵੀ, ਪੂਰੀ ਲਗਨ ਤੇ ਮਿਹਨਤ ਨਾਲ ਗਾਰਾ, ਮਿੱਟੀ, ਚੂਨਾ ਆਦਿ ਦੀ ਟੋਕਰੀ ਢੋਂਦੇ ਰਹੇ। ਲਾਹੌਰ ਤੋਂ ਆਏ ਰਿਸ਼ਤੇਦਾਰਾਂ ਨੇ ਮਿਹਣੇ ਦਿੱਤੇ, ਪਰ ਆਪ ਜੀ ਨੇ ਕੋਈ ਪਰਵਾਹ ਨਾ ਕੀਤੀ। ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਦਿੱਤੇ ਗਏ ਮਿਹਣਿਆਂ ਦਾ ਹਲੀਮੀ ਵਿਚ ਉੱਤਰ ਦਿੱਤਾ, "ਸਿਰ 'ਤੇ ਚੁੱਕੀ ਟੋਕਰੀ ਦਾ ਕੋਈ ਭਾਰ ਨਹੀਂ, ਪਰਮਾਤਮਾ ਨੇ ਲੋਕ-ਭਲਾਈ ਦੇ ਪਤਾ ਨਹੀਂ ਕਿੰਨੇ ਮਹਾਨ ਕਾਰਜਾਂ ਦਾ ਬੋਝ ਇਨ੍ਹਾਂ ਦੇ ਸਿਰ 'ਤੇ ਰੱਖਣਾ ਹੈ ਅਤੇ ਇਨ੍ਹਾਂ ਰਾਹੀਂ ਬੇਅੰਤ ਮਨੁੱਖਤਾ ਦਾ ਕਲਿਆਣ ਹੋਣਾ ਹੈ।" *ਸਾਧ ਬਚਨ ਅਟਲਾਧਾ* ਅਨੁਸਾਰ ਐਸਾ ਹੀ ਵਾਪਰਿਆ। ਸਿੱਖੀ ਦੇ ਦਾਇਰੇ ਨੂੰ ਵਿਸ਼ਾਲ ਹੁੰਦਾ ਵੇਖ ਕੇ ੧੫੭੦ ਈ. ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ (ਗੁਰੂ) ਰਾਮਦਾਸ ਜੀ ਨੂੰ ਨਵਾਂ ਸਥਾਨ ਵਸਾਉਣ ਲਈ ਪ੍ਰੇਰਿਤ ਕੀਤਾ। ਆਪ ਜੀ ਅਤੇ ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਪਹਿਲਾਂ ਸੰਤੋਖਸਰ ਸਰੋਵਰ ਦੀ ਖੁਦਾਈ ਅਰੰਭੀ। ਉਪਰੰਤ ਨਵੇਂ ਨਗਰ ਦੀ ਨੀਂਹ ਰੱਖੀ। ਨਾਮ ਰੱਖਿਆ, 'ਗੁਰੂ ਕਾ ਚੱਕ' ਬਾਅਦ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਦਾ ਨਾਂ 'ਚੱਕ ਰਾਮਦਾਸ' ਰੱਖ ਦਿੱਤਾ ਤੇ ਅੰਮ੍ਰਿਤ ਸਰੋਵਰ ਦੀ ਮਾਨਤਾ ਕਾਰਨ ਵਸੋਂ ਵੱਧ ਜਾਣ 'ਤੇ ਸ਼ਹਿਰ ਦਾ ਨਾਮ ਸ੍ਰੀ ਅੰਮ੍ਰਿਤਸਰ ਸਾਹਿਬ ਪ੍ਰਸਿੱਧ ਹੋਇਆ। ੧੫੭੪ ਈ. ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਸਾਰੀ ਸੰਗਤ ਦੇ ਸਨਮੁਖ ਗੁਰਿਆਈ ਭਾਈ ਜੇਠਾ ਜੀ (ਸ੍ਰੀ ਗੁਰੂ ਰਾਮਦਾਸ ਜੀ) ਨੂੰ ਬਖਸ਼ਿਸ਼ ਕੀਤੀ ਤੇ ਆਪ ਜੀ ਸ੍ਰੀ ਗੁਰੂ ਰਾਮਦਾਸ ਜੀ ਕਰ ਕੇ ਸੰਬੋਧਨ ਹੋਣ ਲੱਗੇ। ਜਦੋਂ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਿਆਈ ਬਖਸ਼ਿਸ਼ ਕਰ ਕੇ ਸ੍ਰੀ ਗੁਰੂ ਰਾਮਦਾਸ ਜੀ ਅੱਗੇ ਮੱਥਾ ਟੇਕਿਆ, ਤਾਂ ਗੁਰੂ ਜੀ ਦੇ ਅੰਦਰ ਜੋ ਵੈਰਾਗ ਪੈਦਾ ਹੋਇਆ, ਉਸ ਨੂੰ ਯਾਦ ਕਰ ਕੇ ਉਹ ਭਾਵ ਆਪ ਜੀ ਨੇ ਨਿਮਨ ਸ਼ਬਦ ਰਾਹੀਂ ਪ੍ਰਗਟ ਕੀਤੇ ਹਨ।

*ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ॥*
*ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੬੭)*

ਭਾਈ ਗੁਰਦਾਸ ਜੀ ਨੇ ਵੀ ਇਸ ਅਨੂਠੀ ਘਟਨਾ ਨੂੰ ਆਪਣੇ ਅਨੁਭਵ ਰਾਹੀਂ ਪ੍ਰਗਟ ਕੀਤਾ:

*ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।* *(ਵਾਰ ੧:੪੭)*

ਸ੍ਰੀ ਗੁਰੂ ਰਾਮਦਾਸ ਜੀ ਦਾ ਅਭਿਨੰਦਨ ਕਰਦਿਆਂ ਭਾਈ ਬਲਵੰਡ ਜੀ ਤੇ

ਭਾਈ ਸੱਤਾ ਜੀ ਨੇ ਵੀ ਗੁਰੂ ਜੀ ਨੂੰ ਧੰਨਤਾ ਯੋਗ ਕਿਹਾ:

*ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੬੮)*

ਗੁਰਿਆਈ ਮਿਲਣ ਉਪਰੰਤ ਆਪ ਜੀ ਨੇ ਅਨੇਕਾਂ ਮਹਾਨ ਕਾਰਜ ਕੀਤੇ, ਪਰ ਨਿਮਰਤਾ, ਸਹਿਣਸ਼ੀਲਤਾ ਤੇ ਉਦਾਰਤਾ ਦਾ ਪੱਲਾ ਕਦੀ ਨਹੀਂ ਢਿੱਲਾ ਹੋਣ ਦਿੱਤਾ। ਆਪ ਜੀ ਦੀਆਂ ਰਚਨਾਵਾਂ ਵਿੱਚੋਂ ਆਪ ਜੀ ਦੀ ਨਿਮਰਤਾ ਦੀ ਮੂਰਤ ਬਾਰ-ਬਾਰ ਪ੍ਰਤੱਖ ਹੁੰਦੀ ਹੈ:

*-ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦)*

*-ਹਮ ਪਾਪੀ ਪਾਥਰ ਨੀਰਿ ਡੁਬਤ ਕਰਿ ਕਿਰਪਾ ਪਾਖਣ ਹਮ ਤਾਰੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੬)*

*-ਕਿਆ ਹਮ ਕਿਰਮ ਨਾਨ੍ ਨਿਕ ਕੀਰੇ ਤੁਮ੍ ਵਡ ਪੁਰਖ ਵਡਾਗੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੭)*

## ਸ੍ਰੀ ਗੁਰੂ ਰਾਮਦਾਸ ਜੀ ਹੱਥੋਂ ਸੰਪੰਨ ਹੋਏ ਕੁਝ ਵਿਸ਼ੇਸ਼ ਕਾਰਜ

੧. ਚੱਕ ਰਾਮਦਾਸ ਦੀ ਨੀਂਹ ਰੱਖੀ ਜੋ ਸਹਿਜੇ-ਸਹਿਜੇ ਸਿੱਖੀ ਦਾ ਇਕ ਮਹਾਨ ਕੇਂਦਰ ਹੋ ਕੇ ਪ੍ਰਗਟ ਹੋਇਆ। ਦੁਖ ਭੰਜਨੀ ਬੇਰੀ ਪਾਸ ਆਪ ਜੀ ਨੇ ੧੫੭੭ ਈ. ਵਿਚ ਇਕ ਸਰੋਵਰ ਦਾ ਨਿਰਮਾਣ ਕਰਵਾਇਆ, ਜੋ ਬਾਅਦ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕੀਤਾ। ਅੱਜ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ 'ਸਿਫਤੀ ਦਾ ਘਰੁ' ਸੰਸਾਰ ਦੇ ਨਕਸ਼ੇ 'ਤੇ ਇਕ ਅਦੁੱਤੀ ਸਥਾਨ ਕਰਕੇ ਪ੍ਰਸਿੱਧ ਹੈ। ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਐਸੀ ਉਪਮਾ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਖ਼ੁਦ ਕੀਤੀ ਹੈ:

*ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥*
*ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ॥*
*ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ॥*
*ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ,੧੩੬੨)*

੨. ਸਿੱਖੀ ਦੇ ਪ੍ਰਚਾਰ ਹਿੱਤ ਮਸੰਦ ਸੰਸਥਾ ਚਾਲੂ ਕੀਤੀ, ਜਿਸ ਨਾਲ ਉੱਚੇ-ਸੁੱਚੇ ਕਥਨੀ ਤੇ ਕਰਨੀ ਵਾਲੇ ਗੁਰਸਿੱਖ ਸਿੱਖੀ ਦੀ ਸੇਵਾ ਨਿਭਾਉਣ ਲੱਗੇ।

੩. ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀਆਂ ਪਰੰਪਰਾਵਾਂ ਨੂੰ ਅੱਗੇ ਤੋਰਿਆ। ਸੰਗਤ, ਪੰਗਤ, ਕੀਰਤਨ, ਸੇਵਾ, ਭਾਈਚਾਰਕ ਸੰਗਠਨ ਅਤੇ ਸਵੇਰ ਸ਼ਾਮ ਦੇ ਦੀਵਾਨ ਆਦਿ ਚੜ੍ਹਦੀ ਕਲਾ ਵਿਚ ਹੁੰਦੇ ਰਹੇ।

੪. ਆਪ ਜੀ ਨੇ ਚਾਰ ਲਾਵਾਂ ਦੀ ਰਚਨਾ ਕੀਤੀ। ਸਿੱਖੀ ਪਰਵਿਰਤੀ ਅਤੇ ਨਰਵਿਰਤੀ ਦਾ ਸੁਚੱਜਾ ਸੁਮੇਲ ਹੈ। ਅੱਜ ਲਾਵਾਂ ਪਾਠ ਅਤੇ ਗਾਇਨ ਹੀ ਸਿੱਖ

ਵਿਆਹ (ਅਨੰਦ ਸੰਸਕਾਰ) ਦਾ ਮੂਲ ਧੁਰਾ ਹੈ।

੫. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਆਪ ਜੀ ਦੀ ਬਾਣੀ ਪਰੰਪਰਾ ਅਨੁਸਾਰ ਰਾਗਾਂ ਵਿਚ ਹੈ। ਕੁੱਲ ੩੧ ਰਾਗਾਂ ਵਿੱਚੋਂ ੩੦ ਰਾਗਾਂ ਵਿਚ ਆਪ ਜੀ ਨੇ ਬਾਣੀ ਦਾ ਉਚਾਰਨ ਕੀਤਾ, ਸਿਵਾਏ ਇਕ ਰਾਗ ਜੈਜਾਵੰਤੀ ਦੇ ਜਿਸ ਵਿਚ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਰਜ ਹੈ। ਆਪ ਜੀ ਨੇ ੨੪੬ ਪਦੇ ਰਚੇ ਜਿਨ੍ਹਾਂ ਵਿਚ ਦੁਪਦੇ, ਚਉਪਦੇ ਤੇ ਪੰਚ ਪਦੇ ਸ਼ਾਮਲ ਹਨ। ੩੧ ਅਸਟਪਦੀਆਂ ਲਿਖੀਆਂ। ਲੋਕ ਕਾਵਿ-ਰੂਪਾਂ ਵਿਚ ਪਹਿਰੇ, ਵਣਜਾਰਾ, ਕਰਹਲੇ, ਘੋੜੀਆਂ, ਛੰਤ ਅਤੇ ਸਲੋਕ ਰਚੇ। ਆਪ ਜੀ ਨੇ ੮ ਵਾਰਾਂ ਲਿਖੀਆਂ ਜਿਨ੍ਹਾਂ ਵਿਚ ੧੮੩ ਪਉੜੀਆਂ ਹਨ। 'ਪੜਤਾਲਾਂ' ਵਿਚ ਕੀਤੀ ਰਚਨਾ ਆਪ ਜੀ ਦੀ ਵਿਲੱਖਣ ਦੇਣ ਹੈ। ਇਨ੍ਹਾਂ ਦਾ ਗਾਇਨ ਕੋਈ ਵਿਰਲਾ ਸੰਗੀਤ ਦਾ ਮਾਹਿਰ ਰਾਗੀ ਹੀ ਕਰ ਸਕਦਾ ਹੈ। ਆਪ ਜੀ ਦੀ ਬਾਣੀ ਦਾ ਪ੍ਰਧਾਨ ਵਿਸ਼ਾ-ਪ੍ਰਭੂ ਪਿਆਰ, ਵੈਰਾਗ, ਮਿਲਾਪ ਲਈ ਤੜਪ ਹੈ। ਇਨ੍ਹਾਂ ਦੇ ਸਾਧਨ ਵਜੋਂ ਗੁਰੂ ਦਾ ਧਿਆਨ, ਨਾਮ ਸਿਮਰਨ, ਸਾਧ ਸੰਗ, ਸੇਵਾ, ਬਾਣੀ ਕੀਰਤਨ, ਸ਼ਬਦ-ਵਿਚਾਰ ਦੱਸੀ ਹੈ, ਜਿਸ ਦੀ ਪ੍ਰਾਪਤੀ ਲਈ ਅੰਮ੍ਰਿਤ ਵੇਲਾ, ਸੌਚ ਇਸ਼ਨਾਨ, ਸਦਾਚਾਰਕ ਚਲਣ ਆਦਿ ਜ਼ਰੂਰੀ ਦੱਸੇ। ਆਪ ਜੀ ਦੀ ਦਰਸਾਈ ਗੁਰਸਿੱਖ ਦੀ ਪਰਿਭਾਸ਼ਾ ਸਮੁੱਚੀ ਦਿਨ ਚਰਿਆ ਨੂੰ ਇਸ ਤਰ੍ਹਾਂ ਦਰਸਾਉਂਦੀ ਹੈ:

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੫)*

ਸ੍ਰੀ ਗੁਰੂ ਰਾਮਦਾਸ ਜੀ ਦੇ ਤਿੰਨ ਸਪੁੱਤਰ ਸਨ। ਸਭ ਤੋਂ ਵੱਡੇ ਪ੍ਰਿਥੀ ਚੰਦ ਸੰਸਾਰਕ ਬਿਰਤੀ ਵਾਲੇ, ਚੰਗੀ ਪ੍ਰਬੰਧਕੀ ਸੂਝ ਵਾਲੇ, ਕਾਰ-ਵਿਹਾਰ ਦਾ ਸਾਰਾ ਪ੍ਰਬੰਧ ਤੇ ਸਾਂਭ-ਸੰਭਾਲ ਕਰਦੇ ਸਨ ਪਰੰਤੂ ਨਾਮ ਬਾਣੀ, ਸਿਮਰਨ ਸਾਧਨਾ ਵਿਚ ਧਿਆਨ ਨਹੀਂ ਸੀ। ਦੂਜੇ ਪੁੱਤਰ, ਮਹਾਂਦੇਵ ਜੀ ਵੈਰਾਗਮਈ ਸੁਭਾਅ ਵਾਲੇ ਨਿਰਵਿਰਤ ਬਿਰਤੀ ਦੇ ਮਾਲਕ, ਉਪਰਾਮ ਰਹਿਣ ਵਾਲੇ ਕਿਸੇ ਕੰਮ ਵਿਚ ਰੁਚੀ ਨਹੀਂ ਸੀ ਰੱਖਦੇ। ਤੀਜੇ, ਸ੍ਰੀ (ਗੁਰੂ) ਅਰਜਨ ਦੇਵ ਜੀ, ਗੁਣਵਾਨ, ਆਗਿਆਕਾਰੀ, ਨਾਮ-ਰਸੀਏ, ਹਰਮਨ ਪਿਆਰੇ ਸਪੁੱਤਰ ਸਨ, ਜਿਨ੍ਹਾਂ ਨੂੰ ਗੁਰਿਆਈ ਦੇ ਯੋਗ ਸਮਝਦਿਆਂ ਸੰਨ ੧੫੮੧ ਵਿਚ ਗੁਰਤਾ ਬਖਸ਼ਿਸ਼ ਕੀਤੀ। ਸਤੰਬਰ ੧੫੮੧ ਈ. ਵਿਚ ਆਪ ਜੀ ਜੋਤੀ ਜੋਤਿ ਸਮਾਏ।

**ਭੱਟ ਸਾਹਿਬਾਨ ਦੇ ਸਵਈਆਂ ਵਿਚ ਪ੍ਰਾਪਤ ਸ੍ਰੀ ਗੁਰੂ ਰਾਮਦਾਸ ਜੀ ਦੀ ਮਨੋਹਰ ਸ਼ਖ਼ਸੀਅਤ:-**

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਦਸਤਾਰ-ਬੰਦੀ ਦੀ ਰਸਮ ਵੇਲੇ ਦੂਰੋਂ-ਦੂਰੋਂ ਸਿੱਖ ਸੰਗਤ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ-ਦੀਦਾਰ ਨੂੰ ਆਈ। ਪ੍ਰੋ. ਸਾਹਿਬ ਸਿੰਘ ਅਨੁਸਾਰ ਉਨ੍ਹੀਂ ਹੀ ਦਿਨੀਂ ਭੱਟ ਭੀ ਸੰਗਤ ਦੇ ਨਾਲ ਗੋਇੰਦਵਾਲ ਸਾਹਿਬ ਆਏ। ਦੀਦਾਰ ਦੀ ਬਰਕਤ ਨਾਲ ਚਿੱਤ ਗੁਰੂ ਦੀ ਸਿਫਤ ਕਰਨ ਦੇ ਉਮਾਹ ਵਿਚ ਆਇਆ ਅਤੇ ਗੁਰੂ-ਉਪਮਾ ਵਿਚ ਉਨ੍ਹਾਂ ਇਹ 'ਸਵਈਏ' ਉਚਾਰੇ, ਜਿਨ੍ਹਾਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਮੁਖਵਾਕ ਸਵਈਆਂ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ।

ਭੱਟ ਸਾਹਿਬਾਨ ਨੇ ਸ੍ਰੀ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਸਾਹਿਬ ਤਕ ਹਰੇਕ 'ਗੁਰ ਪਾਤਸ਼ਾਹ' ਦੀ ਸਿਫਤਿ ਉਚਾਰੀ ਹੈ। ਭੱਟ ਕਲਸਹਾਰ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੀ ਉਸਤਤ ਵਿਚ ੧੩ ਸਵਈਏ ਉਚਾਰੇ ਹਨ। ਪਹਿਲੇ ਸਵਈਏ ਵਿਚ ਹੀ ਆਪ ਜੀ ਬੇਨਤੀ ਕਰਦੇ ਹਨ ਤੇ ਸਤਿਗੁਰੂ (ਸ੍ਰੀ ਗੁਰੂ ਰਾਮਦਾਸ ਜੀ) ਮੇਰੀ ਦਾਸ ਦੀ ਆਸ ਪੂਰੀ ਕਰੋ ਕਿ ਮੈਂ ਇਕਾਗਰ ਚਿੱਤ ਹੋ ਕੇ ਮਾਇਆ ਤੋਂ ਰਹਿਤ ਅਕਾਲ ਪੁਰਖ ਨੂੰ ਸਿਮਰਾਂ, ਗੁਰੂ ਦੀ ਕਿਰਪਾ ਨਾਲ ਸਦਾ ਹਰੀ ਦੇ ਗੁਣ ਗਾਵਾਂ ਅਤੇ ਗੁਣ ਗਾਇਨ ਕਰਦਿਆਂ-ਕਰਦਿਆਂ ਮੇਰੇ ਮਨ ਵਿਚ ਖਿੜਾਉ ਪੈਦਾ ਹੋਵੇ:

*ਇਕ ਮਨਿ ਪੁਰਖੁ ਨਿਰੰਜਨੁ ਧਿਆਵਉ॥*
*ਗੁਰ ਪ੍ਰਸਾਦਿ ਹਰਿ ਗੁਣ ਸਦ ਗਾਵਉ॥*
*ਗੁਨ ਗਾਵਤ ਮਨਿ ਹੋਇ ਬਿਗਾਸਾ॥*
*ਸਤਿਗੁਰ ਪੂਰਿ ਜਨਹ ਕੀ ਆਸਾ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੬)*

ਅੱਗੇ ਫੁਰਮਾਉਂਦੇ ਹਨ:

*ਸਤਿਗੁਰੁ ਸੇਵਿ ਪਰਮ ਪਦੁ ਪਾਯਉ॥*
*ਅਬਿਨਾਸੀ ਅਬਿਗਤੁ ਧਿਆਯਉ॥*
*ਤਿਸੁ ਭੇਟੇ ਦਾਰਿਦ੍ਰੁ ਨ ਚੰਪੈ॥*
*ਕਲ੍ ਸਹਾਰੁ ਤਾਸੁ ਗੁਣ ਜੰਪੈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੬)*

ਅਰਥਾਤ- ਜਿਸ ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਸੇਵ ਕੇ ਉੱਚੀ ਪਦਵੀ ਪਾਈ ਹੈ ਅਤੇ ਅਬਿਨਾਸ਼ੀ ਤੇ ਅਦ੍ਰਿਸ਼ਟ ਹਰੀ ਨੂੰ ਸਿਮਰਿਆ ਹੈ, ਉਸ ਸ੍ਰੀ ਗੁਰੂ ਰਾਮਦਾਸ ਜੀ ਦੀ ਚਰਨੀਂ ਲੱਗਿਆਂ, ਦਲਿੱਦ੍ਰ ਨਹੀਂ ਚੰਬੜਦਾ, ਕਲਸਹਾਰ ਭੱਟ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਣ ਗਾਉਂਦਾ ਹੈ। ਭੱਟ ਕਲਸਹਾਰ ਜੀ ਅੱਗੇ ਫੁਰਮਾਉਂਦੇ ਹਨ:

*ਜੰਪਉ ਗੁਣ ਬਿਮਲ ਸੁਜਨ ਜਨ ਕੇਰੇ ਅਮਿਅ ਨਾਮੁ ਜਾ ਕਉ ਫੁਰਿਆ॥*

*ਇਨਿ ਸਤਗੁਰੁ ਸੇਵਿ ਸਬਦ ਰਸੁ ਪਾਯਾ ਨਾਮੁ ਨਿਰੰਜਨ ਉਰਿ ਧਰਿਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੬)*

ਅਰਥਾਤ- ਮੈਂ ਉਸ ਸ੍ਰੇਸ਼ਟ ਜਨ (ਸ੍ਰੀ ਗੁਰੂ ਰਾਮਦਾਸ ਜੀ) ਦੇ ਨਿਰਮਲ ਗੁਣ ਗਾਉਂਦਾ ਹਾਂ, ਜਿਸ ਨੂੰ ਆਤਮਕ ਜੀਵਨ ਦੇਣ ਵਾਲੇ ਨਾਮ ਦਾ ਅਨੁਭਵ ਹੋਇਆ ਹੈ, ਇਸ (ਸ੍ਰੀ ਗੁਰੂ ਰਾਮਦਾਸ ਜੀ) ਨੇ ਸ੍ਰੀ ਗੁਰੂ (ਅਮਰਦਾਸ ਜੀ) ਨੂੰ ਸੇਵ ਕੇ ਸ਼ਬਦ ਦਾ ਅਨੰਦ ਪ੍ਰਾਪਤ ਕੀਤਾ ਹੈ ਤੇ ਨਿਰੰਜਨ ਦਾ ਨਾਮ ਹਿਰਦੇ ਵਿਚ ਵਸਾਇਆ ਹੈ। ਸਵਈਏ ਦੀਆਂ ਆਖਰੀ ਪੰਕਤੀਆਂ ਹਨ:

*ਹਰਿ ਨਾਮ ਰਸਿਕੁ ਗੋਬਿੰਦ ਗੁਣ ਗਾਹਕੁ ਚਾਹਕੁ ਤਤ ਸਮਤ ਸਰੇ॥*
*ਕਵਿ ਕਲ੍ਯ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੬)*

ਅਰਥਾਤ - ਹੇ ਕਲਸਹਾਰ ਕਵੀ! ਠਾਕੁਰ ਹਰਿਦਾਸ ਜੀ ਦੇ ਸਪੁੱਤਰ (ਸ੍ਰੀ ਗੁਰੂ ਰਾਮਦਾਸ ਜੀ) (ਹਿਰਦੇ ਰੂਪੀ) ਖਾਲੀ ਸਰੋਵਰਾਂ ਨੂੰ ਨਾਮ ਨਾਲ ਭਰਨ ਵਾਲੇ ਹਨ। ਸ੍ਰੀ ਗੁਰੂ ਰਾਮਦਾਸ ਜੀ ਅਕਾਲ ਪੁਰਖ ਦੇ ਨਾਮ ਦੇ ਰਸੀਏ ਹਨ, ਗੋਬਿੰਦ-ਗੁਣਾਂ ਦੇ ਗਾਹਕ ਹਨ, ਅਕਾਲ ਪੁਰਖ ਨਾਲ ਪਿਆਰ ਕਰਨ ਵਾਲੇ ਹਨ ਅਤੇ ਸਮਦ੍ਰਿਸ਼ਟਤਾ ਦਾ ਸਰੋਵਰ ਹਨ। ਪੰਜਵੇਂ ਸਵਈਏ ਵਿਚ ਆਪ ਜੀ ਫੁਰਮਾਨ ਕਰਦੇ ਹਨ ਕਿ ਸ੍ਰੀ ਗੁਰੂ ਰਾਮਦਾਸ ਜੀ ਨੂੰ ਅਬਿਨਾਸ਼ੀ ਪ੍ਰਭੂ ਨਾਲ ਅਭੇਦਤਾ ਪ੍ਰਾਪਤ ਹੋਈ:

*ਨਾਨਕ ਪ੍ਰਸਾਦਿ ਅੰਗਦ ਸੁਮਤਿ ਗੁਰਿ ਅਮਰਿ ਅਮਰੁ ਵਰਤਾਇਓ॥*
*ਗੁਰ ਰਾਮਦਾਸ ਕਲ੍ਯੁਚਰੈ ਤੈਂ ਅਟਲ ਅਮਰ ਪਦੁ ਪਾਇਓ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੭)*

ਅਰਥਾਤ- ਕਲਸਹਾਰ ਆਖਦਾ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਕਿਰਪਾ ਨਾਲ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਖਸ਼ੀ ਸੁੰਦਰ ਬੁੱਧ ਨਾਲ, ਸ੍ਰੀ ਗੁਰੂ ਅਮਰਦਾਸ ਜੀ ਨੇ ਅਕਾਲ ਪੁਰਖ ਦਾ ਹੁਕਮ ਵਰਤੋਂ ਵਿਚ ਲਿਆਂਦਾ ਹੈ, ਹੇ ਸ੍ਰੀ ਗੁਰੂ ਰਾਮਦਾਸ ਜੀ! ਆਪ ਜੀ ਸਦਾ ਥਿਰ ਰਹਿਣ ਵਾਲੇ ਹੋ ਅਤੇ ਅਬਿਨਾਸ਼ੀ ਹਰੀ ਦੀ ਪਦਵੀ ਪ੍ਰਾਪਤ ਕਰ ਲਈ ਹੈ। ਭੱਟ ਕਲ੍ਯ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਅਕਾਲ ਪੁਰਖ ਵੱਲੋਂ ਬਖਸ਼ਿਸ਼ ਹੋਈ ਇੱਕੋ ਜੋਤਿ ਦਾ ਪ੍ਰਕਾਸ਼ ਮੰਨਿਆ ਹੈ:

*ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ*
*ਤਾਰਨਿ ਮਨੁਖ੍ਯ ਜਨ ਕੀਅਉ ਪ੍ਰਗਾਸ॥*
*ਗੁਰ ਅੰਗਦ ਦੀਅਉ ਨਿਧਾਨੁ ਅਕਥ ਕਥਾ ਗਿਆਨੁ*
*ਪੰਚ ਭੂਤ ਬਸਿ ਕੀਨੇ ਜਮਤ ਨ ਤ੍ਰਾਸ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੯)*

ਅਰਥਾਤ- ਪਹਿਲਾਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਚੰਦਰਮਾ ਰੂਪ ਪ੍ਰਗਟ ਹੋਏ, ਮਨੁੱਖਾਂ ਨੂੰ ਤਾਰਨ ਲਈ ਆਪ ਜੀ ਨੇ ਚਾਨਣਾ ਕੀਤਾ ਤੇ ਸਾਰੇ ਸੰਸਾਰ ਨੂੰ ਖੁਸ਼ੀ ਹੋਈ।

ਫਿਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਹਰੀ ਦੀ ਅਕਥ ਕਥਾ ਦਾ ਗਿਆਨ ਰੂਪ ਬਖਸ਼ਿਆ, ਜਿਸ ਕਰਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਾਮਾਦਿਕ ਪੰਜੇ ਵੈਰੀ ਵੱਸ ਵਿਚ ਕਰ ਲਏ ਤੇ ਇਨ੍ਹਾਂ ਦਾ ਡਰ ਨਾ ਰਿਹਾ।

*ਗੁਰ ਅਮਰੁ ਗੁਰੂ ਸ੍ਰੀ ਸਤਿ ਕਲਿਜੁਗਿ ਰਾਖੀ ਪਤਿ*
*ਅਘਨ ਦੇਖਤ ਗਤੁ ਚਰਨ ਕਵਲ ਜਾਸ॥*
*ਸਭ ਬਿਧਿ ਮਾਨ੍ਹਿਉ ਮਨੁ ਤਬ ਹੀ ਭਯਉ ਪ੍ਰਸੰਨੁ*
*ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੯)*

ਅਰਥਾਤ- ਫਿਰ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਛੋਹ ਨਾਲ ਸ੍ਰੀ ਗੁਰੂ ਅਮਰਦਾਸ ਜੀ ਪ੍ਰਗਟ ਹੋਏ। ਉਨ੍ਹਾਂ ਨੇ ਕਲਿਜੁਗ ਦੀ ਪੱਤ ਰੱਖੀ, ਆਪ ਜੀ ਦੇ ਚਰਨ-ਕਮਲਾਂ ਦਾ ਦਰਸ਼ਨ ਕਰ ਕੇ ਕਲਿਜੁਗ ਦੇ ਪਾਪ ਭੱਜ ਗਏ। ਜਦੋਂ ਸ੍ਰੀ ਗੁਰੂ ਅਮਰਦਾਸ ਜੀ ਦਾ ਮਨ ਪੂਰਨ ਤੌਰ 'ਤੇ ਪਤੀਜ ਗਿਆ, ਤਦੋਂ ਉਹ ਗੁਰੂ ਰਾਮਦਾਸ ਜੀ ਉੱਤੇ ਤਰੁੱਠੇ ਤੇ ਉਨ੍ਹਾਂ ਨੂੰ ਰਾਜ ਜੋਗ ਵਾਲਾ ਤਖਤ ਸ੍ਰੀ ਗੁਰੂ ਰਾਮਦਾਸ ਜੀ ਨੂੰ ਬਖਸ਼ਿਆ। ਅਗਲੇ ੧੩ ਸਵਈਏ ਭੱਟ ਗਯੰਦ ਜੀ ਦੇ ਹਨ। ਆਪ ਜੀ ਨੇ ਵੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਦਾ ਪ੍ਰਕਾਸ਼ ਦੂਜੀ, ਤੀਜੀ ਅਤੇ ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਵਿਚ ਪ੍ਰਗਟ ਹੋਇਆ ਦੱਸਿਆ ਹੈ:

*ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ॥ ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ॥*
*ਲਹਣੈ ਪੰਥੁ ਧਰਮ ਕਾ ਕੀਆ॥ ਅਮਰਦਾਸ ਭਲੇ ਕਉ ਦੀਆ॥*
*ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਹਉ॥ ਹਰਿ ਕਾ ਨਾਮੁ ਅਖੈ ਨਿਧਿ ਅਪ੍ਹਉ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੦੧)*

ਅਰਥਾਤ- ਸ੍ਰੀ ਗੁਰੂ ਨਾਨਕ ਸਾਹਿਬ ਜੀ ਅਕਾਲ ਪੁਰਖ ਦੇ ਨਿਕਟ ਵਸਦੇ ਹਨ। ਉਨ੍ਹਾਂ ਨੇ ਭਾਈ ਲਹਿਣਾ ਜੀ ਨੂੰ ਨਿਵਾਜ ਕੇ ਰੱਬੀ ਜੋਤ ਜਗਤ ਵਿਚ ਪ੍ਰਕਾਸ਼ਮਾਨ ਕੀਤੀ। ਭਾਈ ਲਹਿਣਾ ਜੀ ਨੇ ਧਰਮ ਦਾ ਰਾਹ ਚਲਾਇਆ ਅਤੇ ਨਾਮ-ਧਰਮ ਦੀ ਦਾਤ ਭਲੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਸੌਂਪੀ। ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਨਾਮ ਦਾ ਅਖੁੱਟ ਖ਼ਜ਼ਾਨਾ ਸੋਢੀ ਸ੍ਰੀ ਗੁਰੂ ਰਾਮਦਾਸ ਜੀ ਨੂੰ ਬਖਸ਼ਿਆ।

ਇਕ ਗੱਲ ਵਿਸ਼ੇਸ਼ ਧਿਆਨ ਯੋਗ ਹੈ ਕਿ ਭੱਟ ਗਯੰਦ ਜੀ ਦੇ ਇਨ੍ਹਾਂ ਸਵਈਆਂ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੀ ਉਪਮਾ ਵਿਚ 'ਵਾਹਿਗੁਰੂ' ਸ਼ਬਦ ਦਾ ਪਹਿਲੀ ਵਾਰੀ ਪ੍ਰਯੋਗ ਹੋਇਆ ਹੈ:

*ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ*
*ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੦੨)*

ਅਰਥਾਤ - ਹੇ ਗੁਰੂ! ਤੂੰ ਅਸਚਰਜ ਹੈਂ, ਤੂੰ ਅਟੱਲ ਹੈਂ, ਤੂੰ ਆਦਿ ਪੁਰਖ ਹੈਂ, ਤੂੰ ਸਦਾ ਥਿਰ ਹੈ। ਸ੍ਰੀ ਗੁਰੂ ਰਾਮਦਾਸ ਜੀ ਦੀ ਸਿਫਤ ਸਾਲਾਹ ਵਿਚ ਇਸ ਦਾ ਗਾਇਨ ਸਾਧ ਸੰਗਤ ਵਿਚ ਵਿਸ਼ੇਸ਼ ਤੌਰ 'ਤੇ ਕੀਤਾ ਤੇ ਸੁਣਿਆ-ਮਾਣਿਆ ਜਾਂਦਾ

ਹੈ, ਜਿਵੇਂ ਨਿਮਨ ਸਵਈਆਂ:

*ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ॥*
*ਨਿਰੰਕਾਰੁ ਪ੍ਰਭੁ ਸਦਾ ਸਲਾਮਤਿ ਕਹਿ ਨ ਸਕੈ ਕੋਊ ਤੂ ਕਦ ਕਾ॥*
*ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਯਾ ਮਨ ਮਦ ਕਾ॥*
*ਚਵਰਾਸੀਹ ਲਖ ਜੋਨਿ ਉਪਾਈ ਰਿਜਕੁ ਦੀਆ ਸਭ ਹੂ ਕਉ ਤਦ ਕਾ॥*
*ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੦੩)*

ਸ੍ਰੀ ਗੁਰੂ ਰਾਮਦਾਸ ਜੀ ਦੀ ਉਪਮਾ ਵਿਚ ਭੱਟ ਮਥੁਰਾ ਜੀ ਨੇ ੭ ਸਵਈਏ ਉਚਾਰਨ ਕੀਤੇ ਹਨ। ਭੱਟ ਮਥੁਰਾ ਜੀ ਅਨੁਸਾਰ ਸਾਰੇ ਜੁਗਾਂ ਵਿਚ ਭਉਂਦਾ ਹੋਇਆ ਕੋਈ ਮੁਨੀ ਪਰਮਾਤਮਾ ਦਾ ਧਿਆਨ ਧਰਦਾ ਹੈ, ਅੰਦਰ ਦਾ ਚਾਨਣ ਲੱਭਦਾ ਹੈ, ਜਿਸ ਦਾ ਜਸ ਬ੍ਰਹਮਾ ਵੇਦ-ਬਾਣੀ ਸਣੇ ਗਾਉਂਦਾ ਹੈ, ਜਿਸ ਦੇ ਦਰਸ਼ਨਾਂ ਖਾਤਰ ਅਨੇਕਾਂ ਜੋਗੀ, ਜਤੀ, ਸਿੱਧ ਤੇ ਸਾਧਿਕ ਤਪ ਕਰਦੇ ਹਨ, ਜਟਾ-ਜੂਟ ਰਹਿ ਕੇ ਉਦਾਸ ਭੇਖ ਧਾਰ ਕੇ ਫਿਰਦੇ ਹਨ, ਉਸ ਹਰੀ-ਰੂਪ ਸ੍ਰੀ ਗੁਰੂ ਅਮਰਦਾਸ ਜੀ ਨੇ ਸਹਜ-ਸੁਭਾਇ ਜੀਆਂ ਉੱਤੇ ਕਿਰਪਾ ਕੀਤੀ ਤੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਹਰੀ ਨਾਮ ਦੀ ਵਡਿਆਈ ਬਖਸ਼ੀ:

*ਜਾ ਕਉ ਮੁਨਿ ਧ੍ਯਾਨੁ ਧਰੈ ਫਿਰਤ ਸਗਲ ਜੁਗ*
*ਕਬਹੁ ਕ ਕੋਊ ਪਾਵੈ ਆਤਮ ਪ੍ਰਗਾਸ ਕਉ॥*
*ਬੇਦ ਬਾਣੀ ਸਹਿਤ ਬਿਰੰਚਿ ਜਸੁ ਗਾਵੈ ਜਾ ਕੋ*
*ਸਿਵ ਮੁਨਿ ਗਹਿ ਨ ਤਜਾਤ ਕਬਿਲਾਸ ਕੰਉ॥*
*ਜਾ ਕੌ ਜੋਗੀ ਜਤੀ ਸਿਧ ਸਾਧਿਕ ਅਨੇਕ ਤਪ*
*ਜਟਾ ਜੂਟ ਭੇਖ ਕੀਏ ਫਿਰਤ ਉਦਾਸ ਕਉ॥*
*ਸੁ ਤਿਨਿ ਸਤਿਗੁਰਿ ਸੁਖ ਭਾਇ ਕ੍ਰਿਪਾ ਧਾਰੀ ਜੀਅ*
*ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੦੪)*

ਭੱਟ ਬਲ੍ਯ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੀ ਉਪਮਾ ਵਿਚ ਪੰਜ ਸਵਈਏ ਉਚਾਰੇ ਹਨ, ਜਿਨ੍ਹਾਂ ਦਾ ਉਚਾਰਨ ਅੰਮ੍ਰਿਤ ਵੇਲੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਪ੍ਰਕਾਸ਼ ਸਮੇਂ ਹੋਰ ਭੱਟ ਬਾਣੀ ਦੇ ਨਾਲ ਬੜੇ ਪਿਆਰ ਨਾਲ ਉਚਾਰਨ ਕੀਤਾ ਜਾਂਦਾ ਹੈ। ਉਦਾਹਰਨ ਵਜੋਂ ਇਕ ਸਵਈਆਂ ਨਿਮਨ ਲਿਖਤ ਹੈ:

*ਜਿਹ ਸਤਿਗੁਰ ਸਿਮਰੰਤ ਨਯਨ ਕੇ ਤਿਮਰ ਮਿਟਹਿ ਖਿਨੁ॥*
*ਜਿਹ ਸਤਿਗੁਰ ਸਿਮਰੰਥਿ ਰਿਦੈ ਹਰਿ ਨਾਮੁ ਦਿਨੋ ਦਿਨੁ॥*
*ਜਿਹ ਸਤਿਗੁਰ ਸਿਮਰੰਥਿ ਜੀਅ ਕੀ ਤਪਤਿ ਮਿਟਾਵੈ॥*
*ਜਿਹ ਸਤਿਗੁਰ ਸਿਮਰੰਥਿ ਰਿਧਿ ਸਿਧਿ ਨਵ ਨਿਧਿ ਪਾਵੈ॥*
*ਸੋਈ ਰਾਮਦਾਸੁ ਗੁਰੁ ਬਲ੍ਯ ਭਣਿ ਮਿਲਿ ਸੰਗਤਿ ਧੰਨਿ ਧੰਨਿ ਕਰਹੁ॥*

*ਜਿਹ ਸਤਿਗੁਰ ਲਗਿ ਪ੍ਰਭੁ ਪਾਈਐ ਸੋ ਸਤਿਗੁਰੁ ਸਿਮਰਹੁ ਨਰਹੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੦੫)*

ਅਰਥਾਤ- ਜਿਸ ਸਤਿਗੁਰੂ (ਸ੍ਰੀ ਗੁਰੂ ਰਾਮਦਾਸ ਜੀ) ਦਾ ਸਿਮਰਨ ਕੀਤਿਆਂ ਅੱਖਾਂ ਦੇ ਫੌੜ ਖਿਨ ਵਿਚ ਕੱਟੇ ਜਾਂਦੇ ਹਨ, ਜਿਸ ਗੁਰੂ ਦਾ ਸਿਮਰਨ ਕੀਤਿਆਂ ਹਿਰਦੇ ਵਿਚ ਹਰੀ ਦਾ ਨਾਮ ਦਿਨੋਂ ਦਿਨ ਹੋਰ ਪ੍ਰਪੱਕ ਹੁੰਦਾ ਹੈ। ਜਿਸ ਗੁਰੂ ਨੂੰ ਸਿਮਰਿਆਂ ਜੀਵ ਦੇ ਹਿਰਦੇ ਦੀ ਤਪਤ ਮਿਟਦੀ ਹੈ, ਜਿਸ ਗੁਰੂ ਨੂੰ ਯਾਦ ਕਰ ਕੇ ਜੀਵ ਰਿੱਧੀਆਂ ਸਿੱਧੀਆਂ ਤੇ ਨੌਂ ਨਿਧੀਆਂ ਪਾ ਲੈਂਦਾ ਹੈ; ਭੱਟ ਬਲ੍ਹ ਜੀ ਕਹਿੰਦੇ ਹਨ - ਹੇ ਜਨੋਂ ! ਜਿਸ ਸ੍ਰੀ ਗੁਰੂ ਰਾਮਦਾਸ ਜੀ ਦੀ ਚਰਨੀਂ ਲੱਗ ਕੇ ਪ੍ਰਭੂ ਨੂੰ ਮਿਲੀਦਾ ਹੈ, ਉਸ ਨੂੰ ਸਿਮਰੋ ਤੇ ਸੰਗਤ ਵਿਚ ਮਿਲ ਕੇ ਆਖੋ, ਤੂੰ ਧੰਨ ਹੈਂ, ਤੂੰ ਧੰਨ ਹੈਂ। ਭੱਟ ਕੀਰਤ ਦੇ ੪ ਸਵਈਏ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹਨ। ਇਕ ਸਵਈਆਂ ਜੋ ਬਹੁਤ ਪ੍ਰਸਿੱਧ ਹੈ ਅਤੇ ਲਗਪਗ ਰੋਜ਼ ਸ੍ਰੀ ਦਰਬਾਰ ਸਾਹਿਬ ਰਾਗੀ ਸਿੰਘਾਂ ਵਲੋਂ ਜਾਂ ਅੰਮ੍ਰਿਤ ਵੇਲੇ ਪ੍ਰਕਾਸ਼ ਸਮੇਂ ਗਾਇਨ ਕੀਤਾ ਜਾਂਦਾ ਹੈ, ਇਹ ਹੈ:

*-ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥*
*ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ॥*
*ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥*
*ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੦੬)*

ਅਰਥਾਤ - ੧. ਅਸੀਂ ਅਉਗਣਾਂ ਨਾਲ ਭਰੇ ਹੋਏ ਹਾਂ, ਸਾਡੇ ਵਿਚ ਇਕ ਵੀ ਗੁਣ ਨਹੀਂ ਹੈ, ਅੰਮ੍ਰਿਤ ਰੂਪੀ ਨਾਮ ਨੂੰ ਛੱਡ ਕੇ ਅਸੀਂ ਨਿਰੀ ਵਿਸ਼ੇ ਵਿਕਾਰਾਂ ਦੀ) ਵਿਹੁ ਹੀ ਖਾਂਦੇ ਰਹਿੰਦੇ ਹਾਂ। ਮਾਇਆ ਦੇ ਮੋਹ ਅਤੇ ਭਰਮਾਂ ਵਿਚ ਪੈ ਕੇ ਅਸੀਂ ਜੀਵਨ ਰਾਹ ਤੋਂ ਭੁੱਲੇ ਹੋਏ ਹਾਂ ਅਤੇ ਪੁੱਤਰ ਇਸਤਰੀ ਦੇ ਪਿਆਰ ਵਿਚ ਰੁਝੇ ਹੋਏ ਹਾਂ।

੨. ਅਸੀਂ ਸਤਿਗੁਰੂ ਜੀ ਦੀ ਸੰਗਤ ਵਾਲਾ ਉੱਤਮ ਰਾਹ ਸੁਣਿਆ ਹੈ ਜਿਸ 'ਤੇ ਚੱਲਿਆਂ ਜਮਾਂ ਦਾ ਡਰ ਮਿਟ ਜਾਂਦਾ ਹੈ। ਭੱਟ ਕੀਰਤ ਜੀ ਦੀ ਇੱਕੋ ਬੇਨਤੀ ਹੈ ਕਿ ਹੇ ਸ੍ਰੀ ਗੁਰੂ ਰਾਮਦਾਸ ਜੀ ! ਆਪਣੀ ਸ਼ਰਨ ਵਿਚ ਰੱਖੋ ਜੀ। ਸਲ੍ਹ ਭੱਟ ਦੇ ਕੇਵਲ ਦੋ ਸਵਈਏ ਹਨ। ਆਪ ਜੀ ਸ੍ਰੀ ਗੁਰੂ ਰਾਮਦਾਸ ਜੀ ਦੀ ਉਪਮਾ ਵਿਚ ਫੁਰਮਾਉਂਦੇ ਹਨ:

*ਸਿਰਿ ਆਤਪਤੁ ਸਚੌ ਤਖਤੁ ਜੋਗ ਭੋਗ ਸੰਜੁਤੁ ਬਲਿ॥*
*ਗੁਰ ਰਾਮਦਾਸ ਸਚੁ ਸਲ੍ਹ ਭਣਿ ਤੂ ਅਟਲੁ ਰਾਜਿ ਅਭਗੁ ਦਲਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੦੬)*

ਅਰਥਾਤ- (ਸ੍ਰੀ ਗੁਰੂ ਰਾਮਦਾਸ ਜੀ) ਆਪ ਜੀ ਦੇ ਸਿਰ ਉੱਤੇ ਛਤਰ ਹੈ, ਆਪ ਜੀ ਦਾ ਤਖਤ ਸਦਾ-ਥਿਰ ਹੈ, ਆਪ ਰਾਜ ਅਤੇ ਜੋਗ ਦੋਵੇਂ ਮਾਣਦੇ ਹੋ ਤੇ ਬਲੀ ਹੋ। ਹੇ ਸਲ੍ਹ ਕਵੀ ! ਤੂੰ ਸੱਚ ਆਖ, ਹੇ ਗੁਰੂ ਰਾਮਦਾਸ ਜੀ ! ਤੁਸੀਂ ਅਟੱਲ ਰਾਜ ਵਾਲੇ ਤੇ (ਦੈਵੀ-ਸਰੂਪ) ਨਾ ਨਾਸ਼ ਹੋਣ ਵਾਲੀ ਫੌਜ ਵਾਲੇ ਹੋ ਜੀ। ■

# ਸ੍ਰੀ ਗੁਰੂ ਰਾਮਦਾਸ ਜੀ ਦੀਆਂ ਬਖਸ਼ਿਸ਼ਾਂ

*-ਸ. ਗੁਰਚਰਨਜੀਤ ਸਿੰਘ ਲਾਂਬਾ**

ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਸਰਬੰਸ ਦਾਨੀ, ਅੰਮ੍ਰਿਤ ਦੇ ਦਾਤੇ ਕਹਿ ਕੇ ਯਾਦ ਕੀਤਾ ਜਾਂਦਾ ਹੈ। ਇਸ ਉਪਮਾ ਅਤੇ ਉਸਤਤਿ ਵਿਚ ਦੋ ਨੁਕਤੇ ਹਨ- 'ਸਰਬੰਸ ਦਾਨੀ' ਅਤੇ 'ਅੰਮ੍ਰਿਤ ਦੇ ਦਾਤੇ'। ਜੇ ਜ਼ਰਾ ਨੀਝ ਲਾ ਕੇ ਵੇਖੀਏ ਤਾਂ ਇਨ੍ਹਾਂ ਦੋਹਾਂ ਬਖਸ਼ਿਸ਼ਾਂ ਦੀ ਅਰੰਭਤਾ ਸੋਢੀ ਸੁਲਤਾਨ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਤੋਂ ਹੁੰਦੀ ਹੈ।

ਗੁਰੂ ਕੁਲ ਵਿਚ ਸਭ ਤੋਂ ਪਹਿਲੀ ਸ਼ਹਾਦਤ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਹੋਈ। ਇਹ ਸ਼ਹਾਦਤ ਕੇਵਲ ਨਿਰੀ ਇਕਲ ਇਕਲੋਤਰੀ ਘਟਨਾ ਮਾਤਰ ਨਹੀਂ ਸੀ। ਬਲਕਿ ਇਸਨੇ ਸ਼ਹਾਦਤਾਂ ਦੀ ਲੜੀ ਦੀ ਅਰੰਭਤਾ ਕਰ ਦਿੱਤੀ। ਪੰਚਮ ਪਾਤਸ਼ਾਹ ਦੀ ਸ਼ਹਾਦਤ ਇਕ ਐਸੀ ਸ਼ਮਾਂ ਸੀ ਜਿਸ ਨੇ ਪਹਿਲਾਂ ਆਪਣੇ ਆਪ ਨੂੰ ਜਲਾਇਆ ਫ਼ਿਰ ਉਹ ਬਾਕੀਆਂ ਲਈ ਇਕ ਸੋਮਾ ਅਤੇ ਪ੍ਰੇਰਨਾ ਸ੍ਰੋਤ ਬਣੀ। ਇਸ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਸ਼ਹੀਦਾਂ ਦੇ ਸਿਰਤਾਜ ਕਹਾਏ।

*ਸ਼ਮਾਂ ਭੀ ਕਮ ਨਹੀਂ ਕੁਛ ਇਸ਼ਕ ਮੇਂ ਪਰਵਾਨੇ ਸੇ*
*ਜਾਨ ਦੇਤਾ ਹੈ ਅਗਰ ਵੋ, ਤੋ ਯੇ ਸਰ ਦੇਤੀ ਹੈ। (ਜੋਸ਼)*

ਇਸ ਤਰ੍ਹਾਂ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਸਾਹਿਬਜ਼ਾਦੇ ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹੀਦ, ਉਨ੍ਹਾਂ ਦੇ ਪੜਪੋਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੁੱਤਰ ਸ੍ਰੀ ਗੁਰੂ ਤੇਗ ਬਹਾਦਰ ਜੀ ਵੀ ਸ਼ਹੀਦ, ਫ਼ਿਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗੋਦੀ ਵਿਚ ਉਨ੍ਹਾਂ ਦੇ ਪੋਤਰੇ ਚਾਰੇ ਸਾਹਿਬਜ਼ਾਦੇ ਵੀ ਸ਼ਹੀਦ। ਸਾਹਿਬਜ਼ਾਦਿਆਂ ਦੇ ਨਾਲ ਉਨ੍ਹਾਂ ਦੀ ਦਾਦੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਮਾਂ ਗੁਜਰੀ ਜੀ ਵੀ ਸ਼ਹੀਦ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਆਪ ਸਭ ਕੁਝ ਖ਼ਾਲਸੇ ਵਿਚ ਜਜ਼ਬ ਕਰ ਕੇ ਇਸਨੂੰ "ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥" ਕਹਿ ਕੇ ਆਪ ਵੀ ਖ਼ਾਲਸੇ ਵਿਚ ਸਮਾ ਗਏ, ਉਹ ਵੀ ਵਾਹਿਗੁਰੂ ਜੀ ਕਾ ਖਾਲਸਾ ਹੋ ਗਏ। *ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ॥* ਸੋ ਇਨ੍ਹਾਂ ਮਹਾਨ ਅਤੇ ਅਦੁੱਤੀ ਸ਼ਹਾਦਤਾਂ ਦੇ ਰਾਹੀਂ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਐਸਾ ਅਦੁੱਤੀ ਸਰਬੰਸ ਦਾਨ ਕੀਤਾ ਜੋ ਨਾ ਤਾਂ ਪਹਿਲਾਂ ਕਦੇ ਹੋਇਆ ਅਤੇ ਨਾ ਹੀ ਬਾਅਦ ਵਿਚ

** New Jersey. USA. Mo: +1 9736990950 Email: santsipahi@gmail.com*

ਵੇਖਣ ਸੁਣਨ ਵਿਚ ਆਇਆ। ਇਸ ਤੋਂ ਬਾਅਦ ਤਾਂ ਇਸ ਸ਼ਹੀਦੀ ਲੜੀ ਨੇ ਸ਼ਹਾਦਤਾਂ ਦੀ ਤਾਂ ਝੜੀ ਹੀ ਲਾ ਦਿੱਤੀ। ਸ੍ਰੀ ਗੁਰੂ ਰਾਮਦਾਸ ਜੀ ਦੇ ਸਰਬੰਸ ਦਾਨ ਦੀ ਇਸ ਸ਼ਹੀਦੀ ਲੜੀ ਦਾ ਜ਼ਿਕਰ ਬਾਖ਼ੂਬੀ ਪੰਥਕ ਕਵੀ ਤੇਜਾ ਸਿੰਘ 'ਸਾਬਰ' ਨੇ ਕੀਤਾ ਹੈ,

*ਸੁਰਗਾਂ ਦੇ ਵਿਚ ਬੈਠੀਆਂ ਹੈਸਨ, ਇਕ ਜਗ੍ਹਾ ਸਰਕਾਰਾਂ ਦੋ।*
*ਵੇਖਣ ਵਾਲੇ ਵੇਖ ਰਹੇ ਨੇ, ਬੁਤ ਏ ਇਕ ਨੁਹਾਰਾਂ ਦੋ।*
*ਗੱਲਾਂ ਵਿਚੋਂ ਗੱਲ ਏ ਨਿਕਲੀ, ਗੱਲ ਏ ਇਕ ਵਿਚਾਰਾਂ ਦੋ।*
*ਇਕ ਨੇ ਪੰਚਮ ਪਿਤਾ ਪਿਆਰੇ, ਇਕ ਉਹਨਾਂ ਦੇ ਪੋਤੇ ਜੋ।*
*ਉਸ ਪੋਤੇ ਨੇ ਪੋਤੇ ਲੈ ਲਏ, ਦੋ ਏਧਰ ਤੇ ਏਧਰ ਦੋ।*

ਗਗਨ ਮੰਡਲ ਵਿਚ *ਜਹ ਮਹਾ ਭਇਆਨ ਤਪਤਿ ਬਹੁ ਘਾਮ॥ ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥* ਦੀ ਇਲਾਹੀ ਸੁਰ ਅਲਾਪਣ ਵਾਲੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਜਿਸ ਤਰ੍ਹਾਂ ਤੱਤੀ ਤਵੀ, ਤੱਤੀ ਰੇਤ ਅਤੇ ਜ਼ੁਲਮ ਦੀ ਹਨੇਰੀ ਨੂੰ ਸਰੀਰ 'ਤੇ ਝੱਲਿਆ ਉਸ ਨੇ ਸਾਰੇ ਤਸੀਹੇ ਸਹਾਰਦਿਆਂ ਇਸ ਉਪਦੇਸ਼ ਨੂੰ ਚਰਿਤਾਰਥ ਕਰ ਵਿਖਾਇਆ।

ਉਪਰੰਤ ਇਸੇ ਹੀ ਬੰਸ ਵਿਚ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਜੀ ਦੀ ਅੰਸ-ਬੰਸ ਉਨ੍ਹਾਂ ਦੇ ਪੋਤਰੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ *ਧਰਮ ਹੇਤ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰੁ ਸਿਰਰੁ ਨ ਦੀਆ॥* (ਦ.ਗ੍ਰੰ. ਬਚਿਤ੍ਰ) ਮੁਤਾਬਕ ਦੂਜਿਆਂ ਦੇ ਧਰਮ ਦੀ ਖਾਤਰ *ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ। ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥੧੫॥* (ਦ.ਗ੍ਰੰ. ਬਚਿਤ੍ਰ) ਦਾ ਕਾਰਜ ਕਰ ਕੇ ਮਰ ਰਹੀ ਕੁਰਬਾਨੀ ਜਾਂ ਸ਼ਹਾਦਤ ਨੂੰ ਨਵੀਂ ਜ਼ਿੰਦਗੀ ਬਖਸ਼ੀ। ਇਸ ਨੇ ਸ਼ਹਾਦਤ ਨੂੰ ਇਕ ਨਵਾਂ ਰੂਪ ਅਤੇ ਆਯਾਮ ਦਿੱਤਾ।

ਸ੍ਰੀ ਗੁਰੂ ਰਾਮਦਾਸ ਜੀ ਦੇ ਸਰਬੰਸ ਦਾਨ ਦੀ ਲੜੀ ਨੂੰ ਅੱਗੇ ਤੋਰਦਿਆਂ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਾਰੋਂ ਪੋਤਰਿਆਂ ਦੀ ਮਹਾਨ ਕੁਰਬਾਨੀ ਰਹਿੰਦੀ ਦੁਨੀਆ ਤਕ ਇਕ ਚਾਨਣ ਮੁਨਾਰਾ ਰਹੇਗੀ। ਇਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਲਖ਼ਤੇ-ਜਿਗਰ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਜੀ ਨੇ ਦਾਦੀ ਮਾਤਾ ਗੁਜਰੀ ਦੇ ਨਾਲ ਸ਼ਹੀਦੀ ਹਾਸਲ ਕਰ ਕੇ ਜਿਸ ਦ੍ਰਿੜ੍ਹਤਾ, ਸਿਦਕ-ਦਿਲੀ ਅਤੇ ਦਲੇਰੀ ਦਾ ਪ੍ਰਗਟਾਵਾ ਕੀਤਾ ਉਸ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਸਰਬੰਸ-ਦਾਨੀ ਹੋਣ ਦੇ ਰੁਤਬੇ ਨੂੰ ਨਵੀਆਂ ਉਚਾਈਆਂ ਦਿੱਤੀਆਂ। ਇਸ ਨੇ ਸਿਧ ਕਰ ਦਿੱਤਾ ਕਿ ਬਜ਼ੁਰਗੀ ਦਾ ਤਅੱਲਕ ਅਕਲ ਅਤੇ ਸੋਚ ਨਾਲ ਹੁੰਦਾ ਹੈ ਨਾ ਕਿ ਉਮਰ ਨਾਲ। ਐਸਾ ਜ਼ੁਲਮ ਅਤੇ ਉਸ ਦਾ ਜਵਾਬ ਐਸੀ ਸ਼ਹਾਦਤ ਨਾਲ ਸੰਸਾਰ ਨੇ ਪਹਿਲੀ ਵਾਰ ਵੇਖਿਆ।

ਹੁਣ ਇਸ ਲੜੀ ਵਿਚ ਇਸ ਕੁਲ ਦੇ ਬਾਕੀ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜੀ ਸਨ। ਇਨ੍ਹਾਂ ਨੂੰ ਕਲਗੀਧਰ ਪਿਤਾ ਨੇ ਹੱਥੀਂ ਸ਼ਹਾਦਤ ਦਾ ਜਾਮ ਪੀਣ ਲਈ ਤਿਆਰ ਕਰ ਕੇ ਮੈਦਾਨ-ਏ-ਜੰਗ ਵਿਚ ਤੋਰਿਆ। ਇਹ ਲਿਖ ਪੜ੍ਹ ਲੈਣਾ ਆਸਾਨ ਹੈ, ਪਰ ਕਦੇ ਦਿਲ ਦੇ ਕਰੀਬ ਹੋ ਕੇ ਇਸ ਨੂੰ ਆਪਣੇ ਤਨ ਮਨ 'ਤੇ ਹੰਢਾਅ ਕੇ ਸੋਚਿਆ ਜਾਏ ਕਿ ਇਸ ਤੋਂ ਵੱਡੀ ਕੁਰਬਾਨੀ ਕੀ ਹੋ ਸਕਦੀ ਹੈ? ਪਰ ਸ੍ਰੀ ਗੁਰੂ ਰਾਮਦਾਸ ਜੀ ਦੇ ਸਰਬੰਸ ਦਾਨੀ ਹੋਣ ਦੇ ਸੰਕਲਪ ਨੂੰ ਕਲਗੀਧਰ ਪਿਤਾ ਨੇ ਸੰਪੂਰਨਤਾ ਬਖਸ਼ੀ। ਇਸ ਕਰਕੇ ਸਤਿਗੁਰੂ ਜੀ ਨੇ ਸਭ ਕੁਝ ਪੰਥ ਨੂੰ ਮੋੜ ਦਿੱਤਾ ਅਤੇ ਆਪਣਾ ਆਪ ਵੀ ਖ਼ਾਲਸੇ ਵਿਚ ਜਜ਼ਬ ਕਰ ਦਿੱਤਾ। *ਮੋ ਗ੍ਰਿਹ ਮੈ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਬ ਹੀ ਇਨਹੀ ਕੋ॥੩॥* (ਖਾਲਸਾ ਮਹਿਮਾ)।

ਸਰਬੰਸ ਦਾਨੀ ਦੇ ਬਾਅਦ ਸ੍ਰੀ ਗੁਰੂ ਰਾਮਦਾਸ ਜੀ ਦਾ ਦੂਸਰਾ ਪੱਖ ਅੰਮ੍ਰਿਤ ਦੇ ਦਾਤੇ। ਸ੍ਰੀ ਗੁਰੂ ਰਾਮਦਾਸ ਜੀ ਦੀ ਬਖਸ਼ਿਸ਼ ਦਾ ਦੂਸਰਾ ਅਤੇ ਬਹੁਤ ਹੀ ਅਹਿਮ ਪੱਖ ਹੈ ਕਿ ਉਹ ਅੰਮ੍ਰਿਤ ਦੇ ਸੋਮੇ, ਅੰਮ੍ਰਿਤ ਦੇ ਦਾਤੇ ਵੀ ਹਨ। ਸ੍ਰੀ ਅੰਮ੍ਰਿਤਸਰ ਸਾਹਿਬ ਦੇ ਇਸ ਪਾਵਨ ਸਥਾਨ ਤੇ ਸੁਧਾ ਸਰ, ਅੰਮ੍ਰਿਤ ਤਾਲ, ਅੰਮ੍ਰਿਤ ਸਰੋਵਰ ਦਾ ਸੰਕਲਪ ਅਤੇ ਸੋਚ ਭਾਵੇਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਵਰਣਿਤ ਮਿਲਦਾ ਹੈ ਪਰ ਇਸ ਨੂੰ ਅਮਲ ਵਿਚ ਲਿਆਉਣ ਦੀ ਸੇਵਾ ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਪਾਸੋਂ ਲਈ ਗਈ। ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਹੁਕਮ ਕੀਤਾ, *ਅਹੈ ਪਰਗਣਾ ਤੁਮਰੇ ਪਾਸ। ਬਲ ਆਛੇ ਸਿਖ ਕਰਹੁ ਨਿਵਾਸ* (ਸੂਰਜ ਪ੍ਰਕਾਸ਼ ੨-੧੨) ਅਤੇ ਭਾਈ ਗੁਰਦਾਸ ਜੀ ਨੇ ਗਵਾਹੀ ਦਿੱਤੀ,

*ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।*
*ਪੂਰਨੁ ਤਾਲੁ ਖਟਾਇਆ ਅੰਮ੍ਰਿਤਸਰਿ ਵਿਚਿ ਜੋਤਿ ਜਗਾਵੈ।* *(ਵਾਰ ੧:੪੭)*

ਇਸ ਮਹਾਨ ਪਵਿਤ੍ਰਤਮ ਸਥਾਨ ਦੇ ਅੰਮ੍ਰਿਤਸਰ, ਸੁਧਾਸਰ ਜਾਂ ਅੰਮ੍ਰਿਤ ਤਾਲ ਪਿੱਛੇ ਮਾਨਵਤਾ ਦੀ ਮੁਢ ਕਦੀਮ ਤੋਂ ਚੱਲੀ ਆ ਰਹੀ ਇਕ ਅੰਤ੍ਰੀਵ ਇੱਛਾ ਤੁਰੀ ਆ ਰਹੀ ਸੀ ਕਿ ਇਨਸਾਨ ਮਰਨਾ ਨਹੀਂ ਚਾਹੁੰਦਾ। ਉਹ ਜਿਸਮਾਨੀ ਤੌਰ 'ਤੇ ਅਮਰ ਹੋਣਾ ਲੋਚਦਾ ਸੀ। ਇਸ ਵਿਚ ਭਾਵੇਂ ਸਾਮੀ ਧਰਮ (ਈਸਾਈ, ਇਸਲਾਮ ਜਾਂ ਯਹੂਦੀ) ਹੋਣ ਜਾਂ ਫ਼ਿਰ ਗ਼ੈਰ ਸਾਮੀ (ਹਿੰਦੂ, ਬੁੱਧ, ਜੈਨ ਆਦਿ) ਉਹ ਆਬਿ ਹਯਾਤ, ਅੰਮ੍ਰਿਤ, ਦੀ ਭਾਲ ਵਿਚ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੇਨਤੀ ਚੌਪਈ ਰਾਹੀਂ ਮੌਤ ਤੋਂ ਨਹੀਂ ਮੌਤ ਦੇ ਤ੍ਰਾਹ ਤੋਂ ਨਿਜਾਤ ਦੀ ਅਰਦਾਸ ਕੀਤੀ ਹੈ। *ਆਪੁ ਹਾਥ ਦੈ ਮੁਝੈ ਉਬਰਿਯੈ॥ ਮਰਨ ਕਾਲ ਕਾ ਤ੍ਰਾਸ ਨਿਵਰਿਯੈ॥* (ਦ.ਗ੍ਰ.ਚ.)

ਮਿਥਿਹਾਸਿਕ 'ਆਬ-ਏ-ਹਯਾਤ' ਜਿਸਨੂੰ ਪੀ ਕੇ ਜ਼ਿੰਦਗੀ ਮੁੱਕਣੀ ਹੀ ਨਹੀਂ 'ਤੇ ਆਬ-ਏ-ਹਯਾਤ ਦੇ ਇਸ ਚਸ਼ਮੇ ਦੀ ਰਾਖੀ ਖਵਾਜਾ ਖ਼ਿਜ਼ਰ ਕਰ ਰਿਹਾ ਹੈ।

*ਭਰ ਪਿਆਲਾ ਖ਼ਿਜ਼ਰੋਂ ਪੀਤਾ ਬਾਹੂ, ਆਬਿ ਹਯਾਤੀ ਵਾਲਾ ਹੂ।* ਇਸ ਆਬਿ ਹਯਾਤ ਜਾਂ ਅੰਮ੍ਰਿਤ ਦੀ ਬੂੰਦ ਪੀਣ ਕਰਕੇ ਖ਼ਿਜ਼ਰ ਦੀ ਮੌਤ ਨਹੀਂ ਹੋ ਰਹੀ। ਇਹ ਜ਼ਿੰਦਗੀ ਤਾਂ ਮੌਤ ਤੋਂ ਵੀ ਮਾੜੀ ਹੈ। ਪਰ *ਰਜਿ ਨ ਕੋਈ ਜੀਵਿਆ ਕੂੜੇ ਭਰਵਾਸੇ।* (ਵਾਰ ੨੭:੯) ਇਸ ਲਈ ਜ਼ੌਕ ਨੇ ਬਹੁਤ ਸੁੰਦਰ ਹਵਾਲਾ ਦਿੱਤਾ ਹੈ ਜੇਕਰ ਖ਼ਿਜ਼ਰ ਜਿੰਨੀ ਉਮਰ ਵੀ ਹੋ ਜਾਏ ਤਾਂ ਵੀ ਕਿਸੇ ਦਾ ਮਨ ਇਸ ਸੰਸਾਰ ਤੋਂ ਜਾਣ ਨੂੰ ਨਹੀਂ ਕਰਦਾ:

*ਹੋ ਉਮਰ-ਏ-ਖ਼ਿਜਰ ਭੀ ਤੋ ਹੋ ਮਾਲੂਮ ਵਕਤ-ਏ-ਮਰਗ*
*ਹਮ ਕਯਾ ਰਹੇ ਯਹਾਂ ਅਭੀ ਆਏ ਅਭੀ ਚਲੇ। (ਸ਼ੇਖ ਇਬ੍ਰਾਹੀਮ ਜ਼ੌਕ)*

ਦੂਸਰੇ ਪਾਸੇ ਭਾਰਤ ਦੀ ਸੰਸਕ੍ਰਿਤੀ ਨੇ ਵੀ ਅੰਮ੍ਰਿਤ ਦੀ ਗੱਲ ਕੀਤੀ ਪਰ ਬੜੇ ਹੀ ਨਾਟਕੀ ਅੰਦਾਜ਼ ਵਿਚ। ਭਾਗਵਤ ਪੁਰਾਣ, ਮਹਾਭਾਰਤ ਅਤੇ ਵਿਸ਼ਨੂੰ ਪੁਰਾਣ ਵਿਚ ਕਥਾ ਦਿੱਤੀ ਗਈ ਕਿ ਦੈਂਤਾਂ ਅਤੇ ਦੇਵਤਿਆਂ ਨੇ ਰਲ ਕੇ ਖੀਰ ਸਾਗਰ ਨੂੰ ਰਿੜਕਿਆ। ਇਸ ਲਈ ਪਰਬਤ ਨੂੰ ਮਾਧਾਣਾ ਬਣਾਇਆ ਗਿਆ ਅਤੇ ਬਾਸੁਕੀ ਨਾਗ ਨੂੰ ਨੇਤ੍ਰਾ। ਇਸ ਕਵਾਇਦ ਵਿਚ ਚੌਦਾਂ ਰਤਨ ਨਿਕਲੇ ਜਿਨ੍ਹਾਂ ਵਿਚ-ਅਪਸਰਾ, ਕਾਮਧੇਨੁ, ਲਕਸ਼ਮੀ, ਸ਼ਰਾਬ, ਮਣੀ, ਜ਼ਹਿਰ, ਸ਼ੰਖ, ਐਰਾਵਤ ਆਦਿ ਅਤੇ ਅੰਮ੍ਰਿਤ ਦਾ ਕੁੰਡ ਨਿਕਲਿਆ। *ਰਤਨ ਉਪਾਇ ਧਰੇ ਖੀਰੁ ਮਥਿਆ ਹੋਰ ਭਖਲਾਏ ਜਿ ਅਸੀ ਕੀਆ॥* ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਲ-ਨਾਲ ਇਸ ਮਿਥਿਹਾਸਿਕ ਅਲੰਕਾਰ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਵਰਤਿਆ। ਪਰ ਇੱਥੇ ਗੁਰੂ ਸਾਹਿਬ ਨੇ ਇਸ ਅਲੰਕਾਰ ਰਾਹੀਂ ਇਹ ਕਿਹਾ ਕਿ ਸ਼ਬਦ ਨੂੰ ਰਿੜਕਿਆ ਅਤੇ ਫਿਰ ਅੰਮ੍ਰਿਤ ਦਾ ਕੁੰਡ ਪ੍ਰਾਪਤ ਹੋਇਆ:

*ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ॥*
*ਚਉਦਹ ਰਤਨ ਨਿਕਾਲਿਅਨੁ ਕਰਿ ਆਵਾ ਗਉਣੁ ਚਿਲਕਿਓਨੁ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੬੭)*

ਪੌਰਾਣਿਕ ਇਤਿਹਾਸ ਵਿਚ ਇਹ ਵਾਰਤਾ ਇੱਥੇ ਹੀ ਸਮਾਪਤ ਨਹੀਂ ਹੋਈ ਬਲਕਿ ਅੰਮ੍ਰਿਤ ਕੁੰਡ ਨੂੰ ਹਾਸਲ ਕਰਨ ਲਈ ਦੈਂਤਾਂ ਤੇ ਰਾਖਸ਼ਾਂ ਦਾ ਯੁੱਧ ਹੋਇਆ। ਇਸ ਨੂੰ ਹੱਲ ਕਰਨ ਲਈ ਵਿਸ਼ਨੂੰ ਨੇ ਅਪਸਰਾ ਮਹਾਮੋਹਿਨੀ ਦਾ ਰੂਪ ਧਾਰਿਆ ਅਤੇ ਦੇਵਤਿਆਂ ਅਤੇ ਦੈਂਤਾਂ ਨੂੰ ਕਤਾਰ ਵਿਚ ਬਿਠਾ ਕੇ ਅੰਮ੍ਰਿਤ ਵਰਤਾਣਾ ਸ਼ੁਰੂ ਕਰ ਦਿੱਤਾ।

*ਮਹਾ ਮੋਹਨੀ ਰੂਪ ਧਾਰਿਯੋ ਅਨੂਪੰ॥*
*ਛਕੇ ਦੇਖਿ ਦੋਊ ਦਿਤਯਾਦਿਤਿ ਭੂਪੰ॥੨੦॥* *(ਦ.ਗ੍ਰੰ. ਬਚਿਤ੍ਰ)*

ਪਰ ਇਸ ਵਿਚ ਚਤੁਰਾਈ ਇਹ ਵਰਤੀ ਕਿ ਅੰਮ੍ਰਿਤ ਦੈਂਤਾਂ ਤਕ ਪਹੁੰਚੇ ਹੀ ਨਾਂਹ। ਇਸ ਲਈ ਮਹਾਮੋਹਿਨੀ ਨੇ ਅੰਮ੍ਰਿਤ ਦੇਵਤਿਆਂ ਵਾਲੇ ਪਾਸੇ ਤੋਂ ਵਰਤਾਣਾ ਸ਼ੁਰੂ ਕਰ ਦਿੱਤਾ। ਇਹ ਵੇਖ ਕੇ ਰਾਹੂ ਨਾਮ ਦਾ ਇਕ ਦੈਂਤ ਟਪੂਸੀ ਮਾਰ ਕੇ

ਦੇਵਤਿਆਂ ਦੀ ਕਤਾਰ ਵਿਚ ਆ ਗਿਆ ਅਤੇ ਅੰਮ੍ਰਿਤ ਦੀ ਇਕ ਬੂੰਦ ਉਸ ਦੇ ਹਲਕ ਵਿਚ ਵੀ ਚਲੀ ਗਈ। ਸੂਰਜ ਨੇ ਇਹ ਵੇਖ ਕੇ ਉਸ ਦੀ ਧੌਣ ਲਾਹ ਦਿੱਤੀ। ਹੁਣ ਰਾਹੂ ਦੇ ਸਿਰ ਅਤੇ ਧੜ ਦੇ ਦੋ ਹਿੱਸੇ ਰਾਹੂ ਅਤੇ ਕੇਤੂ ਹੋ ਗਏ। ਇਹ ਦੋਨੋਂ ਹਿੱਸੇ ਪੁਲਾੜ ਵਿਚ ਲਗਾਤਾਰ ਗਰਦਸ਼ ਕਰੀ ਜਾ ਰਹੇ ਹਨ, ਘੁੰਮ ਰਹੇ ਹਨ ਅਤੇ ਸਮੇਂ-ਸਮੇਂ ਸਿਰ ਇਹ ਰਾਹੂ ਕੇਤੂ ਸੂਰਜ ਅਤੇ ਚੰਦਰਮਾ ਨੂੰ ਗ੍ਰਸ ਕੇ ਸੂਰਜ ਗ੍ਰਹਿਣ ਅਤੇ ਚੰਦ੍ਰ ਗ੍ਰਹਿਣ ਦਾ ਕਾਰਨ ਬਣਦੇ ਹਨ।

ਪਰ ਮਾਨਵਤਾ ਦੇ ਕਲਿਆਣ ਹਿੱਤ ਸਦ ਜੀਵਨ ਪ੍ਰਾਪਤ ਕਰਨ ਲਈ ਇਹ ਨਾਮ ਅੰਮ੍ਰਿਤ ਦਾ ਕੁੰਡ, ਅੰਮ੍ਰਿਤ ਦਾ ਸਰੋਵਰ, ਸੁਧਾਸਰ, ਅੰਮ੍ਰਿਤਸਰ ਸ੍ਰੀ ਗੁਰੂ ਰਾਮਦਾਸ ਜੀ ਨੇ ਜਿਸ ਸਥਾਨ 'ਤੇ ਪ੍ਰਗਟ ਕੀਤਾ ਉਸ ਨਗਰ ਦਾ ਨਾਮ ਹੀ ਸ੍ਰੀ ਅੰਮ੍ਰਿਤਸਰ ਸਾਹਿਬ ਹੋ ਗਿਆ। ਇਹ ਸਦ ਅਮਰਤਾ ਪ੍ਰਾਪਤ ਕਰਨ ਲਈ ਅਤੇ ਜਨਮ ਮਰਨ ਤੋਂ ਰਹਿਤ ਕਰਨ ਵਾਲਾ ਸਰੋਵਰ ਅੰਮ੍ਰਿਤ ਦੇ ਦਾਤੇ ਕ੍ਰਿਪਾਨਿਧ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੀ ਰਹਿਮਤ ਹੈ। *ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ॥*

ਇਸ ਤਰ੍ਹਾਂ ਨਿਰਜਿੰਦ ਮਿਥਿਹਾਸ ਦੇ ਅਲੰਕਾਰ ਵਰਤ ਕੇ ਸ੍ਰੀ ਗੁਰੂ ਰਾਮਦਾਸ ਜੀ ਨੇ ਸਜੀਵ ਇਤਿਹਾਸ ਦੀ ਸਿਰਜਣਾ ਕੀਤੀ। ਗੁਰਬਾਣੀ ਨੇ ਖੁਲ੍ਹ ਕੇ ਪੌਰਾਣਿਕ ਹਵਾਲਿਆਂ ਅਤੇ ਮਿਥਿਹਾਸਿਕ ਪਾਤਰਾਂ ਦੇ ਹਵਾਲਿਆਂ ਦੀ ਵਰਤੋਂ ਕੀਤੀ ਹੈ। ਉਨ੍ਹਾਂ ਦੇ ਕਰਮ ਕਰਤੂਤ, ਕੁਕਾਜ ਸੁਕਾਜ ਦੀਆਂ ਗਾਥਾਵਾਂ ਦਾ ਹਵਾਲੇ ਦਿੱਤੇ ਹਨ। ਪਰ ਇਹ ਕਰਦਿਆਂ ਉਨ੍ਹਾਂ ਦੀ ਸਤੁਤੀ ਬਿਲਕੁਲ ਨਹੀਂ ਕੀਤੀ। ਸਤੁਤੀ ਜਾਂ ਆਰਾਧਨਾ ਕੇਵਲ ਪਰਮਾਤਮਾ ਦੀ ਹੀ ਹੈ। ਇਸ ਦੇ ਨਾਲ ਹੀ ਗੁਰਮਤਿ ਨੇ ਇਕ ਹੋਰ ਨੁਕਤਾ ਸਪੱਸ਼ਟ ਕਰ ਦਿੱਤਾ ਕਿ ਨਾਂ ਤੋਂ ਕੋਈ ਦੇਵ ਹੈ ਅਤੇ ਨਾ ਹੀ ਦੈਂਤ। ਜਿਹੜੇ ਚੰਗੇ ਕਰਮ ਕਰਦੇ ਹਨ ਉਹ ਦੇਵਤੇ ਹਨ ਅਤੇ ਵਿਪਰੀਤ ਕਰਮ ਕਰਨ ਵਾਲੇ ਦੈਂਤ।

*ਸਾਧ ਕਰਮ ਜੇ ਪੁਰਖ ਕਮਾਵੈ॥*
*ਨਾਮ ਦੇਵਤਾ ਜਗਤ ਕਹਾਵੈ॥*
*ਕੁਕ੍ਰਿਤ ਕਰਮ ਜੇ ਜਗ ਮੈ ਕਰਹੀਂ॥*
*ਨਾਮ ਅਸੁਰ ਤਿਨ ਕੋ ਸਭ ਧਰਹੀਂ॥੧੫॥* *(ਦ.ਗ੍ਰੰ.ਚ.)*

ਵੈਸੇ ਇਹ 'ਮਹਾਮੋਹਿਨੀ' ਮਾਯਾ ਰੂਪ ਹੋ ਅੰਮ੍ਰਿਤ ਤੋਂ ਦੂਰ ਲਿਜਾਣ ਵਿਚ ਸਮਰੱਥ ਹੁੰਦੀ ਹੈ ਅਤੇ ਰਾਹੂ ਕੇਤੂ ਰੂਪੀ ਦੈਂਤ ਮੁੜ-ਮੁੜ ਅੰਮ੍ਰਿਤ ਸਰੋਵਰ ਨੂੰ ਗ੍ਰਹਿਣ ਲਗਾਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਪਰ ਇਤਿਹਾਸ ਗਵਾਹ ਕਿ ਇਸ ਸਰੋਵਰ ਦੀ ਪਵਿੱਤ੍ਰਤਾ ਕਾਇਮ ਰੱਖਣ ਲਈ ਅਤੇ ਬਹਾਲ ਕਰਨ ਲਈ ਸਿੱਖਾਂ ਨੇ ਆਪਣੇ ਖ਼ੂਨ ਦਾ ਅਖ਼ੀਰਲਾ ਕਤਰਾ ਤਕ ਵੀ ਇਸ ਤੋਂ ਵਾਰ ਦਿੱਤਾ ਹੈ। ਅੰਮ੍ਰਿਤ ਸਰੋਵਰ ਦਾ ਸਾਗਰ ਵੀ ਅਥਾਹ ਹੈ, ਇਹ ਮਿਣਿਆ ਨਹੀਂ ਜਾ ਸਕਦਾ ਅਤੇ ਇਸ

ਦੀ ਪਵਿੱਤ੍ਰਤਾ ਦੀ ਬਹਾਲੀ ਲਈ ਕੀਤੀਆਂ ਕੁਰਬਾਨੀਆਂ ਵੀ ਬੇਅੰਤ ਹਨ, ਗਿਣੀਆਂ ਨਹੀਂ ਜਾ ਸਕਦੀਆਂ।

ਪਰ ਇਹ ਵੀ ਸਹੀ ਹੈ ਕਿ ਇਸ ਪਾਵਨ ਅੰਮ੍ਰਿਤ ਸਰੋਵਰ ਨੂੰ ਗੰਧਲਾ ਕਰਨ ਲਈ, ਸਿੱਖਾਂ ਨੂੰ ਇਸ ਤੋਂ ਦੂਰ ਕਰਨ ਲਈ ਕਈ ਕੁਕ੍ਰਿਤ ਕਰਮ ਕੀਤੇ ਜਾਂਦੇ ਰਹੇ ਹਨ। ਐਸੇ ਮਸੰਦਾਂ ਬਾਰੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਬਚਨ ਕੀਤੇ ਸਨ- *ਨਹਿੰ ਮਸੰਦ ਤੁਮ ਅੰਮ੍ਰਿਤਸਰੀਏ। ਤ੍ਰਿਸਨਾਗਨ ਤੇ ਅੰਤਰ ਸੜੀਏ।* ਸਿੱਖ ਦੀ ਚੇਤੰਨਤਾ, ਸਿਦਕ, ਭਰੋਸਾ ਇਸ ਨੂੰ ਗੁਰੂ ਨਾਲ ਜੋੜੀ ਰਖੇਗਾ। ਤਾਹੀਂਓ ਤਾਂ ਸ੍ਰੀ ਅੰਮ੍ਰਿਤਸਰ ਜੀ ਕੇ ਇਸ਼ਨਾਨ ਹਰ ਸਿੱਖ ਦੀ ਨਿਤਾਪ੍ਰਤਿ ਅਰਦਾਸ ਦਾ ਹਿੱਸਾ ਹੈ। ਕਿਹਾ ਜਾ ਸਕਦਾ ਹੈ:

*ਜਿਨ ਨਿੰਦ ਕਰੀ ਹਰਿਮੰਦਰ ਕੀ, ਤਿਨ ਘੋਰ ਪਾਪ ਕੀਏ ਨਾ ਕੀਏ।*
*ਜਿਨ ਵਿਅਰਥ ਕਹਾ ਸੁਧਾਸਰ ਕੋ, ਤਿਨ ਘੋਰ ਨਰਕ ਇਕਤ੍ਰ ਕੀਏ ਨਾ ਕੀਏ।*
*ਜਿਨ ਸਰ ਨਾ ਧਰਾ ਹਰਿ ਸਰਦਲ ਪੈ, ਫਿਰ ਸਰ ਤਨ ਤਿਹ ਰਹੇ ਨਾ ਰਹੇ।*
*ਜਿਨ ਚਰਨ ਗੰਗਾ ਕਾ ਖੰਡਨ ਕੀਆ, ਤਿਨ ਜੀਵਨ ਜਲ ਗੰਧਲੇ ਕੀਏ ਨਾ ਕੀਏ।*
*ਜਿਨ ਹਰਿ ਕੀ ਪਉੜੀ ਕਾ ਚੁਲਾ ਨਾ ਲੀਆ, ਤਿਨ ਵਿਸ਼ਟਾ ਕਿਰਮ ਥੀਏ ਨਾ ਥੀਏ।*
*ਜਿਨ ਧਰਾ ਨਾ ਮਸਤਕ ਰਾਮਦਾਸ ਗੁਰੂ ਦਰ, ਤਿਹ ਨਰ ਪਸੁ ਜੂਨ ਪੜੇ ਨਾ ਪੜੇ।*
*ਜਿਨ ਇਸ਼ਨਾਨ ਕੀਆ ਨਾ ਦੁਖਭੰਜਨੀ ਵਿਖੇ, ਤਿਨ ਅਠਸਠ ਤੀਰਥ ਭਵੇ ਨਾ ਭਵੇ।*
*ਜਿਨ ਪੰਗਤ ਸੰਗਤ ਨਾ ਕੀਨਈ, ਤਿਨ ਮਾਨੁਖ ਜਨਮ ਥੀਏ ਨਾ ਥੀਏ।*
*ਜਿਨ ਖਿਦਰਾਣੇ ਲਗ ਪਸ਼ਚਾਤਾਪ ਨਾ ਕੀਆ, ਤਿਨ ਸਿਖ ਗੁਰੂ ਕੇ ਭਏ ਨਾ ਭਏ।*

*(ਗੁਰਚਰਨਜੀਤ ਸਿੰਘ ਲਾਂਬਾ)*

ਭਾਰਤੀ ਸੰਸਕ੍ਰਿਤੀ ਵਿਚ ਤਨ ਦੇ ਇਸ਼ਨਾਨ ਨੂੰ ਹੀ ਬਹੁਤ ਮਹੱਤਤਾ ਦਿੱਤੀ ਜਾਂਦੀ ਸੀ; ਪਰ ਸ੍ਰੀ ਗੁਰੂ ਰਾਮਦਾਸ ਜੀ ਦੇ ਇਸ ਪਾਵਨ ਸਰੋਵਰ ਦੀ ਉਪਮਾ ਸਤਿਗੁਰੂ ਸੱਚੇ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖ਼ੁਦ ਕੀਤੀ ਕਿ ਕੇਵਲ ਤਨ ਦੇ ਇਸ਼ਨਾਨ ਨਾਲ ਨਹੀਂ ਬਲਕਿ ਇਸਦੇ ਨਾਲ ਹੀ ਸਾਧ-ਸੰਗਤ ਵਿਚ ਗੁਰੂ ਕੇ ਸਬਦੁ ਦੀ ਵੀਚਾਰ ਨਾਲ ਤਨ ਤੇ ਮਨ ਦੀ ਮੈਲ ਦੂਰ ਹੋਵੇਗੀ। ਸਤਿਗੁਰੂ ਜੀ ਨੇ ਵਜਦ ਵਿਚ ਆ ਕੇ ਸੋਰਠਿ ਰਾਗ ਵਿਚ ਇਹ ਭਾਵ ਪੂਰਤ ਸ਼ਬਦ ਉਚਾਰਿਆ,

*ਰਾਮਦਾਸ ਸਰੋਵਰਿ ਨਾਤੇ॥ ਸਭਿ ਉਤਰੇ ਪਾਪ ਕਮਾਤੇ ॥*
*ਨਿਰਮਲ ਹੋਏ ਕਰਿ ਇਸਨਾਨਾ॥ ਗੁਰਿ ਪੂਰੈ ਕੀਨੇ ਦਾਨਾ ॥੧॥*
*ਸਭਿ ਕੁਸਲ ਖੇਮ ਪ੍ਰਭਿ ਧਾਰੇ॥ ਸਹੀ ਸਲਾਮਤਿ ਸਭਿ ਥੋਕ ਉਬਾਰੇ*
*ਗੁਰ ਕਾ ਸਬਦੁ ਵੀਚਾਰੇ॥ਰਹਾਉ ॥*
*ਸਾਧਸੰਗਿ ਮਲੁ ਲਾਥੀ॥ ਪਾਰਬ੍ਰਹਮੁ ਭਇਓ ਸਾਥੀ ॥*
*ਨਾਨਕ ਨਾਮੁ ਧਿਆਇਆ॥ ਆਦਿ ਪੁਰਖ ਪ੍ਰਭੁ ਪਾਇਆ॥੨॥੧॥੬੫॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੨੫)*

*ਨਿਰਮਲ ਹੋਏ ਕਰਿ ਇਸਨਾਨਾ॥* ਦੇ ਬਚਨ ਨਾਲ ਸ੍ਰੀ ਗੁਰੂ ਰਾਮਦਾਸ ਜੀ ਦੇ ਦੋ ਸਰੋਵਰਾਂ ਦਾ ਜ਼ਿਕਰ ਕੀਤਾ ਹੈ। ਇਕ ਤਨ ਦੇ ਇਸ਼ਨਾਨ ਕਰਨ ਲਈ ਗੁਰੂ ਰਾਮਦਾਸ ਜੀ ਦਾ ਸਰੋਵਰ। ਦੂਸਰਾ ਗੁਰੂ ਰਾਮਦਾਸ ਜੀ ਦੇ ਦਾਸਾਂ ਲਈ ਗੁਰ-ਸੰਗਤ ਰੂਪੀ ਸਰੋਵਰ। ਇਕ ਸਰੋਵਰ ਸ੍ਰੀ ਹਰਿਮੰਦਰ ਸਾਹਿਬ ਦੇ ਦੁਆਲੇ ਅਤੇ ਦੂਸਰਾ ਹਰਿਮੰਦਰ ਸਾਹਿਬ ਦੇ ਅੰਦਰ। *ਸਾਧਸੰਗਿ ਮਲੁ ਲਾਥੀ॥ ਪਾਰਬ੍ਰਹਮੁ ਭਇਓ ਸਾਥੀ॥* ਅਤੇ *ਗੁਰ ਕਾ ਸਬਦੁ ਵੀਚਾਰੇ॥* ਰਾਹੀਂ ਸ੍ਰੀ ਗੁਰੂ ਰਾਮਦਾਸ ਜੀ ਦੇ ਦਾਸਾਂ ਦੇ ਸਰੋਵਰ ਯਾਨਿ ਕਿ ਸਾਧ-ਸੰਗਤ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਦੋਹਾਂ ਸਰੋਵਰਾਂ ਵਿਚ ਇਸ਼ਨਾਨ ਕਰਨਾ ਹੈ। *ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥*

*ਇਕ ਅਰਦਾਸਿ* ਨਿਰਮਲ ਪੰਥ ਦੀ ਬੁਨਿਆਦ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਖ ਦਿੱਤੀ ਸੀ। ਪਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਚ ਨਿਤਾਪ੍ਰਤਿ ਬਿਨਾਂ ਨਾਗਾ ਸ੍ਰੀ ਗੁਰੂ ਰਾਮਦਾਸ ਜੀ ਸਨਮੁਖ ਇਕ ਭਾਵ ਪੂਰਤ ਅਰਦਾਸ ਕੀਤੀ ਜਾਂਦੀ ਹੈ:

*ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥*
*ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ॥*
*ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥*
*ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥੪॥੫੮॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੦੬)*

ਇਸ ਮੁਤਾਬਕ ਅਸੀਂ ਅਲਪੱਗ ਜੀਵ ਭਰਮ, ਭੈਅ ਦੇ ਨਾਲ ਪਰਵਾਰਕ ਮੋਹ ਮਾਯਾ ਵਿਚ ਗ੍ਰਸੇ ਹੋਏ ਅਵਗਣਾਂ ਵਿਚ ਜਕੜੇ ਹੋਏ ਹਾਂ। ਇਸ ਕਰਕੇ ਅੰਮ੍ਰਿਤ ਦੇ ਦਾਤੇ ਆਪ ਵੱਲੋਂ ਦਿੱਤੀ ਅੰਮ੍ਰਿਤ ਦੀ ਦਾਤ ਪ੍ਰਾਪਤ ਨਹੀਂ ਕਰ ਪਾ ਰਹੇ। ਸੋ ਜਿਹੜਾ ਉੱਤਮ ਪੰਥ ਹੈ ਉਹ ਆਪ ਦੀ ਸ਼ਰਣ ਵਿਚ ਆਇਆਂ ਹੀ ਪ੍ਰਾਪਤ ਹੋ ਸਕਦਾ ਹੈ। ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਅੰਮ੍ਰਿਤ ਦੇ ਦਾਤੇ, ਸਰਬੰਸ ਦਾਨੀ ਵਾਲੀ ਜੋ ਬੁਨਿਆਦ ਰੱਖੀ ਗਈ ਸੀ ਉਸ ਨੂੰ ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਮਲੀ ਜਾਮਾ ਪਹਿਨਾਇਆ ਅਤੇ ਅੰਮ੍ਰਿਤ ਦੇ ਦਾਤੇ ਸਰਬੰਸ ਦਾਨੀ ਕਹਾਏ।

ਸੋ ਸਰਬੰਸ ਦਾਨੀ, ਅੰਮ੍ਰਿਤ ਦੇ ਦਾਤੇ ਵਾਲੇ ਮਹਾਨ ਆਦਰਸ਼ ਦੇ ਮੋਢੀ, ਸੋਢੀ ਸੁਲਤਾਨ ਸ੍ਰੀ ਗੁਰੂ ਰਾਮਦਾਸ ਜੀ ਦੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰ ਕੇ ਉਨ੍ਹਾਂ ਦੀਆਂ ਅਸੀਸਾਂ, ਰਹਿਮਤਾਂ, ਬਖ਼ਸ਼ਿਸ਼ਾਂ ਦੇ ਪਾਤਰ ਬਣੀਏ।

# ਸ੍ਰੀ ਗੁਰੂ ਰਾਮਦਾਸ ਜੀ ਅਨੁਸਾਰ ਗੁਰਸਿੱਖ ਦੀ ਨਿੱਤ ਕਰਨੀ

*-ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ**

ਧੰਨ ਧੰਨ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪਣੇ ਪਿਆਰੇ ਉਪਦੇਸ਼ ਰਾਹੀਂ ਗੁਰੂ ਦੇ ਪਿਆਰੇ ਸਿੱਖ ਦੇ ਜੀਵਨ ਦੀਆਂ ਬਹੁਤ ਹੀ ਪਿਆਰੀਆਂ ਤਿੰਨ ਨਿਸ਼ਾਨੀਆਂ ਅੰਕਿਤ ਕੀਤੀਆਂ ਹਨ। ਸੋ ਸਤਿਗੁਰੂ ਜੀ ਦੇ ਮਹਾਨ ਉਪਦੇਸ਼ ਹਨ:

*ਗੁਰ ਸਤਿਗੁਰ ਦਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੫)*

ਧੰਨ ਧੰਨ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਆਪਣੀ ਇਸ ਪਾਵਨ ਬਾਣੀ ਦੇ ਉਪਦੇਸ਼ ਰਾਹੀਂ ਫੁਰਮਾਅ ਰਹੇ ਹਨ ਕਿ, ਪਿਆਰੇ ਸਿੱਖਾ! ਸਾਡਾ ਪਿਆਰਾ ਸਿਖ ਅਖਵਾਉਣ ਦਾ ਉਹ ਹੀ ਸਿਖ ਹੱਕਦਾਰ ਹੋਵੇਗਾ ਜੋ ਸਿੱਖ ਹਰ ਰੋਜ਼ ਅੰਮ੍ਰਿਤ ਵੇਲੇ ਉਠ ਕੇ ਵਾਹਿਗੁਰੂ ਵਾਹਿਗੁਰੂ ਕਰਦਾ ਹੋਇਆ ਆਪਣੇ ਆਸਣ ਤੋਂ ਉੱਦਮ ਨਾਲ ਸਭ ਤੋਂ ਪਹਿਲਾਂ ਇਸ਼ਨਾਨ ਕਰੇਗਾ, ਸਮਝ ਲਉ ਕਿ ਇਸ ਸਿੱਖ ਨੇ ਅੰਮ੍ਰਿਤ ਰੂਪੀ ਨਾਮ ਦੇ ਮਹਾਨ ਸਰੋਵਰ ਵਿਚ ਇਸ਼ਨਾਨ ਕੀਤਾ ਹੈ, ਇਹ ਸਿੱਖ ਦੇ ਜੀਵਨ ਦੀ ਪਹਿਲੀ ਨਿਸ਼ਾਨੀ ਹੈ।

*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੫)*

ਇਸ਼ਨਾਨ ਕਰਨ ਤੋਂ ਬਾਅਦ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਸਿੱਖ ਨੂੰ ਅਗਲਾ ਹੁਕਮ ਕੀਤਾ ਹੈ ਕਿ ਪਿਆਰਿਆ! ਤੂੰ ਆਪਣੇ ਆਸਣ 'ਤੇ ਬੈਠ ਕੇ ਹਰ ਰੋਜ਼ (੧੦-੨੦-੩੦ ਮਿੰਟ ਜਾਂ ਇਸ ਤੋਂ ਵੱਧ ਜਿਨ੍ਹਾ ਵੀ ਹੋ ਸਕੇ) ਤੂੰ ਇਕ ਮਨ ਇਕ ਚਿਤ ਹੋ ਕੇ ਵਾਹਿਗੁਰੂ ਜੀ ਦੇ ਨਾਮ ਦਾ ਅਭਿਆਸ ਯਾਨੀ ਕੇ ਸਿਮਰਨ ਕਰਨਾ ਹੈ। ਪਿਆਰਿਉ! ਬਹੁਤ ਜ਼ਿਆਦਾ ਸਿੱਖ ਸਤਿਗੁਰੂ ਜੀ ਦੇ ਇਸ ਪਾਵਨ ਉਪਦੇਸ਼ 'ਤੇ ਅਮਲ ਨਹੀਂ ਕਰਦੇ, ਗੁਰੂ ਜੀ ਦੇ ਬਚਨਾਂ ਅਨੁਸਾਰ ਸਿੱਖ ਨੂੰ ਇਸ਼ਨਾਨ ਕਰਨ ਤੋਂ ਬਾਅਦ ਕੁਝ ਸਮਾਂ ਸਿਮਰਨ ਕਰ ਕੇ ਹੀ ਪੰਜਾਂ ਬਾਣੀਆਂ ਦਾ ਨਿਤਨੇਮ, ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਜਾਂ ਹੋਰ ਬਾਣੀਆਂ ਦਾ ਪਾਠ ਕਰਨਾ ਚਾਹੀਦਾ

** #2, ਸਰਦਾਰ ਐਵੀਨਿਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ. ੯੮੧੫੧-੪੩੫੨੬*

ਹੈ। ਧੰਨ ਧੰਨ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਨੇ ਤਾਂ ਹੁਕਮ ਕੀਤਾ ਹੈ ਕਿ, ਪਿਆਰਿਆ! ਸਤਿਗੁਰੂ ਜੀ ਦਾ ਹੁਕਮ ਮਨ ਕੇ ਇਸ਼ਨਾਨ ਕਰਨ ਤੋਂ ਬਾਅਦ ਵਾਹਿਗੁਰੂ ਜੀ ਦਾ ਸਿਮਰਨ ਅਭਿਆਸ ਕਰਿਆ ਕਰ, ਜੇ ਤੂੰ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਵਾਹਿਗੁਰੂ ਜੀ ਦਾ ਸਿਮਰਨ ਕਰਨ ਲਗ ਜਾਵੇਂਗਾ ਤਾਂ ਸਤਿਗੁਰੂ ਜੀ ਤੇਰੇ ਅਗਲੇ ਅਤੇ ਪਿਛਲੇ ਕੀਤੇ ਹੋਏ ਪਾਪ ਅਤੇ ਦੁਖ ਸਦਾ ਸਦਾ ਲਈ ਨਾਸ ਕਰ ਦੇਣਗੇ। ਐਸੇ ਸਿੱਖ ਦੇ ਜੀਵਨ 'ਤੇ ਗੁਰੂ ਜੀ ਆਪ ਪਹਿਰਾ ਦੇਣ ਲੱਗ ਜਾਂਦੇ ਹਨ। ਇਹ ਸਿਖ ਦੇ ਜੀਵਨ ਦੀ ਦੂਜੀ ਨਿਸ਼ਾਨੀ ਹੈ।

*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੫)*

ਸਤਿਗੁਰੂ ਜੀ ਆਪਣੇ ਗੁਰਸਿਖਾਂ ਨੂੰ ਅੱਗੇ ਆਪਣੇ ਉਪਦੇਸ਼ ਕਰ ਰਹੇ ਹਨ ਕਿ ਪਿਆਰਿਆ! ਵਾਹਿਗੁਰੂ ਜੀ ਦੇ ਸਿਮਰਨ ਅਭਿਆਸ ਕਰਨ ਤੋਂ ਬਾਅਦ ਦਿਨ ਚੜ੍ਹਨ 'ਤੇ ਬਾਣੀ (ਨਿੱਤਨੇਮ ਦੀਆਂ ਬਾਣੀਆਂ, ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਜਾਂ ਹੋਰ ਪਾਵਨ ਬਾਣੀਆਂ) ਦਾ ਪਾਠ ਕਰੇਂਗਾ ਤਾਂ ਯਾਦ ਰੱਖੀਂ, ਸਾਡੇ ਹੁਕਮ ਮੁਤਾਬਿਕ ਤੇਰਾ ਕੀਤਾ ਹੋਇਆ ਇਸ਼ਨਾਨ, ਵਾਹਿਗੁਰੂ ਜੀ ਦਾ ਸਿਮਰਨ ਅਭਿਆਸ ਅਤੇ ਪਾਵਨ ਗੁਰਬਾਣੀ ਦੇ ਨਿਤਨੇਮ ਅਸੀਂ ਆਪਣੇ ਪਵਿੱਤਰ ਦਰ 'ਤੇ ਸਦਾ-ਸਦਾ ਲਈ ਪ੍ਰਵਾਨ ਕਰ ਲਵਾਂਗੇ ।

*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੫)*

ਪਿਆਰਿਓ! ਸਤਿਗੁਰੂ ਜੀ ਦੇ ਇਸ ਪਾਵਨ ਉਪਦੇਸ਼ ਮੁਤਾਬਿਕ ਜਿਹੜਾ ਸਿੱਖ ਉਪਰ ਦਿੱਤੀਆਂ ਤਿੰਨਾਂ ਅਵਸਥਾਵਾਂ ਰਾਹੀਂ ਇਸ਼ਨਾਨ, ਸਿਮਰਨ ਅਤੇ ਗੁਰਬਾਣੀ ਦਾ ਪਾਠ ਕਰੇਗਾ, ਐਸੇ ਪਿਆਰੇ ਗੁਰ ਸਿੱਖ ਦੇ ਹਿਰਦੇ ਅੰਦਰ ਅਸੀਂ ਹਰ ਵਕਤ ਆਪਣੇ ਉਪਦੇਸ਼ ਪਾ ਕੇ, ਉਸ ਸਿਖ ਨੂੰ ਸਾਸਿ ਗਿਰਾਸ ਸਿਮਰਨ ਕਰਨ ਦੀ ਬਖਸ਼ਿਸ਼ ਕਰ ਦਿੰਦੇ ਹਾਂ।

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੫)*

ਸੋ ਪਿਆਰਿਓ, ਜੋ ਗੁਰੂ ਦਾ ਸਿੱਖ ਜੀਵਨ ਵਿਚ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਦਾ ਹੈ, ਵਾਹਿਗੁਰੂ ਜੀ ਦਾ ਸਿਮਰਨ ਅਭਿਆਸ ਕਰਦਾ ਹੈ ਅਤੇ ਉਸ ਤੋਂ ਬਾਅਦ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦਾ ਪਾਠ ਕਰਦਾ ਹੈ, ਐਸੇ ਪਿਆਰੇ ਸਿੱਖ ਦੇ ਜੀਵਨ ਤੋਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਪ੍ਰਸੰਨ ਹੋ ਕੇ, ਉਸ ਸਿੱਖ ਨੂੰ ਆਪਣੇ ਪਵਿਤਰ ਉਪਦੇਸ਼ 'ਤੇ ਚੱਲਣ ਦਾ ਬਲ ਬਖ਼ਸ਼ਦੇ ਹਨ। ***ਬਾਕੀ ਪੰਨਾ ੧੭੩ 'ਤੇ***

# ਸ੍ਰੀ ਗੁਰੂ ਰਾਮਦਾਸ ਜੀ ਦੀਆਂ ਪ੍ਰਮੁੱਖ ਬਾਣੀਆਂ

*-ਡਾ. ਪਰਮਵੀਰ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੩੧ ਰਾਗ ਮੌਜੂਦ ਹਨ। ਇਨ੍ਹਾਂ ਵਿੱਚੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ੩੦ ਰਾਗਾਂ ਵਿਚ ਸੰਪੂਰਨ ਬਾਣੀ ਦਾ ਸਰੂਪ ਤਿਆਰ ਕੀਤਾ ਸੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਲ ਕਰਨ ਸਮੇਂ ਇਕ ਜੈਜਾਵੰਤੀ ਰਾਗ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਵਿਚ ਦਰਜ ਕੀਤਾ ਸੀ। ਸ੍ਰੀ ਗੁਰੂ ਰਾਮਦਾਸ ਜੀ ਨੇ ੩੦ ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ ਹੈ। ਇਸ ਦਾ ਭਾਵ ਹੈ ਕਿ ਆਦਿ ਗ੍ਰੰਥ ਦੀ ਸੰਪਾਦਨਾ ਸਮੇਂ ਜਿੰਨੇ ਵੀ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੇ ਗਏ ਸਨ ਉਨ੍ਹਾਂ ਸਾਰਿਆਂ ਵਿਚ ਗੁਰੂ ਜੀ ਦੀ ਬਾਣੀ ਦਰਜ ਹੈ।

**ਸੋਲਹੇ:** ਸੋਲਾਂ ਪਦਾਂ ਦੇ ਛੰਦ ਨੂੰ ਸੋਲਹੇ ਕਿਹਾ ਜਾਂਦਾ ਹੈ। ਗੁਰਬਾਣੀ ਵਿਚ ਸੋਲਹੇ ਦੀ ਵਰਤੋਂ ਮਾਰੂ ਰਾਗ ਵਿਚ ਕੀਤੀ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਰਚੇ ਹੋਏ ਸੋਲਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਸ੍ਰੀ ਗੁਰੂ ਰਾਮਦਾਸ ਜੀ ਨੇ ਸੋਲਾਂ-ਸੋਲਾਂ ਪਦਿਆਂ ਵਾਲੇ ਦੋ ਛੰਦਾਂ ਵਿਚ ਬਾਣੀ ਦੀ ਰਚਨਾ ਕੀਤੀ ਹੈ। ਇਸ ਰਚਨਾ ਵਿਚ ਗੁਰੂ ਜੀ ਦੱਸਦੇ ਹਨ ਕਿ ਪ੍ਰਭੂ ਸ੍ਰਿਸ਼ਟੀ ਦਾ ਸਿਰਜਨਹਾਰ ਹੈ ਉਹ ਇਸ ਨੂੰ ਪੈਦਾ ਕਰ ਕੇ ਇਸ ਵਿਚ ਹਰ ਥਾਂ ਵਿਆਪਕ ਹੈ। ਉਹੀ ਸਾਰੇ ਜੀਵਾਂ ਦਾ ਦਾਤਾ ਹੈ ਅਤੇ ਉਹੀ ਜਲ ਅਤੇ ਥਲ 'ਤੇ ਰਹਿਣ ਵਾਲੇ ਸਭਨਾਂ ਜੀਵਾਂ ਨੂੰ ਦਿੰਦਾ ਹੈ, ਉਸ ਨੂੰ ਸਭ ਦੀ ਚਿੰਤਾ ਹੈ। ਗੁਰੂ ਦੇ ਦੱਸੇ ਮਾਰਗ 'ਤੇ ਚੱਲ ਕੇ ਪ੍ਰਭੂ ਦਾ ਸਿਮਰਨ ਕਰਨਾ ਚਾਹੀਦਾ ਹੈ ਅਤੇ ਨਾਮ ਜਪਦੇ-ਜਪਦੇ ਉਹ ਮਨ ਵਿਚ ਵਸ ਜਾਂਦਾ ਹੈ। ਪ੍ਰਭੂ ਨਾਲ ਜੁੜੇ ਹੋਏ ਮਨੁੱਖ 'ਤੇ ਦੁਨਿਆਵੀ ਪਦਾਰਥ ਆਪਣਾ ਪ੍ਰਭਾਵ ਨਹੀਂ ਪਾ ਸਕਦੇ ਅਤੇ ਉਹ ਕਮਲ ਫੁੱਲ ਦੀ ਤਰ੍ਹਾਂ ਗ੍ਰਹਿਸਤ ਵਿਚ ਉਦਾਸ ਹੋ ਜਾਂਦਾ ਹੈ। ਪ੍ਰਭੂ ਅੱਗੇ ਪੂਰਨ ਆਤਮ-ਸਮਰਪਣ ਕਰਨ ਦੀ ਸਿੱਖਿਆ ਦਿੱਤੀ ਗਈ ਹੈ:

*ਕਿਸ ਹੀ ਜੋਰੁ ਅਹੰਕਾਰ ਬੋਲਣ ਕਾ॥*
*ਕਿਸ ਹੀ ਜੋਰੁ ਦੀਬਾਨ ਮਾਇਆ ਕਾ॥*
*ਮੈ ਹਰਿ ਬਿਨੁ ਟੇਕ ਧਰ ਅਵਰ ਨ ਕਾਈ ਤੂ ਕਰਤੇ ਰਾਖੁ ਮੈ ਨਿਮਾਣੀ ਹੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੭੧)*

**ਕਰਹਲੇ:** ਕਰਹਲੇ ਕਰਹਲ ਦਾ ਬਹੁਵਚਨ ਹੈ। ਕਰਹਲ ਦਾ ਅਰਥ ਹੈ- ਊਠ। ਊਠ ਦਾ ਜ਼ਿਆਦਾ ਸੰਬੰਧ ਰੇਗਿਸਤਾਨ ਨਾਲ ਹੈ ਕਿਉਂਕਿ ਉੱਥੇ ਰੇਤਲਾ ਇਲਾਕਾ ਹੋਣ

** ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ-੧੪੭੦੦੨; ਮੋ: ੯੮੭੨੦-੭੪੩੨੨*

ਕਰਕੇ ਉਠ ਨੂੰ ਚੱਲਣਾ ਆਸਾਨ ਰਹਿੰਦਾ ਹੈ। ਇਸ ਕਾਵਿ ਰੂਪ ਨੂੰ ਯਾਤਰਾ ਨਾਲ ਸੰਬੰਧਿਤ ਕੀਤਾ ਗਿਆ ਹੈ। ਕਿਹਾ ਜਾਂਦਾ ਹੈ ਕਿ ਜਦੋਂ ਵਪਾਰੀ ਉਠਾਂ ਤੇ ਸਮਾਨ ਲੱਦ ਕੇ ਦੂਰ-ਦੁਰਾਡੇ ਦੇਸਾਂ ਵਿਚ ਵਪਾਰ ਕਰਨ ਜਾਂਦੇ ਹਨ ਤਾਂ ਲੰਮੀ ਹੇਕ ਨਾਲ ਉਹ ਜੋ ਗਾਇਨ ਕਰਦੇ ਸਨ, ਉਨ੍ਹਾਂ ਨੂੰ ਕਰਹਲੇ ਕਿਹਾ ਜਾਣ ਲੱਗਾ।

ਗਉੜੀ ਰਾਗ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੀਆਂ ਦੋ ਅਸਟਪਦੀਆਂ 'ਕਰਹਲੇ' ਸਿਰਲੇਖ ਅਧੀਨ ਦਰਜ ਹਨ। ਗੁਰੂ ਜੀ ਮਨੁੱਖ ਦੇ ਮਾਇਆ ਵਿਚ ਫਸੇ ਹੋਏ ਮਨ ਨੂੰ ਕਰਹਲਾ ਕਹਿੰਦੇ ਹਨ ਜਿਹੜਾ ਹਮੇਸ਼ਾਂ ਉਠ ਵਾਂਗ ਭਟਕਦਾ ਰਹਿੰਦਾ ਹੈ। ਹਉਮੈਂ ਮਨ ਨੂੰ ਗੁਰਮਤਿ ਮਾਰਗ 'ਤੇ ਚੱਲਣ ਵਿਚ ਰੁਕਾਵਟ ਪਾਉਂਦੀ ਹੈ। ਨਉ ਨਿਧੀਆਂ ਰੂਪੀ ਨਾਮ ਦਾ ਖ਼ਜ਼ਾਨਾ ਮਨੁੱਖ ਦੀ ਦੇਹ ਦੇ ਅੰਦਰ ਛੁਪਿਆ ਹੋਇਆ ਹੈ ਪਰ ਹਉਮੈਂ ਕਰਕੇ ਉਹ ਨਜ਼ਰ ਨਹੀਂ ਪੈਂਦਾ। ਇਹ ਤਾਂ ਹੀ ਸੰਭਵ ਹੈ ਜੇਕਰ ਮਨੁੱਖ ਚਤੁਰਾਈਆਂ ਛੱਡ ਕੇ ਪਰਮਾਤਮਾ ਵੱਲ ਮੁੜਨ ਦਾ ਯਤਨ ਕਰੇ ਅਤੇ ਗੁਰੂ ਦੀ ਦੱਸੀ ਹੋਈ ਸਿੱਖਿਆ ਨੂੰ ਧਾਰਨ ਕਰੇ:

*-ਮਨ ਕਰਹਲਾ ਮੇਰੇ ਪਿਆਰਿਆ ਇਕ ਗੁਰ ਕੀ ਸਿਖ ਸੁਣਾਇ॥*
*ਇਹੁ ਮੋਹੁ ਮਾਇਆ ਪਸਰਿਆ ਅੰਤਿ ਸਾਥਿ ਨ ਕੋਈ ਜਾਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੩੪)*

*-ਰੰਗਿ ਰਤੜੇ ਮਨ ਕਰਹਲੇ ਹਰਿ ਰੰਗੁ ਸਦਾ ਸਮਾਲਿ॥*
*ਹਰਿ ਰੰਗੁ ਕਦੇ ਨ ਉਤਰੈ ਗੁਰ ਸੇਵਾ ਸਬਦੁ ਸਮਾਲਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੩੫)*

**ਘੋੜੀਆ (ਘੋੜੀਆਂ):** ਲਾੜੇ ਦੇ ਘੋੜੀ ਚੜ੍ਹਨ ਸਮੇਂ ਜੋ ਗੀਤ ਗਾਏ ਜਾਂਦੇ ਹਨ ਉਨ੍ਹਾਂ ਨੂੰ ਘੋੜੀਆਂ ਕਿਹਾ ਜਾਂਦਾ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਇਸ ਕਾਵਿ ਰੂਪ ਦੀ ਵਰਤੋਂ ਵਡਹੰਸ ਰਾਗ ਵਿਚ ਕੀਤੀ ਹੈ। ਦੋ ਛੰਤਾਂ ਵਾਲੀ ਇਸ ਬਾਣੀ ਵਿਚ ਗੁਰੂ ਜੀ ਨੇ ਸਰੀਰ ਨੂੰ ਘੋੜੀ ਕਿਹਾ ਹੈ ਜੋ ਸਾਧ-ਸੰਗਤ ਦੀ ਜੰਞ ਲੈ ਕੇ ਸੰਸਾਰ ਰੂਪੀ ਬਿਖੜੇ ਮਾਰਗ ਨੂੰ ਤੈਅ ਕਰਦੀ ਹੋਈ ਪ੍ਰਭੂ ਨਾਲ ਮਿਲਾਪ ਕਰਦੀ ਹੈ। ਗੁਰੂ ਜੀ ਮਨੁੱਖੀ ਜਾਮੇ ਵਿਚ ਸਰੀਰ ਰੂਪੀ ਘੋੜੀ ਉੱਤੇ ਚੜ੍ਹ ਕੇ ਪ੍ਰਭੂ ਮਿਲਾਪ ਦੇ ਮਾਰਗ 'ਤੇ ਚੱਲਣ ਦਾ ਉਪਦੇਸ਼ ਦਿੰਦੇ ਹੋਏ ਕਹਿੰਦੇ ਹਨ:

*ਚੜਿ ਦੇਹੜਿ ਘੋੜੀ ਬਿਖਮੁ ਲਘਾਏ ਮਿਲੁ ਗੁਰਮੁਖਿ ਪਰਮਾਨੰਦਾ॥*
*ਹਰਿ ਹਰਿ ਕਾਜੁ ਰਚਾਇਆ ਪੂਰੈ ਮਿਲਿ ਸੰਤ ਜਨਾ ਜੰਞ ਆਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੭੫)*

**ਪਹਰੇ:** ਪਹਰੇ ਸ੍ਰੀ ਗੁਰੂ ਰਾਮਦਾਸ ਜੀ ਦੀ ਰਚਨਾ ਹੈ ਜਿਸ ਵਿਚ ਜੀਵਨ ਨੂੰ ਰਾਤ ਦੇ ਚਾਰ ਪਹਰਿਆਂ ਵਾਂਗ ਚਾਰ ਹਿੱਸਿਆਂ ਵਿਚ ਵੰਡਿਆ ਹੋਇਆ ਹੈ- ਜਨਮ ਤੋਂ ਪਹਿਲਾਂ ਮਾਤ ਗਰਭ ਵਿਚ, ਜਨਮ ਤੋਂ ਬਚਪਨ ਤਕ, ਜਵਾਨੀ, ਬਿਰਧ ਅਵਸਥਾ

ਜਾਂ ਬੁਢਾਪਾ। ਗੁਰੂ ਸਾਹਿਬ ਇਸ ਬਾਣੀ ਵਿਚ ਮਨੁੱਖ ਨੂੰ ਪਰਮਾਤਮਾ ਦੇ ਨਾਮ ਸਿਮਰਨ ਦਾ ਲਾਹਾ ਖੱਟਣ ਦੀ ਪ੍ਰੇਰਨਾ ਕਰਦੇ ਹਨ। ਜੀਵਨ ਨੂੰ ਹਨੇਰੇ ਵਾਂਗ ਚਿਤਰਿਆ ਗਿਆ ਹੈ ਅਤੇ ਪ੍ਰਭੂ ਮਿਲਾਪ ਨੂੰ ਪ੍ਰਕਾਸ਼ ਦਾ ਨਾਂ ਦਿੱਤਾ ਗਿਆ ਹੈ- ਓਥੈ ਦਿਨ ਐਥੇ ਸਭ ਰਾਤ॥

ਪਹਿਲੇ ਪਹਰ ਵਿਚ ਜਨਮ ਤੋਂ ਪਹਿਲਾਂ ਦੀ ਅਵਸਥਾ ਹੈ ਜਦੋਂ ਪਰਮਾਤਮਾ ਨੇ ਜੀਵ ਦੀ ਉਤਪਤੀ ਲਈ ਜੋਤਿ ਰੱਖੀ। ਦੂਜੇ ਪਹਰ ਵਿਚ ਜਨਮ ਤੋਂ ਬਾਅਦ ਦੁਨਿਆਵੀ ਸੰਬੰਧਾਂ ਦੀ ਸ਼ੁਰੂਆਤ, ਤੀਜੇ ਪਹਰ ਵਿਚ ਦੁਨਿਆਵੀ ਪਦਾਰਥਾਂ ਵਿਚ ਖਚਿਤ ਹੋਣ ਦਾ ਜ਼ਿਕਰ ਕਰਦੇ ਹੋਏ ਚੌਥੇ ਪਹਰ ਵਿਚ ਬੁਢਾਪੇ ਵੱਲ ਸੰਕੇਤ ਕੀਤਾ ਗਿਆ ਹੈ। ਜੀਵਨ ਦੇ ਕਿਸੇ ਵੀ ਪਹਰ ਵਿਚ ਪ੍ਰਭੂ ਸਿਮਰਨ ਦੁਆਰਾ ਮੁਕਤ ਹੋਣ ਦੀ ਗੱਲ ਕਹੀ ਗਈ ਹੈ।

**ਲਾਵਾਂ:** ਸ੍ਰੀ ਗੁਰੂ ਰਾਮਦਾਸ ਜੀ ਦੀ ਇਸ ਬਾਣੀ ਦੇ ਚਾਰ ਬੰਦ ਹਨ ਜਿਨ੍ਹਾਂ ਨੂੰ ਦੋ ਰੂਪਾਂ ਵਿਚ ਵੇਖਿਆ ਜਾਂਦਾ ਹੈ- ਸਮਾਜਿਕ ਅਤੇ ਅਧਿਆਤਮਿਕ। ਸਮਾਜਿਕ ਪੱਖ ਵਿਚ ਪਤੀ-ਪਤਨੀ ਦੇ ਸੰਯੋਗ ਨੂੰ ਕੁਦਰਤ ਦਾ ਨਿਯਮ ਮੰਨ ਕੇ ਇਸ ਨੂੰ ਚਲਦਾ ਰੱਖਣ ਲਈ 'ਅਨੰਦ ਕਾਰਜ' ਦੀ ਰਸਮ ਕੀਤੀ ਜਾਂਦੀ ਹੈ। ਅਨੰਦ ਕਾਰਜ ਦੀ ਰਸਮ ਸਮੇਂ ਲਈਆਂ ਜਾਂਦੀਆਂ ਲਾਵਾਂ ਵਿਚ ਧਰਮ ਗ੍ਰੰਥ ਦੀ ਸਿੱਖਿਆ ਦ੍ਰਿੜ੍ਹ ਕਰਾਈ ਜਾਂਦੀ ਹੈ ਅਤੇ ਇਸੇ ਅਨੁਸਾਰ ਜੀਵਨ ਬਸਰ ਕਰਨ ਦੀ ਪ੍ਰੇਰਨਾ ਕੀਤੀ ਜਾਂਦੀ ਹੈ। ਅਧਿਆਤਮਿਕ ਪੱਖ ਵਿਚ ਦਰਸਾਇਆ ਗਿਆ ਹੈ ਕਿ ਮਨੁੱਖਾ ਜੀਵਨ ਦਾ ਉਦੇਸ਼ ਪ੍ਰਭੂ-ਮਿਲਾਪ ਹੈ। ਪਹਿਲੀ ਲਾਂਵ ਪ੍ਰਵਿਰਤੀ ਕਰਮ ਵਿਚ ਪ੍ਰਵੇਸ਼ ਕਰਨ ਵੱਲ ਸੰਕੇਤ ਕਰਦੀ ਹੈ। ਇਹ ਦੁਨਿਆਵੀ ਤਾਣੇ-ਬਾਣੇ ਨੂੰ ਇਕ ਸੂਤਰ ਵਿਚ ਪਰੋਣ ਦਾ ਪੜਾਉ ਹੈ। ਦੂਜੀ ਲਾਂਵ ਵਿਚ ਸੱਚੇ ਗੁਰੂ ਦਾ ਮਿਲਾਪ ਹੈ ਜੋ ਕਿ ਪ੍ਰਭੂ ਉਸਤਤਿ ਰਾਹੀਂ ਹਉਮੈਂ ਨੂੰ ਕਾਬੂ ਕਰਨ ਦਾ ਮਾਰਗ ਦੱਸਦਾ ਹੈ। ਤੀਜੀ ਲਾਂਵ ਵਿਚ ਵੈਰਾਗ ਭਾਵਨਾ ਦਾ ਉਤਪੰਨ ਹੋਣਾ ਦੱਸਿਆ ਹੈ। ਵੈਰਾਗ ਦਾ ਭਾਵ ਨਿਰਾਸਤਾ ਅਤੇ ਉਪਰਾਮਤਾ ਕੀਤਾ ਜਾਂਦਾ ਹੈ ਪਰ ਇੱਥੇ ਦੁਨਿਆਵੀ ਪਦਾਰਥਾਂ ਤੋਂ ਉੱਪਰ ਉੱਠ ਜਾਣ ਦੀ ਗੱਲ ਕਹੀ ਗਈ ਹੈ। ਸਮਾਜਿਕ ਕਾਰ-ਵਿਹਾਰ ਕਰਦਾ ਹੋਇਆ ਮਨੁੱਖ ਇਨ੍ਹਾਂ ਪਦਾਰਥਾਂ ਵਿਚ ਖਚਿਤ ਨਹੀਂ ਹੁੰਦਾ। ਚੌਥੀ ਲਾਂਵ ਵਿਚ ਸਹਿਜ ਅਵਸਥਾ ਵਿਚ ਰਹਿੰਦੇ ਹੋਏ ਜੀਵ-ਇਸਤਰੀ ਪ੍ਰਭੂ ਮਿਲਾਪ ਕਰ ਲੈਂਦੀ ਹੈ। ਇਹੀ ਅਸਲ ਰੂਪ ਵਿਚ ਅਨੰਦ ਕਾਰਜ ਹੈ।

**ਵਣਜਾਰਾ:** ਵਣਜ (ਵਪਾਰ) ਕਰਨ ਵਾਲੇ ਨੂੰ ਵਣਜਾਰਾ ਕਿਹਾ ਜਾਂਦਾ ਹੈ। ਇਸ ਨੂੰ ਇਕ ਕਬੀਲੇ ਵਿਸ਼ੇਸ਼ ਨਾਲ ਜੋੜ ਕੇ ਵੀ ਵੇਖਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਵਣਜਾਰਾ' ਸਿਰਲੇਖ ਅਧੀਨ ਸ੍ਰੀ ਗੁਰੂ ਰਾਮਦਾਸ ਜੀ ਦੀ ਛੇ ਪਦਿਆਂ ਵਾਲੀ ਰਚਨਾ ਹੈ, ਪੰਜ ਤੁਕਾਂ ਵਾਲੇ ਹਰ ਪਦੇ ਤੋਂ ਬਾਅਦ ਦੋ ਤੁਕਾਂ ਦਾ ਰਹਾਉ ਹੈ। ਇਸ ਰਚਨਾ ਵਿਚ ਜਿਗਿਆਸੂ ਮਨੁੱਖ ਨੂੰ ਵਣਜਾਰਾ ਨਾਂ ਨਾਲ ਸੰਬੋਧਨ ਕੀਤਾ ਗਿਆ

ਹੈ। ਇਸ ਰਚਨਾ ਵਿਚ ਤਾਕੀਦ ਕੀਤੀ ਗਈ ਹੈ ਕਿ ਸੱਚਾ ਵਣਜ ਪਰਮਾਤਮਾ ਦਾ ਨਾਮ ਹੈ ਅਤੇ ਜਿਸ ਮਨੁੱਖ ਦੇ ਮਨ ਵਿਚ ਉਸ ਸੱਚੇ ਪ੍ਰਭੂ ਦੇ ਨਾਮ ਦਾ ਪ੍ਰਕਾਸ਼ ਹੋ ਗਿਆ ਹੈ, ਸਹੀ ਰੂਪ ਵਿਚ ਉਹੀ ਵਣਜਾਰਾ ਹੈ:

*ਧਨੁ ਧਨੁ ਵਣਜੁ ਵਾਪਾਰੀਆ ਜਿਨ ਵਖਰੁ ਲਦਿਅੜਾ ਹਰਿ ਰਾਸਿ॥*
*ਗੁਰਮੁਖਾ ਦਰਿ ਮੁਖ ਉਜਲੇ ਸੇ ਆਇ ਮਿਲੇ ਹਰਿ ਪਾਸਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੨)*

**ਵਾਰਾਂ ਦਾ ਵਿਸ਼ਾ ਵਸਤੂ:** ਵਾਰ ਕਿਸੇ ਸੂਰਬੀਰ ਜਾਂ ਜੋਧੇ ਦੇ ਗੁਣਾਂ ਦਾ ਵਿਖਿਆਨ ਕਰਦੀ ਹੈ। ਆਮ ਲੋਕ ਉਸ ਦੇ ਗੁਣਾਂ ਤੋਂ ਪ੍ਰਭਾਵਿਤ ਹੁੰਦੇ ਹਨ ਅਤੇ ਉਨ੍ਹਾਂ ਦੇ ਮਨ ਵਿਚ ਉਸੇ ਵਰਗਾ ਬਹਾਦਰ ਜਾਂ ਦਲੇਰ ਬਣਨ ਦਾ ਉਤਸ਼ਾਹ ਪੈਦਾ ਹੁੰਦਾ ਹੈ। ਗੁਰਬਾਣੀ ਵਿਚ ਪਰਮਾਤਮਾ ਨੂੰ ਨਾਇਕ ਮੰਨਿਆ ਗਿਆ ਹੈ ਅਤੇ ਉਸ ਦੇ ਗੁਣਾਂ ਦਾ ਗਾਇਨ ਕਰਨ ਦੀ ਪ੍ਰੇਰਨਾ ਕੀਤੀ ਗਈ ਹੈ। *'ਨਿਰਭਉ ਜਪੈ ਸਗਲ ਭਉ ਮਿਟੈ'* ਦੀ ਭਾਵਨਾ ਸਿੱਖ ਨੂੰ ਉਸ ਪ੍ਰਭੂ ਦੇ ਗੁਣਾਂ ਦੇ ਅਨੁਸਾਰੀ ਬਣਾਉਣ ਦੀ ਪ੍ਰੇਰਨਾ ਪੈਦਾ ਕਰਦੀ ਹੈ। ਬਾਹਰੀ ਤੌਰ 'ਤੇ ਵਾਰਾਂ ਦੁਨਿਆਵੀ ਜੰਗਾਂ-ਜੁੱਧਾਂ ਸਮੇਂ ਜੋਸ਼ ਅਤੇ ਉਤਸ਼ਾਹ ਪੈਦਾ ਕਰਨ ਦਾ ਕਾਰਜ ਕਰਦੀਆਂ ਹਨ ਅਤੇ ਅੰਦਰੂਨੀ ਤੌਰ 'ਤੇ ਇਹ ਸਾਧਕ ਨੂੰ ਵਿਕਾਰਾਂ 'ਤੇ ਜਿੱਤ ਪ੍ਰਾਪਤ ਕਰ ਕੇ ਪ੍ਰਭੂ-ਪ੍ਰੀਤ ਪੈਦਾ ਕਰਦੀਆਂ ਹਨ। ਵਾਰ ਪਉੜੀਆਂ ਵਿਚ ਹੁੰਦੀ ਹੈ ਅਤੇ ਪਉੜੀਆਂ ਨਾਲ ਸਲੋਕ ਦਰਜ ਕੀਤੇ ਹੋਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੨੨ ਵਾਰਾਂ ਦਰਜ ਹਨ ਜਿਨ੍ਹਾਂ ਵਿੱਚੋਂ ੮ ਵਾਰਾਂ ਸ੍ਰੀ ਗੁਰੂ ਰਾਮਦਾਸ ਜੀ ਦੀਆਂ ਹਨ ਜਿਨ੍ਹਾਂ ਬਾਰੇ ਇਥੇ ਸੰਖੇਪ ਰੂਪ ਵਿਚ ਜਾਣਨ ਦਾ ਯਤਨ ਕੀਤਾ ਜਾ ਰਿਹਾ ਹੈ।

**ਸਿਰੀ ਰਾਗ ਕੀ ਵਾਰ:** ਸ੍ਰੀ ਗੁਰੂ ਰਾਮਦਾਸ ਜੀ ਦੀ ਇਹ ਵਾਰ ਸਿਰੀ ਰਾਗ ਵਿਚ ਦਰਜ ਹੈ। ਇਹ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ੩੧ ਰਾਗਾਂ ਵਿੱਚੋਂ ਸਭ ਤੋਂ ਪਹਿਲਾਂ ਦਰਜ ਹੈ ਅਤੇ ਇਸ ਰਾਗ ਦਾ ਨਾਂ ਹੀ ਸਿਰਲੇਖ ਵਿਚ ਸ਼ਾਮਲ ਕੀਤਾ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਦਰਜ ਇਸ ਵਾਰ ਦੀਆਂ ੨੧ ਪਉੜੀਆਂ ਹਨ। ਇਸ ਵਾਰ ਵਿਚ ੪੩ ਸਲੋਕ ਦਰਜ ਹਨ ਜਿਨ੍ਹਾਂ ਵਿੱਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੱਤ, ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦੋ, ਸ੍ਰੀ ਗੁਰੂ ਅਮਰਦਾਸ ਜੀ ਦੇ ਤੇਤੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਕ ਸਲੋਕ ਸ਼ਾਮਲ ਹੈ। ਸ੍ਰੀ ਗੁਰੂ ਰਾਮਦਾਸ ਜੀ ਦਾ ਕੋਈ ਵੀ ਸਲੋਕ ਇਸ ਵਾਰ ਵਿਚ ਦਰਜ ਨਹੀਂ ਹੈ। ਇਸ ਵਾਰ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੱਸਦੇ ਹਨ ਕਿ ਪ੍ਰਭੂ ਇਕ ਹੈ, ਉਸ ਨੇ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੈ ਅਤੇ ਉਸੇ ਦਾ ਹੀ ਹੁਕਮ ਇਸ ਸ੍ਰਿਸ਼ਟੀ ਵਿਚ ਵਰਤ ਰਿਹਾ ਹੈ। ਸ੍ਰਿਸ਼ਟੀ ਕਰਤਾ ਨੂੰ ਸਰਬ-ਗਿਆਤਾ ਮੰਨਿਆ ਗਿਆ ਹੈ ਜੋ ਹਰ ਇਕ ਮਨੁੱਖ ਦੇ ਭਲੇ ਬੁਰੇ ਕਰਮਾਂ ਬਾਰੇ ਜਾਣਦਾ ਹੈ, ਡਰਦਾ ਉਹ ਹੈ ਜਿਹੜਾ ਪਾਪ ਕਰਦਾ ਹੈ ਪਰ ਧਰਮੀ ਖੁਸ਼ ਰਹਿੰਦਾ ਹੈ। ਧਰਮੀ ਦੇ ਮਨ ਵਿਚ ਦੁਬਿਧਾ ਨਹੀਂ ਹੁੰਦੀ ਅਤੇ ਉਹ ਹਮੇਸ਼ਾਂ ਪ੍ਰਭੂ

ਦਾ ਓਟ-ਆਸਰਾ ਲੈ ਕੇ ਉਸੇ ਨਾਲ ਜੁੜਿਆ ਰਹਿੰਦਾ ਹੈ। ਪ੍ਰਭੂ ਕ੍ਰਿਪਾ ਨਾਲ ਧਰਮੀ ਸਲਾਹਿਆ ਜਾਂਦਾ ਹੈ ਅਤੇ ਪਾਪੀ ਨੂੰ ਦੰਡ ਮਿਲਦਾ ਹੈ- *ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ ਦੀਓਇ॥* ਧਰਮੀ ਸਭ ਜਹਾਨਾਂ ਤੋਂ ਸੁਰਖਰੂ ਹੁੰਦਾ ਹੈ ਅਤੇ ਉਸਨੂੰ ਪ੍ਰਭੂ ਬਖ਼ਸ਼ਿਸ਼ ਰੂਪੀ ਸਿਰੋਪੇ ਨਾਲ ਪ੍ਰਵਾਨ ਕਰਦਾ ਹੈ- *ਤਿਨ ਐਥੈ ਓਥੈ ਮੁਖ ਉਜਲੇ ਹਰਿ ਦਰਗਹ ਪੈਧੇ ਜਾਹੀ॥* ਇਸ ਵਾਰ ਦੀ ਅੰਤਲੀ ਪਉੜੀ ਵਿਚ ਗੁਰੂ ਜੀ ਆਪਣੇ ਆਪ ਨੂੰ ਪ੍ਰਭੂ ਦਾ ਢਾਢੀ ਕਹਿੰਦੇ ਹਨ ਅਤੇ ਨਾਲ ਹੀ ਦੱਸਦੇ ਹਨ ਕਿ ਉਨ੍ਹਾਂ ਨੇ ਪ੍ਰਭੂ ਤੋਂ ਸੱਚੇ ਨਾਮ ਦੀ ਦਾਤ ਪ੍ਰਾਪਤ ਕੀਤੀ ਹੈ।

**ਗਉੜੀ ਕੀ ਵਾਰ:** ਗਉੜੀ ਕੀ ਵਾਰ ਵਿਚ ੩੩ ਪਉੜੀਆਂ ਅਤੇ ੬੮ ਸਲੋਕ ਸ਼ਾਮਲ ਹਨ। ਇਨ੍ਹਾਂ ਵਿਚ ੨੮ ਪਉੜੀਆਂ ਸ੍ਰੀ ਗੁਰੂ ਰਾਮਦਾਸ ਜੀ ਦੀਆਂ ਅਤੇ ੫ ਪਉੜੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਹਨ। ਸ੍ਰੀ ਗੁਰੂ ਰਾਮਦਾਸ ਜੀ ਦੇ ੫੩ ਸਲੋਕਾਂ ਤੋਂ ਇਲਾਵਾ ਸ੍ਰੀ ਗੁਰੂ ਅਮਰਦਾਸ ਜੀ ਦੇ ੭ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ੮ ਸਲੋਕ ਇਸ ਵਾਰ ਵਿਚ ਸ਼ਾਮਲ ਹਨ। ਪਰਮਾਤਮਾ ਨੂੰ ਸ੍ਰਿਸ਼ਟੀ ਵਿਚ ਸਰਬੋਤਮ ਮੰਨ ਕੇ ਉਸ ਵੱਲ ਮੁੜਨ ਅਤੇ ਉਸ ਨਾਲ ਜੁੜਨ ਨੂੰ ਜੀਵਨ ਉਦੇਸ਼ ਦੱਸਿਆ ਗਿਆ ਹੈ। ਸਰੀਰ ਇਕ ਕਿਲੇ ਦੀ ਤਰ੍ਹਾਂ ਮੰਨਿਆ ਗਿਆ ਹੈ, ਅਧਿਆਤਮਿਕਤਾ ਦਾ ਸਾਰਾ ਖ਼ਜ਼ਾਨਾ ਜਿਸ ਦੇ ਅੰਦਰ ਛੁਪਿਆ ਹੋਇਆ ਹੈ। ਜਿਹੜੇ ਇਹ ਖ਼ਜ਼ਾਨਾ ਬਾਹਰ ਲੱਭਦੇ ਹਨ, ਉਹ ਮੂਰਖ ਹਨ। ਉਨ੍ਹਾਂ ਦੀ ਹਾਲਤ ਉਸ ਹਿਰਨ ਵਰਗੀ ਹੈ, ਕਸਤੂਰੀ ਜਿਸ ਦੇ ਅੰਦਰ ਛੁਪੀ ਹੋਈ ਹੈ ਪਰ ਉਹ ਇਸ ਦੀ ਭਾਲ ਝਾੜੀਆਂ ਵਿਚ ਕਰਦਾ ਹੋਇਆ ਭਟਕਦਾ ਫਿਰਦਾ ਹੈ। ਗੁਰੂ ਦੇ ਦੱਸੇ ਹੋਏ ਮਾਰਗ ’ਤੇ ਚੱਲ ਕੇ ਅੰਦਰ ਛੁਪਿਆ ਹੋਇਆ ਖ਼ਜ਼ਾਨਾ ਲੱਭ ਸਕਦਾ ਹੈ ਅਤੇ ਜਿਹੜੇ ਗੁਰੂ ਦੇ ਆਦੇਸ਼ ਅਨੁਸਾਰ ਜੀਵਨ ਬਸਰ ਕਰਦੇ ਹਨ, ਉਹ ਗੁਰਮੁਖ ਹਨ। ਮਨਮੁਖ ਜਿੰਨੇ ਮਰਜ਼ੀ ਛਲ-ਕਪਟ ਕਰੇ ਪਰ ਜਿੱਤ ਹਮੇਸ਼ਾਂ ਗੁਰਮੁਖ ਦੀ ਹੁੰਦੀ ਹੈ।

**ਬਿਹਾਗੜੇ ਕੀ ਵਾਰ:** ੨੧ ਪਉੜੀਆਂ ਵਾਲੀ ਇਸ ਰਚਨਾ ਵਿਚ ੪੩ ਸਲੋਕ ਦਰਜ ਹਨ। ਇਸ ਵਾਰ ਵਿਚ ਪ੍ਰਭੂ ਦੀ ਉਸਤਤਿ ਕਰਦੇ ਹੋਏ ਉਸ ਨੂੰ ਸਮੂਹ ਪ੍ਰਾਪਤੀਆਂ ਦਾ ਸੋਮਾ ਦੱਸਿਆ ਗਿਆ ਹੈ। ਸ੍ਰਿਸ਼ਟੀ ਵਿਚ ਜਿਹੜੀਆਂ ਵਸਤਾਂ ਜਾਂ ਹਸਤੀਆਂ ਸਮਾਂ ਅਤੇ ਸਥਾਨ ਦਾ ਹਿੱਸਾ ਬਣੀਆਂ, ਉਹ ਪਰਿਵਰਤਨਸ਼ੀਲ ਅਤੇ ਨਾਸ਼ ਹੋਣ ਵਾਲੀਆਂ ਹਨ। ਪ੍ਰਭੂ ਨੂੰ ਵੀ ਇਸ ਜਗਤ ਦਾ ਹਿੱਸਾ ਮੰਨਿਆ ਗਿਆ ਹੈ, ਉਹ ਸਥਾਨ ਵਿਚ ਤਾਂ ਵਿਦਮਾਨ ਹੈ ਪਰ ਸਮੇਂ ਤੋਂ ਮੁਕਤ ਹੈ। ਇਸ ਕਰਕੇ ਉਸ ਨੂੰ ਸ੍ਰਿਸ਼ਟੀ ਦੇ ਅੰਦਰ ਅਤੇ ਬਾਹਰ ਇਕ ਰਸ ਮੌਜੂਦ ਮੰਨਿਆ ਗਿਆ ਹੈ। ਪਰਮਾਤਮਾ ਦੀ ਸਦੀਵੀ ਹੋਂਦ ਦਾ ਪ੍ਰਗਟਾਵਾ ਕਰਦੇ ਹੋਏ ਸ੍ਰੀ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ- *ਆਪੇ ਸਭ ਘਟ ਅੰਦਰੇ ਆਪੇ ਹੀ ਬਾਹਰਿ॥ ਆਪੇ ਗੁਪਤੁ ਵਰਤਦਾ ਆਪੇ ਹੀ ਜਾਹਰਿ॥* ਜਦੋਂ ਉਹ ਪ੍ਰਗਟ ਹੋਣਾ ਚਾਹੁੰਦਾ ਹੈ ਤਾਂ ਉਹ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ, ਉਸ ਵਿਚ ਜੀਵਾਂ ਨੂੰ ਪੈਦਾ ਕਰਦਾ

ਹੈ, ਉਨ੍ਹਾਂ ਨੂੰ ਅੰਨ ਪਾਣੀ ਦਾ ਸਹਾਰਾ ਦਿੰਦਾ ਹੈ। ਉਹ ਸਭ ਦਾ ਮਾਈ-ਬਾਪ ਹੈ ਅਤੇ ਸ਼ੁਭ ਕਰਮ ਕਰਨ ਵਾਲਿਆਂ ਤੇ ਉਹ ਹਮੇਸ਼ਾਂ ਬਖ਼ਸ਼ਿਸ਼ ਕਰਦਾ ਹੈ।

**ਵਡਹੰਸ ਕੀ ਵਾਰ:** ਇਸ ਵਾਰ ਵਿਚ ੨੧ ਪਉੜੀਆਂ ਅਤੇ ੪੩ ਸਲੋਕ ਦਰਜ ਹਨ। ਸ੍ਰੀ ਗੁਰੂ ਰਾਮਦਾਸ ਜੀ ਨੇ ਇਸ ਵਾਰ ਨੂੰ 'ਲਲਾਂ ਬਹਲੀਮਾ ਕੀ ਧੁਨਿ' ਉਤੇ ਗਾਉਣ ਦਾ ਆਦੇਸ਼ ਕੀਤਾ ਹੈ। ਲਲਾਂ ਅਤੇ ਬਹਿਲੀਮਾ ਬਾਰੇ ਦੱਸਿਆ ਜਾਂਦਾ ਹੈ ਕਿ ਉਹ ਕਾਂਗੜੇ ਦੇਸ ਦੇ ਰਾਜਪੂਤ ਜ਼ਿਮੀਂਦਾਰ ਸਨ। ਇਕ ਵਾਰ ਸੋਕਾ ਪੈ ਜਾਣ ਕਾਰਨ ਲਲਾਂ ਨੇ ਆਪਣੀ ਪੈਦਾਵਾਰ ਦਾ ਛੇਵਾਂ ਹਿੱਸਾ ਦੇਣਾ ਮੰਨ ਕੇ ਉਸ ਤੋਂ ਆਪਣੀ ਫਸਲ ਲਈ ਪਾਣੀ ਲਿਆ ਸੀ। ਫਸਲ ਹੋ ਜਾਣ 'ਤੇ ਉਹ ਆਪਣੇ ਇਕਰਾਰ ਤੋਂ ਮੁਕਰ ਗਿਆ ਅਤੇ ਦੋਹਾਂ ਵਿਚ ਲੜਾਈ ਹੋ ਗਈ, ਬਹਿਲੀਮਾ ਜਿੱਤ ਗਿਆ। ਉਨ੍ਹਾਂ ਦੇ ਜੀਵਨ ਦੀ ਇਸ ਘਟਨਾ ਨੂੰ ਢਾਢੀ ਵਾਰਾਂ ਰਾਹੀਂ ਸੁਣਾਉਂਦੇ ਸਨ ਪਰ ਗੁਰੂ ਜੀ ਨੇ 'ਵਡਹੰਸ ਕੀ ਵਾਰ' ਨੂੰ ਇਸ ਧੁਨੀ 'ਤੇ ਗਾਉਣ ਦਾ ਆਦੇਸ਼ ਕੀਤਾ।

ਸਤਿਗੁਰੂ ਸਾਧਕ ਨੂੰ ਪ੍ਰਭੂ ਨਾਲ ਮਿਲਾਉਣ ਦਾ ਕਾਰਜ ਕਰਦਾ ਹੈ। ਇਸ ਵਾਰ ਵਿਚ ਸਤਿਗੁਰੂ ਦੀ ਉਸਤਤਿ ਤੇ ਵਧੇਰੇ ਜ਼ੋਰ ਦਿੱਤਾ ਗਿਆ ਹੈ ਕਿਉਂਕਿ ਸਤਿਗੁਰੂ ਹੀ ਪ੍ਰਭੂ-ਨਾਮ ਨਾਲ ਜੋੜ ਕੇ ਪ੍ਰਭੂ-ਪ੍ਰੀਤ ਪੈਦਾ ਕਰਨ ਦਾ ਕਾਰਜ ਕਰਦਾ ਹੈ। ਪ੍ਰਭੂ-ਨਾਮ ਦੀ ਪ੍ਰੀਤ ਪੈਦਾ ਕਰਨ ਦਾ ਸੌਖਾ ਸਾਧਨ ਸਤਿਸੰਗਤ ਨੂੰ ਮੰਨਿਆ ਗਿਆ ਹੈ- *ਤਿਤੁ ਜਾਇ ਬਹਹੁ ਸਤਸੰਗਤੀ ਜਿਥੈ ਹਰਿ ਕਾ ਹਰਿ ਨਾਮੁ ਬਿਲੋਈਐ॥ ਸਹਜੇ ਹੀ ਹਰਿ ਨਾਮੁ ਲੇਹੁ ਹਰਿ ਤਤੁ ਨ ਖੋਈਐ॥* ਪ੍ਰਭੂ-ਨਾਮ ਨਾਲ ਮਨ ਦਾ ਹਿਰਦਾ ਸ਼ੁੱਧ ਹੁੰਦਾ ਹੈ। ਸ਼ੁੱਧ ਹਿਰਦਾ ਮਨ ਨੂੰ ਪਦਾਰਥਕ ਵਸਤਾਂ ਵਿਚ ਭਟਕਣ ਤੋਂ ਰੋਕਦਾ ਹੈ। ਸ਼ਾਂਤ ਅਤੇ ਸਹਿਜ ਅਵਸਥਾ ਵਿਚ ਰਹਿਣ ਨਾਲ ਬਿਬੇਕ ਬੁਧਿ ਪੈਦਾ ਹੁੰਦੀ ਹੈ ਜਿਹੜੀ ਕਿ ਸਾਧਕ ਦੇ ਅਧਿਆਤਮਿਕ ਵਿਕਾਸ ਵਿਚ ਯੋਗਦਾਨ ਪਾਉਂਦੀ ਹੈ। ਸ੍ਰੀ ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਪ੍ਰਭੂ ਹੀ ਕਰਨ ਕਾਰਨ ਸਮਰੱਥ ਹੈ, ਉਹ ਸ੍ਰਿਸ਼ਟੀ ਦੇ ਜ਼ੱਰੇ-ਜ਼ੱਰੇ ਵਿਚ ਵਿਦਮਾਨ ਹੈ, ਉਸ ਤੋਂ ਬਗੈਰ ਕੋਈ ਜੀਵਨ-ਮਰਨ ਵਿਚ ਨਹੀਂ ਪਾ ਸਕਦਾ, ਇਸ ਕਰਕੇ ਉਸ ਨੂੰ ਹਮੇਸ਼ਾਂ ਯਾਦ ਰੱਖਣਾ ਚਾਹੀਦਾ ਹੈ- *ਉਠਦਿਆ ਬਹਦਿਆ ਸੁਤਿਆ ਸਦਾ ਸਦਾ ਹਰਿ ਨਾਮੁ ਧਿਆਈਐ ਜਨ ਨਾਨਕ ਗੁਰਮੁਖਿ ਹਰਿ ਲਹੀਐ॥*

**ਸੋਰਠਿ ਕੀ ਵਾਰ:** 'ਰਾਗੁ ਸੋਰਠਿ ਵਾਰ ਮਹਲੇ ੪ ਕੀ' ਸਿਰਲੇਖ ਅਧੀਨ ਇਸ ਵਾਰ ਦੀਆਂ ੨੯ ਪਉੜੀਆਂ ਹਨ ਜਿਨ੍ਹਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੩, ਸ੍ਰੀ ਗੁਰੂ ਅੰਗਦ ਦੇਵ ਜੀ ਦਾ ੧, ਸ੍ਰੀ ਗੁਰੂ ਅਮਰਦਾਸ ਜੀ ਦੇ ੪੯ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ ੭ ਸਲੋਕ ਦਰਜ ਹਨ। ਇਹ ਵਾਰ ਵੀ ਮਨੁੱਖ ਨੂੰ ਪਰਮਾਤਮਾ ਨਾਲ ਜੋੜਨ ਦਾ ਕਾਰਜ ਕਰਦੀ ਹੈ। ਸ੍ਰਿਸ਼ਟੀ ਸਿਰਜਣਾ ਨੂੰ ਪਰਮਾਤਮਾ ਦੀ ਖੇਡ ਮੰਨਿਆ ਗਿਆ ਹੈ। ਪਰਮਾਤਮਾ ਨੇ ਪ੍ਰਕ੍ਰਿਤੀ ਵਿਚ ਸਤਵ, ਰਜਸ ਅਤੇ ਤਮਸ ਤਿੰਨ ਗੁਣ ਪੈਦਾ ਕਰ ਕੇ ਜਗਤ ਵਿਚ ਮਾਇਆ ਮੋਹ ਪੈਦਾ ਕੀਤਾ ਹੈ ਜਿਹੜੇ ਕਿ ਮਨੁੱਖ ਦੇ ਮਨ

ਵਿਚ ਹਉਮੈਂ ਪੈਦਾ ਕਰ ਕੇ ਉਸ ਨੂੰ ਜੰਮਣ-ਮਰਨ ਦੇ ਗੇੜ ਵਿਚ ਪਾ ਦਿੰਦੇ ਹਨ। ਪਰਮਾਤਮਾ ਨੇ ਸ੍ਰਿਸ਼ਟੀ ਵਿਚ ਅੱਗ, ਹਵਾ, ਪਾਣੀ, ਧਰਤੀ ਅਤੇ ਅਕਾਸ਼ ਪੈਦਾ ਕੀਤੇ ਹਨ। ਪਰਮਾਤਮਾ ਨੇ ਇਨ੍ਹਾਂ ਪੰਜਾਂ ਤੱਤਾਂ ਦੇ ਸੰਯੋਗ ਤੋਂ ਜੀਵ ਪੈਦਾ ਕੀਤਾ ਹੈ। ਇਨ੍ਹਾਂ ਪੰਜਾਂ ਤੱਤਾਂ ਤੋਂ ਇਲਾਵਾ ਮਨੁੱਖ ਵਿਚ ਪਰਮਾਤਮਾ ਦੀ ਜੋਤਿ ਵੀ ਮੌਜੂਦ ਹੈ ਜਿਹੜੀ ਤੱਤਾਂ ਨੂੰ ਕਿਰਿਆਸ਼ੀਲ ਕਰਨ ਦਾ ਕਾਰਜ ਕਰਦੀ ਹੈ। ਪ੍ਰਕ੍ਰਿਤੀ ਦੇ ਤੱਤਾਂ ਤੋਂ ਮਨੁੱਖ ਦੀ ਸਿਰਜਨਾ ਹੋਈ ਹੈ ਇਸ ਕਰਕੇ ਉਸ ਦੇ ਗੁਣ ਵੀ ਮਨੁੱਖ ਦੇ ਮਨ ਵਿਚ ਵਿਦਮਾਨ ਹਨ। ਇਨ੍ਹਾਂ ਤਿੰਨਾਂ ਗੁਣਾਂ ਦੇ ਪ੍ਰਭਾਵ ਸਦਕਾ ਮਨੁੱਖ ਸ਼ੁਭ-ਅਸ਼ੁਭ ਕਾਰਜ ਕਰਦਾ ਹੈ। ਇਸ ਦੇ ਨਾਲ ਹੀ ਪ੍ਰਕ੍ਰਿਤੀ ਵਿਚ ਜਿਹੜੇ ਹੀਰੇ, ਜਵਾਹਰਾਤ, ਮਾਣਕ, ਮੋਤੀ ਮੌਜੂਦ ਹਨ, ਤੱਤਾਂ ਤੋਂ ਬਣੇ ਮਨੁੱਖ ਵਿਚ ਵੀ ਇਹ ਮੌਜੂਦ ਹਨ। ਗੁਰੂ ਜੀ ਕਹਿੰਦੇ ਹਨ ਕਿ ਇਨ੍ਹਾਂ ਹੀਰੇ, ਜਵਾਹਰਾਤਾਂ ਦੀ ਖੋਜ ਵਿਚ ਬਾਹਰ ਭਟਕਣ ਦੀ ਕੋਈ ਲੋੜ ਨਹੀਂ ਬਲਕਿ ਇਨ੍ਹਾਂ ਨੂੰ ਸਰੀਰ ਦੇ ਅੰਦਰੋਂ ਹੀ ਲੱਭਿਆ ਜਾ ਸਕਦਾ ਹੈ। ਇਸ ਵਾਰ ਦੇ ਇਕ ਸਲੋਕ ਵਿਚ ਸ੍ਰੀ ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਜਿਵੇਂ ਕਸਤੂਰੀ ਹਿਰਨ ਦੇ ਅੰਦਰ ਹੀ ਮੌਜੂਦ ਹੈ ਪਰ ਉਸ ਨੂੰ ਇਸ ਦਾ ਗਿਆਨ ਨਾ ਹੋਣ ਕਰਕੇ ਉਹ ਭਟਕਦਾ ਰਹਿੰਦਾ ਹੈ। ਇਹੀ ਹਾਲਤ ਉਸ ਮਨੁੱਖ ਦੀ ਹੈ ਜਿਹੜਾ *'ਘਟ ਹੀ ਖੋਜਹੁ ਭਾਈ'* ਦੀ ਥਾਂ ਬਾਹਰ ਭਟਕਦਾ ਫਿਰਦਾ ਹੈ- *ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ॥ ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ॥*

ਸ੍ਰੀ ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਮਾਇਆ ਦੇ ਪ੍ਰਭਾਵ ਅਧੀਨ ਮਨੁੱਖ ਨੂੰ ਆਪਣਾ ਅਸਲਾ ਭੁੱਲ ਜਾਂਦਾ ਹੈ ਅਤੇ ਉਹ ਧਰਮ ਕਮਾਉਣ ਦੀ ਥਾਂ ਦੁਨਿਆਵੀ ਪਦਾਰਥ ਇਕੱਤਰ ਕਰਨ ਵਿਚ ਲੱਗਿਆ ਰਹਿੰਦਾ ਹੈ ਜਿਹੜੇ ਮਨੁੱਖ ਨੂੰ ਲੋਕ ਅਤੇ ਪ੍ਰਲੋਕ ਵਿਚ ਦੁੱਖੀ ਕਰਦੇ ਹਨ। ਸਦਾਚਾਰ ਤੋਂ ਡਿੱਗ ਕੇ ਮਨੁੱਖ ਮਾਇਆ ਇਕੱਤਰ ਕਰਦਾ ਹੈ, ਉਹ ਮਾਇਆ ਨੂੰ ਇਸ ਜੀਵਨ ਦਾ ਸੁੱਖ ਸਮਝਦਾ ਹੈ। ਇਹ ਇਕੱਤਰ ਕੀਤੀ ਮਾਇਆ ਨਾ ਤਾਂ ਨਾਲ ਜਾਂਦੀ ਹੈ ਅਤੇ ਨਾ ਹੀ ਕੋਈ ਅਨੰਦ ਦੀ ਪ੍ਰਾਪਤੀ ਲਈ ਸਹਾਈ ਹੁੰਦੀ ਹੈ ਬਲਕਿ ਇਹ ਮਾਇਆ ਪਰਵਾਰ ਵਿਚ ਕਲੇਸ਼ ਦਾ ਕਾਰਨ ਬਣਦੀ ਹੈ ਜਿਸ ਨਾਲ ਸੁਖੀ ਹੋਣ ਦੀ ਬਜਾਏ ਜੀਵਨ ਹੋਰ ਵਧੇਰੇ ਦੁੱਖਦਾਈ ਹੁੰਦਾ ਹੈ- *ਧਨੁ ਸੰਪੈ ਮਾਇਆ ਸੰਚੀਐ ਅੰਤੇ ਦੁਖਦਾਈ॥ ਘਰ ਮੰਦਰ ਮਹਲ ਸਵਾਰੀਅਹਿ ਕਿਛੁ ਸਾਥਿ ਨ ਜਾਈ॥ ਹਰ ਰੰਗੀ ਤੁਰੇ ਨਿਤ ਪਾਲੀਅਹਿ ਕਿਤੈ ਕਾਮਿ ਨ ਆਈ॥* ਗੁਰੂ ਜੀ ਫੁਰਮਾਉਂਦੇ ਹਨ ਕਿ ਗੁਰਮੁਖਿ ਨੂੰ ਇਹ ਗੱਲ ਸਮਝ ਆ ਜਾਂਦੀ ਹੈ ਕਿ ਸਹੀ-ਗਲਤ ਤਰੀਕਿਆਂ ਨਾਲ ਇਕੱਤਰ ਕੀਤੀ ਮਾਇਆ ਨਾਲ ਨਹੀਂ ਜਾਂਦੀ ਅਤੇ ਉਹ ਅਜਿਹਾ ਧਨ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ ਜਿਹੜਾ ਹਮੇਸ਼ਾਂ ਸੁਖਦਾਈ ਹੋਵੇ ਅਤੇ ਨਾਲ ਨਿਭਣ ਦੇ ਸਮਰੱਥ ਹੋਵੇ। ਗੁਰੂ ਦੇ ਰਾਹੀਂ ਹੀ ਸੱਚੇ ਮਾਰਗ ਦੀ ਸੋਝੀ ਪੈਂਦੀ ਹੈ।

**ਬਿਲਾਵਲ ਕੀ ਵਾਰ:** ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਰਚਿਤ ਇਸ ਵਾਰ ਵਿਚ ੧੩ ਪਉੜੀਆਂ ਅਤੇ ੨੭ ਸਲੋਕ ਸ਼ਾਮਲ ਹਨ। ਸ੍ਰੀ ਗੁਰੂ ਰਾਮਦਾਸ ਜੀ ਦੇ

ਇਕ ਸਲੋਕ ਤੋਂ ਇਲਾਵਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੨ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ੨੪ ਸਲੋਕ ਸ਼ਾਮਲ ਹਨ। ਇਸ ਵਾਰ ਵਿਚ ਦੱਸਿਆ ਗਿਆ ਹੈ ਕਿ ਪਰਮਾਤਮਾ ਹਰ ਥਾਂ ਵੱਸਦਾ ਹੈ ਅਤੇ ਹਰ ਇਕ ਦਾ ਪਾਲਣ ਪੋਸ਼ਣ ਕਰਦਾ ਹੈ। ਪਰਮਾਤਮਾ ਆਪਣੇ ਭਗਤਾਂ ਤੇ ਹਮੇਸ਼ਾਂ ਖੁਸ਼ ਰਹਿੰਦਾ ਹੈ ਅਤੇ ਭਗਤ ਉਸ ਦੀ ਰਜ਼ਾ ਵਿਚ ਰਾਜ਼ੀ ਰਹਿਣ ਨੂੰ ਤਰਜੀਹ ਦਿੰਦੇ ਹਨ। ਸਭ ਅਮੀਰ, ਜਾਗੀਰਦਾਰ, ਹਾਕਮ, ਸਰਦਾਰ ਉਸ ਦੇ ਅੱਗੇ ਮੰਗਤੇ ਹਨ ਅਤੇ ਉਸੇ ਦੀ ਕਿਰਪਾ ਨਾਲ ਆਪਣਾ ਕੰਮ ਚਲਾਉਂਦੇ ਹਨ। ਜਿਹੜੇ ਪਰਮਾਤਮਾ ਦੀਆਂ ਦਾਤਾਂ ਨੂੰ ਉਸ ਦੀ ਬਖ਼ਸ਼ਿਸ਼ ਮੰਨ ਕੇ ਮਾਣਦੇ ਹਨ, ਉਹ ਉਸ ਨੂੰ ਹਮੇਸ਼ਾਂ ਆਪਣੇ ਹਿਰਦੇ ਵਿਚ ਜਾਣਦੇ ਹਨ ਅਤੇ ਸਦਾ ਸੁਖੀ ਰਹਿੰਦੇ ਹਨ। ਗੁਰੂ ਜੀ ਕਹਿੰਦੇ ਹਨ ਕਿ ਗੁਰੂ ਦੀ ਸਿੱਖਿਆ ਦੁਆਰਾ ਪਰਮਾਤਮਾ ਦਾ ਮਾਰਗ ਲੱਭਦਾ ਹੈ ਅਤੇ ਜਿਹੜੇ ਇਸ ਮਾਰਗ 'ਤੇ ਚੱਲਦੇ ਹਨ ਉਹ ਗੁਰਮੁਖ ਹਨ। ਜਿਹੜੇ ਗੁਰੂ ਦੀ ਸਿੱਖਿਆ ਨੂੰ ਧਾਰਨ ਨਹੀਂ ਕਰਦੇ ਮਨਮੱਤ ਕਰਦੇ ਹਨ, ਉਨ੍ਹਾਂ ਨੂੰ ਮਨਮੁਖ ਕਿਹਾ ਗਿਆ ਹੈ। ਗੁਰੂ ਦੇ ਦਰਵਾਜੇ ਸਾਰਿਆਂ ਲਈ ਇੱਕੋ ਜਿਹੇ ਖੁੱਲ੍ਹੇ ਰਹਿੰਦੇ ਹਨ, ਮਨਮੁਖ ਵੀ ਗੁਰਮੁਖ ਬਣ ਸਕਣ ਦੇ ਸਮਰੱਥ ਹਨ। ਜਿਵੇਂ ਨਾਲੀਆਂ, ਟੋਬਿਆਂ ਦਾ ਪਾਣੀ ਇਕ ਥਾਂ ਖੜ੍ਹਾ ਹੋ ਕੇ ਬਦਬੂ ਮਾਰਨ ਲੱਗਦਾ ਹੈ ਪਰ ਜਦੋਂ ਮੀਂਹ ਪੈਂਦਾ ਹੈ ਤਾਂ ਉਹੀ ਪਾਣੀ ਪਵਿੱਤਰ ਨਦੀਆਂ ਵਿਚ ਰਲ ਕੇ ਸ਼ੁੱਧ ਹੋ ਜਾਂਦਾ ਹੈ। ਏਸੇ ਪ੍ਰਕਾਰ ਗੁਰੂ ਦੇ ਦਰਸ਼ਨ ਕੀਤਿਆਂ ਮਨਮੁਖ ਵੀ ਗੁਰਮੁਖ ਬਣ ਸਕਦਾ ਹੈ ਅਤੇ ਸਭ ਤਰ੍ਹਾਂ ਦੀ ਤ੍ਰਿਸ਼ਨਾ ਦੂਰ ਹੋ ਕੇ ਉਸ ਦਾ ਮਨ ਸ਼ਾਂਤ ਹੋ ਜਾਂਦਾ ਹੈ।

**ਸਾਰੰਗ ਕੀ ਵਾਰ:** ਸ੍ਰੀ ਗੁਰੂ ਰਾਮਦਾਸ ਜੀ ਨੇ 'ਰਾਇ ਮਹਮੇ ਹਸਨੇ ਕੀ ਧੁਨਿ' ਤੇ ਇਸ ਵਾਰ ਦੇ ਗਾਇਨ ਦਾ ਆਦੇਸ਼ ਕੀਤਾ ਹੈ। ਮਹਮਾ ਅਤੇ ਹਸਨਾ ਕਾਂਗੜੇ ਤੇ ਧੌਲ ਦੇ ਸਰਦਾਰ ਸਨ। ਕਿਹਾ ਜਾਂਦਾ ਹੈ ਕਿ ਹਸਨੇ ਨੇ ਧੋਖੇ ਨਾਲ ਮਹਮੇ ਨੂੰ ਬਾਦਸ਼ਾਹ ਅਕਬਰ ਕੋਲ ਕੈਦ ਕਰਾ ਦਿੱਤਾ। ਮਹਮੇ ਨੇ ਬਾਦਸ਼ਾਹ ਨੂੰ ਖੁਸ਼ ਕਰ ਲਿਆ ਅਤੇ ਉਸੇ ਤੋਂ ਸਹਾਇਤਾ ਲੈ ਕੇ ਉਸ ਨੇ ਹਸਨੇ 'ਤੇ ਹਮਲਾ ਕਰ ਦਿੱਤਾ। ਇਸ ਲੜਾਈ ਵਿਚ ਮਹਮੇ ਦੀ ਜਿੱਤ ਹੋਈ। ਇਸੇ ਭਾਵ ਦਾ ਪ੍ਰਗਟਾਵਾ ਸ੍ਰੀ ਗੁਰੂ ਰਾਮਦਾਸ ਜੀ ਆਪਣੀ ਵਾਰ ਵਿਚ ਕਰਦੇ ਹਨ ਕਿ ਪਰਮਾਤਮਾ ਸਭ ਦਾ ਬਾਦਸ਼ਾਹ ਹੈ ਅਤੇ ਜਿਹੜਾ ਸੱਚ ਦੇ ਮਾਰਗ 'ਤੇ ਚੱਲਦਾ ਹੈ ਉਸ ਨੂੰ ਝੂਠ ਦੇ ਮਾਰਗ 'ਤੇ ਚੱਲਣ ਵਾਲੇ ਹਰਾ ਨਹੀਂ ਸਕਦੇ।

ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਰਚਿਤ ਇਸ ਵਾਰ ਦੀਆਂ ੩੬ ਪਉੜੀਆਂ ਅਤੇ ੭੪ ਸਲੋਕ ਹਨ। ਪਉੜੀਆਂ ਵਿੱਚੋਂ ੩੫ ਸ੍ਰੀ ਗੁਰੂ ਰਾਮਦਾਸ ਜੀ ਦੀਆਂ ਅਤੇ ਇਕ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹੈ ਅਤੇ ਸਲੋਕਾਂ ਵਿੱਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੩੩, ਸ੍ਰੀ ਗੁਰੂ ਅੰਗਦ ਦੇਵ ਜੀ ਦੇ ੯, ਸ੍ਰੀ ਗੁਰੂ ਅਮਰਦਾਸ ਜੀ ਦੇ ੨੩, ਸ੍ਰੀ ਗੁਰੂ ਰਾਮਦਾਸ ਜੀ ਦੇ ੬ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ੩ ਸਲੋਕ ਸ਼ਾਮਲ ਹਨ। ਇਸ ਵਾਰ ਵਿਚ ਗੁਰੂ ਜੀ ਨਾਮ ਸਿਮਰਨ ਦੀ ਮਹਿਮਾ ਦਾ ਵਿਸਥਾਰ ਵਰਣਨ

ਕਰਦੇ ਹਨ। ਜਿਵੇਂ ਧਰਤੀ 'ਤੇ ਡਿੱਗਿਆ ਹੋਇਆ ਮਨੁੱਖ ਧਰਤੀ ਦੇ ਸਹਾਰੇ ਤੋਂ ਬਗੈਰ ਖੜ੍ਹਾ ਨਹੀਂ ਹੋ ਸਕਦਾ, ਨਦੀ ਵਿਚ ਡਿੱਗਿਆ ਹੋਇਆ ਮਨੁੱਖ ਪਾਣੀ ਦੇ ਸਹਾਰੇ ਤੋਂ ਬਗੈਰ ਬਾਹਰ ਨਹੀਂ ਆ ਸਕਦਾ ਉਸੇ ਤਰ੍ਹਾਂ ਪਰਮਾਤਮਾ ਦੇ ਨਾਮ ਸਿਮਰਨ ਤੋਂ ਟੁੱਟ ਕੇ ਦੁਖੀ ਹੋ ਰਿਹਾ ਮਨੁੱਖ ਉਸ ਦੇ ਨਾਮ ਸਿਮਰਨ ਨਾਲ ਹੀ ਦੁੱਖਾਂ ਤੋਂ ਮੁਕਤ ਹੋ ਸਕਦਾ ਹੈ। ਪਰਮਾਤਮਾ ਨੇ ਜੀਵਾਂ ਦੀ ਰਚਨਾ ਕਰ ਕੇ ਉਨ੍ਹਾਂ ਵਿਚ ਮੋਹ-ਮਾਇਆ ਨੂੰ ਪੈਦਾ ਕੀਤਾ ਹੈ ਅਤੇ ਜਦੋਂ ਤਕ ਮਨੁੱਖ ਇਸ ਤੋਂ ਮੁਕਤ ਨਹੀਂ ਹੁੰਦਾ, ਦੁਖੀ ਰਹਿੰਦਾ ਹੈ। ਦੁਨੀਆ ਦੇ ਬਹੁਤ ਸਾਰੇ ਜੋਗੀਆਂ, ਸੰਨਿਆਸੀਆਂ, ਤਪੱਸਵੀਆਂ ਨੇ ਇਸ ਤੋਂ ਦੂਰ ਰਹਿਣ ਦੇ ਯਤਨ ਕੀਤੇ ਹਨ ਪਰ ਸਫਲਤਾ ਨਹੀਂ ਮਿਲੀ। ਗੁਰੂ ਜੀ ਕਹਿੰਦੇ ਹਨ ਕਿ ਗੁਰੂ ਦੁਆਰਾ ਦੱਸੇ ਮਾਰਗ 'ਤੇ ਚੱਲ ਕੇ ਮੋਹ-ਮਾਇਆ ਤੋਂ ਮੁਕਤ ਹੋ ਸਕੀਦਾ ਹੈ। ਗੁਰੂ ਉਹ ਪਾਰਸ ਹੈ ਜਿਹੜਾ ਲੋਹੇ ਨੂੰ ਸੋਨਾ ਬਣਾ ਦਿੰਦਾ ਹੈ। ਸਤਿਸੰਗਤ ਵਿਚ ਗੁਰੂ ਦੀ ਸਿੱਖਿਆ ਹਾਸਲ ਕੀਤਿਆਂ ਅਗਿਆਨਤਾ ਦਾ ਹਨੇਰਾ ਦੂਰ ਹੁੰਦਾ ਹੈ ਅਤੇ ਮਨ ਪ੍ਰਭੂ-ਨਾਮ ਨਾਲ ਜੁੜਦਾ ਹੈ- *ਸਤਸੰਗਤਿ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ॥ ਗੁਰ ਪਰਸਾਦੀ ਘਟਿ ਚਾਨਣਾ ਆਨ੍ਹੇਰੁ ਗਵਾਇਆ॥ ਲੋਹਾ ਪਾਰਸਿ ਭੇਟੀਐ ਕੰਚਨੁ ਹੋਇ ਆਇਆ॥ ਨਾਨਕ ਸਤਿਗੁਰਿ ਮਿਲਿਐ ਨਾਉ ਪਾਈਐ ਮਿਲਿ ਨਾਮੁ ਧਿਆਇਆ॥ ਜਿਨ੍ ਕੈ ਪੋਤੈ ਪੁੰਨੁ ਹੈ ਤਿਨ੍ਹੀ ਦਰਸਨੁ ਪਾਇਆ॥*

**ਕਾਨੜੇ ਕੀ ਵਾਰ:** ਸ੍ਰੀ ਗੁਰੂ ਰਾਮਦਾਸ ਜੀ ਨੇ ਇਹ ਵਾਰ 'ਮੂਸੇ ਕੀ ਵਾਰ' ਦੀ ਧੁਨੀ 'ਤੇ ਗਾਉਣ ਦਾ ਆਦੇਸ਼ ਕੀਤਾ ਹੈ। ਮੂਸਾ ਇਕ ਦਲੇਰ ਅਤੇ ਸਦਾਚਾਰੀ ਵਿਅਕਤੀ ਹੋਇਆ ਹੈ ਜਿਸ ਦੀ ਮੰਗੇਤਰ ਇਕ ਰਾਜੇ ਨਾਲ ਵਿਆਹੀ ਗਈ ਸੀ। ਇਸ ਨੇ ਰਾਜੇ ਨਾਲ ਯੁੱਧ ਕਰਕੇ ਉਸ ਨੂੰ ਹਰਾ ਦਿੱਤਾ ਅਤੇ ਉਸ ਨੂੰ ਉਸ ਦੀ ਪਤਨੀ ਸਮੇਤ ਕੈਦ ਕਰ ਲਿਆ। ਮੂਸੇ ਨੇ ਕੈਦ ਕੀਤੀ ਇਸਤਰੀ ਤੋਂ ਮਨ ਦੀ ਇੱਛਾ ਦਾ ਪਤਾ ਕੀਤਾ ਕਿ ਉਹ ਕਿਸ ਨਾਲ ਰਹਿਣਾ ਚਾਹੁੰਦੀ ਹੈ ਤਾਂ ਇਸਤਰੀ ਨੇ ਰਾਜੇ ਨਾਲ ਵਿਆਹ ਹੋ ਜਾਣ ਕਰਕੇ ਉਸੇ ਨਾਲ ਰਹਿਣ ਦੀ ਇੱਛਾ ਪ੍ਰਗਟ ਜ਼ਾਹਿਰ ਕੀਤੀ। ਮੂਸੇ ਨੇ ਦੋਵਾਂ ਨੂੰ ਛੱਡ ਦਿਤਾ। ਢਾਢੀ ਮੂਸੇ ਦੀ ਦਲੇਰੀ ਅਤੇ ਸਦਾਚਾਰ ਭਰਪੂਰ ਵਾਰ ਦਾ ਗਾਇਨ ਕਰਦੇ ਹਨ ਉਸੇ ਵਾਰ ਦੀ ਧੁਨੀ 'ਤੇ ਇਸ ਵਾਰ ਨੂੰ ਗਾਉਣ ਦਾ ਆਦੇਸ਼ ਕੀਤਾ ਗਿਆ ਹੈ।

ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਰਚਿਤ ੧੫ ਪਉੜੀਆਂ ਅਤੇ ੩੦ ਸਲੋਕਾਂ ਵਾਲੀ ਇਸ ਵਾਰ ਵਿਚ ਗੁਰੂ ਜੀ ਪਰਮਾਤਮਾ ਨੂੰ *'ਜਲਿ ਥਲਿ ਮਹੀਅਲਿ ਪੂਰਨੋ ਅਪਰੰਪਰੁ ਸੋਈ'* ਮੰਨਦੇ ਹੋਏ ਕਹਿੰਦੇ ਹਨ ਕਿ ਉਹੀ ਸਭ ਜੀਵਾਂ ਦੀ ਪਾਲਣਾ ਕਰਦਾ ਹੈ, ਉਸ ਤੋਂ ਬਗੈਰ ਦੁਨੀਆ 'ਤੇ ਕੋਈ ਸੱਚਾ ਕੁਟੰਬੀ ਨਹੀਂ, ਉਸ ਦੇ ਨਾਮ ਸਿਮਰਨ ਨਾਲ 'ਜਨਮ ਜਨਮ ਕੀ ਮਲੁ' ਉਤਰ ਜਾਂਦੀ ਹੈ ਅਤੇ ਮਨ ਇੱਛਿਤ ਫਲ ਦੀ ਪ੍ਰਾਪਤੀ ਹੁੰਦੀ ਹੈ। ਸਤਿਗੁਰੂ ਦੇ ਰਾਹੀਂ ਅਜਿਹੇ ਪ੍ਰਭੂ ਦਾ ਗੁਣਗਾਣ ਕਰਨ ਨਾਲ ਆਵਾਗਉਣ ਮਿਟ ਜਾਂਦਾ ਹੈ ਅਤੇ ਸਭ ਸੰਗੀ-ਸਾਥੀ ਅਤੇ ਕੁਟੰਬੀ ਸੰਸਾਰ ਸਾਗਰ ਤੋਂ ਪਾਰ ਹੋ ਜਾਂਦੇ ਹਨ। ■

# ਸ੍ਰੀ ਗੁਰੂ ਰਾਮਦਾਸ ਜੀ ਰਚਿਤ ਸਲੋਕ: ਇਕ ਅਧਿਐਨ

*-ਡਾ. ਰਣਜੀਤ ਕੌਰ ਪੰਨਵਾਂ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਧਿਆਤਮਿਕਤਾ ਦੇ ਸੰਚਾਰ ਲਈ ਕਈ ਲੋਕ ਕਾਵਿ ਰੂਪਾਂ ਦੀ ਵਰਤੋਂ ਸਹਿਜ ਸੁਭਾਅ ਹੋਈ ਹੈ। ਕਾਵਿ-ਰੂਪਾਂ ਦਾ ਪ੍ਰਯੋਗ ਬਾਣੀਕਾਰਾਂ ਨੇ ਜਿਉਂ ਦਾ ਤਿਉਂ ਨਹੀਂ ਕੀਤਾ, ਸਗੋਂ ਨਵੇਂ ਅਰਥ ਅਤੇ ਨਿਵੇਕਲਾ ਸਰੂਪ ਪ੍ਰਦਾਨ ਕੀਤਾ, ਜਿਵੇਂ:- ਆਰਤੀ, ਵਾਰਾਂ, ਬਾਰਹਮਾਂਹ ਆਦਿ ਇਸ ਰੂਪਾਂਤਰਣ ਜੁਗਤ ਦੇ ਉੱਚਿਤ ਉਦਾਹਰਣ ਹਨ। ਪੰਜਾਬੀ ਕਾਵਿ-ਰੂਪਾਂ ਦੀ ਅਮੀਰੀ ਅਤੇ ਵਿਕਾਸ ਵਿਚ ਸੰਚਾਰ ਮਾਧਿਅਮ ਵਜੋਂ ਜੋ ਯੋਗਦਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਲੋਕਕਾਰ ਬਾਣੀਕਾਰਾਂ ਨੇ ਪਾਇਆ ਹੈ, ਉਹ ਸ਼ਲਾਘਾਯੋਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਲੋਕ ਕਾਵਿ-ਰੂਪ ਨੂੰ ਭਾਵ ਸੰਚਾਰ ਜੁਗਤ ਵਜੋਂ ਬਾਣੀਕਾਰਾਂ ਦੁਆਰਾ ਵਰਤਿਆ ਗਿਆ ਹੈ। ਡਾ. ਵਜ਼ੀਰ ਸਿੰਘ ਲਿਖਦੇ ਹਨ ਕਿ:

ਸਿੱਖ ਭਾਈਚਾਰੇ ਅਤੇ ਪੰਜਾਬ ਨੂੰ ਗੁਰੂ ਸਾਹਿਬਾਨ ਦੀ ਇਹ ਸਰਬ-ਉੱਚ ਸਾਹਿਤਕ ਦੇਣ, ਭਾਰਤੀ ਸਭਿਆਚਾਰ ਨੂੰ ਕਈ ਪੱਖਾਂ ਤੋਂ ਅਮੀਰ ਕਰ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਉਂਤ, ਬਾਣੀ ਸੰਪਾਦਨ ਦੀ ਵਿਧੀ, ਰਾਗ ਤੇ ਕਾਵਿ ਦਾ ਸੁਮੇਲ, ਸਭਨਾਂ ਬਾਣੀਕਾਰਾਂ ਨੂੰ ਬਰਾਬਰ ਦੀ ਮਾਨਤਾ ਇਸ ਧਰਮ ਗ੍ਰੰਥ ਦੇ ਕੁਝ ਅਜਿਹੇ ਪੱਖ ਹਨ, ਜਿਨ੍ਹਾਂ ਦਾ ਸਭਿਆਚਾਰਕ ਪ੍ਰਭਾਵ ਸਬਲ, ਸੂਖ਼ਮ ਅਤੇ ਚਿਰਜੀਵੀ ਹੈ।[੧]

ਹਥਲੇ ਲੇਖ ਨੂੰ ਤਿੰਨ ਭਾਗਾਂ 'ਚ ਵੰਡਿਆ ਗਿਆ ਹੈ:-

**(੧)** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਲੋਕ: ਸਰੂਪ, ਆਕਾਰ ਅਤੇ ਮਹੱਤਵ
**(੨)** ਗੁਰੂ ਸਾਹਿਬਾਨ ਦੁਆਰਾ ਰਚਿਤ ਸਲੋਕ: ਸਰੂਪ, ਆਕਾਰ ਅਤੇ ਮਹੱਤਵ
**(੩)** ਸ੍ਰੀ ਗੁਰੂ ਰਾਮਦਾਸ ਜੀ ਰਚਿਤ ਸਲੋਕਾਂ ਦਾ ਅਧਿਐਨ

**(੧)**

## ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਲੋਕ: ਸਰੂਪ, ਆਕਾਰ ਅਤੇ ਮਹਤਵ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਲੋਕ ਕਾਵਿ-ਰੂਪ ਅਰੰਭਤਾ ਤੋਂ ਲੈ ਕੇ ਅਖੀਰ ਤਕ ਸੁਭਾਇਮਾਨ ਹੈ। ਜੋ ਕਿ ਸਲੋਕ, ਦੋਹਾ, ਦੋਹਰਾ ਅਤੇ ਡਖਣੇ ਦੇ ਸਰੂਪ ਵਿਚ ਵੀ ਹੈ। ਬਾਣੀਕਾਰਾਂ ਦੁਆਰਾ ਰਚਿਤ ਲਗਪਗ ੧੯੩੪ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 'ਚ ਵੱਖ-ਵੱਖ ਅੰਗਾਂ ਪਰ ਅੰਕਿਤ ਹਨ। ਵਿਭਿੰਨ ਬਾਣੀਕਾਰਾਂ ਦੁਆਰਾ ਸਲੋਕ

** ਇੰਚਾਰਜ, ਧਾਰਮਿਕ ਪ੍ਰੀਖਿਆ ਬ੍ਰਾਂਚ (ਪ੍ਰ.), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੮੧੪੮-੫੧੫੧੩*

ਕਾਵਿ-ਰੂਪ ਨੂੰ ਆਧਾਰ ਬਣਾ ਕੇ ਮੌਲਿਕ ਦੈਵੀ ਅਨੁਭਵ ਦੀ ਅਭਿਵਿਅਕਤੀ ਕੀਤੀ ਗਈ ਹੈ। ਗਿਣਾਤਮਕ ਪੱਖੋਂ ਸਲੋਕ ਕਾਵਿ ਰੂਪਾਕਾਰ ਦੀ ਵਰਤੋਂ ਵਧੇਰੇ ਹੋਈ ਹੈ। ਡਾ. ਸੁਖਦੇਵ ਸਿੰਘ ਅਨੁਸਾਰ, "ਬਾਣੀਕਾਰਾਂ ਨੇ ਸਲੋਕਾਂ ਦੇ ਪਰੰਪਰਾਗਤ ਸਰੂਪ ਨੂੰ ਲੈ ਕੇ ਉਸ ਨੂੰ ਨਿੱਜੀ ਅਦੁੱਤੀ ਕਾਵਿ ਕੌਸ਼ਲਤਾ ਨਾਲ ਨਿਵੇਕਲਾ ਚਰਿੱਤਰ ਪ੍ਰਦਾਨ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਲੋਕਾਂ ਨੂੰ ਅੰਕਿਤ ਕਰਨ ਦਾ ਮਹੱਤਵਪੂਰਨ ਕਾਰਜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤੀਖਣ, ਅਦੁੱਤੀ, ਸੰਪਾਦਨ ਕਲਾ ਨਾਲ ਕੀਤਾ।"[੨] ਸਮੁੱਚੇ ਸਲੋਕ ਬਾਣੀਕਾਰ ਭਾਰਤੀ ਕਾਵਿ ਸ਼ਾਸਤਰ ਅਤੇ ਛੰਦ ਵਿਧਾਨ ਦੇ ਨੇਮਾਂ ਦੀ ਪਾਕੀਜ਼ਗੀ ਤੋਂ ਨਿਰਪੇਖ ਹਨ, ਉਨ੍ਹਾਂ ਦੁਆਰਾ ਰਚਿਤ ਸਲੋਕਾਂ ਦਾ ਕੋਈ ਛੰਦ ਰੂਪ ਪੱਕਾ (fix) ਨਹੀਂ ਅਤੇ ਨਾ ਹੀ ਪੰਕਤੀਆਂ (ਤੁਕਾਂ) ਦੀ ਗਿਣਤੀ ਮੁਕੱਰਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕ ਤੁਕ ਤੋਂ ਲੈ ਕੇ ਛੱਬੀ ਤੁਕਾਂ ਵਾਲੇ ਸਲੋਕ ਵੀ ਪ੍ਰਾਪਤ ਹੁੰਦੇ ਹਨ।

(੨)

## ਗੁਰੂ ਸਾਹਿਬਾਨ ਦੁਆਰਾ ਰਚਿਤ ਸਲੋਕ: ਸਰੂਪ, ਆਕਾਰ ਅਤੇ ਮਹੱਤਵ

ਸਿੱਖ ਗੁਰੂ ਸਾਹਿਬਾਨ ਨੇ ਲੋਕਾਈ ਨੂੰ ਸੰਦੇਸ਼ ਦੇਣ ਹਿੱਤ ਸਲੋਕ ਨੂੰ ਭਰਪੂਰ ਰੂਪ ਵਿਚ ਮਾਧਿਅਮ ਬਣਾਇਆ ਹੈ। ਲੋਕ ਕਾਵਿ-ਰੂਪਾਂ ਅਤੇ ਸਾਹਿਤ-ਰੂਪਾਂ ਨੂੰ ਰੂਪਾਂਤਰਣ ਜੁਗਤ ਦੁਆਰਾ ਗੁਰੂ ਸਾਹਿਬਾਂ ਨੇ ਵਰਤਿਆ ਹੈ। ਲੋਕ ਕਾਵਿ-ਰੂਪ, ਲੋਕ ਮਾਨਸਿਕਤਾ ਦੇ ਵਧੇਰੇ ਨੇੜ੍ਹੇ ਹੁੰਦੇ ਹਨ। ਇਨ੍ਹਾਂ ਲੋਕ ਮਨ ਦੇ ਨੇੜ੍ਹੇ ਵਾਲੇ ਅੰਸ਼ਾਂ ਨੇ ਗੁਰਬਾਣੀ ਦੇ ਸੰਚਾਰ ਵਿਚ ਖਾਸ ਭੂਮਿਕਾ ਨਿਭਾਈ ਹੈ। ਗੁਰਬਾਣੀ ਇਨ੍ਹਾਂ ਕਾਵਿ-ਰੂਪਾਂ ਦੇ ਰੂਪਾਂਤਰਣ ਦੇ ਮਾਧਿਅਮ ਰਾਹੀਂ ਸਮਾਜਿਕ ਵਰਤਾਰਿਆਂ ਤੋਂ ਅਧਿਆਤਮਿਕਤਾ ਤਕ ਦਾ ਸਫ਼ਰ ਤੈਅ ਕਰਦੀ ਹੈ। ਸਲੋਕ ਵੀ ਅਜਿਹਾ ਹੀ ਲਘੂ ਆਕਾਰ ਵਾਲਾ ਅਤੇ ਤੀਖਣ ਭਾਵ ਰੱਖਣ ਵਾਲਾ ਕਾਵਿ-ਰੂਪ ਹੈ, ਜਿਸ ਨੂੰ ਗੁਰੂ ਸਾਹਿਬਾਨ ਨੇ ਅਤਿਅਧਿਕ ਵਰਤਿਆ ਹੈ। ਗੁਰੂ ਸਾਹਿਬਾਨ ਦਾ ਅਧਿਆਤਮਿਕ ਅਨੁਭਵ ਅਤੇ ਤੀਬਰ ਸੰਵੇਦਨਾ ਇਨ੍ਹਾਂ ਕਾਵਿ-ਰੂਪਾਂ ਵਿੱਚੋਂ ਪੂਰੀ ਤਰ੍ਹਾਂ ਪ੍ਰਗਟ ਹੁੰਦੀ ਹੈ। ਡਾ. ਅੰਮ੍ਰਿਤਪਾਲ ਕੌਰ, "ਭੌਤਿਕ ਅਤੇ ਪਰਾਭੌਤਿਕ ਵਿਚ ਰੂਪਾਂਤਰਿਤ ਜੀਵਨ ਮੁੱਲਾਂ ਨੂੰ ਪ੍ਰਤੀਬਿੰਬਤ ਕਰਨ ਵਾਲੇ ਇਹ ਕਾਵਿ-ਰੂਪ ਜਿੱਥੇ ਆਪਣੇ ਆਪ ਵਿਚ ਸੁਤੰਤਰ ਰੂਪ ਵਿਚ ਵਿਚਰ ਰਹੇ ਹਨ, ਉੱਥੇ ਹੀ ਗੁਰਬਾਣੀ ਦੇ ਵਿਸ਼ਿਸ਼ਟ ਪ੍ਰਬੰਧ ਦੇ ਅਨੁਸਾਰੀ ਹਨ।"[੩] ਕਾਵਿ-ਰੂਪ ਗੁਰਬਾਣੀ ਦੇ ਸੰਚਾਰ ਵਿਚ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ। ਇਸੇ ਲਈ ਗੁਰੂ ਸਾਹਿਬਾਨ ਦੁਆਰਾ ਇਨ੍ਹਾਂ ਕਾਵਿ-ਰੂਪਾਂ ਨੂੰ ਭਾਵ-ਸੰਚਾਰ ਸਾਧਨ ਵਜੋਂ ਵਰਤਿਆ ਗਿਆ ਹੈ। ਛੇ ਗੁਰੂ ਸਾਹਿਬਾਨ ਦੁਆਰਾ ਰਚਿਤ ਲਗਪਗ ੧੪੬੧ ਸਲੋਕ ਇਸ ਵਡਮੁੱਲੇ ਯੋਗਦਾਨ ਦੀ ਗਵਾਹੀ ਹਨ। ਲੇਖ ਦੇ ਅਗਲੇ ਮੁੱਖ ਤੀਜੇ ਭਾਗ ਵਿਚ ਅਸੀਂ ਸ੍ਰੀ ਗੁਰੂ ਰਾਮਦਾਸ ਜੀ ਰਚਿਤ ਸਲੋਕਾਂ ਦਾ ਅਧਿਐਨ ਕਰਾਂਗੇ:

(੩)

## ਸ੍ਰੀ ਗੁਰੂ ਰਾਮਦਾਸ ਜੀ ਰਚਿਤ ਸਲੋਕ

ਸ੍ਰੀ ਗੁਰੂ ਰਾਮਦਾਸ ਜੀ (੧੫੩੪-੧੫੮੧ ਈ.) ਸਲੋਕ ਰਚਨਾ ਕਰਨ ਵਾਲੇ ਚੌਥੇ ਗੁਰੂ ਬਾਣੀਕਾਰ ਹਨ। ਗੁਰੂ ਜੀ ਨੇ ਕੇਵਲ ਇਕ ਰਾਗ ਜੈਜਾਵੰਤੀ ਨੂੰ ਛੱਡ ਕੇ ੩੦ ਰਾਗਾਂ ਵਿਚ ਬਾਣੀ ਰਚਨਾ ਕੀਤੀ ਹੈ। ਇੰਨੇ ਰਾਗਾਂ ਵਿਚ ਬਾਣੀ ਰਚਨਾ ਦੇ ਨਾਲ-ਨਾਲ ਗੁਰੂ ਸਾਹਿਬ ਨੇ ਲੋਕ ਗਾਇਨ ਸ਼ੈਲੀਆਂ, ਜਿਵੇਂ: ਪਹਰੇ, ਵਣਜਾਰਾ, ਕਰਹਲੇ, ਘੋੜੀਆਂ, ਲਾਵਾਂ ਆਦਿ ਦਾ ਵੀ ਪ੍ਰਯੋਗ ਕੀਤਾ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ, "ਲੋਕ ਗਾਇਨ ਸ਼ੈਲੀਆਂ ਦੀ ਵਰਤੋਂ ਕਰਕੇ ਲੋਕ ਦਾ ਪਰਲੋਕ ਨਾਲ ਸੰਬੰਧ ਸਥਾਪਿਤ ਕੀਤਾ ਹੈ। ਪਹਰੇ, ਕਰਹਲੇ, ਵਣਜਾਰਾ ਦੁਆਰਾ ਆਪ ਨੇ ਸੰਸਾਰਿਕ ਪ੍ਰਪੰਚ ਦੀਆਂ ਦੁਸ਼ਵਾਰੀਆਂ ਤੋਂ ਜਾਣੂ ਕਰਾ ਕੇ ਮਨੁੱਖ ਨੂੰ ਹਰਿ-ਭਗਤੀ ਵਿਚ ਲੀਨ ਰਹਿਣ ਲਈ ਸੁਚੇਤ ਕੀਤਾ ਹੈ।"[੪] ਆਪ ਜੀ ਨੇ ਲਾਵਾਂ, ਅਠ ਵਾਰਾਂ (ਸਿਰੀ ਰਾਗ ਕੀ ਵਾਰ, ਗਉੜੀ ਕੀ ਵਾਰ, ਬਿਹਾਗੜੇ ਕੀ ਵਾਰ, ਵਾਰ ਸੋਰਠਿ, ਬਿਲਾਵਲ ਕੀ ਵਾਰ, ਸਾਰੰਗ ਕੀ ਵਾਰ, ਕਾਨੜੇ ਕੀ ਵਾਰ, ਵਡਹੰਸ ਕੀ ਵਾਰ) ਆਦਿ ਦੀ ਰਚਨਾ ਕੀਤੀ ਹੈ। ਵਾਰਾਂ ਵਿਚ ਦਰਜ ਸਲੋਕ ਅਤੇ ਸਲੋਕ ਵਾਰਾਂ ਤੇ ਵਧੀਕ ਸਿਰਲੇਖ ਹੇਠ ਅੰਕਿਤ ਕੁੱਲ ੧੩੬ ਦੇ ਕਰੀਬ ਸਲੋਕਾਂ ਦੀ ਰਚਨਾ ਕੀਤੀ ਹੈ। ਜਿਨ੍ਹਾਂ ਦਾ ਵਿਵਰਣ ਹੇਠਾਂ ਅੰਕਿਤ ਸਾਰਣੀ ਵਿਚ ਹੈ:

| ਲੜੀ ਨੰ: | ਬਾਣੀ / ਵਾਰ ਦਾ ਨਾਂ | ਬਾਣੀਕਾਰ /ਵਾਰਕਾਰ ਦਾ ਨਾਂ | ਸਲੋਕ ਗਿਣਤੀ ਸ੍ਰੀ ਗੁਰੂ ਰਾਮਦਾਸ ਜੀ |
|---|---|---|---|
| ੧. | ਵਾਰ ਮਾਝ ਕੀ | ਸ੍ਰੀ ਗੁਰੂ ਨਾਨਕ ਦੇਵ ਜੀ | ੨ |
| ੨. | ਗਉੜੀ ਕੀ ਵਾਰ | ਸ੍ਰੀ ਗੁਰੂ ਰਾਮਦਾਸ ਜੀ | ੫੩ |
| ੩. | ਬਿਹਾਗੜੇ ਕੀ ਵਾਰ | ਸ੍ਰੀ ਗੁਰੂ ਰਾਮਦਾਸ ਜੀ | ੨ |
| ੪. | ਰਾਗੁ ਸੋਰਠਿ ਵਾਰ | ਸ੍ਰੀ ਗੁਰੂ ਰਾਮਦਾਸ ਜੀ | ੭ |
| ੫. | ਛੰਤ ਬਿਲਾਵਲੁ ਰਾਗ | ਸ੍ਰੀ ਗੁਰੂ ਰਾਮਦਾਸ ਜੀ | ੧ |
| ੬. | ਬਿਲਾਵਲ ਕੀ ਵਾਰ | ਸ੍ਰੀ ਗੁਰੂ ਰਾਮਦਾਸ ਜੀ | ੧ |
| ੭. | ਮਾਰੂ ਕੀ ਵਾਰ | ਸ੍ਰੀ ਗੁਰੂ ਅਮਰਦਾਸ ਜੀ | ੩ |
| ੮. | ਸਾਰੰਗ ਕੀ ਵਾਰ | ਸ੍ਰੀ ਗੁਰੂ ਰਾਮਦਾਸ ਜੀ | ੬ |
| ੯. | ਕਾਨੜੇ ਕੀ ਵਾਰ | ਸ੍ਰੀ ਗੁਰੂ ਰਾਮਦਾਸ ਜੀ | ੩੦ |
| ੧੦. | ਸਲੋਕ ਸੇਖ ਫਰੀਦ ਕੇ | --- | ੧ |
| ੧੧. | ਸਲੋਕ ਵਾਰਾਂ ਤੇ ਵਧੀਕ | ਸ੍ਰੀ ਗੁਰੂ ਰਾਮਦਾਸ ਜੀ | ੩੦ |
| | ਕੁੱਲ ਸਲੋਕ | | ੧੩੬ |

ਗੁਰੂ ਜੀ ਰਚਿਤ ਗਉੜੀ ਕੀ ਵਾਰ ਵਿਚ ਦਰਜ ਸਲੋਕਾਂ ਅਤੇ ਪਉੜੀਆਂ ਵਿਚ ਵਿਚਾਰਧਾਰਕ ਸਾਂਝ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸੇ ਵਾਰ ਦੀ ੩੦ਵੀਂ ਅਤੇ ੩੧ਵੀਂ ਪਉੜੀ ਪੰਜਵੇਂ ਪਾਤਸ਼ਾਹ ਰਚਿਤ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਰਚਿਤ ੩੧ਵੀਂ

ਪਉੜੀ ਕੁਝ ਮਾਤ੍ਰਾਂ ਅਤੇ ਸ਼ਬਦਾਂ ਦੇ ਫਰਕ ਨਾਲ ਇਸੇ ਵਾਰ ਵਿਚ ਸ੍ਰੀ ਗੁਰੂ ਰਾਮਦਾਸ ਜੀ ਰਚਿਤ ੧੨ਵੀਂ ਪਉੜੀ ਹੈ। ਕਾਨੜੇ ਕੀ ਵਾਰ ਵਿਚ ੧੫ ਪਉੜੀਆਂ ਨਾਲ ਦਰਜ ਦੋ-ਦੋ ਸਲੋਕ ਚੌਥੇ ਪਾਤਸ਼ਾਹ ਜੀ ਦੇ ਹਨ।

ਸਲੋਕਾਂ ਨੂੰ ਪੜਚੋਲਣ 'ਤੇ ਨੁਕਤਾ ਸਾਹਮਣੇ ਆਉਂਦਾ ਹੈ ਕਿ ਪੂਰਵ ਗੁਰੂ ਸਾਹਿਬਾਨ ਵਾਂਗ ਸ੍ਰੀ ਗੁਰੂ ਰਾਮਦਾਸ ਜੀ ਰਚਿਤ ਸਲੋਕ ਕਾਵਿ ਸ਼ਾਸਤਰੀ ਬੰਧਨਾਂ ਤੋਂ ਮੁਕਤ ਹਨ। ਗੁਰੂ ਜੀ ਦੀ ਅਨੁਭੂਤੀ ਬੜੀ ਵਿਰਾਟ ਹੈ, ਕਾਵਿ ਨੇਮਾਂ ਨਾਲੋਂ ਵਿਚਾਰ ਪ੍ਰਗਟਾਵੇ ਨੂੰ ਪ੍ਰਥਮਤਾ ਦਿੱਤੀ ਹੈ। ਗੁਰੂ ਜੀ ਰਚਿਤ ਸਲੋਕ ੨ ਤੁਕਾਂ ਤੋਂ ਲੈ ਕੇ ੧੩ ਤੁਕਾਂ ਤਕ ਦੀ ਖੁਲ੍ਹ ਲੈਂਦੇ ਹਨ। ਸਲੋਕ ਕਾਵਿ, ਭਾਸ਼ਾ ਅਤੇ ਵਿਸ਼ੇ ਪੱਖ ਤੋਂ ਵਿਸ਼ੇਸ਼ਤਾਵਾਂ ਦੇ ਭੰਡਾਰ ਹਨ। ਸਲੋਕਾਂ ਵਿਚ ਬਹੁਤ ਪ੍ਰਤੀਕਾਂ, ਦ੍ਰਿਸ਼ਟਾਂਤਾਂ ਦੀ ਵਰਤੋਂ ਹੋਈ ਹੈ। ਭਾਸ਼ਾਈ ਪੱਖ ਤੋਂ ਸਲੋਕ ਰਚਨਾ ਕਈ ਵਿਲੱਖਣਤਾਵਾਂ ਰੱਖਦੀ ਹੈ। ਹਿੰਮਤ ਸਿੰਘ ਸੋਢੀ ਅਨੁਸਾਰ:

ਸਲੋਕਾਂ ਦੀ ਬੋਲੀ ਸ਼ੁੱਧ ਤੇ ਨਿਰੋਲ ਪੰਜਾਬੀ ਜਾਂ ਲਾਹੌਰੀ ਭਾਸ਼ਾ ਦੇ ਵਧੇਰੇ ਨੇੜ੍ਹੇ ਦੀ ਲੱਗਦੀ ਹੈ। ਇਸ ਵਿਚ ਸਰਲਤਾ ਅਤੇ ਵੇਗ ਬਹੁਤ ਪ੍ਰਬਲ ਹੈ। ਇੱਕੋ ਸ਼ਬਦ 'ਤੇ ਵਾਕੰਸ਼ ਉਨ੍ਹਾਂ ਦੀ ਬਾਣੀ ਵਿਚ ਬਾਰ-ਬਾਰ ਆਉਂਦਾ ਹੈ ਤੇ ਹਰ ਵਾਰ ਨਵੇਂ ਰੂਪ ਤੇ ਨਵੇਂ ਰੰਗ ਵਿਚ ਆਉਂਦਾ ਹੈ। ਹਰ ਵਾਰ ਉਸ ਵਿਚ ਨਵੀਂ ਸੁੰਦਰਤਾ ਤੇ ਨਵੀਂ ਤਾਜ਼ਗੀ ਅੱਖਾਂ ਤੇ ਕੰਨਾਂ ਨੂੰ ਸਰਸ਼ਾਰ ਕਰ ਦਿੰਦੀ ਹੈ। ਕਈ ਵੇਰ ਇੱਕੋ ਸ਼ਬਦ ਭਿੰਨ-ਭਿੰਨ ਰੰਗਾਂ ਅਤੇ ਅਰਥਾਂ ਵਿਚ ਆ ਕੇ ਭਾਵਾਂ ਦੀ ਅਸਮਾਨੀ ਪੀਂਘ ਨੂੰ ਸਤਰੰਗਾ ਕਰ ਦਿੰਦਾ ਹੈ।[੫]

ਪ੍ਰਭੂ ਪ੍ਰੀਤਮ ਲਈ ਗੁਰੂ ਸਾਹਿਬ ਨੇ 'ਹਰਿ' ਸ਼ਬਦ ਦੀ ਵਰਤੋਂ ਅਤਿਅਧਿਕ ਕੀਤੀ ਹੈ। ਕਈ ਸਲੋਕਾਂ ਵਿਚ ਇਸ ਸ਼ਬਦ ਨੂੰ ਵਾਰ-ਵਾਰ ਦੁਹਰਾਇਆ ਹੈ:

*ਹਰਿ ਹਰਿ ਨਾਮੁ ਰਮਤ ਸਚੁ ਸੰਜਮੁ ਹਰਿ ਨਾਮੇ ਹੀ ਤ੍ਰਿਪਤਾਵੈ॥*
*ਹਰਿ ਨਾਮੁ ਤਾਣੁ ਹਰਿ ਨਾਮੁ ਦੀਬਾਣੁ ਹਰਿ ਨਾਮੋ ਰਖ ਕਰਾਵੈ॥*[੬]

ਪੰਜਾਬੀ ਭਾਸ਼ਾ ਵਿਚ ਕਿਤੇ-ਕਿਤੇ ਲਹਿੰਦੀ ਬੋਲੀ ਦੀ ਸ਼ਬਦਾਵਲੀ ਦਾ ਪ੍ਰਯੋਗ ਹੋਇਆ ਹੈ। ਅਰਬੀ-ਫ਼ਾਰਸੀ ਦੇ ਸ਼ਬਦਾਂ: ਸਾਹਿਬ, ਅਮਰ, ਸਿਫ਼ਤ, ਖੁਆਰੀ, ਫੁਰਮਾਨ ਆਦਿ ਵਰਤੇ ਗਏ ਹਨ। ਗਉੜੀ ਕੀ ਵਾਰ ਦੇ ਸਲੋਕਾਂ ਦੀ ਤੁਕਾਂ ਦੀ ਲੰਬਾਈ ਵਧੇਰੇ ਹੈ। ਗੁਰੂ ਜੀ ਛੰਦਾਬੰਦੀ ਦੇ ਨੇਮਾਂ ਦੀ ਮੁਥਾਜੀ ਨਾ ਝੱਲਦੇ ਹੋਏ, ਭਾਵ ਪੂਰਤੀ ਨੂੰ ਤਰਜੀਹ ਦਿੰਦੇ ਹਨ। ਗੁਰੂ ਜੀ ਦੇ ਸਲੋਕਾਂ ਦੀ ਬਣਤਰ (ਤੁਕ ਲੰਬਾਈ) ਭਾਵ-ਪ੍ਰਗਟਾਵੇ ਉੱਪਰ ਆਧਾਰਿਤ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ:

ਇਸ ਵਿਚ ਸੰਦੇਹ ਨਹੀਂ ਕਿ ਗੁਰੂ ਜੀ ਤੋਂ ਪਹਿਲਾਂ ਵੀ ਗੁਰਬਾਣੀ ਦੀਆਂ ਤੁਕਾਂ ਦੀ ਲੰਬਾਈ ਇਕ ਸਾਮਾਨ ਘੱਟ ਹੀ ਮਿਲਦੀ ਹੈ, ਪਰ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਤੁਕਾਂ ਅਤਿ-ਦੀਰਘ ਹੋ ਗਈਆਂ ਹਨ ਅਤੇ ਇੰਞ ਪ੍ਰਤੀਤ ਹੋਣ ਲੱਗਦਾ ਹੈ ਕਿ ਉਹ ਆਪਣਾ ਭਾਗ ਵਾਰਤਿਕ ਵਿਚ ਪ੍ਰਗਟ ਕਰ ਰਹੇ ਹੋਣ। ਪਰ ਵਾਰਤਿਕ

ਨਾ ਹੁੰਦੇ ਹੋਇਆ ਵੀ ਤੁਕਾਂ ਵਿਚ ਲੈਆਤਮਕਤਾ ਬਣੀ ਹੋਈ ਹੈ।[੭]

ਗੁਰੂ ਜੀ ਰਚਿਤ ਸਲੋਕਾਂ ਦੀਆਂ ਤੁਕਾਂ (ਪੰਕਤੀਆਂ) ਦੂਜੇ ਗੁਰੂ ਸਾਹਿਬਾਨ ਦੇ ਸਲੋਕਾਂ ਦੇ ਮੁਕਾਬਲਤਨ ਵਧੇਰੇ ਵੱਡੀਆਂ ਹਨ; ਉਦਾਹਰਨ ਲਈ:

*ਪੂਰੇ ਗੁਰ ਕਾ ਹੁਕਮੁ ਨ ਮੰਨੈ ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ॥*
*ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ ਅਣਹੋਦੇ ਝਗੜੇ ਦਯਿ ਓਸ ਦੈ ਗਲਿ ਪਾਇਆ॥*[੮]

ਸਲੋਕਾਂ ਵਿਚ ਮਨਮੁਖ-ਗੁਰਮੁਖ ਪ੍ਰਤੀਕ ਵਰਤੇ ਗਏ ਹਨ। ਅਨੁਭਵ ਦੇ ਗਹਿਰੇਪਣ ਕਰਕੇ ਸ੍ਰੀ ਗੁਰੂ ਰਾਮਦਾਸ ਜੀ ਰਚਿਤ ਸਲੋਕ ਸੁਭਾਸ਼ਿਤਾਂ, ਅਖਾਣਾਂ, ਮੁਹਾਵਰਿਆਂ ਦਾ ਦਰਜਾ ਗ੍ਰਹਿਣ ਕਰ, ਲੋਕ ਜ਼ੁਬਾਨ ਦਾ ਅਟੁੱਟ ਅੰਗ ਬਣ ਗਏ ਹਨ; ਜਿਵੇਂ:

*-ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ॥*[੯]
*-ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ॥*[੧੦]
*-ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ ਤਿਸ ਕਾ ਨਫਰੁ ਕਿਥਹੁ ਰਜਿ ਖਾਏ॥*[੧੧]
*-ਜਿਸੁ ਅੰਦਰਿ ਚੁਗਲੀ ਚੁਗਲੋ ਵਜੈ ਕੀਤਾ ਕਰਤਿਆ ਓਸ ਦਾ ਸਭੁ ਗਇਆ॥*[੧੨]

ਵਿਸ਼ੇ ਪਾਸਾਰ ਪੱਖੋਂ (ਅਧਿਆਤਮਿਕ, ਸਮਾਜਿਕ, ਰਾਜਨੀਤਿਕ, ਧਾਰਮਿਕ) ਸਲੋਕ ਵਿਸ਼ਾਲ ਹਨ, ਕਿਉਂਕਿ ਇਨ੍ਹਾਂ ਵਿਚ ਸਾਰੀ ਗੁਰਸਿਖ ਰਹਿਤ ਦਾ ਸੁਨਿਸ਼ਚਿਤ ਰੋਲ ਮਾਡਲ ਪੇਸ਼ ਹੋਇਆ ਹੈ:

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥*[੧੩]

ਗੁਰੂ ਜੀ ਰਚਿਤ ਸਲੋਕਾਂ ਨੇ ਕਈ ਸੂਖਮ ਅਤੇ ਸਥੂਲ ਵਿਸ਼ਿਆਂ ਨੂੰ ਸਮੋਇਆ ਹੋਇਆ ਹੈ। ਸਲੋਕ ਕਾਵਿ-ਰੂਪ ਪ੍ਰਾਚੀਨ ਕਾਲ ਤੋਂ ਲੈ ਕੇ ਮੱਧਕਾਲ ਅਤੇ ਵਰਤਮਾਨ ਕਾਲ ਵਿਚ ਦੋਹੇ, ਦੋਹੜੇ, ਡਖਣੇ, ਦੋਹਰੇ ਦੇ ਰੂਪ ਵਿਚ ਰੂਪਾਂਤਰਿਤ ਜੁਗਤ ਦੁਆਰਾ ਪ੍ਰਵਾਹਮਾਨ ਹੈ। ਅੱਜ ਵੀ ਸਲੋਕ ਦੀ ਵਰਤੋਂ ਦੋਹੇ ਅਤੇ ਦੋਹੜੇ ਦੇ ਰੂਪ ਵਿਚ ਬੇਸ਼ੁਮਾਰ ਹੋ ਰਹੀ ਹੈ।

**ਹਵਾਲੇ :**


**੧.** ਡਾ. ਵਜ਼ੀਰ ਸਿੰਘ, ਅਬਿਨਾਸ਼ ਕੌਰ, *ਬਾਣੀ ਕਰਤਾ ਤੇ ਬਾਣੀ ਚਿੰਤਨ*, ਨੈਸ਼ਨਲ ਬੁੱਕ ਸ਼ਾਪ ਦਿੱਲੀ, ੨੦੧੩ ਪਹਿਲੀ ਵਾਰ, ਪੰਨਾ ੯.

**੨.** ਡਾ. ਸੁਖਦੇਵ ਸਿੰਘ, *ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਲੋਕ ਬਹੁਪੱਖੀ ਅਧਿਐਨ*, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ,੨੦੧੩,(ਪਹਿਲੀ ਵਾਰ) ਪੰਨਾ ੩੮.

**੩.** ਡਾ. ਅੰਮ੍ਰਿਤਪਾਲ ਕੌਰ, *ਸ਼ਬਦ ਸੰਚਾਰ*, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ੨੦੦੩, ਪੰਨਾ ੩੧.

**੪.** ਡਾ. ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵ ਕੋਸ਼ ਭਾਗ-੨*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੦੨, ਪੰਨਾ ੪੪੨.

**੫.** ਹਿੰਮਤ ਸਿੰਘ ਸੋਢੀ, *'ਗੁਰੂ ਰਾਮਦਾਸ ਜੀਵਨ ਤੇ ਰਚਨਾ'*, ਪੰਜਾਬੀ ਦੁਨੀਆ, ਡਾ. ਜੀਤ ਸਿੰਘ ਸੀਤਲ (ਸੰਪਾ.), ਪੰਨਾ ੮੯.

**੬.** *ਸ੍ਰੀ ਗੁਰੂ ਗ੍ਰੰਥ ਸਾਹਿਬ*, ੩੦੩.

**੭.** ਡਾ. ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵ ਕੋਸ਼ ਭਾਗ-੨*, ਪੰਨਾ ੪੪੨.

**੮.** *ਸ੍ਰੀ ਗੁਰੂ ਗ੍ਰੰਥ ਸਾਹਿਬ*, ੩੦੬.

**੯.** *ਉਹੀ*,

**੧੦.** *ਉਹੀ*, ੩੦੮.

**੧੧.** *ਉਹੀ*, ੩੦੬.

**੧੨.** *ਉਹੀ*, ੩੦੮.

**੧੩.** *ਉਹੀ*, ੩੦੫.

■

## ਅੰਮ੍ਰਿਤ-ਸੰਚਾਰ

ਸਮੂਹ ਸਿੱਖ ਸੰਗਤ ਦੇ ਗਿਆਤ ਹਿਤ ਵਿਦਿਤ ਕੀਤਾ ਜਾਂਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਰ ਬੁੱਧਵਾਰ ਤੇ ਐਤਵਾਰ ਨੂੰ ਦੁਪਹਿਰੇ ੧੨:੦੦ ਵਜੇ ਅੰਮ੍ਰਿਤ-ਸੰਚਾਰ ਹੁੰਦਾ ਹੈ। ਅੰਮ੍ਰਿਤ-ਅਭਿਲਾਖੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਅੰਮ੍ਰਿਤਪਾਨ ਕਰ ਕੇ ਗੁਰੂ ਵਾਲੇ ਬਣਨ!

## ਸਿੱਖ ਰੈਫ਼ਰੈਂਸ ਲਾਇਬ੍ਰੇਰੀ

ਸਮੂਹ ਜਗਤ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਜਿਸ ਸੱਜਣ ਪਾਸ ਕੋਈ ਵੀ ਦੁਰਲੱਭ ਇਤਿਹਾਸਿਕ ਪੁਸਤਕ/ਹੱਥ-ਲਿਖਤ ਗ੍ਰੰਥ/ਪੋਥੀ ਜਾਂ ਕੋਈ ਹੋਰ ਇਤਿਹਾਸਿਕ ਵਸਤੂ ਹੋਵੇ, ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਭੇਟਾ-ਰਹਿਤ ਜਾਂ ਭੇਟਾ-ਸਹਿਤ ਦੇਣ ਲਈ ਸੰਪਰਕ ਕਰਨ ਜੀ।

# ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਦਾ ਉਪਦੇਸ਼

*-ਬਿਕਰਮਜੀਤ ਸਿੰਘ ਜੀਤ**

ਸ੍ਰੀ ਗੁਰੂ ਰਾਮਦਾਸ ਜੀ ਸਿੱਖ ਧਰਮ ਦੇ ਚੌਥੇ ਗੁਰੂ ਹੋਏ ਹਨ। ਆਪ ਜੀ ਵੱਲੋਂ ਗੁਰੂ ਨਾਨਕ ਸਾਹਿਬ ਦੇ ਉਸਾਰੇ ਸਿੱਖੀ ਦੇ ਮਹਿਲ ਨੂੰ ਹੋਰ ਮਜ਼ਬੂਤ ਕਰਨ ਲਈ ਆਪਣੇ ਜੀਵਨ-ਕਾਲ ਦੌਰਾਨ ਪਾਇਆ ਯੋਗਦਾਨ ਬਹੁਤ ਹੀ ਅਹਿਮ ਸਥਾਨ ਰੱਖਦਾ ਹੈ। ਆਪ ਜੀ ਨੇ ਆਪਣੇ ਪਵਿੱਤਰ ਵਿਹਾਰਕ ਜੀਵਨ ਰਾਹੀਂ ਜੋ ਕਾਰਜ ਕੀਤੇ ਉਹ ਸਿੱਖੀ ਜੀਵਨ ਦਾ ਆਦਰਸ਼ ਬਣ ਕੇ ਸਾਹਮਣੇ ਆਏ। ਗੁਰੂ ਜੀ ਦਾ ਸਮੁੱਚਾ ਜੀਵਨ ਉਨ੍ਹਾਂ ਦੇ ਬਚਪਨ ਤੋਂ ਲੈ ਕੇ ਗੁਰਿਆਈ ਅਤੇ ਗੁਰਿਆਈ ਤੋਂ ਲੈ ਕੇ ਜੋਤੀ-ਜੋਤ ਸਮਾਉਣ ਤਕ, ਡੂੰਘੇ ਅਧਿਐਨ ਦਾ ਵਿਸ਼ਾ ਹੈ। ਇੱਥੇ ਅਸੀਂ ਉਨ੍ਹਾਂ ਦੁਆਰਾ ਉਚਰਿਤ ਬਾਣੀ ਦੇ ਕੇਵਲ ਕੁਝ ਕੁ ਪੱਖਾਂ ਨੂੰ ਸੰਖੇਪ ਰੂਪ ਵਿਚ ਵਿਚਾਰਨ ਦਾ ਯਤਨ ਕੀਤਾ ਹੈ।

ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਨਿਮਰਤਾ, ਨਿਰਮਾਣਤਾ, ਸਬਰ-ਸੰਤੋਖ, ਸੇਵਾ, ਗੁਰੂ ਪ੍ਰਤੀ ਸਮਰਪਣ ਦੀ ਭਾਵਨਾ ਆਦਿ ਅਨੇਕ ਹੀ ਗੁਣਾਂ ਕਾਰਨ ਉਨ੍ਹਾਂ ਨੂੰ ਗੁਰਿਆਈ ਦੀ ਦਾਤ ਬਖਸ਼ੀ ਜਿਸ ਸਦਕਾ ਸ੍ਰੀ ਗੁਰੂ ਰਾਮਦਾਸ ਜੀ ਗੁਰੂ ਨਾਨਕ ਸਾਹਿਬ ਦੀ ਇਲਾਹੀ ਜੋਤ ਦੇ ਧਾਰਨੀ ਬਣੇ। ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਤੋਂ ਪਹਿਲਾਂ ਤਿੰਨ ਗੁਰੂ ਸਾਹਿਬਾਨ ਵਾਂਗ ਬਾਣੀ ਦੀ ਰਚਨਾ ਕਰ ਕੇ ਲੋਕਾਈ ਨੂੰ ਸੱਚ ਦੇ ਮਾਰਗ ਨਾਲ ਰੂ-ਬਰੂ ਕਰਾਇਆ। ਸ੍ਰੀ ਗੁਰੂ ਰਾਮਦਾਸ ਜੀ ਨੇ ਜੋ ਅਧਿਆਤਮਿਕ ਵਿਚਾਰ ਆਪਣੀ ਬਾਣੀ ਰਾਹੀਂ ਪੇਸ਼ ਕੀਤੇ ਹਨ, ਉਨ੍ਹਾਂ ਦਾ ਮੂਲ ਆਧਾਰ ਗੁਰੂ-ਪਰੰਪਰਾ ਤੋਂ ਪ੍ਰਾਪਤ ਜੀਵਨ-ਦਰਸ਼ਨ ਹੈ। ਸ੍ਰੀ ਗੁਰੂ ਰਾਮਦਾਸ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੩੦ ਰਾਗਾਂ ਵਿਚ ਬਾਣੀ ਦਰਜ ਹੈ। ਆਪ ਜੀ ਦੀ ਬਾਣੀ ਵਿਚ ਪ੍ਰਮੁੱਖ ਰੂਪ 'ਚ ਪਦੇ, ਅਸਟਪਦੀਆਂ, ਛੰਤ, ਸਲੋਕ, ਵਾਰਾਂ, ਪਉੜੀਆਂ, ਪਹਿਰੇ, ਵਣਜਾਰੇ, ਕਰਹਲੇ ਅਤੇ ਘੋੜੀਆਂ ਆਦਿ ਸ਼ਾਮਲ ਹਨ। ਸੂਹੀ ਰਾਗ ਵਿਚ ਰਚੀਆਂ ਚਾਰ 'ਲਾਵਾਂ' ਹਰੇਕ ਸਿੱਖ ਦੇ 'ਅਨੰਦ ਕਾਰਜ' ਵਿਚ ਪੜ੍ਹੀਆਂ ਜਾਂਦੀਆਂ ਹਨ। ਸ੍ਰੀ ਗੁਰੂ ਰਾਮਦਾਸ ਜੀ ਅਨੁਸਾਰ ਪਰਮਾਤਮਾ ਆਦਿ ਪੁਰਖੁ, ਅਪਰ ਅਪਾਰ, ਸ੍ਰਿਸ਼ਟੀ-ਕਰਤਾ, ਅਦੁੱਤੀ, ਯੁੱਗਾਂ-ਯੁਗਾਂਤਰਾਂ ਤਕ ਇੱਕੋ ਇੱਕ ਤੇ ਸਦੀਵੀ ਹੈ। ਆਪ ਦਾ ਗੁਰਬਾਣੀ ਵਿਚ ਫੁਰਮਾਨ ਹੈ:

*ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ॥*
*ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧)*

* *ਸਹਾਇਕ ਸੰਪਾਦਕ, ਗੁਰਮਤਿ ਪ੍ਰਕਾਸ਼। ਮੋ: ੮੭੨੭੮-੦੦੩੭੨*

ਇਸ ਤੋਂ ਇਲਾਵਾ ਆਪ ਜੀ ਨੇ ਆਪਣੀ ਬਾਣੀ ਰਾਹੀਂ ਹਰੇਕ ਸਿੱਖ ਨੂੰ ਗੁਰਮਤਿ ਅਨੁਸਾਰ ਜੀਵਨ ਜੀਉਣ ਦੀ ਪ੍ਰੇਰਨਾ ਵੀ ਦਿੱਤੀ ਤੇ ਆਪਣੀ ਬਾਣੀ ਰਾਹੀਂ ਰੋਜ਼ਾਨਾ ਦੇ ਕਾਰਜਾਂ ਵਿਚ ਅੰਮ੍ਰਿਤ ਵੇਲੇ ਦਾ ਜਾਗਣਾ ਤੇ ਉਸ ਅਕਾਲ ਪੁਰਖ ਦਾ ਸਿਮਰਨ ਕਰਨਾ ਦ੍ਰਿੜ੍ਹ ਕਰਵਾਇਆ। ਆਪ ਜੀ ਦਾ ਉਪਦੇਸ਼ ਹੈ:

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੫)*

ਇੰਨਾ ਹੀ ਨਹੀਂ ਬਲਕਿ ਗੁਰੂ ਪਾਤਸ਼ਾਹ ਜੀ ਨੇ ਉਨ੍ਹਾਂ ਗੁਰਸਿੱਖਾਂ ਦੀ ਚਰਨ ਧੂੜ ਭਾਵ ਉਨ੍ਹਾਂ ਦਾ ਸੰਗ ਮੰਗਣ ਲਈ ਵੀ ਪ੍ਰੇਰਿਆ ਹੈ ਜੋ ਉਸ ਪਰਮਾਤਮਾ (ਅਕਾਲ ਪੁਰਖ) ਦਾ ਨਾਮ ਖ਼ੁਦ ਵੀ ਜਪਦੇ ਹਨ ਤੇ ਦੂਜਿਆਂ ਨੂੰ ਵੀ ਜਪਣ ਲਈ ਪ੍ਰੇਰਦੇ ਹਨ। ਗੁਰੂ ਸਾਹਿਬ ਦਾ ਉਪਦੇਸ਼ ਹੈ:

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੬)*

ਗੁਰੂ ਸਾਹਿਬ ਨੇ ਸਿੱਖ ਨੂੰ ਹਰੇਕ ਕਾਰਜ ਨੂੰ ਅਕਾਲ ਪੁਰਖ ਦੇ ਭਰੋਸੇ ਕਰਨ ਅਤੇ ਉਸ ਪਰਮਾਤਮਾ ਅੱਗੇ ਅਰਦਾਸ ਕਰ ਕੇ ਅਰੰਭਣ ਦਾ ਉਪਦੇਸ਼ ਦਿੱਤਾ ਹੈ।

ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੀ ਬਾਣੀ ਅੰਦਰ 'ਗੁਰੂ' ਦੇ ਮਹੱਤਵ ਨੂੰ ਦਰਸਾਉਂਦਿਆਂ ਹੋਇਆਂ ਇਹ ਸਮਝਾਇਆ ਹੈ ਕਿ ਗੁਰੂ ਅਤੇ ਸੇਵਕ ਦਾ ਰਿਸ਼ਤਾ ਬੇਹੱਦ ਭਾਵਨਾਤਮਕ ਹੈ। ਸੇਵਕ ਲਈ ਗੁਰੂ ਦੀ ਹਰ ਜੁਗਤ ਕਲਿਆਣਕਾਰੀ ਹੈ ਬਾਸ਼ਰਤੇ ਸੇਵਕ ਦੇ ਅੰਦਰ ਆਪਣੇ ਗੁਰੂ ਪ੍ਰਤੀ ਸਮਰਪਣ ਦੀ ਭਾਵਨਾ ਹੋਵੇ। ਗੁਰੂ ਦੀ ਬਾਣੀ ਅੰਦਰ ਆਤਮਿਕ ਜੀਵਨ ਦੇਣ ਵਾਲਾ ਨਾਮ-ਰੂਪੀ ਅੰਮ੍ਰਿਤਮਈ ਜਲ ਹੈ ਜਿਸ ਨੂੰ ਸਿੱਖ ਹਰ ਵੇਲੇ ਆਪਣੇ ਹਿਰਦੇ ਵਿਚ ਸਾਂਭ ਰੱਖਦਾ ਹੈ। ਗੁਰੂ ਦੀ ਬਾਣੀ ਗੁਰੂ ਹੈ ਅਤੇ ਗੁਰੂ ਬਾਣੀ ਦਾ ਹੀ ਰੂਪ ਹੈ। ਗੁਰੂ ਦੁਆਰਾ ਉਚਾਰੀ ਗਈ ਬਾਣੀ 'ਤੇ ਜੋ ਸਿੱਖ-ਸੇਵਕ ਸ਼ਰਧਾ ਰੱਖਦਾ ਹੈ ਗੁਰੂ ਉਸ ਨੂੰ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਲੰਘਾ ਦਿੰਦਾ ਹੈ। ਗੁਰੂ ਜੀ ਦਾ ਉਪਦੇਸ਼ ਹੈ:

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੮੨)*

ਸ੍ਰੀ ਗੁਰੂ ਰਾਮਦਾਸ ਸਾਹਿਬ ਪੂਰੇ ਗੁਰੂ ਦੀ ਵਡਿਆਈ ਕਰਦੇ ਹੋਏ ਸਮਝਾਉਂਦੇ ਹਨ ਕਿ ਪੂਰਾ ਗੁਰੂ ਵੱਡੀ ਕਿਸਮਤ ਨਾਲ ਤੇ ਅਕਾਲ ਪੁਰਖ ਦੀ ਮਿਹਰ ਨਾਲ ਮਿਲਦਾ ਹੈ, ਪਰ ਜਿਸ ਨੂੰ ਮਿਲ ਜਾਂਦਾ ਹੈ, ਉਹ ਹਰ ਵੇਲੇ ਪ੍ਰਭੂ ਦਾ ਨਾਮ ਸਿਮਰਦਾ ਰਹਿੰਦਾ ਹੈ:

*ਵਡੈ ਭਾਗਿ ਗੁਰੁ ਪੂਰਾ ਪਾਈਐ ਅਨਦਿਨੁ ਨਾਮੁ ਧਿਆਏ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੨੪)*

ਗੁਰੂ ਜੀ ਮਨੁੱਖ ਦੇ ਕਰਮਾਂ ਦਾ ਫਲ ਭੋਗਣ ਬਾਰੇ ਵੀ ਆਪਣੇ ਵਿਚਾਰ ਦੇਂਦੇ ਹਨ ਕਿ ਕਲਜੁਗ ਵਿਚ ਭਾਵ ਮਨੁੱਖਾ ਜਨਮ ਵਿਚ ਸਰੀਰ ਮਾਨੋ ਕਰਮ ਕਰਨ ਲਈ ਭੂਮੀ ਹੈ, ਇਸ ਵਿਚ ਜਿਸ ਤਰ੍ਹਾਂ ਦਾ ਬੀਜ ਮਨੁੱਖ ਬੀਜਦਾ ਹੈ ਭਾਵ ਜੋ ਕਰਮ ਕਰਦਾ ਹੈ, ਉਸੇ ਤਰ੍ਹਾਂ ਦਾ ਫਲ ਖਾਂਦਾ ਹੈ। ਫੁਰਮਾਨ ਹੈ:

*ਕਰਮ ਧਰਤੀ ਸਰੀਰੁ ਕਲਿਜੁਗ ਵਿਚਿ ਜੇਹਾ ਕੋ ਬੀਜੇ ਤੇਹਾ ਕੋ ਖਾਏ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੮)*

ਗੁਰੂ ਸਾਹਿਬ ਉਪਦੇਸ਼ ਕਰਦੇ ਹਨ ਕਿ ਜਿਹੜੇ ਮਨੁੱਖ ਸਦਾ ਹੀ ਪਰਮਾਤਮਾ ਦਾ ਨਾਮ ਸਿਮਰਦੇ ਹਨ ਉਨ੍ਹਾਂ ਦਾ ਹਰੇਕ ਦੁੱਖ, ਹਰੇਕ ਭਰਮ ਅਤੇ ਡਰ ਦੂਰ ਹੋ ਜਾਂਦਾ ਹੈ:

*ਜੋ ਜਨ ਸੇਵਹਿ ਸਦ ਸਦਾ ਮੇਰਾ ਹਰਿ ਹਰੇ ਤਿਨ ਕਾ ਸਭੁ ਦੂਖੁ ਭਰਮੁ ਭਉ ਜਾਸੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੦੨)*

ਅਕਾਲ ਪੁਰਖ ਪਰਮਾਤਮਾ ਦੇ ਗੁਣਾਂ ਦਾ ਅੰਤ ਪਾ ਸਕਣਾ ਅਸੰਭਵ ਹੈ। ਗੁਰੂ ਸਾਹਿਬ ਫੁਰਮਾਨ ਕਰਦੇ ਹਨ ਕਿ ਜਿਸ ਅਕਾਲ ਪੁਰਖ ਦੇ ਗੁਣਾਂ ਦਾ ਅੰਤ ਨਹੀਂ ਪੈ ਸਕਦਾ, ਜਿਸ ਦੇ ਸਰੂਪ ਦਾ ਹੱਦ-ਬੰਨਾ ਨਹੀਂ ਲੱਭ ਸਕਦਾ ਉਸ ਸੁੱਖਾਂ ਦੇ ਦਾਤੇ ਨੂੰ ਸਦਾ ਹੀ ਸਿਮਰਨਾ ਚਾਹੀਦਾ ਹੈ:

*ਸਦਾ ਸਦਾ ਹਰਿ ਧਿਆਈਐ ਸੁਖਦਾਤਾ ਜਾ ਕਾ ਅੰਤੁ ਨ ਪਾਰਾਵਾਰਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੦)*

ਅਜਿਹੇ ਬੇਅੰਤ ਗੁਣਾਂ ਵਾਲੇ ਅਕਾਲ ਪੁਰਖ ਪਰਮਾਤਮਾ ਦੀ ਸਿਫਤ ਸਾਲਾਹ ਤੇ ਬੰਦਗੀ ਵਿਚ ਹੀ ਅਸਲ ਅਨੰਦ ਹੈ, ਇਸ ਨਾਲ ਹੀ ਸਦਾ ਲਈ ਮਨ ਵਿਚ ਸੁਖ ਆ ਵੱਸਦਾ ਹੈ:

*ਹਰਿ ਕੀਰਤਿ ਭਗਤਿ ਅਨੰਦੁ ਹੈ ਸਦਾ ਸੁਖੁ ਵਸੈ ਮਨਿ ਆਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੫੦)*

ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੀ ਬਾਣੀ ਵਿਚ ਜੋ ਉਪਦੇਸ਼ ਦਿੱਤਾ ਹੈ ਉਹ ਸਰਬ-ਸਾਂਝਾ ਅਤੇ ਸਰਬ-ਕਲਿਆਣਕਾਰੀ ਹੈ। ਇਹ ਗੁਰੂ ਸਾਹਿਬ ਵੱਲੋਂ ਉਚਰਿਤ ਰੱਬੀ ਬਾਣੀ ਹੈ। ਇਹ ਮਨੁੱਖਤਾ ਲਈ ਮਾਰਗ-ਦਰਸ਼ਕ ਹੈ। ਮੌਜੂਦਾ ਦੌਰ ਅੰਦਰ ਜਦੋਂ ਮਨੁੱਖ ਹੀ ਮਨੁੱਖ ਦਾ ਘਾਣ ਕਰ ਰਿਹਾ ਹੈ ਤੇ ਆਪਣੇ ਅਸਲ ਅਕੀਦੇ ਤੋਂ ਟੁੱਟ ਚੁੱਕਾ ਹੈ ਤਾਂ ਉਸ ਸਮੇਂ ਗੁਰੂ ਜੀ ਦੀ ਬਾਣੀ ਦੀ ਸਾਰਥਿਕਤਾ ਹੋਰ ਵਧ ਜਾਂਦੀ ਹੈ, ਪਰੰਤੂ ਸਿਰਫ ਇਸ ਵੱਲ ਧਿਆਨ ਦੇਣ ਤੇ ਵਿਚਾਰ ਕਰਨ ਦੀ ਜ਼ਰੂਰਤ ਹੈ। ਗੁਰੂ ਸਾਹਿਬ ਦੀ ਬਾਣੀ ਦੇ ਉਪਦੇਸ਼ ਦੀ ਪਾਲਣਾ ਕਰ ਕੇ ਕੋਈ ਵੀ ਮਨੁੱਖ ਆਪਣਾ ਜੀਵਨ ਸੰਵਾਰ ਸਕਦਾ ਹੈ।

# ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ: ਰਚਨਾ ਤੇ ਵਿਸ਼ਲੇਸ਼ਣ

*-ਡਾ. ਰਾਜਬੀਰ ਕੌਰ**

ਸ੍ਰੀ ਗੁਰੂ ਰਾਮਦਾਸ ਜੀ ਦੀ ਸਮੁੱਚੀ ਬਾਣੀ ਵਿਚ ੨੩੯ ਚਉਪਦੇ, ੩੧ ਅਸਟਪਦੀਆਂ, ੪੦ ਛੰਤ ੪ ਸ਼ਬਦ, ਦੋ ਨਿੱਖੜਵੇਂ ਸ਼ਬਦ, ੧ ਪਹਰਾ, ਵਣਜਾਰਾ ਪਦੇ ੬, ਸੋਲਹੇ ੨, ਸਲੋਕ ੩੨, ਪਉੜੀਆਂ ੧੯੩, ਵਾਰਾਂ ਵਿਚਲੇ ਸਲੋਕ ੧੦੪ ਇਸ ਤਰ੍ਹਾਂ ਕੁੱਲ ਬਾਣੀ ਦਾ ਸਮੁੱਚਾ ਜੋੜ ੬੪੪ ਸ਼ਬਦ ਹਨ।

**ਰਾਗ:-** ਗੁਰੂ ਰਾਮਦਾਸ ਜੀ ਕੁੱਲ ੩੦ ਰਾਗਾਂ ਵਿਚ ਬਾਣੀ ਰਚਨਾ ਕੀਤੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਰਾਗਾਂ ਦੀ ਤਰਤੀਬ ਅਨੁਸਾਰ ਇਹ ਵੇਰਵਾ ਇਸ ਤਰ੍ਹਾਂ ਹੈ:-

- ਸ੍ਰੀ ਰਾਗ ਇਸ ਵਿਚ ੬ ਚਉਪਦੇ, ੧ ਛੰਤ, ੧ ਪਹਰਾ, ਵਣਜਾਰਾ ੬ ਪਦੇ, ੨੧ ਪਉੜੀਆਂ, ੧ ਵਾਰ ਸ਼ਾਮਿਲ ਹੈ।
- ਰਾਗ ਮਾਝ ਵਿਚ ੭ ਚਉਪਦੇ,੧ ਅਸਟਪਦੀ, ੨ ਸਲੋਕ ਦਰਜ ਹਨ।
- ਰਾਗ ਗਉੜੀ ਵਿਚ ੩੨ ਚਉਪਦੇ, ੨ ਅਸਟਪਦੀਆਂ ਹਨ। ਇਨ੍ਹਾਂ ਦੋ ਅਸਟਪਦੀਆਂ ਦਾ ਸਿਰਲੇਖ ਰਾਗ ਗਉੜੀ ਪੂਰਬੀ ਮਹਲਾ ੪ ਕਰਹਲੇ ਹੈ, ਇਸੇ ਰਾਗ ਵਿਚ ੨੮ ਪਉੜੀਆਂ ੫੩ ਸਲੋਕ ਜੋ ਗਉੜੀ ਕੀ ਵਾਰ ਮਹਲਾ ੪ ਵਿਚ ਦਰਜ ਹਨ।
- ਰਾਗ ਆਸਾ ਵਿਚ ੧੫ ਚਉਪਦੇ, ੧੪ ਛੰਤ, ਇੱਕ-ਇੱਕ ਨਿੱਖੜਵਾਂ ਸ਼ਬਦ, ਕੁੱਲ ੩੦ ਸ਼ਬਦ ਹਨ।
- ਰਾਗ ਗੂਜਰੀ ਵਿਚ ੭ ਚਉਪਦੇ, ੧ ਅਸਟਪਟੀ ਕੁੱਲ ੮ ਸ਼ਬਦ ਹਨ।
- ਰਾਗ ਦੇਵਗੰਧਾਰੀ ਵਿਚ ੬ ਚਉਪਦੇ ਹਨ।
- ਰਾਗ ਬਿਹਾਗੜਾ ਵਿਚ ੬ ਛੰਤ ਅਤੇ ਬਿਹਾਗੜੇ ਦੀ ਵਾਰ ਵਿਚ ੨੧ ਪਉੜੀਆਂ ਅਤੇ ੨ ਸਲੋਕ ਕੁੱਲ ੨੯ ਸ਼ਬਦ ਹਨ।
- ਰਾਗ ਵਡਹੰਸ ਵਿਚ ੩ ਚਉਪਦੇ, ੬ ਛੰਤ ਤੇ ਵਡਹੰਸ ਦੀ ਵਾਰ ਦੀਆਂ ੨੧ ਪਉੜੀਆਂ ਸਮੇਤ ੩੦ ਸ਼ਬਦ ਦਰਜ ਹਨ।
- ਰਾਗ ਸੋਰਠਿ ਵਿਚ ੯ ਚਉਪਦੇ ਅਤੇ ਸੋਰਠਿ ਦੀ ਵਾਰ ਵਿਚ ੨੯ ਪਉੜੀਆਂ ੭ ਸਲੋਕਾਂ ਸਮੇਤ ਕੁੱਲ ੪੫ ਸ਼ਬਦ ਹਨ।
- ਰਾਗ ਧਨਾਸਰੀ ਵਿਚ ੧੩ ਚਉਪਦੇ ੧ ਛੰਤ ਸਮੇਤ ਕੁੱਲ ੧੪ ਸ਼ਬਦ ਹਨ।
- ਰਾਗ ਜੈਤਸਰੀ ਵਿਚ ੧੧ ਚਉਪਦੇ ਦਰਜ ਹਨ।

** ਸਹਾਇਕ ਪ੍ਰੋਫੈਸਰ ਪੰਜਾਬੀ, ਸ਼ਹੀਦ ਬਾਬਾ ਜੀਵਨ ਸਿੰਘ ਖਾਲਸਾ ਕਾਲਜ, ਸਤਲਾਣੀ ਸਾਹਿਬ, ਹੁਸ਼ਿਆਰ ਨਗਰ, ਅਟਾਰੀ ਰੋਡ, ਸ੍ਰੀ ਅੰਮ੍ਰਿਤਸਰ-੧੪੩੧੦੭; ਮੋ: ੯੭੮੧੧੩੮੭੭੭*

- ਰਾਗ ਟੋਡੀ ਵਿਚ ੧ ਚਉਪਦਾ ਹੈ।
- ਰਾਗ ਬੈਰਾੜੀ ਦੇ ੬ ਚਉਪਦੇ ਹਨ। ਰਾਗ ਤਿਲੰਗ ਵਿਚ ੨ ਚਉਪਦੇ ਅਤੇ ੧ ਨਿੱਖੜਵਾਂ ਸ਼ਬਦ ਹੈ।
- ਰਾਗ ਸੂਹੀ ਵਿਚ ਕੁੱਲ ੧੫ ਚਉਪਦੇ, ੨ ਅਸਟਪਦੀਆਂ, ੬ ਛੰਤ ਅਤੇ ਸਮੇਤ ਕੁੱਲ ੨੩ ਸ਼ਬਦ ਦਰਜ ਹਨ। ਰਾਗ ਬਿਲਾਵਲ ਵਿਚ ੭ ਚਉਪਦੇ ੬ ਅਸਟਪਦੀਆਂ, ੨ ਛੰਤ, ੧ ਸਲੋਕ ਅਤੇ ਬਿਲਾਵਲ ਦੀ ਵਾਰ ਦੀਆਂ ੧੩ ਪਉੜੀਆਂ ਅਤੇ ੧ ਸਲੋਕ ਸਮੇਤ ਕੁੱਲ ੩੦ ਸ਼ਬਦ ਦਰਜ ਹਨ।
- ਰਾਗ ਗੋਂਡ ਵਿਚ ੬ ਚਉਪਦੇ ਹਨ।
- ਰਾਗ ਰਾਮਕਾਲੀ ਵਿਚ ੬ ਚਉਪਦੇ ਹਨ।
- ਰਾਗ ਨਟ ਨਰਾਇਣ ਵਿਚ ੯ ਚਉਪਦੇ, ੬ ਅਸਟਪਦੀਆਂ, ਸਮੇਤ ਕੁੱਲ ੧੫ ਸ਼ਬਦ ਦਰਜ ਹਨ।
- ਰਾਗ ਮਾਲੀ ਗਉੜਾ ਵਿਚ ਕੁੱਲ ੬ ਚਉਪਦੇ ਦਰਜ ਹਨ।
- ਰਾਗ ਮਾਰੂ ਵਿਚ ੮ ਚਉਪਦੇ, ੨ ਸੋਲਹੇ, ੩ ਸਲੋਕ ਸਮੇਤ ਕੁੱਲ ੧੩ ਸ਼ਬਦ ਦਰਜ ਹਨ।
- ਰਾਗ ਤੁਖਾਰੀ ਵਿਚ ੪ ਛੰਤ ਦਰਜ ਹਨ।
- ਰਾਗ ਕੇਦਾਰਾ ਵਿਚ ੨ ਚਉਪਦੇ ਹਨ।
- ਰਾਗ ਭੈਰਉ ਵਿਚ ੭ ਚਉਪਦੇ ਹਨ।
- ਰਾਗ ਬਸੰਤ ਵਿਚ ੭ ਚਉਪਦੇ ਅਤੇ ੧ ਅਸਟਪਦੀ ਦਰਜ ਹੈ।
- ਰਾਗ ਸਾਰੰਗ ਵਿਚ ੧੩ ਚਉਪਦੇ, ੩੫ ਪਉੜੀਆਂ ਅਤੇ ੬ ਸਲੋਕਾਂ ਸਮੇਤ ਕੁੱਲ ੫੪ ਸ਼ਬਦ ਹਨ।
- ਰਾਗ ਮਲਾਰ ਵਿਚ ੯ ਚਉਪਦੇ ਹਨ।
- ਰਾਗ ਕਾਨੜਾ ਵਿਚ ੧੨ ਚਉਪਦੇ ੬ ਅਸਟਪਦੀਆਂ ਅਤੇ ਕਾਨੜੇ ਦੀ ਵਾਰ ਵਿਚਲੀਆਂ ੧੫ ਪਉੜੀਆਂ ਅਤੇ ੩੦ ਸਲੋਕਾਂ ਸਮੇਤ ਕੁੱਲ ੬੩ ਸ਼ਬਦ ਦਰਜ ਹਨ।
- ਰਾਗ ਕਲਿਆਣ ਵਿਚ ੭ ਚਉਪਦੇ, ੬ ਅਸਟਪਦੀਆਂ ਸਮੇਤ ਕੁੱਲ ੧੩ ਸ਼ਬਦ ਹਨ।
- ਰਾਗ ਪ੍ਰਭਾਤੀ ਵਿਚ ੭ ਸ਼ਬਦ ਹਨ।

**ਕਾਵਿ ਰੂਪ ਤੇ ਮੁੱਖ ਸਿਰਲੇਖ ਬਾਣੀਆਂ:** ਸ੍ਰੀ ਗੁਰੂ ਰਾਮਦਾਸ ਜੀ ਦੀ ਸਮੁੱਚੀ ਬਾਣੀ ਵੱਖ-ਵੱਖ ਲੋਕ ਕਾਵਿ-ਰੂਪਾਂ ਅਤੇ ਛੰਦਾਬੰਦੀ ਦੇ ਵੱਖ-ਵੱਖ ਰੂਪਾਂ ਵਿਚ ਦਰਜ ਹੈ।

**ਚਉਪਦਾ:** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਇਕਪਦਾ, ਦੁਪਦਾ, ਤਿਪਦੇ, ਚਉਪਦੇ, ਪੰਚਪਦੇ ਵਾਲੇ ਸ਼ਬਦ ਮਿਲਦੇ ਹਨ। ਇਹ ਸਾਰੇ ਬਹੁ ਸਮਾਸੀ ਸ਼ਬਦ ਹਨ। ਇਨ੍ਹਾਂ ਸਾਰਿਆਂ ਸ਼ਬਦਾਂ ਵਿਚ ਪਦਾ ਸਾਂਝਾ ਸ਼ਬਦ ਹੈ। ਚਉਪਦੇ ਵਿਸ਼ੇਸ਼

ਤੌਰ 'ਤੇ ਚਾਰ ਪਦਿਆਂ ਵਾਲਾ ਸ਼ਬਦ ਹੁੰਦਾ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਵੱਖ-ਵੱਖ ਰਾਗਾਂ ਵਿਚ ਕੁੱਲ ੨੩੯ ਚਉਪਦਿਆਂ ਦੀ ਰਚਨਾ ਕੀਤੀ।

**ਅਸਟਪਦੀਆਂ:** ਸ੍ਰੀ ਗੁਰੂ ਰਾਮਦਾਸ ਜੀ ਨੇ ਵੱਖ-ਵੱਖ ਰਾਗਾਂ ਵਿਚ ਕੁੱਲ ੩੧ ਅਸਟਪਦੀਆਂ ਦੀ ਰਚਨਾ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੮-੮ ਪਦਿਆਂ ਵਾਲੀ ਰਚਨਾ ਨੂੰ ਅਸਟਪਦੀ ਕਿਹਾ ਜਾਂਦਾ ਹੈ।

**ਛੰਤ:** ਛੰਤ ਆਮ ਤੌਰ 'ਤੇ ਵਾਹਿਗੁਰੂ ਨਾਲ ਮਿਲਣ ਦੀ ਸਿਕ ਅਤੇ ਉਮੰਗ ਨੂੰ ਪ੍ਰਗਟ ਕਰਦੇ ਹਨ। ਇਹ ਭਾਵੁਕ ਬਿਰਤੀ ਦੇ ਲਖਾਇਕ ਹਨ। ਛੰਤ ਆਮ ਤੌਰ 'ਤੇ ੪-੪ ਪਦਿਆਂ ਵਾਲੇ ਹੁੰਦੇ ਹਨ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਤੇ-ਕਿਤੇ ੨-੪ ਤੋਂ ਵੱਧ ਪਦਿਆਂ ਵਾਲੇ ਛੰਤ ਵੀ ਪ੍ਰਾਪਤ ਹਨ। ਸ੍ਰੀ ਗੁਰੂ ਰਾਮਦਾਸ ਜੀ ਨੇ ਕੁੱਲ ੪੦ ਛੰਤਾਂ ਦੀ ਰਚਨਾ ਵੱਖ-ਵੱਖ ਰਾਗਾਂ ਵਿਚ ਕੀਤੀ ਹੈ।

**ਵਾਰਾਂ:** ਵਾਰ ਇਕ ਲੋਕ ਕਾਵਿ ਰੂਪ ਹੈ। ਵਾਰ ਤੋਂ ਭਾਵ ਦੁਸ਼ਮਣ ਦਾ ਵਾਰ ਰੋਕਣਾ ਹੈ। ਕਵੀਆਂ ਨੇ ਇਸ ਕਾਵਿ ਰੂਪ ਰਾਹੀਂ ਦੋ ਸੂਰਮਿਆਂ ਦੀ ਆਪਸੀ ਜੰਗ ਦਾ ਚਿਤਰਨ ਕੀਤਾ ਹੈ। ਵਾਰ ਵਿਚ ਯੋਧਿਆਂ ਦੇ ਜੂਝਣ ਅਤੇ ਜੰਗ ਦਾ ਬੀਰ ਰਸੀ ਵਖਿਆਨ ਹੁੰਦਾ ਹੈ। ਗੁਰੂ ਸਾਹਿਬਾਂ ਨੇ ਇਸ ਕਾਵਿ ਰੂਪ ਦੀ ਵਰਤੋਂ ਸ਼ਾਂਤ ਰਸ ਰਾਹੀਂ ਲੋਕਾਂ ਵਿਚ ਆਤਮਿਕ ਭਾਵਨਾ ਪੈਦਾ ਕਰਕੇ ਨੇਕੀ ਦੀ ਬੁਰਾਈ ਉੱਪਰ ਜਿੱਤ ਦੇ ਪ੍ਰਤੀਕ ਨੂੰ ਉਜਾਗਰ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਵਾਰਾਂ ਵਿਚ ਜਿੱਥੇ ਨੇਕੀ ਤੇ ਬੁਰਾਈ ਵਿਚਕਾਰ ਵਾਰ ਜਾਂ ਜੰਗ ਚੱਲਦੀ ਹੈ, ਉੱਥੇ ਗੁਰਮੁਖ ਤੇ ਮਨਮੁਖ ਵਿਚਕਾਰ ਵੀ ਟਾਕਰਾ ਦਰਸਾਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਕਾਲ ਪੁਰਖ ਦੀ ਮਹਿਮਾ ਭਰੀ ਬਾਣੀ ਜੋ ਪਉੜੀ ਛੰਦ ਵਿਚ ਅਤੇ ਨਾਲ ਸਲੋਕ ਮਿਲਾ ਕੇ ਵਾਰ ਕਾਵਿ ਰੂਪ ਰਚੀ ਗਈ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁੱਲ ੭ ਵਾਰਾਂ ਵੱਖ-ਵੱਖ ਰਾਗਾਂ ਵਿਚ ਰਚੀਆਂ ਹਨ। ਇਹ ਵਾਰਾਂ ਸ੍ਰੀ ਰਾਗ ਕੀ ਵਾਰ ਮਹਲਾ ੪, ਗਉੜੀ ਕੀ ਵਾਰ ਮਹਲਾ ੪, ਬਿਹਾਗੜੇ ਕੀ ਵਾਰ ਮਹਲਾ ੪, ਵਡਹੰਸ ਕੀ ਵਾਰ ਮਹਲਾ ੪, ਸੋਰਠਿ ਕੀ ਵਾਰ ਮਹਲਾ ੪, ਬਿਲਾਵਲ ਕੀ ਵਾਰ ਮਹਲਾ ੪, ਕਾਨੜੇ ਕੀ ਵਾਰ ਮਹਲਾ ੪ ਦੇ ਸਿਰਲੇਖ ਹੇਠ ਦਰਜ ਹਨ। ਇਨ੍ਹਾਂ ਵਾਰਾਂ ਵਿਚ ਕੁੱਲ ੧੮੩ ਪਉੜੀਆਂ ਅਤੇ ੧੦੧ ਸਲੋਕ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਮਾਰੂ ਕੀ ਵਾਰ ਮਹਲਾ ੩ ਵਿਚ ਪ੍ਰਾਪਤ ੩ ਸਲੋਕਾਂ ਸਮੇਤ ੧੦੪ ਸਲੋਕ ਦਰਜ ਹਨ।

**ਸੋਲਹੇ:** ਸੋਲਹੇ ਤੋਂ ਭਾਵ ੧੬ ਪਦਾਂ ਵਾਲਾਂ ਛੰਦ। ਸੋਲਹਾ ਇੱਕ ਮਾਤ੍ਰਿਕ ਛੰਦ ਹੈ ਜਿਸ ਦੇ ਹਰੇਕ ਪਦੇ ਦੀਆਂ ਤਿੰਨ ਤਿੰਨ ਤੁਕਾਂ ਹੁੰਦੀਆਂ ਹਨ। ਪਹਿਲੀਆਂ ਦੋ ਤੁਕਾਂ ੧੬-੧੬ ਮਾਤਰਾ ਦੀਆਂ ਛੋਟੀਆਂ ਅਤੇ ਤੀਜੀ ਲੰਮੀ ਤੁਕ ੧੬+੧੫ ਜਾਂ ੧੬+੧੩ ਮਾਤਰਾ ਦੀ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਰਾਗ ਮਾਰੂ ਵਿਚ ਸ੍ਰੀ ਗੁਰੂ ਨਾਨਕ ਸਾਹਿਬ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਸੋਲਹੇ ਮਿਲਦੇ ਹਨ ਸ੍ਰੀ ਗੁਰੂ ਰਾਮਦਾਸ ਜੀ ਨੇ ਰਾਗ ਮਾਰੂ ਵਿਚ ਦੋ ਸੋਲਹਿਆਂ ਦੀ ਰਚਨਾ ਕੀਤੀ ਹੈ।

**ਸਲੋਕ ਵਾਰਾਂ ਤੇ ਵਧੀਕ:** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਮ ਕਰਕੇ ਸਲੋਕ ਪਉੜੀਆਂ ਵਿਚ ਹੀ ਸ਼ਾਮਿਲ ਕੀਤੇ ਹੋਏ ਹਨ। ਕੁਝ ਸਲੋਕ, ਸ਼ਬਦਾਂ, ਛੰਦਾਂ ਅਤੇ ਅਸਟਪਦੀਆਂ ਦੇ ਅਰੰਭ ਵਿਚ ਵੀ ਲਿਖੇ ਮਿਲਦੇ ਹਨ। ਪਰੰਤੂ ਜਿਵੇਂ ਸਿਰਲੇਖ ਤੋਂ ਸਪੱਸ਼ਟ ਹੈ ਕਿ ਵਾਰਾਂ ਵਿਚ ਦਰਜ ਕੀਤੇ ਜਾਣ ਮਗਰੋਂ ਜਿਹੜੇ ਸਲੋਕ ਵੱਖ-ਵੱਖ ਗੁਰੂ ਸਾਹਿਬਾਨ ਦੇ ਵੱਧ ਗਏ ਉਹ ਸ੍ਰੀ ਗੁਰੂ ਗ੍ਰੰਥ ਸਹਿਬ ਵਿਚ ਸਲੋਕ ਵਾਰਾਂ ਤੇ ਵਧੀਕ ਦੇ ਸਿਰਲੇਖ ਹੇਠ ਅੰਤ ਵਿਚ ਦਰਜ ਕੀਤੇ ਗਏ। ਸ੍ਰੀ ਗੁਰੂ ਰਾਮਦਾਸ ਜੀ ਦੇ ਸਲੋਕ ਵਾਰਾਂ ਤੇ ਵਧੀਕ ਦੇ ਸਿਰਲੇਖ ਹੇਠ ਦਰਜ ਕੀਤੇ ਸਲੋਕਾਂ ਵਿਚ ੩੦ ਸਲੋਕ ਬਾਣੀ ਵਿਚ ਦਰਜ ਹਨ।

**ਪਹਰੇ:** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਹਰੇ ਸਿਰਲੇਖ ਹੇਠ ਬਾਣੀ ਦਰਜ ਹੈ। ਪਹਰੇ ਇੱਕ ਕਾਵਿ-ਰੂਪ ਹੈ। ਜਿਸਨੂੰ ਗਾਉਣ ਦੀ ਵੀ ਇੱਕ ਵਿਸ਼ੇਸ਼ ਧਾਰਨਾ ਪ੍ਰਚਲਿਤ ਹੈ। ਇਸ ਕਾਵਿ-ਰੂਪ ਰਾਹੀਂ ਰਾਤ ਦੇ ਚਾਰ ਪਹਿਰਾਂ ਨੂੰ 'ਅਧਾਰ ਬਣਾ ਕੇ ਜੀਵਨ' ਜਾਚ ਸਿਖਾਉਣ ਦਾ ਯਤਨ ਕੀਤਾ ਗਿਆ ਹੈ। ਪੁਰਾਤਨ ਸਮਿਆਂ ਵਿਚ ਸਮੇਂ ਦੇ ਮਾਪਦੰਡ ਨੂੰ ਵਿਸਾ, ਚਸਾ, ਘੜੀ, ਪਲ, ਪਹਿਰ ਤੇ ਦਿਨ ਰਾਤ ਵਿਚ ਮਾਪਿਆ ਜਾਂਦਾ ਸੀ। ੧੫ ਨਿਮਖਾਂ ਦਾ ਵਿਸਾ, ੧੫ ਵਿਸਿਆਂ ਦਾ ਇੱਕ ਚਸਾ, ੩ ਚਸੇ ਦਾ ੧ ਪਲ, ੬੦ ਪਲਾਂ ਦੀ ਇੱਕ ਘੜੀ, ਅੱਠ ਘੜੀਆਂ ਦਾ ਇੱਕ ਪਹਿਰ ਤੇ ਅੱਠ ਪਹਿਰਾਂ ਦਾ ਦਿਨ-ਰਾਤ ਗਿਣਿਆ ਜਾਂਦਾ ਸੀ। ਪਹਿਰੇ ਬਾਣੀ ਰਾਹੀਂ ਰਾਤ ਦੇ ਪਹਿਰਾਂ ਨੂੰ ਆਧਾਰ ਬਣਾ ਕੇ ਗਰਭ-ਅਵਸਥਾ, ਬਾਲ- ਅਵਸਥਾ, ਜੋਬਨ-ਅਵਸਥਾ ਅਤੇ ਬਿਰਧ-ਅਵਸਥਾ ਦਾ ਵਰਣਨ ਕਰਦਿਆਂ ਮਨੁੱਖ ਨੂੰ ਦੁਨਿਆਵੀਂ ਜੰਜਾਲ ਵਿਚ ਫਸਣ ਦੀ ਥਾਂ ਅਕਾਲ ਪੁਰਖ ਦੇ ਸਿਮਰਨ ਵੱਲ ਪ੍ਰੇਰਿਤ ਕੀਤਾ ਗਿਆ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਰਾਗ ਵਿਚ ੧ ਪਹਿਰੇ ਦੀ ਰਚਨਾ ਕੀਤੀ ਹੈ।

**ਵਣਜਾਰਾ:** ਵਣਜਾਰਾ ਸਿਰਲੇਖ ਹੇਠ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਦਰਜ ਹੈ। 'ਮਹਾਨ ਕੋਸ਼' ਅਨੁਸਾਰ ਵਣਜਾਰਾ ਸ਼ਬਦ ਦਾ ਅਰਥ ਵਣਜ- ਵਪਾਰ ਕਰਨ ਵਾਲਾ ਸੌਦਾਗਰ ਜਾਂ ਵਪਾਰੀ ਹੁੰਦਾ ਹੈ। 'ਗੁਰੂ ਗ੍ਰੰਥ ਸੰਕੇਤ ਕੋਸ਼' ਪੰਨਾ ੨੯੭ ਅਨੁਸਾਰ ਪੁਰਾਣੇ ਜ਼ਮਾਨੇ ਵਿਚ ਜਦ ਵਪਾਰੀ, ਵਣਜਾਰੇ ਸੌਦਾ ਲੱਦ ਕੇ ਵੇਚਣ ਲਈ ਇੱਕ ਥਾਂ ਤੋਂ ਦੂਜੀ ਥਾਂ ਜਾਂਦੇ ਤਾਂ ਰਾਹ ਵਿਚ ਗੀਤ ਗਾਉਂਦੇ ਹੋਏ ਚੱਲਦੇ ਸਨ। ਇਸੇ ਤਰਜ਼ ਨੂੰ ਲੈ ਕੇ ਸ੍ਰੀ ਰਾਗ ਵਿਚ ਸ੍ਰੀ ਗੁਰੂ ਰਾਮਦਾਸ ਜੀ ਨੇ ਵਣਜਾਰਾ ਸਿਰਲੇਖ ਹੇਠ ਬਾਣੀ ਦਰਜ ਕਰਕੇ 'ਵਣਜਾਰਿਆ ਮਿਤ੍ਰਾ' ਸੰਗਿਆ ਰਾਹੀਂ ਸੱਚੇ ਵਣਜ ਦੀ ਸੋਝੀ ਅਤੇ ਨਾਮ ਦੀ ਅਮੋਲਕ ਵਣਜ ਨੂੰ ਵਿਹਾਜਣ ਦਾ ਉਪਦੇਸ਼ ਕੀਤਾ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ 'ਵਣਜਾਰਾ' ਸਿਰਲੇਖ ਰਾਹੀਂ ੬ ਸ਼ਬਦਾਂ ਦੀ ਰਚਨਾ ਕੀਤੀ ਹੈ।

**ਕਰਹਲਾ:** ਰਾਜਸਥਾਨੀ ਅਤੇ ਸਿੰਧੀ ਵਿਚ 'ਕਰਹਲਾ' ਊਠ ਜਾਂ ਸ਼ੁਤਰ ਨੂੰ ਕਹਿੰਦੇ ਹਨ। ਕਰਹਲੇ ਉਹ ਕਾਵਿ ਰੂਪ ਦੇ ਗੀਤ ਜੋ ਊਠਾਂ ਵਾਲੇ ਸੁਦਾਗਰ ਊਠ ਹੱਕਦਿਆਂ ਰਸਤੇ ਵਿਚ ਗਾਉਂਦੇ ਜਾਂਦੇ ਸਨ। ਇਨ੍ਹਾਂ ਵਿਚ ਵੈਰਾਗ ਦੀ ਧੁਨੀ ਵਿਸ਼ੇਸ਼ ਹੁੰਦੀ ਹੈ। ਦਸ-ਦਸ ਬੰਦਾਂ ਦੇ ਦੋ ਸ਼ਬਦ ਰਾਗ ਗਉੜੀ ਅੰਦਰ ਲਿਖੇ ਹਨ। ਦੋਹਾਂ ਅਸਟਪਦੀਆਂ

ਦਾ ਸਿਰਲੇਖ ਰਾਗ ਗਉੜੀ ਪੂਰਬੀ ਮਹਲਾ ੪ ਕਰਹਲੇ ਹੇਠ ਦਰਜ ਹੈ। ਇਸ ਬਾਣੀ ਰਾਹੀਂ ਮਨ ਨੂੰ ਪ੍ਰਦੇਸ਼ੀ 'ਭਰਮਣ' ਕਰਦੇ ਊਠਾਂ ਨਾਲ ਉਪਮਾ ਦਿੱਤੀ ਹੈ।

*ਕਰਹਲੇ ਮਨ ਪਰਦੇਸੀਆ ਕਿਉ ਮਿਲੀਐ ਹਰਿ ਮਾਇ॥*
*ਗੁਰੁ ਭਾਗਿ ਪੂਰੈ ਪਾਇਆ ਗਲਿ ਮਿਲਿਆ ਪਿਆਰਾ ਆਇ॥੧॥*
*ਮਨ ਕਰਹਲਾ ਸਤਿਗੁਰੁ ਪੁਰਖੁ ਧਿਆਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੨੩੪)*

**ਘੋੜੀਆਂ:-** ਪੰਜਾਬੀ ਲੋਕ ਗੀਤ ਵਿਚ ਵਿਆਹੁਣ ਸਮੇਂ ਲਾੜੇ ਨੂੰ ਘੋੜੀ ਚੜ੍ਹਾਉਣਾ ਸ਼ੁਭ ਸ਼ਗਨ ਮੰਨਿਆ ਗਿਆ ਸੀ। ਉਸੇ ਸਮੇਂ ਭੈਣਾਂ ਜਾਂ ਹੋਰ ਰਿਸ਼ਤੇਦਾਰ ਗੀਤ ਗਾਉਂਦੇ ਸਨ। ਇਸ ਵਿਚ ਭੈਣਾਂ ਵੱਲੋਂ ਭਰਾਵਾਂ ਦੀ ਸੁਖ ਮੰਗਦੀਆਂ ਵਧਾਈਆਂ ਦਿੱਤੀਆਂ ਜਾਂਦੀਆਂ ਹਨ। ਇਸ ਸਮੇਂ ਗਾਏ ਗੀਤਾਂ ਨੂੰ ਘੋੜੀਆਂ ਕਿਹਾ ਜਾਦਾ ਹੈ। ਸ੍ਰੀ ਗੁਰੂ ਰਾਮਦਾਸ ਜੀ ਦੇ ਉਪਦੇਸ਼ ਅਨੁਸਾਰ ਇਹ ਕਾਇਆ ਇੱਕ ਸੁੰਦਰ ਘੋੜੀ ਦੀ ਤਰ੍ਹਾਂ ਹੈ ਜਿਸ ਨੂੰ ਵਾਹਿਗੁਰੂ ਮਿਲਾਪ ਦੇ ਵਿਆਹ ਜ਼ਸਨ ਲਈ ਸ਼ਿੰਗਾਰਿਆ ਗਿਆ ਹੈ, ਗਿਆਨ ਦੇ ਕੜਿਆਲ ਅਤੇ ਪ੍ਰੇਮ ਦੇ ਚਾਬੁਕ ਨਾਲ, ਇਸ ਨੂੰ ਕਾਬੂ ਕਰਨ ਦੀ ਲੋੜ ਹੈ ਫਿਰ ਗੁਰੂ ਆਪ ਹੀ ਸਾਰੇ ਬਾਕੀ ਕਾਰਜ ਸੰਵਾਰ ਦਿੰਦਾ ਹੈ।

**ਲਾਵਾਂ:-** ਅਨੰਦ ਕਾਰਜ ਦੀ ਰਸਮ ਨੂੰ ਨਿਭਾਉਣ ਲਈ ਰਾਗ ਸੂਹੀ ਮਹਲਾ ਦੇ ਸਿਰਲੇਖ ਹੇਠ ਦਰਜ ਲਾਵਾਂ ਬਾਣੀ ਦਾ ਪਾਠ ਦਰਜ ਕੀਤਾ ਹੈ ਇਸ ਸਿਰਲੇਖ ਹੇਠ ਲਾਵਾਂ ਦੇ ੪ ਸ਼ਬਦ, ਹਰਿ ਪਹਿਲੜੀ ਲਾਵ, ਦੂਸਰੀ ਲਾਵ, ਤੀਸਰੀ ਲਾਵ, ਚੌਥੀ ਲਾਵ, ਰਾਹੀਂ ਬਾਣੀ ਦਰਜ ਕੀਤੀ ਹੈ।

ਉਪਰੋਕਤ ਵਿਸਥਾਰ ਨੂੰ ਸਾਰ ਰੂਪ ਵਿਚ ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਸਾਰੀ ਬਾਣੀ ਜੋ ਵੱਖ-ਵੱਖ ੩੦ ਰਾਗਾਂ, ਕਾਵਿ ਰੂਪਾਂ, ਵੱਖ-ਵੱਖ ਸਿਰਲੇਖਾਂ ਅਤੇ ਛੰਦਾਬੰਦੀ ਦੇ ਵੱਖ-ਵੱਖ ਰੂਪਾਂ ਵਿਚ ਦਰਜ ਹੈ। ਸ੍ਰੀ ਗੁਰੂ ਅਰਜਨ ਸਾਹਿਬ ਜੀ ਤੋਂ ਬਾਅਦ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਵੱਧ ਬਾਣੀ ਦਰਜ ਹੈ। ਇਸ ਬਾਣੀ ਰਾਹੀਂ ਜੀਵ ਨੂੰ ਪ੍ਰਭੂ ਨਾਲ ਮਿਲਾਉਣ ਲਈ ਵੱਖ-ਵੱਖ ਢੰਗ ਤਰੀਕਿਆਂ (ਲੋਕ ਕਾਵਿ-ਰੂਪਾਂ) ਜਿਵੇਂ ਘੋੜੀਆਂ, ਕਰਹਲੇ, ਪਹਰੇ, ਵਣਜਾਰਾ ਆਦਿ ਰਾਹੀਂ ਚਿਤਰਿਤ ਕੀਤਾ ਗਿਆ ਹੈ। ਨਾਮ ਬਾਣੀ ਦੇ ਅਭਿਆਸ ਰਾਹੀਂ ਗੁਰਮੁਖ ਤੇ ਮਨਮੁਖ ਵਿਚਕਾਰ ਸੰਘਰਸ ਕਰਦਿਆਂ ਨੇਕੀ ਰਾਹੀਂ ਬੁਰਾਈ 'ਤੇ ਕਾਬੂ ਪਾਉਣ ਲਈ ਪ੍ਰੇਰਿਆ ਗਿਆ ਹੈ। ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਸਾਡੇ ਸੰਸਾਰੀ ਜੀਵਨ ਲਈ ਪ੍ਰੇਰਨਾਦਾਇਕ ਤੇ ਕਲਿਆਣਕਾਰੀ ਹੈ ਅਤੇ ਰਹੇਗੀ। ਲੋੜ ਹੈ ਗੁਰਬਾਣੀ ਦੇ ਸਿਧਾਂਤਾਂ ਨੂੰ ਅਪਣਾਅ ਕੇ ਆਪਣੀ ਜੀਵਨ-ਜਾਚ ਸੁਖਾਲੀ ਕੀਤੀ ਜਾਵੇ।

ਪੁਸਤਕ ਸੂਚੀ:

੧. *ਮਹਾਨ ਕੋਸ਼* ਕਾਨ੍ਹ ਸਿੰਘ ਨਾਭਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ੨. *ਗੁਰੂ ਗ੍ਰੰਥ ਸੰਕੇਤ ਕੋਸ਼* ਪਿਆਰਾ ਸਿੰਘ ਪਦਮ, ਪੰਜਾਬੀ ਯੂਨੀਵਰਸਿਟੀ ਪਟਿਆਲਾ ੧੯੮੭, ੩. *ਸ੍ਰੀ ਗੁਰੂ ਗ੍ਰੰਥ ਸਾਹਿਬ ਬੋਧ-ਭਾਗ-੧ ਬਾਣੀ ਬਿਉਰਾ,* ਭਾਈ ਜੋਗਿੰਦਰ ਸਿੰਘ ਤਲਵਾੜਾ, ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ ੨੦੦੪.

# ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਥਾਪਨਾ

*-ਡਾ. ਹਰਪ੍ਰੀਤ ਕੌਰ**

*ਸਭ ਖੇਦ ਮਿਟੇ ਮਨ ਕੇ ਦਰਸਨ ਕਰ ਸਭ ਬਿਧ ਕੇ ਕਰਨਾਕਰ ਹੈ।*
*ਸਭ ਦੋਖ ਕਟੈ ਇਸਨਾਨ ਕੀਏ ਅਘ ਓਘਨ ਕੇ ਹਰਨਾਹਰ ਹੈ।*
*ਦਾਰਿਦ੍ਰ ਮਿਟੈ ਪਰਨਾਮ ਕੀਏ ਸਭ ਸੁਖਨ ਕੇ ਭਰਨਾਭਰ ਹੈ।*
*ਹਰਿ-ਭਗਤ ਬਸੇ ਹਿਰਦੇ ਪਰਸੇ ਮੁਕਤੇਸਰ ਸ੍ਰੀ ਅੰਮ੍ਰਿਤਸਰ ਹੈ।*

*(ਮਹਿਮਾ ਪ੍ਰਕਾਸ਼, ਪੰਨਾ ੨੯੩)*

ਸ੍ਰੀ ਅੰਮ੍ਰਿਤਸਰ ਸਿੱਖ ਗੁਰੂ ਸਾਹਿਬਾਨ ਦੁਆਰਾ ਵਰੋਸਾਈ ਪਾਵਨ ਧਰਤੀ ਹੈ। ਸਿੱਖ ਗੁਰੂ ਸਾਹਿਬਾਨ ਨੇ ਆਪਣੇ ਜੀਵਨ ਕਾਲ ਦੌਰਾਨ ਜਿੱਥੇ ਹੋਰ ਕਈ ਕਲਿਆਣਕਾਰੀ ਕਾਰਜ ਕੀਤੇ, ਉੱਥੇ ਵੱਖ-ਵੱਖ ਨਗਰਾਂ ਦੀ ਸਥਾਪਨਾ ਵੀ ਕੀਤੀ ਅਤੇ ਸਮੇਂ ਅਨੁਸਾਰ ਇਨ੍ਹਾਂ ਨਗਰਾਂ ਵਿਚ ਲੋਕਾਂ ਦੇ ਵਸੇਬੇ ਲਈ ਯੋਗ ਸਹੂਲਤਾਂ ਵੀ ਮੁਹੱਈਆ ਕਰਵਾਈਆਂ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਕਰਤਾਰਪੁਰ ਸਾਹਿਬ, ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਖਡੂਰ ਸਾਹਿਬ, ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੋਇੰਦਵਾਲ ਸਾਹਿਬ ਅਤੇ ਸ੍ਰੀ ਗੁਰੂ ਰਾਮਦਾਸ ਜੀ ਨੇ 'ਗੁਰੂ ਕਾ ਚੱਕ' (ਸ੍ਰੀ ਅੰਮ੍ਰਿਤਸਰ) ਦੀ ਸਥਾਪਨਾ ਕੀਤੀ। ਸ੍ਰੀ ਅੰਮ੍ਰਿਤਸਰ ਸਾਹਿਬ ਦਾ ਨਾਂ ਸੁਣਦਿਆਂ ਹੀ ਸਿੱਖ ਦਾ ਹਿਰਦਾ ਹੁਲਾਸ ਨਾਲ ਭਰ ਜਾਂਦਾ ਹੈ। ਇਸ ਪਾਵਨ ਸ਼ਹਿਰ ਨਾਲ ਸਿੱਖਾਂ ਦਾ ਲਾਸਾਨੀ ਇਤਿਹਾਸ ਜੁੜਿਆ ਹੋਇਆ ਹੈ। ਇਸੇ ਸ਼ਹਿਰ ਵਿਚ ਹੀ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਸਰੋਵਰ ਦੀ ਸਥਾਪਨਾ ਕੀਤੀ, ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀ ਸਥਾਪਨਾ ਕੀਤੀ ਗਈ ਅਤੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕੀਤੀ। ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਖ਼ਤਮ ਕਰਨ ਵਾਸਤੇ ਸਮਕਾਲੀਨ ਹਕੂਮਤਾਂ ਨੇ ਕਈ ਹਮਲੇ ਕੀਤੇ ਪਰ ਸਿੱਖ ਗੁਰਬਾਣੀ ਦਾ ਆਸਰਾ ਲੈ ਕੇ ਬਿਖੜੇ ਪੰਧਾਂ ਵਿਚ ਵੀ ਅਡੋਲ ਰਹਿੰਦਿਆਂ ਸਦਾ ਵਿਗਾਸ ਵਿਚ ਰਹੇ। ਇਸ ਸ਼ਹਿਰ ਦਾ ਇਤਿਹਾਸ ਸਾਨੂੰ ਸਿੰਘਾਂ ਦੇ ਜੁਝਾਰੂਪਨ

**ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: ੯੬੪੬੭੯੫੯੯੮*

ਦੀਆਂ ਬੇਮਿਸਾਲ ਘਟਨਾਵਾਂ ਦ੍ਰਿਸ਼ਟੀਗੋਚਰ ਕਰਵਾਉਂਦਾ ਹੈ। ਹਥਲੇ ਲੇਖ ਦਾ ਮਨੋਰਥ ਸਿੱਖ ਇਤਿਹਾਸਿਕ ਸ੍ਰੋਤਾਂ ਦੇ ਹਵਾਲੇ ਨਾਲ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਸ੍ਰੀ ਅੰਮ੍ਰਿਤਸਰ ਦੀ ਸਥਾਪਨਾ ਸੰਬੰਧੀ ਸੰਖਿਪਤ ਜਾਣਕਾਰੀ ਪ੍ਰਦਾਨ ਕਰਨਾ ਹੈ।

ਮੁਢਲੇ ਤੌਰ 'ਤੇ ਨਵਾਂ ਨਗਰ ਵਸਾਉਣ ਦੀ ਵਿਚਾਰ ਸ੍ਰੀ ਗੁਰੂ ਅਮਰਦਾਸ ਜੀ ਦੇ ਮਨ ਵਿਚ ਪੈਦਾ ਹੋਈ ਸੀ। ਜਿਵੇਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਨਵੇਂ ਨਗਰ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਨਿਵਾਸ ਕਰਨ ਦਾ ਆਦੇਸ਼ ਕੀਤਾ ਸੀ, ਉਸੇ ਤਰ੍ਹਾਂ ਹੀ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਨਵਾਂ ਨਗਰ ਵਸਾਉਣ ਲਈ ਦਿਸ਼ਾ ਨਿਰਦੇਸ਼ ਦਿੱਤੇ। ਇਤਿਹਾਸਿਕ ਸ੍ਰੋਤਾਂ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਦੀ ਆਗਿਆ ਅਨੁਸਾਰ ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਥਾਪਨਾ ਕੀਤੀ। ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ (ਗੁਰੂ) ਰਾਮਦਾਸ ਜੀ, ਬਾਬਾ ਬੁੱਢਾ ਜੀ ਅਤੇ ਹੋਰ ਪ੍ਰਮੁੱਖ ਸਿੱਖਾਂ ਨਾਲ ਸਲਾਹ ਕਰਨ ਉਪਰੰਤ ਸੁਲਤਾਨਵਿੰਡ, ਤੁੰਗ, ਗੁਮਟਾਲਾ ਅਤੇ ਗਿਲਵਾਲੀ ਪਿੰਡਾਂ ਵਿਚਕਾਰ ਸਿੱਖ ਧਰਮ ਦਾ ਨਵਾਂ ਧਾਰਮਿਕ ਕੇਂਦਰ ਸਥਾਪਿਤ ਕਰਨ ਦਾ ਫ਼ੈਸਲਾ ਕੀਤਾ। ਉਸ ਸਮੇਂ ਇਹ ਪਿੰਡ ਪਰਗਨਾ ਝਬਾਲ ਦਾ ਹਿੱਸਾ ਸਨ। ਇੱਥੇ ਪਾਣੀ ਦੀ ਇਕ ਢਾਬ ਸੀ ਜਿੱਥੇ ਬਾਰ੍ਹਾਂ ਮਹੀਨੇ ਪਾਣੀ ਜਮ੍ਹਾਂ ਰਹਿੰਦਾ ਸੀ। ਇਹ ਇਕ ਸੰਘਣਾ ਜੰਗਲ ਸੀ ਜਿੱਥੇ ਜੰਗਲੀ ਰੁੱਖਾਂ ਦੇ ਨਾਲ ਬੇਰੀਆਂ ਦੇ ਰੁੱਖ ਜ਼ਿਆਦਾ ਸਨ ਅਤੇ ਆਲੇ-ਦੁਆਲੇ ਵਾਤਾਵਰਣ ਬਹੁਤ ਸ਼ਾਂਤਮਈ ਸੀ।

ਇਸ ਪਵਿੱਤਰ ਨਗਰ ਦੀ ਜ਼ਮੀਨ ਪ੍ਰਾਪਤੀ ਸੰਬੰਧੀ ਸਾਨੂੰ ਇਤਿਹਾਸਿਕ ਸ੍ਰੋਤਾਂ ਵਿੱਚੋਂ ਅਲੱਗ-ਅਲੱਗ ਰਾਵਾਂ ਮਿਲਦੀਆਂ ਹਨ। ਕੁਝ ਲਿਖਾਰੀਆਂ ਅਨੁਸਾਰ ਇਹ ਜ਼ਮੀਨ ਅਕਬਰ ਬਾਦਸ਼ਾਹ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਭੇਟ ਕੀਤੀ ਸੀ। ਕੁਝ ਸ੍ਰੋਤ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ੭੦੦ ਅਕਬਰੀ ਰੁਪਏ ਵਿਚ ਜ਼ਮੀਨ ਖ਼ਰੀਦਣ ਦਾ ਹਵਾਲਾ ਦਿੰਦੇ ਹਨ।[੧]

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਨੁਸਾਰ ਸ੍ਰੀ (ਗੁਰੂ) ਰਾਮਦਾਸ ਜੀ ਦੁਆਰਾ ਗੁਰੂ ਕਾ ਮਹਿਲ ਵਾਲੇ ਅਸਥਾਨ 'ਤੇ ਮੋਹੜੀ ਗੱਡਣ ਉਪਰੰਤ ਨਗਰ ਦਾ ਨਾਂ 'ਗੁਰੂ ਕਾ ਚੱਕ' ਰੱਖਿਆ ਗਿਆ:

*ਗਾਢੋ ਮੋੜ੍ਹਾ ਗਾਡ ਖਰਜੋ ਹੈ। ਨਾਮ 'ਗੁਰੂ ਕੋ ਚੱਕ' ਧਰਜੋ ਹੈ॥*[੨]

ਗੁਰੂ ਕਾ ਮਹਿਲ ਵਿਖੇ ਹੀ ਸ੍ਰੀ ਗੁਰੂ ਰਾਮਦਾਸ ਜੀ ਦੇ ਪਰਵਾਰ ਦੀ ਰਿਹਾਇਸ਼ ਲਈ ਕਾਨਿਆਂ ਦੀ ਛੱਪਰੀ ਤਿਆਰ ਕਰਵਾਈ ਗਈ ਸੀ ਜੋ ਬਾਅਦ ਵਿਚ ਕੱਚੇ ਘਰ ਵਜੋਂ ਤਬਦੀਲ ਹੋ ਗਈ ਸੀ।[੩] ਨਗਰ ਵਸਾਉਣ ਤੋਂ ਬਾਅਦ ਇੱਥੇ ਲੋਕਾਂ ਦੀ ਰਿਹਾਇਸ਼ ਲਈ ਚੰਗੀ ਤਰ੍ਹਾਂ ਇੱਟਾਂ ਪਕਾ ਕੇ ਘਰ ਉਸਾਰ ਦਿੱਤੇ ਗਏ:

*ਈਂਟੈ ਕੇਤਿਕ ਤਹਾਂ ਪਕਾਇ। ਸਦਨ ਚਿਨਾਵਨ ਕੀਨਿ ਬਨਾਇ॥*[੪]

ਕੇਸਰ ਸਿੰਘ ਛਿੱਬਰ ਰਚਿਤ ਬੰਸਾਵਲੀਨਾਮਾ ਤੋਂ ਵੀ ਨਗਰ ਦਾ ਨਾਂ 'ਚੱਕ ਗੁਰੂ

ਕਾ' ਰੱਖਣ ਦੀ ਗਵਾਹੀ ਮਿਲਦੀ ਹੈ:

*ਤਟ ਨਗਰੀ ਕਰਨ ਦਾ ਕੀਆ ਉਪਾਉ। 'ਚੱਕ ਗੁਰੂ ਕਾ' ਧਰਿਆ ਨਾਉਂ।*[੫]

ਕੁਝ ਸ੍ਰੋਤਾਂ ਵਿਚ ਨਗਰ ਦਾ ਨਾਂ ਰਾਮਦਾਸਪੁਰ ਰੱਖਣ ਦੀ ਗਵਾਹੀ ਮਿਲਦੀ ਹੈ।[੬] ਕਿਹਾ ਜਾ ਸਕਦਾ ਹੈ ਕਿ 'ਚੱਕ ਗੁਰੂ ਕਾ', 'ਗੁਰੂ ਕਾ ਚੱਕ' 'ਰਾਮਦਾਸਪੁਰ' ਆਦਿ ਸ੍ਰੀ ਅੰਮ੍ਰਿਤਸਰ ਦੇ ਮੁਢਲੇ ਨਾਂ ਸਨ। ਰਾਮਦਾਸਪੁਰ ਦੇ ਆਬਾਦ ਹੋਣ ਅਤੇ ਇਸ ਦੀ ਸੁੰਦਰਤਾ ਸੰਬੰਧੀ ਸ੍ਰੀ ਗੁਰੂ ਅਰਜਨ ਦੇਵ ਜੀ ਬਾਣੀ ਵਿਚ ਫੁਰਮਾਉਂਦੇ ਹਨ:

*ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥ ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ॥*
*ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ॥*
*ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੬੨)*

ਕਵੀ ਕੰਕਣ ਨੇ 'ਦਸ ਗੁਰ ਕਥਾ' ਵਿਚ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਵਰੋਸਾਈ ਸ੍ਰੀ ਅੰਮ੍ਰਿਤਸਰ ਦੀ ਨਗਰੀ ਨੂੰ ਇੰਦਰਪੁਰੀ, ਸ਼ਿਵਪੁਰੀ, ਅਯੁੱਧਿਆ, ਮਥੁਰਾ ਆਦਿ ਸਭ ਤੋਂ ਸ੍ਰੇਸ਼ਟ ਦਰਸਾਇਆ ਹੈ:

*ਸੁਰ ਕੇ ਪੁਰਿ ਤੇ, ਸਿਵ ਕੇ ਪੁਰਿ ਤੇ ਅਰ ਰਾਵਨ ਕੇ ਪੁਰਿ ਤੇ ਅਧਿਕਾਈ॥*
*ਗੋਕਲੇ ਅਰੁ ਔਧੁਹ ਤੇ ਮਥੁਰਾ ਹੂੰ ਕੇ ਬਾਸ ਤੇ ਜਾਨ ਸਵਾਈ॥...*
*ਯਾਕੇ ਨ ਤੁੱਲ ਪੁਰੀ ਕੋਊ ਦੂਸਰਿ ਜੋਊ ਗੁਰੂ ਰਾਮਦਾਸ ਬਨਾਈ॥*[੭]

ਸ੍ਰੀ ਅੰਮ੍ਰਿਤਸਰ ਸਰੋਵਰ ਦੀ ਸਥਾਪਨਾ ਤੋਂ ਪਹਿਲਾਂ 'ਚੱਕ ਗੁਰੂ ਕਾ' ਵਿਖੇ ਸ੍ਰੀ (ਗੁਰੂ) ਰਾਮਦਾਸ ਜੀ ਦੁਆਰਾ ਸੰਤੋਖਸਰ ਸਰੋਵਰ ਦੀ ਖੁਦਾਈ ਦਾ ਜ਼ਿਕਰ ਮਿਲਦਾ ਹੈ। ਸਿੱਖ ਇਤਿਹਾਸਿਕ ਸ੍ਰੋਤਾਂ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ (ਗੁਰੂ) ਰਾਮਦਾਸ ਜੀ ਨੂੰ ਸਰੋਵਰ ਪੁਟਵਾਉਣ ਦਾ ਆਦੇਸ਼ ਦਿੱਤਾ ਜਿਸ ਅਨੁਸਾਰ ਉਨ੍ਹਾਂ ਨੇ ਟਾਹਲੀ ਦੇ ਰੁੱਖ ਹੇਠ ਤਿੰਨ ਗੁਰੂ ਸਾਹਿਬਾਨ ਦਾ ਨਾਂ ਲੈ ਕੇ ਅਰਦਾਸ ਕਰਨ ਉਪਰੰਤ ਸਰੋਵਰ ਬਣਾਉਣ ਵਾਸਤੇ ਟੱਕ ਲਗਾਇਆ:

*ਗਏ ਸਿੰਸਪਾ ਤਰੁ ਕੇ ਤਰੇ। ਤਹਾਂ ਜਾਇ ਸਗਰੀ ਬਿਧਿ ਕਰੇ।*
*ਨਾਮ ਲੀਨ ਤੀਨਹੁਂ ਗੁਰ ਕੇਰਾ। ਕਰਿ ਅਰਦਾਸ ਖਰੇ ਤਿਸ ਬੇਰਾ॥*[੮]

ਸਰੋਵਰ ਦੀ ਖੁਦਾਈ ਦੇ ਕਾਰਜ ਵਿਚ ਕਈ ਸਿੱਖਾਂ ਨੇ ਸੇਵਾ ਨਿਭਾਈ। ਸ੍ਰੀ (ਗੁਰੂ) ਰਾਮਦਾਸ ਜੀ ਆਪ ਵੀ ਇਸ ਕਾਰਜ ਦੀ ਨਿਗਰਾਨੀ ਕਰਦੇ ਸਨ। ਸ੍ਰੀ ਗੁਰੂ ਅਮਰਦਾਸ ਜੀ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਸਰੋਵਰ ਦਾ ਨਾਂ ਸੰਤੋਖਸਰ ਰੱਖਿਆ ਗਿਆ।[੯] ਬਾਅਦ ਵਿਚ ਇਸ ਸਰੋਵਰ ਦੀ ਸੰਪੂਰਨਤਾ ਦਾ ਕਾਰਜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਰਵਾਇਆ। ਵਰਤਮਾਨ ਸਮੇਂ ਇੱਥੇ ਗੁਰਦੁਆਰਾ ਸ੍ਰੀ ਸੰਤੋਖਸਰ ਸਾਹਿਬ (ਟਾਹਲੀ ਸਾਹਿਬ) ਸੁਭਾਇਮਾਨ ਹੈ।

ਸੰਤੋਖਸਰ ਸਰੋਵਰ ਦੀ ਸਥਾਪਨਾ ਤੋਂ ਬਾਅਦ ਸ੍ਰੀ ਗੁਰੂ ਅਮਰਦਾਸ ਜੀ

ਦੁਆਰਾ ਸ੍ਰੀ (ਗੁਰੂ) ਰਾਮਦਾਸ ਜੀ ਨੂੰ ਨੀਵੀਂ ਥਾਂ ਉੱਪਰ ਦੂਜੇ ਸਰੋਵਰ ਦੀ ਖੁਦਾਈ ਕਰਨ ਅਤੇ ਨਾਂ ਅੰਮ੍ਰਿਤਸਰ ਰੱਖਣ ਦਾ ਆਦੇਸ਼ ਪ੍ਰਾਪਤ ਹੋਇਆ। ਸਰੂਪ ਦਾਸ ਭੱਲਾ ਦੁਆਰਾ ਰਚਿਤ 'ਮਹਿਮਾ ਪ੍ਰਕਾਸ਼' ਵਿੱਚੋਂ ਸਰੋਵਰ ਦਾ ਨਾਂ ਅੰਮ੍ਰਿਤਸਰ ਰੱਖਣ ਦੀ ਗਵਾਹੀ ਮਿਲਦੀ ਹੈ:

*ਭਗਤ ਸਰੋਵਰ ਅੰਮ੍ਰਿਤ ਭਰਾ।*
*ਗੁਰ ਸ੍ਰੀਮੁਖ ਨਾਮ ਅੰਮ੍ਰਿਤਸਰੁ ਧਰਾ।*[੧੦]

ਬਾਬਾ ਬੁੱਢਾ ਜੀ ਦੇ ਬਚਨ ਕਰਨ ਉਪਰੰਤ ਸ੍ਰੀ (ਗੁਰੂ) ਰਾਮਦਾਸ ਜੀ ਨੇ ਨੀਵੇਂ ਸਥਾਨ 'ਤੇ ਦੂਜੇ ਸਰੋਵਰ ਦਾ ਟੱਕ ਲਗਾ ਦਿੱਤਾ। ਸਾਰਿਆਂ ਨੂੰ ਮਿੱਠਾ ਵੰਡਿਆ ਗਿਆ ਅਤੇ ਅੰਮ੍ਰਿਤਸਰ ਸਰੋਵਰ ਦੀ ਖੁਦਾਈ ਦਾ ਕਾਰਜ ਆਰੰਭ ਹੋ ਗਿਆ:

*ਬ੍ਰਿਧ ਬਚ ਤੇ ਲੇ ਖਨਨੀ ਹਾਥ। ਟਕ ਲਾਇਸ ਚਿਤਵਤਿ ਗੁਰ ਨਾਥ।*
*ਸਭ ਮੈਂ ਬਾਂਟ ਦਯੋ ਮਿਸ਼ਟਾਨ। ਲਗੇ ਖਨਨ ਸਗਰੇ ਤਿਸੁ ਥਾਨ।*[੧੧]

'ਤਵਾਰੀਖ ਗੁਰੂ ਖਾਲਸਾ' ਅਨੁਸਾਰ ਸ੍ਰੀ (ਗੁਰੂ) ਰਾਮਦਾਸ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਆਗਿਆ ਅਨੁਸਾਰ ਅੰਮ੍ਰਿਤਸਰ ਸਰੋਵਰ ਦੀ ਖੁਦਾਈ ਦਾ ਕਾਰਜ ਅਰੰਭ ਕੀਤਾ।[੧੨] ਬਹੁਤ ਸਾਰੇ ਸਿੱਖਾਂ ਨੇ ਸ਼ਰਧਾ ਨਾਲ ਸਰੋਵਰ ਦੀ ਖੁਦਾਈ ਦੇ ਕਾਰਜ ਵਿਚ ਸੇਵਾ ਕੀਤੀ। ਸਾਰਾ ਦਿਨ ਹੀ ਸਰੋਵਰ ਦੀ ਖੁਦਾਈ ਦਾ ਕਾਰਜ ਚੱਲਦਾ ਰਹਿੰਦਾ ਸੀ। ਸ੍ਰੀ ਗੁਰੂ ਰਾਮਦਾਸ ਜੀ ਆਪ ਇਸ ਮਹਾਨ ਕਾਰਜ ਦੀ ਸੇਵਾ ਦੀ ਨਿਗਰਾਨੀ ਕਰਦੇ ਸਨ। 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਅਨੁਸਾਰ:

*ਸਿੱਖਜ ਅਨੇਕ ਮਿਹਨਤੀ ਘਨੇ। ਕਰਤਿ ਕਾਰ ਗੁਰ ਸ਼ਰਧਾ ਸਨੇ॥*
*ਜਹਿਂ ਦੁਖਭੰਜਨਿ ਬਦਰੀ ਖਰੀ। ਤਹਿਂ ਤੇ ਖਨਹਿਂ ਸੁ ਆਇਸੁ ਕਰੀ...*
*ਹੋਤਿ ਪ੍ਰਾਤਿ ਸਭਿ ਕੋ ਸੰਗਿ ਲੈ ਕੈ। ਕਾਰ ਕਰਾਵਤਿ ਤਹਾਂ ਥਿਰੈ ਕੈ॥*[੧੩]
*ਕਾਰ ਤਾਲ ਕੀ ਕਛੁ ਕਰਿਵਾਈ। ਸਿੱਖ ਨਿਕਾਸਹਿਂ ਬਹੁ ਫਲ ਪਾਈ॥*
*ਮਹਾਂ ਮਹਾਤਮ ਸਤਿਗੁਰ ਕਹੈਂ। ਕਾਰ ਕਢਤਿ ਮਨ ਬਾਂਛਤਿ ਲਹੈ।*[੧੪]

ਕੇਸਰ ਸਿੰਘ ਛਿੱਬਰ ਅਨੁਸਾਰ ਅੰਮ੍ਰਿਤਸਰ ਸਰੋਵਰ ਦੀ ਖੁਦਾਈ ਦਾ ਕਾਰਜ ੧੬੩੪ ਬਿ: (੧੫੭੭ ਈ.) ਨੂੰ ਹੋਇਆ:

*ਸੰਮਤ ਸੋਲਾਂ ਸੈ ਚਉਤਰੀ ਜਬ ਗਏ।*
*ਨਗਰ ਤਲਾਉ ਤਿਆਰ ਕਰਿ ਲਏ।*[੧੫]

ਭਾਈ ਗੁਰਦਾਸ ਜੀ ਵੀ ਆਪਣੀਆਂ ਵਾਰਾਂ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਅੰਮ੍ਰਿਤ ਸਰੋਵਰ ਦੀ ਖੁਦਾਈ ਦੇ ਕਾਰਜ ਦੀ ਸੰਪੂਰਨਤਾ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ:

*ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।*
*ਪੂਰਨੁ ਤਾਲੁ ਖਟਾਇਆ ਅੰਮ੍ਰਿਤਸਰਿ ਵਿਚਿ ਜੋਤਿ ਜਗਾਵੈ।*[੧੬]

ਕੇਸਰ ਸਿੰਘ ਛਿੱਬਰ ਅਨੁਸਾਰ ਤੀਰਥ ਦੇ ਦੋ ਨਾਂ ਪ੍ਰਚਲਿਤ ਹੋ ਗਏ। ਕੋਈ

ਇਸ ਨੂੰ 'ਰਾਮਦਾਸ ਸਰ' ਅਤੇ ਕੋਈ 'ਅਮਰਸਰ' ਦੇ ਨਾਂ ਨਾਲ ਜਾਣਦਾ ਸੀ:

*ਦੁਇ ਨਾਮ ਤੀਰਥ ਦੇ ਪਏ ਸੰਸਾਰ।*
*ਕੋਈ ਕਹੇ 'ਰਾਮਦਾਸ ਸਰ' ਕੋਈ ਕਹੇ 'ਅਮਰਸਰ' ਉਚਾਰਿ।*[੧੭]

ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਅੰਮ੍ਰਿਤਸਰ ਦੇ ਵਿਕਾਸ ਅਤੇ ਲੋਕਾਂ ਦੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਗੁਰੂ ਕੇ ਮਹਿਲ ਅਤੇ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਗੁਰੂ ਕਾ ਬਜ਼ਾਰ ਦੀ ਸਥਾਪਨਾ ਕੀਤੀ।[੧੮] ਵੱਖ-ਵੱਖ ਤਰ੍ਹਾਂ ਦੇ ਕਿੱਤਾਕਾਰਾਂ ਅਤੇ ਵਪਾਰੀਆਂ ਨੂੰ ਸੱਦਾ ਦਿੱਤਾ ਗਿਆ। ਕਈ ਤਰ੍ਹਾਂ ਦੇ ਧਨੀ, ਸਰਾਫ਼ ਅਤੇ ਵਣਜਾਰੇ ਇਥੇ ਆ ਕੇ ਵੱਸ ਗਏ। 'ਦਸ ਗੁਰ ਕਥਾ' ਅਨੁਸਾਰ:

*ਨਾਹਿ ਬਜਾਰਨ ਕੋ ਕੋਊ ਅੰਤ, ਔ ਕੌਪਨ ਕਾ ਕਛੁ ਨਾਹਿ ਸੁਮਾਰਾ॥*
*ਤਾਂਹਿ ਅਨੇਕ ਬਸੈਂ ਧਨਵਾਨ ਸਰਾਫ ਕਹਾਵਤ ਔ ਬਨਜਾਰਾ॥*[੧੯]

ਗੁਰੂ ਜੀ ਦੇ ਹੁਕਮ ਨਾਲ ਇਸ ਨਗਰ ਵਿਖੇ ੫੨ ਜਾਤਾਂ ਦੇ ਲੋਕਾਂ ਨੇ ਕਸੂਰ ਅਤੇ ਪੱਟੀ ਤੋਂ ਆ ਕੇ ਵਸੇਬਾ ਕਰ ਲਿਆ। 'ਅੰਮ੍ਰਿਤਸਰ ਦੀ ਤਵਾਰੀਖ' ਅਨੁਸਾਰ ਭਾਈ ਸਾਲ੍ਹੋ, ਭਾਈ ਚੰਦਰਭਾਨ, ਭਾਈ ਰੂਪ ਰਾਮ ਅਤੇ ਭਾਈ ਗੁਰੀਆ ਆਦਿ ਨੇ ਬਹੁਤ ਕੌਮਾਂ ਦੇ ਲੋਕ ਕਸੂਰ ਅਤੇ ਪੱਟੀ ਪਰਗਣਿਆਂ ਤੋਂ ਲਿਆ ਕੇ ਗੁਰੂ ਕੇ ਮਹਿਲਾਂ ਦੇ ਨੇੜੇ ਵਸਾਏ।[੨੦] ਗੁਰੂ ਜੀ ਦੇ ਕਈ ਅਨਿੰਨ ਸਿੱਖ ਵੀ ਇਸ ਨਵੇਂ ਸਥਾਨ 'ਤੇ ਆ ਕੇ ਵੱਸਣ ਲੱਗੇ। ਇਸ ਤਰ੍ਹਾਂ ਲੋਕਾਂ ਅਤੇ ਵੱਖ-ਵੱਖ ਕਿੱਤਾਕਾਰਾਂ ਦੇ ਵੱਸਣ ਨਾਲ ਨਗਰ ਦੀ ਰੌਣਕ ਵਧਦੀ ਗਈ। 'ਤਵਾਰੀਖ ਗੁਰੂ ਖਾਲਸਾ' ਵਿਚ ਜ਼ਿਕਰ ਪ੍ਰਾਪਤ ਹੁੰਦਾ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਵੱਡੇ ਸਪੁੱਤਰ ਪ੍ਰਿਥੀ ਚੰਦ ਨੇ ਗੁਰੂ ਕਾ ਚੱਕ ਦੀ ਜ਼ਮੀਨ ਦੇ ਸਾਰੇ ਖੂਹ ਆਬਾਦ ਕਰ ਦਿੱਤੇ ਜਿਸ ਨਾਲ ਕਣਕ ਆਦਿਕ ਅਨਾਜ ਦੀ ਪੈਦਾਵਰ ਹੋਣ ਲੱਗੀ।[੨੧]

ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ ਸ੍ਰੀ ਅੰਮ੍ਰਿਤਸਰ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਵਸਾਇਆ ਹੋਇਆ ਨਗਰ ਹੈ। ਇਸ ਪਾਵਨ ਨਗਰ ਦੀ ਮੋਹੜੀ ਗੱਡਣ ਤੋਂ ਬਾਅਦ ਗੁਰੂ ਜੀ ਦਾ ਨਿਵਾਸ ਅਸਥਾਨ ਗੁਰੂ ਕੇ ਮਹਿਲ ਵਜੋਂ ਪ੍ਰਸਿੱਧ ਹੋਇਆ। ਗੁਰੂ ਜੀ ਨੇ ਇੱਥੇ ਦੋ ਸਰੋਵਰਾਂ ਸੰਤੋਖਸਰ ਅਤੇ ਅੰਮ੍ਰਿਤਸਰ ਦੀ ਖੁਦਾਈ ਕਰਵਾਈ। ਇਸ ਨਗਰ ਵਿਚ ਬਾਹਰੋਂ ਆ ਕੇ ਵਸੇ ਲੋਕਾਂ ਦੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਵੱਖ-ਵੱਖ ਕਿੱਤਾਕਾਰਾਂ ਨੂੰ ਵਸਾਇਆ ਅਤੇ ਗੁਰੂ ਕਾ ਬਜ਼ਾਰ (ਗੁਰੂ ਬਜ਼ਾਰ) ਵੀ ਸਥਾਪਿਤ ਕੀਤਾ। ਮੌਜੂਦਾ ਸਮੇਂ ਇਥੇ ਵੱਖ-ਵੱਖ ਵਸਤਾਂ ਦਾ ਵਪਾਰ ਹੁੰਦਾ ਹੈ। ਗੁਰੂ ਜੀ ਦੁਆਰਾ ਇਹ ਸਾਰੇ ਕਾਰਜ ਵਿਧੀਵਤ ਢੰਗ ਨਾਲ ਨੇਪਰੇ ਚੜ੍ਹਾਏ ਗਏ। ਅੱਜ ਵੀ ਇਹ ਸ਼ਹਿਰ ਪੂਰੇ ਵਿਸ਼ਵ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੀ ਨਗਰੀ ਵਜੋਂ ਜਾਣਿਆ ਜਾਂਦਾ ਹੈ।

**ਹਵਾਲੇ :**

**੧.** Teja Singh Ganda Singh, *A Short History of the Sikhs,* Vol. I, Publication Bureau

Punjabi University, Patiala, 2006, p. 24.
**੨.** ਮਹਾਂਕਵੀ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਰਾਸ ਦੂਜੀ ਵਿਚੋਂ* ਸ੍ਰੀ ਗੁਰੂ ਰਾਮਦਾਸ ਜੀ ਦਾ ਜੀਵਨ ਬਿਰਤਾਂਤ, (ਸੰਪਾ.) ਡਾ. ਕਿਰਪਾਲ ਸਿੰਘ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੧੧ ਪੰਨਾ ੧੯੨.
**੩.** ਗਿਆਨੀ ਕਿਰਪਾਲ ਸਿੰਘ, *ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ,* ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੧੦, ਪੰਨਾ ੧੮.
**੪.** ਮਹਾਂਕਵੀ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਰਾਸ ਦੂਜੀ ਵਿਚੋਂ ਸ੍ਰੀ ਗੁਰੂ ਰਾਮਦਾਸ ਜੀ ਦਾ ਜੀਵਨ ਬਿਰਤਾਂਤ, (ਸੰਪਾ.) ਡਾ. ਕਿਰਪਾਲ ਸਿੰਘ, ਪੰਨਾ ੧੯੨.
**੫.** ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* (ਸੰਪਾ.) ਪਿਆਰਾ ਸਿੰਘ ਪਦਮ, ਸਿੰਘ ਬ੍ਰਦਰਜ਼ ਅੰਮ੍ਰਿਤਸਰ, ੧੯੯੭, ਪੰਨਾ ੭੦.
**੬.** ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ,* ਭਾਗ ਪਹਿਲਾ, ਪੰਨਾ ੩੬੭; ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਨਾ ੧੦੧; ਰਿਪੋਰਟ ਸ੍ਰੀ ਦਰਬਾਰ ਸਾਹਿਬ, ਪੰਨਾ ੭.
**੭.** ਕਵੀ ਕੰਕਣ, *ਦਸ ਗੁਰ ਕਥਾ* (ਸੰਪਾ.) ਡਾ. ਕਿਰਪਾਲ ਸਿੰਘ, *ਖਾਲਸਾ ਸਮਾਚਾਰ,* ਹਾਲ ਬਾਜ਼ਾਰ ਸ੍ਰੀ ਅੰਮ੍ਰਿਤਸਰ, ਅਗਸਤ ੧੯੬੭, ਪੰਨਾ ੧੮-੧੯.
**੮.** ਮਹਾਂਕਵੀ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਰਾਸ ਦੂਜੀ ਵਿਚੋਂ ਸ੍ਰੀ ਗੁਰੂ ਰਾਮਦਾਸ ਜੀ ਦਾ ਜੀਵਨ ਬਿਰਤਾਂਤ, (ਸੰਪਾ.) ਡਾ. ਕਿਰਪਾਲ ਸਿੰਘ, ਪੰਨਾ ੧੯੪.
**੯.** ਉਹੀ, ਪੰਨਾ ੨੦੦.
**੧੦.** ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼* (ਸੰਪਾ.), ਗੋਬਿੰਦ ਸਿੰਘ ਲਾਂਬਾ, ਖਜ਼ਾਨ ਸਿੰਘ, ਭਾਗ ਦੂਜਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ੧੯੭੧, ਪੰਨਾ ੨੯੨.
**੧੧.** ਮਹਾਂਕਵੀ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਰਾਸ ਦੂਜੀ ਵਿਚੋਂ ਸ੍ਰੀ ਗੁਰੂ ਰਾਮਦਾਸ ਜੀ ਦਾ ਜੀਵਨ ਬਿਰਤਾਂਤ, (ਸੰਪਾ.) ਡਾ. ਕਿਰਪਾਲ ਸਿੰਘ, ਪੰਨਾ ੨੦੨.
**੧੨.** ਗਿ: ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ,* ਭਾਗ ਪਹਿਲਾ, ਪੰਨਾ ੩੬੮.
**੧੩.** ਮਹਾਂਕਵੀ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਰਾਸ ਦੂਜੀ ਵਿਚੋਂ ਸ੍ਰੀ ਗੁਰੂ ਰਾਮਦਾਸ ਜੀ ਦਾ ਜੀਵਨ ਬਿਰਤਾਂਤ, (ਸੰਪਾ.) ਡਾ. ਕਿਰਪਾਲ ਸਿੰਘ, ਪੰਨਾ ੨੦੨.
**੧੪.** ਉਹੀ, ਪੰਨਾ ੨੧੮.
**੧੫.** ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* ਪੰਨਾ ੭੧.
**੧੬.** ਵਾਰਾਂ ਭਾਈ ਗੁਰਦਾਸ ਜੀ, ਵਾਰ ੧, ਪਉੜੀ ੪੭.
**੧੭.** ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* ਪੰਨਾ ੭੧.
**੧੮.** ਗਿਆਨੀ ਕਿਰਪਾਲ ਸਿੰਘ, *ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ,* ਪੰਨਾ ੨੦.
**੧੯.** ਕਵੀ ਕੰਕਣ, *ਦਸ ਗੁਰ ਕਥਾ* (ਸੰਪਾ.), ਡਾ. ਕਿਰਪਾਲ ਸਿੰਘ, ਪੰਨਾ ੧੯.
**੨੦.** ਸ. ਕਰਮ ਸਿੰਘ ਹਿਸਟੋਰੀਅਨ, *ਅੰਮ੍ਰਿਤਸਰ ਦੀ ਤਵਾਰੀਖ,* ਪੰਨਾ ੧੧.
**੨੧.** ਗਿ. ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ,* ਭਾਗ ਪਹਿਲਾ, ਪੰਨਾ ੩੬੮.

ਨਾਮ ਜਪੋ, ਕਿਰਤ ਕਰੋ, ਵੰਡ ਛਕੋ

# ਲਾਵਾਂ ਬਾਣੀ : ਸਿਧਾਂਤਕ ਅਧਿਐਨ

*-ਡਾ. ਪਲਵਿੰਦਰ ਕੌਰ**

'ਸਿੱਖ ਰਹਿਤ ਮਰਯਾਦਾ' ਅਨੁਸਾਰ ਸਿੱਖ ਦੇ ਜੀਵਨ ਵਿਚ ਚਾਰ ਮੁੱਖ ਸੰਸਕਾਰ ਹਨ। ਸੰਸਕਾਰ ਦਾ ਅਰਥ ਸ਼ੁਧ ਕਰਨਾ, ਮਾਂਜਨਾ ਅਤੇ ਪਵਿੱਤਰ ਕਰਨਾ ਹੈ। ਸੰਸਕਾਰ ਵਿਅਕਤੀ ਨੂੰ ਅੰਦਰੂਨੀ ਅਤੇ ਮਾਨਸਿਕ ਰੂਪ ਵਿਚ ਪਵਿੱਤਰਤਾ ਪ੍ਰਦਾਨ ਕਰਦੇ ਹਨ। ਸੰਸਕਾਰਾਂ ਨਾਲ ਵਿਅਕਤੀ ਨੂੰ ਆਪਣੀ ਸਭਿਅਤਾ ਤੇ ਸੰਸਕ੍ਰਿਤੀ ਦਾ ਗਿਆਨ ਹੁੰਦਾ ਹੈ ਅਤੇ ਇਨ੍ਹਾਂ ਪ੍ਰਤੀ ਆਸਥਾ ਉਤਪੰਨ ਹੁੰਦੀ ਹੈ। ਸੰਸਕਾਰ, ਵਿਅਕਤੀ ਦੇ ਜਨਮ ਤੋਂ ਸ਼ੁਰੂ ਹੋ ਕੇ ਵਿੱਦਿਆ ਪ੍ਰਾਪਤੀ, ਧਰਮ ਪ੍ਰਵੇਸ਼, ਵਿਆਹ ਅਤੇ ਮੌਤ ਨਾਲ ਸੰਬੰਧਿਤ ਹੁੰਦੇ ਹਨ। ਇਨ੍ਹਾਂ ਵਿਚਲੇ ਵਿਆਹ ਸੰਸਕਾਰ, ਜਿਸ ਨੂੰ ਸਿੱਖ ਧਰਮ ਵਿਚ ਅਨੰਦ ਸੰਸਕਾਰ ਕਿਹਾ ਗਿਆ ਹੈ, ਦੀ ਸੰਖੇਪ ਚਰਚਾ ਹੇਠ ਦਿੱਤੇ ਅਨੁਸਾਰ ਹੈ।

ਵਿਆਹ, ਜ਼ਿੰਦਗੀ ਦੇ ਤਿੰਨ ਪੜਾਵਾਂ (ਜਨਮ, ਵਿਆਹ ਅਤੇ ਮੌਤ) ਵਿੱਚੋਂ ਪ੍ਰਫੁਲਤਾ ਦਾ ਸਿਖਰਲਾ ਪੜਾਅ ਹੈ, ਜਿਹੜਾ ਮਨੁੱਖਾ ਜੀਵਨ ਦੇ ਵਿਗਸਣ ਪੱਖੋਂ ਬਹੁਤ ਮਹੱਤਵਪੂਰਨ ਹੈ। ਵਿਆਹ ਮਨੁੱਖ ਦੇ ਜੀਵਨ ਪਰਿਵਰਤਨ ਦਾ ਸਮਾਂ ਕਿਹਾ ਜਾ ਸਕਦਾ ਹੈ, ਜਿਸ ਵਿਚ ਨਵ-ਜ਼ਿੰਦਗੀ ਦੀਆਂ ਨਵੀਆਂ ਸਾਂਝਾ, ਸੋਚਾਂ, ਗਰਜਾਂ ਅਤੇ ਜ਼ਿੰਮੇਵਾਰੀਆਂ ਦੀ ਸ਼ੁਰੂਆਤ ਹੁੰਦੀ ਹੈ। ਭਾਰਤੀ ਸੰਸਕ੍ਰਿਤੀ ਵਿਚ ਵਿਆਹ ਸਮਾਜਿਕ ਸੰਸਕਾਰ ਦੇ ਨਾਲ਼-ਨਾਲ਼ ਧਾਰਮਿਕ ਸੰਸਕਾਰ ਵੀ ਹੈ। ਇਸ ਦਾ ਕਾਰਨ ਇਸ ਪ੍ਰਬੰਧ ਦਾ ਧਾਰਮਿਕ ਰਮਸਾਂ ਨਾਲ਼ ਸੰਪੰਨ ਹੋਣਾ ਹੈ।

ਗੁਰਮਤਿ ਵਿਚ ਗ੍ਰਹਿਸਤ ਜੀਵਨ ਨੂੰ ਪ੍ਰਧਾਨਤਾ ਦਿੱਤੀ ਗਈ ਹੈ। ਇਸ ਤੱਥ ਦਾ ਜਾਇਜ਼ਾ ਇਸ ਗੱਲ ਤੋਂ ਵੀ ਲਿਆ ਜਾ ਸਕਦਾ ਹੈ ਕਿ ਗੁਰਬਾਣੀ ਵਿਚ ਗੁਰੂ ਸਾਹਿਬਾਨ ਆਪਣੇ ਆਪ ਨੂੰ ਇਸਤਰੀ ਰੂਪ ਹੋ ਕੇ ਮੁਖਾਤਿਬ ਹੁੰਦੇ ਹਨ। ਗੁਰਬਾਣੀ ਵਿਚ ਗੁਰੂ ਸਾਹਿਬਾਨ ਨੇ ਪਰਮਾਤਮਾ ਨੂੰ ਭਤਾਰ, ਪ੍ਰਭੂ, ਪ੍ਰੀਤਮ, ਪਿਰ, ਕੰਤ, ਸੁਆਮੀ, ਸਹੁ, ਸਾਹਿਬ ਆਦਿ ਕਥਨਾਂ ਰਾਹੀਂ ਪੇਸ਼ ਕੀਤਾ ਹੈ। ਗੁਰੂ ਸਾਹਿਬਾਨ ਆਪਣੇ ਆਪ ਨੂੰ ਪਰਮਾਤਮਾ ਦੀ ਨਾਰੀ, ਚੇਰੀ, ਦਾਸੀ, ਮੁੰਧ, ਕਾਮਣੀ ਆਦਿ ਕਹਿੰਦੇ ਹਨ।

ਸਿੱਖ ਧਰਮ ਅਨੁਸਾਰ ਵਿਆਹ ਦੀ ਰਸਮ ਨੂੰ ਅਨੰਦ ਕਾਰਜ ਕਿਹਾ ਜਾਂਦਾ ਹੈ, ਜਿਸ ਦਾ ਇਕ ਵੱਖਰਾ ਸਿਧਾਂਤ ਹੈ ਅਤੇ ਜਿਹੜਾ ਲਾਵਾਂ ਦੇ ਪਾਠ ਤੋਂ ਬਿਨਾਂ ਅਧੂਰਾ

**ਅਸਿਸਟੈਂਟ ਪ੍ਰੋਫੈਸਰ (ਧਰਮ ਅਧਿਐਨ), ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਸ੍ਰੀ ਫਤਿਹਗੜ੍ਹ ਸਾਹਿਬ। ਮੋ: ੯੬੪੬੦੦੪੧੫੧*

ਸਮਝਿਆ ਜਾਂਦਾ ਹੈ। ਜਦੋਂ ਤਕ ਅਨੰਦ ਕਾਰਜ ਵਿਚ ਲਾਵਾਂ ਦਾ ਪਾਠ ਨਹੀਂ ਕੀਤਾ ਜਾਂਦਾ, ਉਦੋਂ ਤਕ ਅਨੰਦ ਕਾਰਜ ਅਧੂਰਾ ਸਮਝਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੭੭੩-੭੪ 'ਤੇ ਸੂਹੀ ਰਾਗ ਦੇ ਛੰਤਾਂ ਵਿਚ ਹੀ ਲਾਵਾਂ ਦੇ ਚਾਰ ਛੰਤ ਆਉਂਦੇ ਹਨ। ਲਾਂਵ ਦਰਅਸਲ ਪ੍ਰਤੀਕ ਹੈ, ਇਕ ਅਜਿਹੀ ਲੰਮੀ, ਮਜ਼ਬੂਤ ਅਤੇ ਅਟੁੱਟ ਰੱਸੀ ਦਾ, ਜਿਸ ਨਾਲ ਪਸ਼ੂ ਨੂੰ ਨੂੜ ਕੇ ਬੰਨ੍ਹਿਆ ਜਾਂਦਾ ਹੈ। ਇਨ੍ਹਾਂ ਲਾਵਾਂ ਵਿਚ ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰਮਤਿ ਦੇ ਪੂਰੇ ਰਹੱਸਵਾਦ ਅਤੇ ਜੀਵਨ ਦੇ ਚਾਰ ਮਹੱਤਵਪੂਰਨ ਪੜਾਵਾਂ ਦਾ ਉਲੇਖ ਕੀਤਾ ਹੈ। ਇਸ ਬਾਣੀ ਦਾ ਪ੍ਰਧਾਨ ਸੁਰ ਅਧਿਆਤਮਿਕਤਾ ਅਤੇ ਭਗਤੀ ਭਾਵਨਾ ਦਾ ਹੈ ਜੋ ਵਿਸ਼ੇਸ਼ ਕਰਕੇ ਮਨੁੱਖ ਅਤੇ ਪਰਮਾਤਮਾ ਦੇ ਮਿਲਾਪ ਨਾਲ ਸੰਬੰਧਿਤ ਹੈ।

ਗੁਰੂ ਸਾਹਿਬ ਨੇ ਬਾਣੀ ਵਿਚ ਮਨੁੱਖਾ ਜੀਵਨ ਦਾ ਆਦਰਸ਼ ਪਰਮਾਤਮਾ ਪਤੀ ਨਾਲ ਜੀਵ ਇਸਤਰੀ ਦਾ ਮੇਲ ਦੱਸਿਆ ਹੈ। ਇਸ ਮੇਲ ਨੂੰ ਮੁਕੰਮਲ ਕਰਨ ਦੀ ਵਿਧੀ 'ਲਾਵਾਂ' ਰਾਹੀਂ ਵਰਣਨ ਕੀਤੀ ਗਈ ਹੈ। 'ਲਾਵਾਂ' ਦੇ ਦੋਹਰੇ ਅਰਥ ਕੀਤੇ ਜਾਂਦੇ ਹਨ। ਇਕ ਪਾਸੇ ਇਸਤਰੀ-ਪੁਰਸ਼ ਦੇ ਵਿਆਹ ਵਾਲਾ ਅਰਥ ਹੈ ਅਤੇ ਦੂਜੇ ਪਾਸੇ ਜੀਵ ਆਤਮਾ ਦਾ ਪਰਮਾਤਮਾ ਨਾਲ ਮੇਲ ਹੈ। ਇਸਤਰੀ-ਪੁਰਸ਼ ਦੀ ਵਿਵਹਾਰਿਕ ਜ਼ਿੰਦਗੀ ਆਤਮਾ ਤੇ ਪਰਮਾਤਮਾ ਮੇਲ ਦੇ ਨਮੂਨੇ 'ਤੇ ਢਲਦੀ ਹੈ। ਪਰਮਾਰਥ ਵਿਚ ਜਿਵੇਂ ਪਹਿਲਾਂ ਡਰ, ਫਿਰ ਪ੍ਰੇਮ, ਫਿਰ ਵੈਰਾਗ ਅਤੇ ਫਿਰ ਸਹਿਜ ਦੀ ਅਵਸਥਾ ਆਉਂਦੀ ਹੈ, ਇਸੇ ਤਰ੍ਹਾਂ ਇਸਤਰੀ-ਪੁਰਸ਼ ਦੀ ਜ਼ਿੰਦਗੀ ਲਈ ਡਰ, ਪ੍ਰੇਮ, ਵੈਰਾਗ ਤੇ ਸਹਿਜ ਦੀ ਅਵਸਥਾ ਬਿਆਨ ਕੀਤੀ ਗਈ ਹੈ।

'ਸਿੱਖ ਰਹਿਤ ਮਰਯਾਦਾ' ਅਨੁਸਾਰ ਅਨੰਦ ਸੰਸਕਾਰ ਦੇ ਕੁਝ ਜ਼ਰੂਰੀ ਨਿਯਮ ਹਨ ਜਿਵੇਂ: ਸਿੱਖ-ਸਿੱਖਣੀ ਦਾ ਵਿਆਹ ਬਿਨਾਂ ਜਾਤ-ਪਾਤ, ਗੋਤ ਵਿਚਾਰੇ ਹੋਣਾ ਚਾਹੀਦਾ ਹੈ; ਸਿੱਖ ਦੀ ਪੁੱਤਰੀ ਦਾ ਵਿਆਹ ਸਿੱਖ ਨਾਲ ਹੀ ਹੋਵੇ; ਸਿੱਖ ਦਾ ਵਿਆਹ ਅਨੰਦ ਰੀਤ ਨਾਲ ਹੋਵੇ।

**ਲਾਵਾਂ : ਅਰਥ**

ਵਿਦਵਾਨਾਂ ਨੇ ਲਾਵ ਸ਼ਬਦ ਦੇ ਕਈ ਅਰਥ ਦੱਸੇ ਹਨ। 'ਮਹਾਨ ਕੋਸ਼' ਅਨੁਸਾਰ ਤੋੜਨ ਦੀ ਕ੍ਰਿਆ ਵਿਆਹ ਸਮੇਂ ਦੀ ਪਰਿਕਰਮਾ ਜਿਸ ਦੁਆਰਾ ਪਿਤਾ ਦੇ ਘਰ ਨਾਲੋਂ ਸੰਬੰਧ ਤੋੜ ਕੇ ਪਤੀ ਨਾਲ ਜੋੜਿਆ ਜਾਂਦਾ ਹੈ। ਹੋਰਨਾਂ ਨਾਲੋਂ ਤੋੜ ਕੇ ਉਹ ਕ੍ਰਿਆ ਜਿਸ ਨਾਲ ਪਤੀ ਤੇ ਪਤਨੀ ਨੂੰ ਆਪਸ ਵਿਚ ਪਰਸਪਰ ਜੋੜਿਆ ਜਾਵੇ ਜਾਂ ਉਹ ਪਵਿੱਤਰ ਬੰਧਨ ਜਿਸ ਨਾਲ ਦੰਪਤੀ ਨੂੰ ਬੰਨ੍ਹਿਆ ਜਾ ਸਕੇ।

ਲਾਵ ਪਦ ਲੂ ਧਾਤੂ ਤੋਂ ਬਣਿਆ ਹੈ, ਜਿਸ ਦੇ ਅਰਥ ਕਟਣਾ ਹਨ। ਉਹ ਕ੍ਰਿਆ ਜਿਸ ਤੋਂ ਦੰਪਤੀ ਦਾ ਵਿਸ਼ੇਸ਼ ਸੰਬੰਧ ਹੋਰਾਂ ਨਾਲੋਂ ਟੁੱਟ ਕੇ ਕੇਵਲ ਆਪਣੇ ਪਤੀ ਪਰਮੇਸ਼ਰ ਨਾਲ ਪੱਕਾ ਹੋ ਜਾਵੇ। ਪਰਿਕਰਮਾ ਕਰਨੀ, ਪਰਦਖਣਾ ਜਾਂ ਫੇਰੇ ਲੈਣਾ ਆਪਣੇ ਇਸ਼ਟ ਤੋਂ ਕੁਰਬਾਨ ਹੋਣ ਦੀ ਪ੍ਰਤੱਗਿਆ ਦਾ ਪ੍ਰਤੀਕ ਹੈ।

ਲਾਵਾਂ ਲੈਣਾ ਪਰਵਿਰਤੀ ਕਰਮਾਂ ਵਿਚ ਪ੍ਰਵੇਸ਼ ਹੋਣਾ ਹੈ, ਪਰੰਤੂ ਗੁਰਮਤਿ ਅਨੁਸਾਰ ਪਰਵਿਰਤੀ ਵਿਚ ਨਿਰਵਿਰਤੀ ਵੀ ਲੁਕੀ ਹੋਈ ਹੈ। ਪਰਵਿਰਤੀ ਦਾ ਨਿਸ਼ਾਨਾ ਝੂਠ ਆਦਿ ਤੋਂ ਬਚ ਕੇ ਮਨ ਨੂੰ ਪ੍ਰਭੂ ਪ੍ਰੇਮ ਦੇ ਮੰਡਲ ਵਿਚ ਟਿਕਾਉਂਦਾ ਹੈ। ਮਨੁੱਖ ਨੇ ਆਪਣੇ ਆਪ ਨੂੰ ਮਾਇਕ ਪਦਾਰਥਾਂ ਤੇ ਵਿਕਾਰਾਂ ਦੀ ਰੱਸੀ ਵਿਚ ਬੰਨ੍ਹਣਾ ਨਹੀਂ ਹੈ ਅਤੇ ਨਾ ਹੀ ਮੋਹ ਤੇ ਤ੍ਰਿਸ਼ਨਾ ਵਿਚ ਖਚਿਤ ਹੋਣਾ ਹੈ। ਉਸ ਨੇ ਮਾਇਆ-ਮੋਹ ਤੋਂ ਨਿਰਲੇਪ ਹੋ ਕੇ ਇਕ ਅਜਿਹੀ ਮੰਜ਼ਿਲ 'ਤੇ ਪਹੁੰਚਣਾ ਹੈ ਜਿੱਥੇ ਗਮੀ-ਖੁਸ਼ੀ, ਦੁਖ-ਸੁਖ, ਮਾਨ-ਅਪਮਾਨ, ਉਸਤਤਿ-ਨਿੰਦਾ, ਰੋਗ-ਸੋਗ ਤੇ ਲੋਭ-ਮੋਹ ਆਦਿ ਆ ਨਹੀਂ ਸਕਦੇ।

**ਲਾਵਾਂ : ਸਰੂਪ**

ਲਾਵਾਂ ਦਾ ਸਰੂਪ ਨਿਰੋਲ ਰੂਪ ਵਿਚ ਅਧਿਆਤਮਿਕ ਹੈ, ਜਿਸ ਦਾ ਦੁਨਿਆਵੀ ਪਰਪੰਚ ਨਾਲ ਕੋਈ ਸੰਬੰਧ ਨਹੀਂ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਅਕਾਲ ਪੁਰਖ ਵਾਹਿਗੁਰੂ ਨੂੰ ਸੰਬੋਧਿਤ ਹੁੰਦੇ ਹੋਏ ਅਧਿਆਤਮਿਕ ਪੱਖ ਤੋਂ ਲਾਵਾਂ ਉਚਾਰਨ ਕੀਤੀਆਂ। ਅਸਲ ਵਿਚ ਗੁਰਬਾਣੀ ਵਿਚਲੀਆਂ ਇਹ ਚਾਰੇ ਲਾਵਾਂ ਵਾਹਿਗੁਰੂ ਪ੍ਰਾਪਤੀ ਲਈ ਚਾਰ ਪੜਾਅ ਹਨ। ਇਹੀ ਚਾਰੇ ਪੜਾਅ ਸ੍ਰੀ ਜਪੁ ਜੀ ਸਾਹਿਬ ਵਿਚ ਅਧਿਆਤਮਿਕ ਅਵਸਥਾ ਦੇ ਦੱਸੇ ਗਏ ਹਨ। ਜਪੁ ਜੀ ਸਾਹਿਬ ਵਿਚ ਦਰਸਾਇਆ ਗਿਆ ਹੈ ਕਿ ਪੰਜਵਾਂ ਖੰਡ ਪ੍ਰਭੂ ਦਾ ਖੰਡ ਹੈ, ਕਿਉਂਕਿ ਉਸ ਵਿਚ ਕੋਈ ਆਤਮਿਕ ਵਿਕਾਸ ਨਹੀਂ ਹੁੰਦਾ, ਬਲਕਿ ਉਹ ਤਾਂ ਅਨੰਦ ਦਾ ਖੰਡ ਹੈ।

**ਲਾਵਾਂ : ਆਤਮਿਕ ਵਿਕਾਸ**

ਪਹਿਲੀ ਲਾਵ ਵਿਚ ਬਾਣੀ ਪੜ੍ਹਨ ਅਤੇ ਵਿਚਾਰਨ ਉੱਪਰ ਜ਼ੋਰ ਦਿੱਤਾ ਗਿਆ ਹੈ। ਗੁਰੂ ਸਾਹਿਬ ਨੇ ਪਹਿਲੇ ਅਧਿਆਤਮਿਕ ਪੜਾਅ 'ਤੇ ਨਿਰੋਲ ਪਰਵਿਰਤੀ ਕਰਮਾਂ 'ਤੇ ਜ਼ੋਰ ਦਿੱਤਾ ਹੈ। ਦੂਜੇ ਸ਼ਬਦਾਂ ਵਿਚ ਪਹਿਲੀ ਲਾਵ ਵਿਚ ਮੂਲ ਅਵਸਥਾ ਆਪਣੇ ਧਰਮ ਕਰਮ ਵਿਚ ਪੂਰੀ ਤਰ੍ਹਾਂ ਦ੍ਰਿੜ੍ਹ ਹੋਣ ਦੀ ਅਤੇ ਵਿਸ਼ਵਾਸ ਦੀ ਪਕਿਆਈ ਦੀ ਹੈ:

*ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ॥*
*ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ॥*
*ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ॥*
*ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੭੩)*

ਅਸਲ ਵਿਚ ਸੰਸਾਰ ਵਿਚ ਕਰਮਾਂ ਦੇ ਦੋ ਪੱਖ ਦੱਸੇ ਗਏ ਹਨ- ਪਰਵਿਰਤੀ ਅਤੇ ਨਿਰਵਿਰਤੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਵਿਰਤੀ ਦੇ ਅਰਥ ਮਨ ਦੀ ਤਰੰਗ, ਧਿਆਨ, ਸੁਰਤਿ, ਅੰਤਹਕਰਣ ਦੀ ਲਹਿਰ ਆਦਿ ਹਨ। ਜਦਕਿ ਪਰ ਦੇ ਅਰਥ ਭਿੰਨ, ਵੱਖ ਹਨ। ਸੋ ਪਰਵਿਰਤੀ ਤੋਂ ਭਾਵ ਅਜਿਹੀ ਬਿਰਤੀ ਹੈ ਜਿਸ ਵਿਚ ਮਨ ਦੀਆਂ ਵੱਖ-ਵੱਖ ਤਰੰਗਾਂ ਹੋਣ। ਪਰਵਿਰਤੀ ਪੱਖ ਉਹ ਹੈ, ਜਿਸ ਕਾਰਨ ਮਨ ਵਿਚ ਤਰੰਗਾਂ-ਇੱਛਾਵਾਂ ਜਨਮ ਲੈਂਦੀਆਂ

ਹਨ। ਇਨ੍ਹਾਂ ਕਰਕੇ ਹੀ ਗ੍ਰਹਿਸਤੀ ਜੀਵਨ ਚਲਦਾ ਹੈ। ਪਰਵਿਰਤੀ ਕਰਮ ਉਸ ਮਰਯਾਦਾ ਦਾ ਨਾਮ ਹੈ, ਜਿਸ ਨਾਲ ਪੁਰਸ਼ ਅਤੇ ਇਸਤਰੀ ਨੇ ਆਪਣੇ ਧਰਮ ਅਨੁਸਾਰ ਧਰਮ ਸੰਜੋਗੀ ਬਣ ਕੇ ਗ੍ਰਹਿਸਤ ਜੀਵਨ ਵਿਚ ਵਿਚਰਨਾ ਹੈ। ਅਧਰਮ ਦਾ ਤਿਆਗ ਤੇ ਧਰਮ ਨੂੰ ਧਾਰਨ ਕਰਨਾ ਹੈ। ਗੁਰਬਾਣੀ ਰਾਹੀਂ ਪਾਪਾਂ ਨੂੰ ਤਿਆਗਣ ਤੇ ਨਾਮ ਦ੍ਰਿੜ੍ਹ ਕਰਨ ਦੀ ਪ੍ਰੇਰਨਾ ਮਿਲਦੀ ਹੈ। ਗੁਰਬਾਣੀ ਦੀ ਸਿੱਖਿਆ 'ਤੇ ਚੱਲਣ ਵਾਲਾ ਪਰਮਾਰਥੀ ਸਹਿਜ ਅਨੰਦ ਵਾਲਾ ਅਤੇ ਵੱਡੇ ਭਾਗਾਂ ਵਾਲਾ ਬਣ ਜਾਂਦਾ ਹੈ। ਗੁਰਮਤਿ ਵਿਚ ਪਰਵਿਰਤੀ ਕਰਮ ਦੀ ਪ੍ਰਵੇਸ਼ਤਾ ਵਿੱਚੋਂ ਸਫਲ ਹੋਣਾ ਪ੍ਰਭੂ ਪ੍ਰਾਪਤੀ ਦਾ ਪਹਿਲਾ ਪੜਾਅ ਹੈ। ਗੁਰੂ ਸਾਹਿਬ ਇਸ ਲਾਵ ਰਾਹੀਂ ਉਪਦੇਸ਼ ਦਿੰਦੇ ਹਨ ਕਿ ਪੂਰੇ ਗੁਰੂ ਨੂੰ ਇਸ ਤਰ੍ਹਾਂ ਆਰਾਧਹੁ ਕਿ ਮਨੁੱਖ ਦੇ ਸਮੁੱਚੇ ਪਾਪ ਕੱਟੇ ਜਾਣ ਅਤੇ ਮਨ ਵਿਚ ਉਸ ਪਰਮਾਤਮਾ ਦਾ ਨਾਮ ਵੱਸ ਜਾਏ।

ਦੂਜੀ ਲਾਵ ਪ੍ਰੇਮ ਦੀ ਅਵਸਥਾ ਦ੍ਰਿੜ੍ਹ ਕਰਵਾਉਂਦੀ ਹੈ। ਦੂਜੀ ਲਾਵ ਵਿਚ ਸਤਿਗੁਰੂ ਨਾਲ ਮੇਲ ਸਥਾਪਿਤ ਹੁੰਦਾ ਦਰਸਾਇਆ ਗਿਆ ਹੈ, ਜਿਸ ਕਾਰਨ ਮਨ ਅੰਦਰ ਵਸਿਆ ਡਰ ਅਤੇ ਹਉਮੈਂ ਦੀ ਮੈਲ ਦੀਆਂ ਪਰਤਾਂ ਦੂਰ ਹੋ ਗਈਆਂ। ਭਾਵ ਕਿ ਜਦੋਂ ਗੁਰੂ ਦੇ ਆਸਰੇ ਮਨੁੱਖ ਪਰਵਿਰਤੀ ਕਰਮਾਂ ਵਿੱਚੋਂ ਨਿਕਲਦਾ ਹੈ ਤਾਂ ਉਸਦੇ ਸਾਰੇ ਭਰਮ ਤੇ ਭੈ ਮਾਇਕੀ ਪਦਾਰਥਾਂ ਦੇ ਝੋਰੇ ਤੇ ਹੋਰ ਸਭ ਝਗੜੇ ਮੁੱਕ ਜਾਂਦੇ ਹਨ। ਵਿਸ਼ਿਆਂ ਦੀ ਕੁੜੱਤਣ ਖਤਮ ਹੋ ਜਾਂਦੀ ਹੈ ਅਤੇ ਨਾਮ ਮਿੱਠਾ ਲੱਗਣ ਲੱਗ ਪੈਂਦਾ ਹੈ। ਸਤਿਗੁਰੂ ਨਾਲ ਨਿਰਮਲ ਪਿਆਰ ਦੀ ਬਖ਼ਸ਼ਿਸ਼ ਹੋ ਜਾਂਦੀ ਹੈ, ਜਿਸ ਸਦਕਾ ਜਗਿਆਸੂ ਅੰਦਰ ਇਕ ਨਵਾਂ ਪਰਿਵਰਤਨ ਆ ਜਾਂਦਾ ਹੈ। ਹਉਮੈਂ ਦੂਰ ਹੋਣ 'ਤੇ ਆਤਮਿਕ ਉਤਸ਼ਾਹ ਪੈਦਾ ਹੁੰਦਾ ਹੈ। ਨਿਰਮਲ ਭੈਅ ਮਨੁੱਖ ਨੂੰ ਜੀਵਨ ਵਿਚ ਹਰ ਪ੍ਰਕਾਰ ਦੇ ਡਿਗਾਅ ਤੋਂ ਬਚਾਉਂਦਾ ਹੈ। ਦਰਅਸਲ, ਜਗਿਆਸੂ ਨੂੰ ਵਾਹਿਗੁਰੂ ਦੇ ਭੈਅ ਵਿਚ ਵਿਚਰ ਕੇ ਪ੍ਰਭੂ ਦੀ ਕੀਰਤੀ ਕਰਨੀ ਹੀ ਵਿਸ਼ੇ-ਵਾਸ਼ਨਾ ਤੇ ਮਾਇਕੀ ਪ੍ਰਭਾਵ ਤੋਂ ਬਚਾ ਸਕਦੀ ਹੈ। ਸੋ ਨਾਮ ਜਪ ਕੇ ਨਿਰਮਲ ਭੈਅ ਪ੍ਰਾਪਤ ਕਰਨਾ ਦੂਜੀ ਲਾਵ ਦਾ ਮੁੱਖ ਸੰਕੇਤ ਹੈ। ਹਰ ਵੇਲੇ ਪ੍ਰਭੂ ਨੂੰ ਹਾਜ਼ਰ-ਨਾਜ਼ਰ ਸਮਝ ਕੇ ਸੰਤਾਂ ਦੀ ਸੰਗਤ ਵਿਚ ਮਿਲ ਕੇ ਪ੍ਰਭੂ ਦੇ ਮੰਗਲ ਗਾਉਣ ਨਾਲ ਜੀਵ ਆਤਮਾ ਦਾ ਭਲਾ ਹੁੰਦਾ ਹੈ। ਇਸ ਅਧਿਆਤਮਿਕ ਅਵਸਥਾ ਦੇ ਦੂਜੇ ਪੜਾਅ ਵਿਚ ਅਨਹਦ ਸ਼ਬਦ ਵਜਣ ਲਗ ਜਾਂਦੇ ਹਨ:

*ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ॥*
*ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ॥...*
*ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ॥*
*ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੭੪)*

ਤੀਜੀ ਲਾਵ ਵੈਰਾਗ ਦੀ ਅਵਸਥਾ ਹੈ, ਜਿਸ ਵਿਚ ਹਰੀ ਪ੍ਰਭੂ ਦੀ ਮਿਹਰ ਅਤੇ ਕਿਰਪਾ ਸਦਕਾ ਜਗਿਆਸੂ ਦੇ ਮਨ ਵਿਚ ਵੈਰਾਗ ਉਤਪੰਨ ਹੁੰਦਾ ਹੈ। ਇੱਥੇ ਵੈਰਾਗ

ਤੋਂ ਭਾਵ ਉਪਰਾਮਤਾ ਤੋਂ ਹੈ। ਜਗਿਆਸੂ ਜਦੋਂ ਦੋ ਲਾਵਾਂ ਵਿਚਲੀਆਂ ਅਵਸਥਾਵਾਂ ਵਿਚ ਨਾਮ ਪ੍ਰਪੱਕ ਕਰਨ ਦੇ ਨਾਲ-ਨਾਲ ਅਨਹਦ ਸ਼ਬਦ ਸੁਣਨ ਲੱਗ ਜਾਂਦਾ ਹੈ ਤਾਂ ਤੀਸਰੀ ਲਾਵ (ਅਵਸਥਾ) ਵਿਚ ਪ੍ਰਵੇਸ਼ ਕਰਨ ਨਾਲ ਉਸ ਦੇ ਮਨ ਦੀ ਜੋ ਹਾਲਤ ਹੁੰਦੀ ਹੈ, ਉਹ ਇਸ ਪੜਾਅ ਵਿਚ ਬਿਆਨ ਕੀਤੀ ਗਈ ਹੈ। ਇੱਥੇ ਜਗਿਆਸੂ ਪ੍ਰਭੂ ਪਰਮਾਤਮਾ ਦੇ ਵੈਰਾਗ ਵਿਚ ਪ੍ਰਭੂ ਮਿਲਾਪ ਲਈ ਬਹਿਬਲ ਹੋ ਉਠਦਾ ਹੈ:

*ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ॥...*
*ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ॥*
*ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੭੪)*

ਵੈਰਾਗ ਅਸਲ ਵਿਚ ਇਕ ਮੁਹੱਬਤ ਵਾਲੇ ਰਾਗ ਦਾ ਅਭਾਵ ਹੈ। ਇਸ ਅਵਸਥਾ ਵਿਚ ਅਕਾਲ ਪੁਰਖ ਜਗਿਆਸੂ ਨੂੰ ਸੰਤ ਜਨਾਂ ਦਾ ਮੇਲ ਕਰਵਾ ਕੇ ਵਡਭਾਗੀ ਹੋਣ ਦਾ ਮੌਕਾ ਬਖਸ਼ਦਾ ਹੈ।

ਚੌਥੀ ਲਾਵ ਸਹਿਜ ਅਵਸਥਾ ਦੀ ਪ੍ਰਤੀਕ ਹੈ। ਦੂਜੇ ਸ਼ਬਦਾਂ ਵਿਚ ਚੌਥੀ ਲਾਵ ਪ੍ਰਭੂ ਪ੍ਰਾਪਤੀ ਦੀ ਅਵਸਥਾ ਹੈ। ਸਹਿਜ ਤੋਂ ਭਾਵ ਹੈ ਜੀਵ ਆਤਮਾ ਦੀ ਅਸਲੀ ਆਤਮਿਕ ਅਵਸਥਾ ਹੈ। ਇਸ ਪੜਾਅ ਵਿਚ ਜਗਿਆਸੂ ਦਾ ਅਕਾਲ ਪੁਰਖ ਨਾਲ ਮੇਲ ਹੁੰਦਾ ਹੈ। ਇਹ ਸਹਿਜ ਅਵਸਥਾ ਸਭ ਅਵਸਥਾਵਾਂ ਤੋਂ ਨਿਆਰੀ ਹੈ, ਜਿਹੜੀ ਕਿਸੇ ਵਿਰਲੇ ਗੁਰਮੁਖ ਨੂੰ ਹੀ ਪ੍ਰਾਪਤ ਹੁੰਦੀ ਹੈ। ਗੁਰੂ ਕਿਰਪਾ ਦੁਆਰਾ ਇਸ ਆਤਮਿਕ ਵਿਆਹ ਦੌਰਾਨ ਹਿਰਦੇ ਵਿਚ ਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ। ਜਗਿਆਸੂ ਨੂੰ ਅਵਿਨਾਸ਼ੀ ਅਵਸਥਾ ਪ੍ਰਾਪਤ ਹੁੰਦੀ ਹੈ, ਜਿਸ ਕਾਰਨ ਉਸ ਦਾ ਚਿਤ ਸਹਿਜ ਅਵਸਥਾ ਵਿਚ ਵਿਚਰਦਾ ਹੈ। ਇੱਥੇ ਹੀ *ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ* ਦੀ ਅਵਸਥਾ ਆ ਜਾਂਦੀ ਹੈ:

*ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ॥*
*ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ॥*
*ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ॥*
*ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ॥*
*ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ॥*
*ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੭੪)*

ਸਾਰੰਸ਼ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਸਿੱਖ ਧਰਮ ਵਿਚ ਆਪਣੇ ਸ੍ਵੈ ਦੀ ਪਹਿਚਾਣ ਜਾਂ ਆਪਣੇ ਆਪੇ ਨੂੰ ਅਨੁਭਵ ਕਰਨ ਜਾਂ ਆਤਮਿਕ ਵਿਕਾਸ ਕਰਨ ਲਈ ਉਪਰੋਕਤ ਲਿਖੀਆਂ ਚਾਰ ਲਾਵਾਂ ਇਕ ਤਰ੍ਹਾਂ ਦਾ ਸਾਧਨ ਹਨ। ਇਨ੍ਹਾਂ 'ਤੇ ਅਮਲ ਕਰਦਾ ਹੋਇਆ ਜਗਿਆਸੂ ਅਕਾਲ ਪੁਰਖ ਨਾਲ ਮੇਲ ਕਰਦਾ ਹੈ। ■

ਕਵਿਤਾ:

# ਧੁਰਾ ਸਿੱਖੀ ਦਾ ਗੋਇੰਦਵਾਲ

*-ਸ. ਹਰਵਿੰਦਰ ਸਿੰਘ ਵੀਰ**

ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੇ ੪੫੦-ਸਾਲਾ ਜੋਤੀ ਜੋਤਿ ਦਿਵਸ ਅਤੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ੪੫੦-ਸਾਲਾ ਗੁਰਿਆਈ ਦਿਵਸ ਨੂੰ ਸਮਰਪਿਤ:-

*ਧੁਰਾ ਸਿੱਖੀ ਦਾ ਗੋਇੰਦਵਾਲ*
*ਜਾਣਾ ਉੱਥੇ ਹੈ ਹਰ ਹਾਲ।*

*ਗੁਰਿਆਈ ਚੌਥੇ ਗੁਰਾਂ ਦੀ*
*ਹੋ ਗਏ ਸਾਢੇ ਚਾਰ ਸੌ ਸਾਲ।*

*ਤੀਜੇ ਗੁਰਾਂ ਦਾ ਜੋਤੀ ਜੋਤਿ*
*ਦਿਵਸ ਮਨਾਇਆ ਜਾਣਾ ਨਾਲ।*

*ਘੱਤ ਵਹੀਰਾਂ ਚਲੋ ਪੁੱਜੋ ਉੱਥੇ*
*ਸੰਗਤ ਦੇ ਤਾਈਂ ਲੈ ਕੇ ਨਾਲ।*

*ਕੌਮ ਇਕੱਠੀ ਹੋਵੇਗੀ ਸਾਰੀ*
*ਮਿਹਰ ਕਰੇਗਾ ਪੁਰਖ ਅਕਾਲ।*

*ਜਿੱਥੇ ਸਤਿਗੁਰਾਂ ਬਾਉਲੀ ਲਾਈ*
*ਆਪਣੇ ਕਰ ਕਮਲਾਂ ਦੇ ਨਾਲ।*

*ਪਹਿਲੇ ਪੰਗਤ ਪਾਛੈ ਸੰਗਤ*
*ਦਿੱਤੀ ਗੁਰਾਂ ਸਿੱਖਿਆ ਬਾਕਮਾਲ।*

*ਏਕੇ ਦਾ ਗੁਰਾਂ ਪਾਠ ਪੜ੍ਹਾਇਆ*
*ਲਾਈ ਖਲਕਤ ਗਲ ਦੇ ਨਾਲ।*

*ਸਮਾਜ ਦੇ ਵਿਚ ਕੁਰੀਤੀਆਂ ਸਨ ਜੋ*
*ਗਲ਼ ਦਾ ਸੀ ਬਣੀਆਂ ਜੰਜਾਲ।*

*ਗੁਰ ਘਰ ਦੀ ਸਿੱਖਿਆ ਨੇ ਤੋੜਿਆ*
*ਵਹਿਮਾਂ ਭਰਮਾਂ ਦਾ ਵਿਛਿਆ ਜਾਲ।*

*ਪਰਉਪਕਾਰਾਂ ਦੀ ਝੜੀ ਲਗਾਈ*
*ਮਨੁੱਖੀ ਹੱਕ ਕਰ ਦਿੱਤੇ ਬਹਾਲ।*

*ਬਾਣੀ ਕਰਦੀ ਜ਼ਿੰਦਗੀ ਸੁਰ ਮਈ*
*ਤਾਲ ਦੇ ਨਾਲ ਮਿਲਾ ਕੇ ਤਾਲ।*

*ਜਾਂਦੇ ਹਾਂ ਜਦ ਗੁਰਾਂ ਦੇ ਦਰ 'ਤੇ*
*ਕਰ ਦਿੰਦੇ ਗੁਰੂ ਜੀ ਮਾਲਾ ਮਾਲ।*

*ਗੁਰਮਤਿ ਦੇ ਚਲੋ ਪਾਂਧੀ ਬਣੀਏ*
*ਗੁਰਸਿੱਖੀ ਦੀ ਚਲੀਏ ਚਾਲ।*

*'ਰਹੀਮਪੁਰੀ' ਕਰ ਗੁਰਾਂ ਦਾ ਦਰਸ਼ਨ*
*ਜਾਂਦੇ ਨੇ ਤਨ ਮਨ ਹੋ ਨਿਹਾਲ।*

*ਧੁਰਾ ਸਿੱਖੀ ਦਾ ਗੋਇੰਦਵਾਲ*
*ਜਾਣਾ ਉੱਥੇ ਹੈ ਹਰ ਹਾਲ।*

** ਪਿੰਡ ਤੇ ਡਾਕ. ਰਹੀਮ ਪੁਰਮ, ਜ਼ਿਲ੍ਹਾ ਜਲੰਧਰ-੧੪੪੮੦੧; ਮੋ. ੯੮੭੭੫-੦੪੯੫੭*

# ਸਤੰਬਰ ਅਤੇ ਅਕਤੂਬਰ ੨੦੨੪ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ

| | |
|---|---|
| ਪਹਿਲਾ ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗ੍ਰੰਥ ਸਾਹਿਬ | ੨੦ ਭਾਦੋਂ ੦੪ ਸਤੰਬਰ |
| ਗੁਰਿਆਈ ਦਿਵਸ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ | ੨੧ ਭਾਦੋਂ ੦੫ ਸਤੰਬਰ |
| ਜੋਤੀ-ਜੋਤਿ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ | ੨੨ ਭਾਦੋਂ ੦੬ ਸਤੰਬਰ |
| ਜੋੜ-ਮੇਲਾ ਗੁਰਦੁਆਰਾ ਕੰਧ ਸਾਹਿਬ ਤੇ ਗੁ: ਡੇਹਰਾ ਸਾਹਿਬ | |
| ਵਿਆਹ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ ਬਟਾਲਾ | ੨੬ ਭਾਦੋਂ ੧੦ ਸਤੰਬਰ |
| ਗੁਰਿਆਈ ਦਿਵਸ ਸ੍ਰੀ ਗੁਰੂ ਰਾਮਦਾਸ ਜੀ | ੦੧ ਅੱਸੂ ੧੬ ਸਤੰਬਰ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਅਮਰਦਾਸ ਜੀ | |
| (ਜੋੜ-ਮੇਲਾ ਗੋਇੰਦਵਾਲ ਸਾਹਿਬ) ੪੫੦ ਸਾਲਾ | ੦੩ ਅੱਸੂ ੧੮ ਸਤੰਬਰ |
| ਭਾਈ ਘਨੱਈਆ ਜੀ ਮਾਨਵ ਸੇਵਾ ਦਿਵਸ | ੦੫ ਅੱਸੂ ੨੦ ਸਤੰਬਰ |
| ਜੋੜ-ਮੇਲਾ ਬਾਬਾ ਬੁੱਢਾ ਜੀ (ਰਮਦਾਸ) | ੦੬ ਅੱਸੂ ੨੧ ਸਤੰਬਰ |
| ਗੁਰਿਆਈ ਦਿਵਸ ਸ੍ਰੀ ਗੁਰੂ ਅੰਗਦ ਦੇਵ ਜੀ | ੦੭ ਅੱਸੂ ੨੨ ਸਤੰਬਰ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਨਾਨਕ ਦੇਵ ਜੀ | ੧੨ ਅੱਸੂ ੨੭ ਸਤੰਬਰ |
| ਸਿੰਘ ਸਭਾ ਲਹਿਰ ਸਥਾਪਨਾ ਦਿਵਸ | ੧੬ ਅੱਸੂ ੦੧ ਅਕਤੂਬਰ |
| ਜੋੜ-ਮੇਲਾ ਬੀੜ ਬਾਬਾ ਬੁੱਢਾ ਜੀ (ਠੱਠਾ) | ੨੧-੨੨ ਅੱਸੂ ੬-੭ ਅਕਤੂਬਰ |
| ਜਨਮ ਭਾਈ ਤਾਰੂ ਸਿੰਘ ਜੀ | ੨੪ ਅੱਸੂ ੦੯ ਅਕਤੂਬਰ |
| ਸ਼ਹੀਦੀ ਭਾਈ ਸੁਖਦੇਵ ਸਿੰਘ (ਸੁੱਖਾ) ਅਤੇ | |
| ਭਾਈ ਹਰਜਿੰਦਰ ਸਿੰਘ (ਜਿੰਦਾ) | ੨੪ ਅੱਸੂ ੦੯ ਅਕਤੂਬਰ |
| ਦਰਬਾਰ ਖਾਲਸਾ (ਦੁਸਹਿਰਾ) | ੨੭ ਅੱਸੂ ੧੨ ਅਕਤੂਬਰ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਰਾਮਦਾਸ ਜੀ | ੦੩ ਕੱਤਕ ੧੯ ਅਕਤੂਬਰ |
| ਜਨਮ ਸੰਤ ਗਿਆਨੀ ਕਰਤਾਰ ਸਿੰਘ ਭਿੰਡਰਾਂਵਾਲੇ | ੦੫ ਕੱਤਕ ੨੧ ਅਕਤੂਬਰ |
| ਜਨਮ ਦਿਹਾੜਾ ਬਾਬਾ ਬੁੱਢਾ ਜੀ (ਕੱਥੂਨੰਗਲ) | ੦੭ ਕੱਤਕ ੨੩ ਅਕਤੂਬਰ |
| ਅਕਾਲ ਚਲਾਣਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ | ੦੭ ਕੱਤਕ ੨੩ ਅਕਤੂਬਰ |
| ਗੁਰਿਆਈ ਦਿਵਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | ੦੯ ਕੱਤਕ ੨੫ ਅਕਤੂਬਰ |
| ਜੋਤੀ ਜੋਤਿ ਦਿਵਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | ੦੯ ਕੱਤਕ ੨੫ ਅਕਤੂਬਰ |
| ਸਾਕਾ ਪੰਜਾ ਸਾਹਿਬ (ਪਾਕਿਸਤਾਨ) | ੧੪ ਕੱਤਕ ੩੦ ਅਕਤੂਬਰ |
| ਸ਼ਹੀਦੀ ਭਾਈ ਬੇਅੰਤ ਸਿੰਘ | ੧੫ ਕੱਤਕ ੩੧ ਅਕਤੂਬਰ |

| | |
|---|---|
| **ਮੱਸਿਆ** | ੧੮-੧੯ ਭਾਦੋਂ ੨-੩ ਸਤੰਬਰ |
| **ਸੰਗਰਾਂਦ** | ੦੧ ਅੱਸੂ ੧੬ ਸਤੰਬਰ |
| **ਪੂਰਨਮਾਸੀ** | ੦੩ ਅੱਸੂ ੧੮ ਸਤੰਬਰ |
| **ਮੱਸਿਆ** | ੧੭ ਅੱਸੂ ੦੨ ਅਕਤੂਬਰ |
| **ਸੰਗਰਾਂਦ** | ੦੧ ਕੱਤਕ ੧੭ ਅਕਤੂਬਰ |
| **ਪੂਰਨਮਾਸੀ** | ੦੧ ਕੱਤਕ ੧੭ ਅਕਤੂਬਰ |

***...ਗੁਰਸਿੱਖ ਦੀ ਨਿੱਤ ਕਰਨੀ*** ***ਪੰਨਾ ੧੩੬ ਦਾ ਬਾਕੀ***

ਐਸੇ ਪਿਆਰੇ ਗੁਰ ਸਿੱਖ ਦੇ ਜੀਵਨ ਦੀ ਅਗਵਾਈ ਸਤਿਗੁਰੂ ਜੀ ਸਦਾ-ਸਦਾ ਲਈ ਆਪ ਹੀ ਕਰਨ ਲੱਗ ਜਾਂਦੇ ਹਨ:

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੫)*

ਸ੍ਰੀ ਗੁਰੂ ਰਾਮਦਾਸ ਜੀ ਅੱਗੇ ਬਹੁਤ ਹੀ ਪਿਆਰ ਨਾਲ ਉਪਦੇਸ਼ ਕਰਦੇ ਹਨ ਕੇ ਜੋ ਵੀ ਗੁਰ ਸਿੱਖ ਹਰ ਰੋਜ਼ ਸਤਿਗੁਰੂ ਜੀ ਦੇ ਹੁਕਮ ਨੂੰ ਮੰਨਦਾ ਹੋਇਆ, ਇਨ੍ਹਾਂ ਤਿੰਨਾਂ ਅਵਸਥਾਵਾਂ ਰਾਹੀਂ ਇਸ ਉਪਦੇਸ਼ ਨੂੰ ਆਪਣੇ ਹਿਰਦੇ ਅੰਦਰ ਢਾਲ ਲੈਂਦਾ ਹੈ, ਐਸੇ ਪਿਆਰੇ ਗੁਰਸਿਖ ਨੂੰ ਧੰਨ ਧੰਨ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਆਪਣੇ ਸੀਨੇ ਨਾਲ ਲਾ ਕੇ, ਆਪਣੇ ਦਰੋਂ-ਘਰੋਂ ਕੋਈ ਵੱਡੀ ਸੇਵਾ ਦੇ ਦਿੰਦੇ ਹਨ, ਉਹ ਪਿਆਰਾ ਗੁਰਸਿਖ ਸਤਿਗੁਰੂ ਜੀ ਦੀ ਮਹਾਨ ਅਗਵਾਈ ਵਿਚ ਹੋਰਨਾਂ ਸਿਖਾਂ ਨੂੰ ਵੀ ਸਿੱਖੀ, ਸਿਮਰਨ ਅਤੇ ਪਾਵਨ ਗੁਰਬਾਣੀ ਨਾਲ ਜੋੜ ਕੇ ਆਪਣਾ ਜੀਵਨ ਸਫਲਾ ਕਰ ਜਾਂਦਾ ਹੈ। ਸੰਨ ੧੯੮੩ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਮਰੇ ਵਿਚ ਬੈਠ ਕੇ ਸ੍ਰੀ ਮਾਨ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਨੇ ਆਪਣੀ ਨਿੱਘੀ ਗਲਵੱਕੜੀ ਵਿਚ ਲੈ ਕੇ, ਇਸ ਪਾਵਨ ਬਾਣੀ ਦਾ ਉਪਦੇਸ਼ ਦਾਸ (ਲੇਖਕ) ਨੂੰ ਦ੍ਰਿੜ੍ਹ ਕਰਵਾਇਆ ਸੀ। ਜਿਸ ਮੁਤਾਬਕ ਦਾਸ ਸਤਿਗੁਰੂ ਜੀ ਦੇ ਹੁਕਮ ਮੁਤਾਬਕ ਹਰ ਰੋਜ਼ ਇਸ ਪਾਵਨ ਉਪਦੇਸ਼ 'ਤੇ ਚੱਲਣ ਦਾ ਸਦਾ ਉਪਰਾਲਾ ਕਰਦਾ ਹੀ ਰਹਿੰਦਾ ਹੈ ਜੀ। ■

**ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।**
**ਪੂਰਨੁ ਤਾਲੁ ਖਟਾਇਆ ਅੰਮ੍ਰਿਤਸਰਿ ਵਿਚਿ ਜੋਤਿ ਜਗਾਵੈ।**
***(ਵਾਰ ੧:੪੭)***

ਖ਼ਬਰਨਾਮਾ

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਲਾਵਤਨੀ ਸਿੱਖ ਭਾਈ ਗਜਿੰਦਰ ਸਿੰਘ ਨਮਿਤ ਸ਼ਰਧਾਂਜਲੀ ਸਮਾਗਮ ਆਯੋਜਿਤ

ਸ੍ਰੀ ਅੰਮ੍ਰਿਤਸਰ, ੧੩ ਜੁਲਾਈ- ਦਲ ਖ਼ਾਲਸਾ ਦੇ ਮੋਢੀ ਆਗੂ ਭਾਈ ਗਜਿੰਦਰ ਸਿੰਘ ਜੋ ਬੀਤੇ ਦਿਨੀਂ ਪਾਕਿਸਤਾਨ ਅੰਦਰ ਅਕਾਲ ਚਲਾਣਾ ਕਰ ਗਏ ਸਨ, ਨਮਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਲ ਖ਼ਾਲਸਾ ਅਤੇ ਸਿੱਖ ਸੰਗਤ ਦੇ ਸਹਿਯੋਗ ਨਾਲ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਜੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਹੋਰ ਪੰਥਕ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ।

ਇਸ ਮੌਕੇ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਭਾਈ ਗਜਿੰਦਰ ਸਿੰਘ ਪੰਥਕ ਸੰਘਰਸ਼ ਦੇ ਉਹ ਯੋਧੇ ਸਨ, ਜਿਨ੍ਹਾਂ ਨੇ ਆਪਣੇ ਜੀਵਨ ਦਾ ਵੱਡਾ ਹਿੱਸਾ ਕੌਮ ਦੇ ਲੇਖੇ ਲਾਇਆ। ਉਨ੍ਹਾਂ ਕਿਹਾ ਕਿ ਭਾਈ ਗਜਿੰਦਰ ਸਿੰਘ ਨੇ ਜਲਾਵਤਨੀ ਭਰੀ ਜ਼ਿੰਦਗੀ ਵਿਚ ਰਹਿੰਦਿਆਂ ਵੀ ਕੌਮੀ ਅਜ਼ਾਦੀ ਦੇ ਸੰਘਰਸ਼ ਪ੍ਰਤੀ ਆਪਣੀ ਦ੍ਰਿੜ੍ਹਤਾ ਤੇ ਸਮਰਪਣ ਭਾਵਨਾ ਨਾਲ ਸਮਝੌਤਾ ਨਹੀਂ ਕੀਤਾ ਅਤੇ ਉਹ ਪੰਥਕ ਸਿਧਾਂਤਾਂ 'ਤੇ ਪਹਿਰਾ ਦਿੰਦੇ ਰਹੇ। ਉਨ੍ਹਾਂ ਕਿਹਾ ਕਿ ਕੌਮ ਨੂੰ ਇਸ ਗੱਲ ਦਾ ਦੁੱਖ ਹੈ ਕਿ ਜਿਸ ਦੇਸ਼ ਵਿਚ ਅਸੀਂ ਰਹਿ ਰਹੇ ਹਾਂ, ਉੱਥੋਂ ਦੀਆਂ ਸਰਕਾਰਾਂ ਨੇ ਕਦੇ ਵੀ ਸਾਡੇ ਹੱਕਾਂ ਦਾ ਖ਼ਿਆਲ ਨਹੀਂ ਕੀਤਾ। ੧੯੪੭ ਈ. ਦੀ ਦੇਸ਼ ਵੰਡ ਤੋਂ ਬਾਅਦ ਸਾਨੂੰ ਜਰਾਇਮ-ਪੇਸ਼ਾ ਕਿਹਾ ਗਿਆ ਅਤੇ ਅਜ਼ਾਦ ਖਿੱਤੇ ਦਾ ਕੀਤਾ ਵਾਅਦਾ ਵੀ ਪੂਰਾ ਨਹੀਂ ਕੀਤਾ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਅੱਜ ਵੀ ਸਾਡੇ ਕਈ ਸੰਘਰਸ਼ੀ ਯੋਧੇ ਆਪਣੀਆਂ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਵੀ ਜੇਲ੍ਹਾਂ ਵਿਚ ਬੰਦ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੀ ਬੇਇਨਸਾਫ਼ੀ ਅੱਜ ਵੀ ਜਾਰੀ ਹੈ ਅਤੇ ਨਵੇਂ ਬਣਾਏ ਕਾਨੂੰਨਾਂ ਤਹਿਤ ਦੇਸ਼-ਧ੍ਰੋਹ ਦਾ ਪਹਿਲਾ ਪਰਚਾ ਵੀ ਸਿੱਖ 'ਤੇ ਹੀ ਦਰਜ ਕੀਤਾ ਗਿਆ ਹੈ। ਅਜਿਹੇ

ਵਰਤਾਰੇ ਕਾਰਨ ਸਿੱਖਾਂ ਅੰਦਰ ਰੋਸ ਪੈਦਾ ਹੋਣਾ ਕੁਦਰਤੀ ਹੈ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਭਾਈ ਗਜਿੰਦਰ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਲਾਵਤਨੀ ਸਿੱਖ ਯੋਧੇ ਦਾ ਖ਼ਿਤਾਬ ਦਿੱਤਾ ਗਿਆ ਹੈ, ਜਿਸ ਸੰਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥਕ ਪਰੰਪਰਾਵਾਂ ਅਨੁਸਾਰ ਸਮਾਗਮ ਕਰ ਕੇ ਇਹ ਸਨਮਾਨ ਉਨ੍ਹਾਂ ਦੇ ਪਰਵਾਰ ਨੂੰ ਸੌਂਪਿਆ ਜਾਵੇਗਾ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਅਪੀਲ ਕੀਤੀ ਕਿ ਭਾਈ ਗਜਿੰਦਰ ਸਿੰਘ, ਭਾਈ ਹਰਦੀਪ ਸਿੰਘ ਨਿੱਝਰ ਤੇ ਭਾਈ ਪਰਮਜੀਤ ਸਿੰਘ ਪੰਜਵੜ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਉਣ ਲਈ ਕਾਰਵਾਈ ਕਰੇ।

ਇਸ ਮੌਕੇ ਦਲ ਖ਼ਾਲਸਾ ਦੇ ਆਗੂ ਭਾਈ ਕੰਵਰਪਾਲ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਭਾਈ ਗਜਿੰਦਰ ਸਿੰਘ ਕਿਸੇ ਇਕ ਜਥੇਬੰਦੀ ਦੇ ਨਹੀਂ, ਸਗੋਂ ਸਮੁੱਚੇ ਖਾਲਸਾ ਪੰਥ ਦੇ ਸਨ ਅਤੇ ਪੰਥ ਵੱਲੋਂ ਉਨ੍ਹਾਂ ਨੂੰ ਬਹੁਤ ਸਤਿਕਾਰ ਮਿਲਿਆ। ਭਾਈ ਗਜਿੰਦਰ ਸਿੰਘ ਨੇ ੫੩ ਸਾਲ ਸੰਘਰਸ਼ ਦੇ ਲੇਖੇ ਲਾਏ ਅਤੇ ਅਨੇਕਾਂ ਤਸ਼ੱਦਦ ਝੱਲੇ। ਉਨ੍ਹਾਂ ਭਾਈ ਗਜਿੰਦਰ ਸਿੰਘ ਦੇ ਜੀਵਨ ਬਾਰੇ ਗੱਲ ਕਰਦਿਆਂ ਉਨ੍ਹਾਂ ਨੂੰ ਸਿੱਖ ਰਹਿਤ ਮਰਯਾਦਾ ਦਾ ਪਹਿਰੇਦਾਰ ਦੱਸਿਆ। ਉਨ੍ਹਾਂ ਸਮਾਗਮ ਵਿਚ ਪਹੁੰਚੀਆਂ ਸਮੁੱਚੀਆਂ ਜਥੇਬੰਦੀਆਂ ਦਾ ਧੰਨਵਾਦ ਵੀ ਕੀਤਾ।

ਇਸ ਮੌਕੇ ਭਾਈ ਗਜਿੰਦਰ ਸਿੰਘ ਦੇ ਭਰਾ ਭਾਈ ਦਰਸ਼ਨ ਸਿੰਘ, ਸਪੁੱਤਰੀ ਬੀਬੀ ਬਿਕਰਮਜੀਤ ਕੌਰ ਅਤੇ ਹੋਰ ਪਰਿਵਾਰਕ ਮੈਂਬਰਾਂ ਨੂੰ ਸਿਰੋਪਾਓ ਦੇ ਕੇ ਸਨਮਾਨ ਦਿੱਤਾ।

ਸਮਾਗਮ 'ਚ ਸ਼ਾਮਲ ਹੋਣ ਪੁੱਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਈ ਗਜਿੰਦਰ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਉਨ੍ਹਾਂ ਦੇ ਸਿੱਖ ਕੌਮ ਨੂੰ ਸਮਰਪਿਤ ਜੀਵਨ ਦੀ ਸ਼ਲਾਘਾ ਕੀਤੀ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਈ ਗਜਿੰਦਰ ਸਿੰਘ ਨੂੰ ਦ੍ਰਿੜ੍ਹ ਸ਼ਖ਼ਸੀਅਤ ਕਰਾਰ ਦਿੰਦਿਆਂ ਆਖਿਆ ਕਿ ਉਹ ਕਈ ਮੁਸੀਬਤਾਂ ਦੇ ਬਾਵਜੂਦ ਵੀ ਅਟੱਲ ਰਹੇ।

ਸਮਾਗਮ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਗੁਰਚਰਨ ਸਿੰਘ ਗਰੇਵਾਲ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਭਾਈ ਮਨਜੀਤ ਸਿੰਘ, ਭਾਈ ਅਜਾਇਬ ਸਿੰਘ ਅਭਿਆਸੀ, ਬੀਬੀ ਕਿਰਨਜੋਤ ਕੌਰ, ਸ. ਕਰਨੈਲ ਸਿੰਘ ਪੰਜੋਲੀ, ਬਾਬਾ ਚਰਨਜੀਤ ਸਿੰਘ ਜੱਸੋਵਾਲ, ਸ. ਜਗਜੀਤ ਸਿੰਘ ਤਲਵੰਡੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਸਪੁੱਤਰ ਭਾਈ ਈਸ਼ਰ ਸਿੰਘ, ਜਥੇਦਾਰ ਭਾਈ ਜਸਬੀਰ ਸਿੰਘ

ਰੋਡੇ, ਸ. ਸਿਮਰਨਜੀਤ ਸਿੰਘ ਮਾਨ, ਸ਼੍ਰੋਮਣੀ ਅਕਾਲੀ ਦਲ ਦਿੱਲੀ ਅਕਾਈ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ, ਭਾਈ ਕੰਵਰਪਾਲ ਸਿੰਘ ਦਲ ਖ਼ਾਲਸਾ, ਸ. ਪਰਮਜੀਤ ਸਿੰਘ ਮੰਡ, ਪ੍ਰੋ. ਬਲਜਿੰਦਰ ਸਿੰਘ, ਸ. ਨਰੈਣ ਸਿੰਘ ਚੌੜਾ, ਸ. ਕਰਨੈਲ ਸਿੰਘ ਪੀਰ ਮੁਹੰਮਦ, ਸ. ਜਸਕਰਨ ਸਿੰਘ ਕਾਹਨਸਿੰਘ ਵਾਲਾ, ਸ. ਤਰਸੇਮ ਸਿੰਘ, ਸ. ਸੁਖਵਿੰਦਰ ਸਿੰਘ ਅਗਵਾਨ, ਸ. ਪਰਮਜੀਤ ਸਿੰਘ ਟਾਂਡਾ, ਭਾਈ ਸੁਖਦੇਵ ਸਿੰਘ ਦਮਦਮੀ ਟਕਸਾਲ, ਭਾਈ ਮਨਜੀਤ ਸਿੰਘ ਭੋਮਾ, ਵਧੀਕ ਸਕੱਤਰ ਸ. ਤੇਜਿੰਦਰ ਸਿੰਘ ਪੱਡਾ ਅਤੇ ਸਾਬਕਾ ਸਕੱਤਰ ਸ. ਬਲਵਿੰਦਰ ਸਿੰਘ ਜੌੜਾਸਿੰਘਾ ਆਦਿ ਮੌਜੂਦ ਸਨ।

## ੧੯੮੪ ਕਾਨਪੁਰ ਸਿੱਖ ਨਸਲਕੁਸ਼ੀ ਮਾਮਲੇ 'ਚ ਸੁਪਰੀਮ ਕੋਰਟ ਵੱਲੋਂ ਉੱਤਰ ਪ੍ਰਦੇਸ਼ ਸਰਕਾਰ ਨੂੰ ਦਿੱਤੇ ਨਿਰਦੇਸ਼ਾਂ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਵਾਗਤ

ਸ੍ਰੀ ਅੰਮ੍ਰਿਤਸਰ, ੨੨ ਜੁਲਾਈ- ੧੯੮੪ ਕਾਨਪੁਰ ਸਿੱਖ ਨਸਲਕੁਸ਼ੀ ਮਾਮਲੇ ਵਿਚ ਮਾਣਯੋਗ ਸੁਪਰੀਮ ਕੋਰਟ ਵੱਲੋਂ ਉੱਤਰ ਪ੍ਰਦੇਸ਼ ਸਰਕਾਰ ਨੂੰ ਮੁਕੱਦਮਿਆਂ ਨੂੰ ਜਲਦ ਤੇ ਸੁਚਾਰੂ ਢੰਗ ਨਾਲ ਚਲਾਉਣ ਦੇ ਨਿਰਦੇਸ਼ਾਂ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਵਾਗਤ ਕੀਤਾ ਹੈ। ਜ਼ਿਕਰਯੋਗ ਹੈ ਕਿ ਕਾਨਪੁਰ ਸਿੱਖ ਕਤਲ-ਏ-ਆਮ ਦੇ ਮਾਮਲੇ ਸੰਬੰਧੀ ਜਨਹਿੱਤ ਪਟੀਸ਼ਨ ਜਥੇਦਾਰ ਕੁਲਦੀਪ ਸਿੰਘ ਭੋਗਲ ਵੱਲੋਂ ਸੰਨ ੨੦੧੭ ਵਿਚ ਦਾਖ਼ਲ ਕੀਤੀ ਗਈ ਸੀ, ਜਿਸ ਦੀ ਗੰਭੀਰਤਾ ਨੂੰ ਦੇਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਵਿਚ ਕਾਨੂੰਨੀ ਸਹਿਯੋਗ ਕਰ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਨ੍ਹਾਂ ਕੇਸਾਂ ਦੀ ਪੈਰਵਾਈ ਲਈ ਸੀਨੀਅਰ ਵਕੀਲ ਸ੍ਰੀ ਪਰਸੂਨ ਕੁਮਾਰ ਅਤੇ ਸ. ਗੁਰਬਖ਼ਸ ਸਿੰਘ ਦੀਆਂ ਸੇਵਾਵਾਂ ਮੁਹੱਈਆ ਕਰਵਾਈਆਂ ਗਈਆਂ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ੧੯੮੪ ਵਿਚ ਕਾਨਪੁਰ ਵਿਖੇ ਸਿੱਖਾਂ ਦੇ ਹੋਏ ਕਤਲ-ਏ-ਆਮ ਦੇ ਮਾਮਲੇ ਵਿਚ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਸਿੱਖ ਸੰਸਥਾ ਨਿਰੰਤਰ ਜਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮਾਣਯੋਗ ਅਦਾਲਤ ਨੇ ਉੱਤਰ ਪ੍ਰਦੇਸ਼ ਸਰਕਾਰ ਨੂੰ ਜਿਨ੍ਹਾਂ ੧੧ ਮਾਮਲਿਆਂ ਵਿਚ ਚਾਰਜਸ਼ੀਟ ਦਾਖ਼ਲ ਹੋਈ ਹੈ, ਉਨ੍ਹਾਂ ਵਿਚ ੨ ਵਿਸ਼ੇਸ਼ ਸਰਕਾਰੀ ਵਕੀਲ ਨਿਯੁਕਤ ਕਰਨ ਦੇ ਆਦੇਸ਼ ਦਿੱਤੇ ਹਨ। ਇਸ ਦੇ ਨਾਲ ਹੀ ਇਨ੍ਹਾਂ ਨੂੰ ਸਹਿਯੋਗ ਕਰਨ ਲਈ ਮੁੱਖ ਜਾਂਚ ਅਧਿਕਾਰੀ ਨੂੰ ਵੀ ਕਿਹਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਇਲਾਹਾਬਾਦ ਹਾਈ ਕੋਰਟ ਵਿਚ ੪ ਚਾਰ ਮਾਮਲਿਆਂ ਸੰਬੰਧੀ ਚੱਲ ਰਹੀਆਂ ਅਪੀਲਾਂ ਸੰਬੰਧੀ ਉੱਚ ਅਦਾਲਤ ਨੂੰ

ਨਿਰਦੇਸ਼ ਦਿੱਤਾ ਹੈ ਕਿ ਉਹ ਇਨ੍ਹਾਂ ਮੁਕੱਦਮਿਆਂ ਦੀ ਤਰਜੀਹੀ ਤੌਰ 'ਤੇ ਸੁਣਵਾਈ ਕਰੇ। ਇਸੇ ਤਰ੍ਹਾਂ ਬੰਦ ਹੋ ਚੁੱਕੇ ੯ ਮਾਮਲਿਆਂ ਬਾਰੇ ਉੱਤਰ ਪ੍ਰਦੇਸ਼ ਸਰਕਾਰ ਨੂੰ ਮਾਮਲਿਆਂ ਨਾਲ ਸੰਬੰਧਤ ਨਾਮ ਪਟੀਸ਼ਨ ਕਰਤਾ ਨੂੰ ਦੇਣ ਦਾ ਨਿਰਦੇਸ਼ ਦਿੱਤਾ ਗਿਆ ਹੈ।

## ਸਿੱਖਾਂ ਖਿਲਾਫ਼ ਟਿੱਪਣੀ ਕਰਨ ਵਾਲੇ ਪੁਲਿਸ ਅਧਿਕਾਰੀ ਵਿਰੁੱਧ ਉੱਤਰ ਪ੍ਰਦੇਸ਼ ਸਰਕਾਰ ਕਰੇ ਤੁਰੰਤ ਕਾਰਵਾਈ –ਐਡਵੋਕੇਟ ਹਰਜਿੰਦਰ ਸਿੰਘ ਧਾਮੀ

ਸ੍ਰੀ ਅੰਮ੍ਰਿਤਸਰ, ੩੦ ਜੁਲਾਈ– ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ 'ਚ ਬੀਤੇ ਦਿਨੀ ਇੱਕ ਪੁਲਿਸ ਅਧਿਕਾਰੀ ਵੱਲੋਂ ਸਿੱਖਾਂ ਨੂੰ ਅੱਤਵਾਦੀ ਕਹਿ ਕੇ ਬੁਲਾਉਣ ਦੀ ਘਟਨਾ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਤਿੱਖਾ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਸਿੱਖਾਂ ਦੀਆਂ ਕੁਰਬਾਨੀਆਂ ਬਦੌਲਤ ਹੀ ਭਾਰਤ ਦੇਸ਼ ਦਾ ਸੱਭਿਆਚਾਰ ਸੁਰੱਖਿਅਤ ਹੈ। ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼ ਦੀ ਸਰਕਾਰ ਸੰਬੰਧਤ ਅਧਿਕਾਰੀ ਖਿਲਾਫ਼ ਸਖ਼ਤ ਕਾਰਵਾਈ ਕਰੇ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਹਮੇਸ਼ਾਂ ਹੀ ਸਰਬੱਤ ਦੇ ਭਲੇ ਦੀ ਕਾਮਨਾ ਕਰਦੇ ਹਨ। ਕੁਦਰਤੀ ਆਫ਼ਤਾਂ ਸਮੇਂ ਸਿੱਖਾਂ ਵੱਲੋਂ ਨਿਭਾਈਆਂ ਸੇਵਾਵਾਂ ਨੂੰ ਪੂਰੀ ਦੁਨੀਆ ਨੇ ਸਲਾਹਿਆ ਹੈ।

ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਭਾਰਤ ਅੰਦਰ ਘੱਟਗਿਣਤੀਆਂ ਅਤੇ ਖਾਸ ਕਰਕੇ ਸਿੱਖਾਂ 'ਤੇ ਨਫਤਰੀ ਹਮਲੇ ਕੀਤੇ ਜਾ ਰਹੇ ਹਨ। ਕੁਝ ਫ਼ਿਰਕੂ ਮਾਨਸਿਕਤਾ ਵਾਲੇ ਲੋਕ ਅਜਿਹੀਆਂ ਹਰਕਤਾਂ ਕਰ ਕੇ ਸਮਾਜਿਕ ਭਾਈਚਾਰੇ ਨੂੰ ਵੀ ਸੱਟ ਮਾਰਦੇ ਹਨ, ਜੋ ਦੇਸ਼ ਹਿੱਤ ਵਿਚ ਨਹੀਂ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਪੁਲਿਸ ਦਾ ਕੰਮ ਲੋਕਾਂ ਦੀ ਰਖਵਾਲੀ ਕਰਨਾ ਹੈ, ਪਰ ਜਦੋਂ ਕੋਈ ਪੁਲਿਸ ਅਧਿਕਾਰੀ ਜਾਣ ਬੁੱਝ ਕੇ ਇੱਕ ਖਾਸ ਭਾਈਚਾਰੇ ਬਾਰੇ ਨਫ਼ਰਤੀ ਟਿੱਪਣੀ ਕਰਦਾ ਹੈ ਤਾਂ ਇਹ ਹੋਰ ਵੀ ਮੰਦਭਾਗਾ ਹੈ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਸਿੱਖਾਂ ਖਿਲਾਫ਼ ਟਿੱਪਣੀ ਕਰਨ ਵਾਲੇ ਪੁਲਿਸ ਅਧਿਕਾਰੀ ਵਿਰੁੱਧ ਤੁਰੰਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਦੇਸ਼ ਵਿਚ ਨਫ਼ਰਤੀ ਮਾਹੌਲ ਪੈਦਾ ਕਰਨ ਵਾਲੇ ਅਜਿਹੇ ਲੋਕਾਂ ਨੂੰ ਜਾਬਤੇ ਵਿਚ ਰਹਿਣ ਦੀ ਹਦਾਇਤ ਵੀ ਕੀਤੀ।

# ਸੀ.ਬੀ.ਐੱਸ.ਈ. ਦੀ ਭਰਤੀ ਲਈ ਇਮਤਿਹਾਨ 'ਚ ਕੜੇ ਲੁਹਾਉਣ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕੀਤੀ ਨਿੰਦਾ

ਸ੍ਰੀ ਅੰਮ੍ਰਿਤਸਰ, ੧੧ ਅਗਸਤ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੀ.ਬੀ.ਐੱਸ.ਈ. ਦੇ ਸਹਾਇਕ ਸਕੱਤਰ (ਪ੍ਰਸ਼ਾਸਨ) ਦੀ ਭਰਤੀ ਲਈ ਅੱਜ ਕਰਵਾਏ ਗਏ ਇਮਤਿਹਾਨ ਦੌਰਾਨ ਚੰਡੀਗੜ੍ਹ ਦੇ ਸੈਕਟਰ ੭ ਸਥਿਤ ਕੇਬੀ ਡੀ.ਏ.ਵੀ. ਸਕੂਲ ਵਿਖੇ ਬਣੇ ਕੇਂਦਰ ਵਿਖੇ ਸਿੱਖ ਉਮੀਦਵਾਰਾਂ ਦੇ ਕੜੇ ਲੁਹਾਉਣ ਦੀ ਹਰਕਤ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਚੰਡੀਗੜ੍ਹ ਦੇ ਡਿਪਟੀ ਕਮਿਸ਼ਨਰ ਨੂੰ ਪ੍ਰਸ਼ਾਸਨਿਕ ਮੁਖੀ ਹੋਣ ਦੇ ਨਾਤੇ ਸੀ.ਬੀ.ਐੱਸ.ਈ. ਦੇ ਅਧਿਕਾਰੀ ਦੇ ਅਹੁਦੇ ਲਈ ਭਰਤੀ ਪ੍ਰੀਖਿਆ ਵਿਚ ਸਿੱਖਾਂ ਦੀ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਵਾਲੇ ਦੋਸ਼ੀ ਅਧਿਕਾਰੀਆਂ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਲਈ ਆਖਿਆ।

ਉਨ੍ਹਾਂ ਕਿਹਾ ਕਿ ਇਹ ਇਮਤਿਹਾਨ ਦੇਣ ਗਏ ਉਮੀਦਵਾਰਾਂ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਕੇਂਦਰ ਵਿਚ ਦਾਖ਼ਲੇ ਤੋਂ ਪਹਿਲਾਂ ਮੌਕੇ ਉੱਤੇ ਮੌਜੂਦ ਅਧਿਕਾਰੀਆਂ ਵੱਲੋਂ ਕੜੇ ਲੁਹਾਉਣ ਦੀ ਇਤਰਾਜ਼ਯੋਗ ਕਾਰਵਾਈ ਕੀਤੀ ਗਈ ਹੈ, ਜੋ ਧਾਰਮਿਕ ਅਜ਼ਾਦੀ ਦੇ ਹੱਕ ਦੀ ਉਲੰਘਣਾ ਹੈ। ਕੜਾ ਸਿੱਖਾਂ ਦੇ ਪੰਜ ਕਕਾਰਾਂ ਦਾ ਹਿੱਸਾ ਹੈ, ਜਿਸ ਨੂੰ ਉਤਾਰਨ ਲਈ ਮਜਬੂਰ ਕਰਨਾ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਵਾਲੀ ਘਟਨਾ ਹੈ।

ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਪਹਿਲਾਂ ਵੀ ਸਾਹਮਣੇ ਆਈਆਂ ਹਨ ਅਤੇ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਮੇਸ਼ਾ ਹੀ ਇਨ੍ਹਾਂ ਮਾਮਲਿਆਂ ਦੀ ਪੈਰਵਾਈ ਕੀਤੀ ਜਾਂਦੀ ਹੈ, ਪਰੰਤੂ ਸਰਕਾਰਾਂ ਮੁਕਾਬਲਾ ਇਮਤਿਹਾਨਾਂ ਦੌਰਾਨ ਸਾਰੇ ਧਰਮਾਂ ਖਾਸਕਰ ਸਿੱਖਾਂ ਦੇ ਧਾਰਮਿਕ ਸਰੋਕਾਰਾਂ ਤੇ ਅਕੀਦਿਆਂ ਪ੍ਰਤੀ ਸੰਜੀਦਾ ਨਜ਼ਰ ਨਹੀਂ ਆਉਂਦੀਆਂ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਰਕਾਰਾਂ ਅਤੇ ਮੁਕਾਬਲਾ ਇਮਤਿਹਾਨ ਕਰਵਾਉਣ ਵਾਲੀਆਂ ਏਜੰਸੀਆਂ, ਕਮਿਸ਼ਨਾਂ ਤੇ ਬੋਰਡਾਂ ਨੂੰ ਸਿੱਖ ਕਕਾਰਾਂ ਪ੍ਰਤੀ ਸੰਜੀਦਾ ਪਹੁੰਚ ਅਪਣਾਅ ਕੇ ਅਜਿਹੇ ਵਰਤਾਰੇ ਨੂੰ ਠੱਲ੍ਹ ਪਾਉਣ ਦੀ ਗੱਲ ਆਖੀ।

ਉਨ੍ਹਾਂ ਕਿਹਾ ਕਿ ਚੰਡੀਗੜ੍ਹ ਨਾਲ ਸੰਬੰਧਿਤ ਇਸ ਮਾਮਲੇ ਦੀ ਸਮੁੱਚੀ ਜਾਣਕਾਰੀ ਹਾਸਲ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦੇ ਦਿੱਤੇ ਗਏ ਹਨ ਅਤੇ ਰਿਪੋਰਟ ਪ੍ਰਾਪਤ ਹੋਣ ਉੱਤੇ ਢੁਕਵੀਂ ਕਾਰਵਾਈ ਅੱਗੇ ਵਧਾਈ ਜਾਵੇਗੀ।



ਗੁਰਦੁਆਰਾ ਪ੍ਰਕਾਸ਼ ਅਸਥਾਨ
ਸ੍ਰੀ ਗੁਰੂ ਅਮਰਦਾਸ ਜੀ (ਬਾਸਰਕੇ ਗਿੱਲਾਂ)



ਸ੍ਰੀ ਬਾਉਲੀ ਸਾਹਿਬ
(ਸ੍ਰੀ ਗੋਇੰਦਵਾਲ ਸਾਹਿਬ)



ਗੁਰਦੁਆਰਾ ਸੰਨ੍ਹ ਸਾਹਿਬ (ਬਾਸਰਕੇ ਗਿੱਲਾਂ)





ਗੁਰਦੁਆਰਾ ਖੂਹ ਸਾਹਿਬ (ਸ੍ਰੀ ਗੋਇੰਦਵਾਲ ਸਾਹਿਬ)

Registered with Registrar of Newspaper at No. 354/57


Postal Regd.No.L-I/PB-ASR/007/2022-2024 Without Pre-payment of Postage under License no. PB/370/2022-2024

# GURMAT PARKASH

September 2024

Dharam Parchar Committee, Shiromani Gurdwara Parbandhak Committee, Sri Amritsar Sahib

## ਪ੍ਰਕਾਸ਼ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ, ਚੂਨਾ ਮੰਡੀ, ਲਾਹੌਰ



Owner : Shiromani Gurdwara Parbandhak Committee. Publisher & Printer : S. Manjit Singh. Printed at Golden Offset Press, Gurdwara Sri Ramsar Sahib, Sri Amritsar. Published from SGPC office, Teja Singh Samundri Hall, Sri Amritsar. Editor : Satwinder Singh

Date: 2-9-2024